Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group
# ਸਰੋਕਾਰਾਂ ਦੀ ਆਵਾਜ਼
Email: ppapmg@gmail.com
ਸਾਲ- 16, ਅੰਕ-5, ਮਈ 2026
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਨਾਗਰਿਕ ਕਾਨੂੰਨ ਨਸਲਵਾਦੀ ਤਾਕਤਾਂ ਦੇ ਨਿਸ਼ਾਨੇ ’ਤੇ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ‘ਟ੍ਰੂਥ ਸੋਸ਼ਲ’ ਉੱਪਰ ਨਸਲਵਾਦੀ ਰੇਡੀਓ ਹੋਸਟ ਮਾਈਕਲ ਸੈਵੇਜ ਦੀ ਪੌਡਕਾਸਟ ਵੀਡੀਓ ਅਤੇ ਉਸਦੀ ਟਰਾਂਸਕ੍ਰਿਪਟ ਸ਼ੇਅਰ ਕਰਨਾ ਬਿਲਕੁਲ ਹੈਰਾਨੀਜਨਕ ਨਹੀਂ ਹੈ। ਪੌਡਕਾਸਟ ਵਿਚ ਚੀਨ ਤੇ ਭਾਰਤ ਨੂੰ ‘ਨਰਕ-ਕੁੰਡ’ ਅਤੇ ਪਰਵਾਸੀਆਂ ਨੂੰ ‘ਲੈਪਟਾਪ ਵਾਲੇ ਗੁੰਡੇ’ ਕਿਹਾ ਗਿਆ ਹੈ। ਪਹਿਲਾਂ ਹੀ ਪਰਵਾਸੀਆਂ ਵਿਰੁੱਧ ਵਧੀ ਨਫ਼ਰਤ ਦੇ ਮਾਹੌਲ ਵਿਚ ਟਰੰਪ ਵੱਲੋਂ ਅਜਿਹਾ ਕੀਤੇ ਜਾਣ ਨੂੰ ਉਸਦੀ ਪਰਵਾਸੀਆਂ ਵਿਰੁੱਧ ਹਮਲਾਵਰ ਮੁਹਿੰਮ ਤੋਂ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ।

ਅਮਰੀਕਾ ਦੇ ਅੰਦਰ ਟਰੰਪ ਦੇ ਇਸ ਨਸਲਵਾਦੀ ਕਾਰੇ ਦਾ ਤਿੱਖਾ ਵਿਰੋਧ ਹੋਇਆ ਹੈ। ਚੀਨ ਦੀ ਸਰਕਾਰ ਨੇ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਕ ਬਿਆਨ ਨਹੀਂ ਦਿੱਤਾ ਅਤੇ ਭਾਰਤ ਦੇ ਬਦੇਸ਼ ਮੰਤਰਾਲੇ ਨੇ ਪਹਿਲੇ ਅਪਮਾਨਾਂ ਦੀ ਤਰ੍ਹਾਂ ਇਸ ਨੂੰ ਵੀ “ਅਗਿਆਨਤਾ ਵਾਲੀ, ਅਣਉਚਿਤ ਅਤੇ ਬੇਸਵਾਦ ਟਿੱਪਣੀ” ਕਹਿਕੇ ਡੰਗ ਟਪਾ ਲਿਆ। ਦੋਹਾਂ ਮੁਲਕਾਂ ’ਚੋਂ ਵੱਡੀ ਗਿਣਤੀ ’ਚ ਵਿਦਿਆਰਥੀ, ਪ੍ਰੋਫੈਸ਼ਨਲ ਅਤੇ ਪਰਵਾਸੀ ਅਮਰੀਕਾ ’ਚ ਜਾਂਦੇ ਹਨ ਜੋ ਸਖ਼ਤ ਮਿਹਨਤ ਅਤੇ ਕਾਬਲੀਅਤ ਦੇ ਜ਼ੋਰ ਉੱਥੇ ਆਪਣੀ ਜਗ੍ਹਾ ਬਣਾਉਂਦੇ ਹਨ। ਨਸਲਵਾਦੀਆਂ ਅਨੁਸਾਰ ਉਹ ਅਮਰੀਕਾ ’ਤੇ ਬੋਝ ਹਨ।

ਕੀ ਟਰੰਪ ਨੇ ਖ਼ੁਦ ਭਾਰਤ ਨੂੰ ‘ਨਰਕ-ਕੁੰਡ’ ਕਿਹਾ? ਨਹੀਂ, ਪਰ ਉਸਨੇ ਸੈਵੇਜ ਦੀ ਨਸਲਵਾਦੀ ਟਿੱਪਣੀ ਨੂੰ ਬਤੌਰ ਰਾਸ਼ਟਰਪਤੀ ਅੱਗੇ ਸ਼ੇਅਰ ਕਰਕੇ ਜੋ ਕੀਤਾ ਹੈ ਉਹ ਆਪਣੇ ਆਪ ਵਿਚ ਉਸਦਾ ਰਾਜਨੀਤਕ ਬਿਆਨ ਹੈ। ਜੋ ਉਸਦੀ ਕਠੋਰ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਨੀਤੀ ਦੀ ਲਗਾਤਾਰਤਾ ’ਚ ਹੈ। ਜਨਮਸਿੱਧ ਨਾਗਰਿਕਤਾ ਬਾਰੇ ਟਰੰਪ ਅਤੇ ਸੈਵੇਜ ਇੱਕੋ ਸੋਚ ਰੱਖਦੇ ਹਨ। ਚੀਨ ਤੇ ਭਾਰਤ ਨੂੰ ਭੰਡਣਾ ਟਰੰਪ ਵੱਲੋਂ ਅਣਜਾਣੇ ’ਚ ਕੀਤੀ ਭੁੱਲ ਨਹੀਂ ਹੈ ਸਗੋਂ ਮਿੱਥਕੇ ਸੇਧਿਆ ਨਿਸ਼ਾਨਾ ਹੈ। ਇਸ ਉੱਪਰ ਟਰੰਪ ਪ੍ਰਸ਼ਾਸਨ ਨੂੰ ਕੋਈ ਪਛਤਾਵਾ ਵੀ ਨਹੀਂ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਰਾਸ਼ਟਰਪਤੀ ਦਾ ਪੱਖ ਲੈਂਦਿਆਂ ਕਿਹਾ ਕਿ ਉਹ ਤਾਂ ਬੇਰੋਕ-ਟੋਕ ਜਨਮ-ਸਿੱਧ ਨਾਗਰਿਕਤਾ ਘੁਟਾਲੇ ਨੂੰ ਉਜਾਗਰ ਕਰ ਰਹੇ ਸਨ।

ਭਾਰਤ, ਚੀਨ ਅਤੇ ਹੋਰ ਮੁਲਕਾਂ ਨੂੰ ‘ਹੈੱਲਹੋਲ’ (ਨਰਕ ਕੁੰਡ) ਵਜੋਂ ਭੰਡਦੇ ਹੋਏ ਸੈਵੇਜ ਵੱਲੋਂ ਅਮਰੀਕਾ ਦੀ ਜਨਮਸਿੱਧ ਨਾਗਰਿਕਤਾ ਦੀ ਨੀਤੀ ਉਪਰ ਹਮਲਾ ਕੀਤਾ ਗਿਆ। ਇਸੇ ਤਰ੍ਹਾਂ, ਟਰੰਪ ਵੱਲੋਂ ਜਨਵਰੀ 2025 ’ਚ ਆਪਣੇ ਪਹਿਲੇ ਕਾਰਜਕਾਰੀ ਹੁਕਮ ਰਾਹੀਂ 14ਵੀਂ ਸੋਧ ਦੀ ਜਨਮ-ਸਿੱਧ ਨਾਗਰਿਕਤਾ ਕਲਾਜ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਹੁਕਮ ਦੀ ਕਾਨੂੰਨੀ ਵਾਜਬੀਅਤ ਅਮਰੀਕੀ ਸੁਪਰੀਮ ਕੋਰਟ ਵਿਚ ਬਹਿਸ ਅਧੀਨ ਹੈ। ਅਜੇ ਤੱਕ ਸੁਪਰੀਮ ਕੋਰਟ ਟਰੰਪ ਪ੍ਰਸ਼ਾਸਨ ਦੀਆਂ ਦਲੀਲਾਂ ਨਾਲ ਸਹਿਮਤ ਨਹੀਂ ਹੋਈ। ਅੰਤਮ ਫ਼ੈਸਲਾ ਜੂਨ ਵਿਚ ਆਉਣ ਦੀ ਸੰਭਾਵਨਾ ਹੈ।

ਉਪਰੋਕਤ ਪੌਡਕਾਸਟ ਵਿਚ ਸੈਵੇਜ ਫਰਮਾਉਂਦਾ ਹੈ ਕਿ ਜਨਮਸਿੱਧ ਨਾਗਰਿਕਤਾ ਨਾਲ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਨੂੰ ਸ਼ਹਿ ਮਿਲਦੀ ਹੈ। “ਲੋਕ ਗਰਭ ਦੇ ਨੌਂਵੇਂ ਮਹੀਨੇ ਜਹਾਜ਼ ਚੜ੍ਹਕੇ ਇੱਥੇ ਆ ਜਾਂਦੇ ਹਨ, ਇੱਥੇ ਜੰਮਦੇ ਸਾਰ ਬੱਚਾ ਨਾਗਰਿਕ ਬਣ ਜਾਂਦਾ ਹੈ ਅਤੇ ਫਿਰ ਉਹ ਚੀਨ, ਭਾਰਤ ਜਾਂ ਦੁਨੀਆ ਦੇ ਕਿਸੇ ਹੋਰ ਨਰਕ-ਕੁੰਡ ਮੁਲਕ ਤੋਂ ਆਪਣੇ ਪੂਰੇ ਟੱਬਰ ਨੂੰ ਇੱਥੇ ਸੱਦ ਲੈਂਦਾ ਹੈ।




ਸੈਵੇਜ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਵਿੱਚ ਹੁਣ ਅੰਗਰੇਜ਼ੀ ਬਹੁਤ ਘੱਟ ਬੋਲੀ ਜਾਂਦੀ ਹੈ; ਪਰਵਾਸੀ ਅਮਰੀਕਾ ਪ੍ਰਤੀ ਘੱਟ ਵਫ਼ਾਦਾਰੀ ਦਿਖਾਉਂਦੇ ਹਨ; ਕੈਲੀਫੋਰਨੀਆ ਦੇ ਟੈਕਨਾਲੋਜੀ ਖੇਤਰ ਦੀਆਂ ਭਰਤੀ ਪ੍ਰਣਾਲੀਆਂ ਭਾਰਤ ਅਤੇ ਚੀਨ ਦੇ ਲੋਕਾਂ ਨੂੰ ਗੋਰੇ ਅਮਰੀਕੀਆਂ ਨਾਲੋਂ ਤਰਜ਼ੀਹ ਦਿੰਦੀਆਂ ਹਨ। ਇਸ ਕਰਕੇ, ਗੋਰੇ ਲੋਕਾਂ ਨੂੰ ਉੱਥੇ ਨੌਕਰੀਆਂ ਲਈ ਅਪਲਾਈ ਨਹੀਂ ਕਰਨਾ ਚਾਹੀਦਾ ਕਿਉਂਕਿ ਉਨ੍ਹਾਂ ਲਈ “ਸੰਭਾਵਨਾਵਾਂ ਜ਼ੀਰੋ ਹਨ।” ਸੈਵੇਜ ਪਰਵਾਸੀਆਂ ਨੂੰ “ਲੈਪਟਾਪ ਵਾਲੇ ਗੁੰਡੇ” ਕਹਿੰਦਾ ਹੈ, ਜਿਨ੍ਹਾਂ ਨੇ “ਇਸ ਰਾਸ਼ਟਰ ਨੂੰ ਜਿੰਨਾ ਨੁਕਸਾਨ ਪਹੁੰਚਾਇਆ ਹੈ ਓਨਾ ਸਾਰੇ ਮਾਫੀਆ ਪਰਿਵਾਰ ਮਿਲਕੇ ਵੀ ਨਹੀਂ ਪਹੁੰਚਾ ਸਕੇ। ਮੇਰੀ ਬੇਝਿਜਕ ਰਾਇ ਹੈ ਉਨ੍ਹਾਂ ਨੇ ਸਾਨੂੰ ਬੁਰੀ ਤਰ੍ਹਾਂ ਲੁੱਟਿਆ, ਸਾਡੇ ਨਾਲ ਦੋਇਮ ਦਰਜੇ ਦੇ ਨਾਗਰਿਕਾਂ ਵਾਂਗ ਸਲੂਕ ਕੀਤਾ, ਤੀਜੀ ਦੁਨੀਆ ਨੂੰ ਜਿਤਾਇਆ, ਸਾਡੇ ਝੰਡੇ ਨੂੰ ਪੈਰਾਂ ਹੇਠ ਲਤਾੜਿਆ ਹੈ।” ਉਹ ਇਹ ਵੀ ਕਹਿੰਦਾ ਹੈ ਕਿ “ਪਰਵਾਸੀ ਸਿਹਤ ਸੇਵਾਵਾਂ ਅਤੇ ਭਲਾਈ ਯੋਜਨਾਵਾਂ ਦੀ ਦੁਰਵਰਤੋਂ ਕਰਦੇ ਹਨ। ਪਰਵਾਸੀਆਂ ਦੇ ਨਾਗਰਿਕ ਹੱਕਾਂ ਲਈ ਲੜਨ ਵਾਲੀਆਂ ਏ.ਸੀ.ਐੱਲ.ਯੂ. (ਅਮਰੀਕਨ ਸਿਵਿਲ ਲਿਬਰਟੀਜ਼ ਯੂਨੀਅਨ) ਵਰਗੀਆਂ ਸੰਸਥਾਵਾਂ ਉਸ ਨੂੰ ਬਹੁਤ ਚੁਭਦੀਆਂ ਹਨ। ਉਹ ਕਹਿੰਦਾ ਹੈ ਕਿ ਗੈਰਕਾਨੂੰਨੀ ਇਮੀਗ੍ਰੇਸ਼ਨ ਨੂੰ ਉਤਸ਼ਾਹਤ ਕਰਨ ਵਾਲੀਆਂ ਨੀਤੀਆਂ ਦੀਆਂ ਹਮਾਇਤੀ ਅਜਿਹੀਆਂ ਸੰਸਥਾਵਾਂ ਦੇ ਖ਼ਿਲਾਫ਼ ‘ਰੈਕੇਟੀਅਰ ਇਨਫਲੂਐਂਸਡ ਐਂਡ ਕੁਰੱਪਟ ਆਰਗਨਾਈਜੇਸ਼ਨਜ਼ ਐਕਟ’ ਦੇ ਤਹਿਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਹ ਜਨਮਸਿੱਧ ਨਾਗਰਿਕਤਾ ਦੇ ਮਸਲੇ ਨੂੰ ਅਦਾਲਤਾਂ ਦੀ ਬਜਾਏ ਆਮ ਨਾਗਰਿਕਾਂ ਵੱਲੋਂ ਵੋਟ ਰਾਹੀਂ ਤੈਅ ਕਰਨ ਦੀ ਵਕਾਲਤ ਕਰਦਾ ਹੈ।

ਟਰੰਪ ਦੀਆਂ ਆਪਣੀਆਂ ਟਿੱਪਣੀਆਂ ਵਿਚ ਵੀ ਨਸਲਵਾਦ ਅਕਸਰ ਝਲਕਦਾ ਹੈ। ਉਪਰੋਕਤ ਪੌਡਕਾਸਟ ਸ਼ੇਅਰ ਕਰਨ ਤੋਂ ਕੁਝ ਘੰਟੇ ਪਹਿਲਾਂ ਹੀ ਉਸਨੇ ਸੁਪਰੀਮ ਕੋਰਟ ਦੀ ਆਲੋਚਨਾ ਕਰਦੇ ਹੋਏ ਇਕ ਪੋਸਟ ਪਾਈ, ਜਿਸ ਵਿਚ ਉਸਨੇ ਸੁਪਰੀਮ ਕੋਰਟ ਦੀ ਜਸਟਿਸ ਕੇਤਾਂਜੀ ਬਰਾਊਨ ਜੈਕਸਨ ਨੂੰ “ਘੱਟ ਬੁੱਧੀ ਵਾਲੀ ਸ਼ਖ਼ਸ” ਕਿਹਾ – ਇਹ ਸ਼ਬਦ ਉਹ ਸਿਆਹਫਾਮ ਅਤੇ ਭੂਰੇ ਰੰਗ ਦੇ ਲੋਕਾਂ ਨੂੰ ਗੋਰੀ ਚਮੜੀ ਵਾਲਿਆਂ ਦੇ ਮੁਕਾਬਲੇ ਅਯੋਗ ਦਰਸਾਉਣ ਲਈ ਅਕਸਰ ਵਰਤਦਾ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਬਾਂਦਰ ਜਾਤੀ ਦੇ ਰੂਪ ’ਚ ਪੇਸ਼ ਕਰਦਾ ਵੀਡੀਓ ਸ਼ੇਅਰ ਕਰਨਾ, ਏ.ਆਈ. ਤਕਨੀਕ ਵਰਤਕੇ ਅਮਰੀਕੀ ਪ੍ਰਤੀਨਿਧ ਸਭਾ ਦੇ ਘੱਟਗਿਣਤੀ ਆਗੂ ਹਕੀਮ ਜੈਫਰੀਜ ਨੂੰ ਰਵਾਇਤੀ ਮੈਕਸੀਕਨ ਹੈਟ ਪਹਿਨੀਂ ਅਤੇ ਨਕਲੀ ਮੁੱਛਾਂ ਵਾਲਾ ਦਿਖਾਉਣਾ, ਅਮਰੀਕਾ ਵਿਚ ਰਹਿ ਰਹੇ ਸੋਮਾਲੀ ਪਰਵਾਸੀਆਂ ਨੂੰ “ਕਚਰਾ” ਕਹਿਣਾ ਜਿਨ੍ਹਾਂ ਦਾ “ਕੋਈ ਯੋਗਦਾਨ ਨਹੀਂ ਹੈ, ਕੋਵਿਡ-19 ਨੂੰ ‘ਕੁੰਗ ਫਲੂ’ ਅਤੇ ‘ਚੀਨੀ ਵਾਇਰਸ’ ਕਹਿਣਾ; ਪਾਲ ਇੰਗਰੈਸੀਆ ਵਰਗੇ ਨਫ਼ਰਤ ਭੜਕਾਊਆਂ ਦੀ ਸਰਪ੍ਰਸਤੀ ਕਰਨਾ (ਜਿਸਨੇ ਕਿਹਾ ਸੀ ਕਿ ‘ਕਿਸੇ ਚੀਨੀ ਜਾਂ ਭਾਰਤੀ ਉੱਪਰ ਕਦੇ ਯਕੀਨ ਨਾ ਕਰੋ’), ਇਹ ਟਰੰਪ ਵੱਲੋਂ ਸਦੀਆਂ ਪੁਰਾਣੇ ਨਸਲਵਾਦੀ ਦਸਤੂਰ ਨੂੰ ਜਾਰੀ ਰੱਖਣ ਦੀਆਂ ਕੁਝ ਮਿਸਾਲਾਂ ਹਨ।

ਹਾਲੀਆ ਚੋਣ ਸਰਵੇਖਣ ਦੱਸਦੇ ਹਨ ਕਿ ਲਗਭਗ ਅੱਧਾ ਮੁਲਕ (47%) ਟਰੰਪ ਨੂੰ ਨਸਲਵਾਦੀ ਮੰਨਦਾ ਹੈ। ਫਰਵਰੀ ’ਚ ਇਕਨਾਮਿਸਟ ਦੇ “ਯੂਗਵ” ਸਰਵੇਖਣ ’ਚ ਅਮਰੀਕਨਾਂ ਨੂੰ ਸਵਾਲ ਕੀਤਾ ਗਿਆ ਸੀ ਕਿ ਕੀ ਟਰੰਪ ਲਈ “ਨਸਲਵਾਦੀ” ਸ਼ਬਦ ਸਹੀ ਹੈ? ਸਿਰਫ਼ 24% ਨੇ ਇਸਦਾ ਜਵਾਬ ਨਾਂਹ ’ਚ ਦਿੱਤਾ। ਇਸ ਸਿਹਤਮੰਦ ਰੁਝਾਨ ਨੂੰ ਹੋਰ ਮਜ਼ਬੂਤ ਕਰਕੇ ਹੀ ਸੱਤਾ ਵੱਲੋਂ ਨਸਲਵਾਦ ਨੂੰ ਸ਼ਹਿ ਤੇ ਸਰਪ੍ਰਸਤੀ ਦੇਣ ਦੀ ਖ਼ਤਰਨਾਕ ਮੁਹਿੰਮ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

**- ਸੰਪਾਦਕੀ ਬੋਰਡ**

CALL NOW FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
RE/MAX MOUNTAIN VIEW
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

RDSP UP TO $90,000 GOVERNMENT GRANT + BOND.
SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

• ਸਵ. ਸੋਹਣ ਮਾਨ ਯਾਦਗਾਰੀ 15ਵਾਂ ਸਲਾਨਾ ਅਗਾਂਵਧੂ ਸਭਿਆਚਾਰਕ **ਨਾਟਕ ਸਮਾਗਮ** 6 ਜੂਨ 2026 ਨੂੰ (ਦੇਖੋ ਸਫ਼ਾ 10 'ਤੇ)

• ਪੁਸਤਕ ਮੇਲਾ 10 ਮਈ 2026 ਦਿਨ ਐਤਵਾਰ ਨੂੰ

ਦੇਖੋ ਸਫ਼ਾ 35 'ਤੇ

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੁਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca

1st Location : 124-4774 Westwinds Drive NE Calgary, Alberta
Email : westwinds@careine.ca

2nd Location : 2110-4250 109 Ave NE, Calgary, AB (The Port Plaza)

3rd Location : 45-250 Carrington Blvd NW Calgary, AB, T3P OC7

Phone : 403-605-6300 | Fax : 403-536-4057

Email : calgary@careinc.ca

16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

AAXEL INSURANCE BROKERS LTD.

Harcharan Parhar
403-614-1797
harcharan.parhar@aaxelinsurance.com

Auto·Home·Business Insurance

✓ Commercial Auto & Trucking
✓ Commercial Property
✓ Rental Property
✓ Tenant Insurance
✓ General Liability
✓ Builder's Risk
✓ Special Event, Shows, Parties Liability

403-614-1797 | harcharan.parhar@aaxelinsurance.com
#3256, 4310-104 Ave NE, Calgary AB T3N 1W1 | www.aaxelinsurance.com

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work

www.hmphome.com

HMP Custom Cabinets Ltd.

Specialist in :





Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU

403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5





Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!


Apinder Aujla
BSc.Pharm
#1150, 4818 Westwindus Drive NE. Calgary
403-293-9360





Satvachan Lal
B.Sc.Pharm

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD






Taranjit "T. J." Mand
Real Estate Associate
Max Value Reality Ltd.






SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)




# ਮਜ਼ਦੂਰ ਸੰਘਰਸ਼ਾਂ ਨੂੰ ਕੁਚਲਣ ਲਈ ਭਗਵਾ ਹਕੂਮਤ ਜਬਰ ਦੇ ਰਾਹ 'ਤੇ



ਬੂਟਾ ਸਿੰਘ
ਮਹਿਮੂਦਪੁਰ
94634-74342



ਆਖ਼ਿਰਕਾਰ ਦਿੱਲੀ ਅਤੇ ਇਸਦੇ ਨਾਲ ਲੱਗਦੇ ਸਨਅਤੀ ਖੇਤਰ ਦੇ ਮਜ਼ਦੂਰਾਂ ਅੰਦਰ ਅੰਦਰੋ-ਅੰਦਰੀ ਖੌਲ਼ ਰਹੀ ਬੇਚੈਨੀ ਸੜਕਾਂ 'ਤੇ ਆ ਗਈ ਹੈ। ਹਾਲਾਂਕਿ ਮਸਲੇ ਦਾ ਮੂਲ ਕਾਰਨ ਉਦਯੋਗਾਂ ਦੀਆਂ ਮੈਨੇਜਮੈਂਟਾਂ ਵੱਲੋਂ ਨਾਮਨਿਹਾਦ ਕਿਰਤ ਕਾਨੂੰਨਾਂ ਦੀਆਂ ਖੁੱਲ੍ਹੇਆਮ ਧੱਜੀਆਂ ਉਡਾਕੇ ਮਜ਼ਦੂਰਾਂ ਦੀ ਅੰਨ੍ਹੀ ਲੁੱਟਖਸੁੱਟ ਕਰਨਾ ਹੈ, ਪਰ ਇਸਦਾ ਫੌਰੀ ਕਾਰਨ ਇਰਾਨ ਵਿਰੁੱਧ ਅਮਰੀਕੀ-ਇਜ਼ਰਾਇਲੀ ਜੰਗ ਕਾਰਨ ਰਸੋਈ ਗੈਸ ਦੀ ਕਾਲਾ ਬਜ਼ਾਰੀ ਨਾਲ ਆਮ ਲੋਕਾਂ ਉੱਪਰ ਪਿਆ ਬੋਝ ਤੇ ਅਸਹਿ ਮਹਿੰਗਾਈ ਬਣਿਆ ਹੈ। 1000 ਰੁਪਏ ਵਾਲਾ ਗੈਸ ਸਿਲੰਡਰ ਚਾਰ-ਪੰਜ ਹਜ਼ਾਰ ਵਿਚ ਵੇਚੇ ਜਾਣ ਕਾਰਨ ਮਜ਼ਦੂਰ ਦੀ ਤੀਜੇ ਹਿੱਸੇ ਤੋਂ ਵੀ ਵੱਧ ਤਨਖ਼ਾਹ ਗੈਸ ਸਿਲੰਡਰ ਉੱਪਰ ਖ਼ਰਚ ਹੋਣ ਨਾਲ ਗੁਜ਼ਾਰੇ ਦਾ ਸੰਕਟ ਅਸਹਿ ਹੋ ਗਿਆ ਹੈ। ਇਨ੍ਹਾਂ ਹਾਲਾਤ ਤੋਂ ਤੰਗ ਆ ਕੇ ਵੱਡੇ ਸ਼ਹਿਰਾਂ ਤੋਂ ਹਜ਼ਾਰਾਂ ਮਜ਼ਦੂਰਾਂ ਦਾ ਆਪਣੇ ਜ਼ੱਦੀ ਰਾਜਾਂ ਨੂੰ ਮੁੜਨਾ ਇਸ ਡੂੰਘੇ ਸੰਕਟ ਦੀ ਦੱਸ ਪਾਉਂਦਾ ਹੈ।

ਮਜ਼ਦੂਰਾਂ ਦੇ ਰੋਹ ਨੂੰ ਠੰਡਾ ਕਰਨ ਲਈ ਯੂ.ਪੀ. ਤੇ ਹਰਿਆਣੇ ਦੀਆਂ ਸਰਕਾਰਾਂ ਨੂੰ ਸੰਬੰਧਤ ਸਨਅਤੀ ਖੇਤਰਾਂ ਮਜ਼ਦੂਰਾਂ ਦੀਆਂ ਤਨਖ਼ਾਹਾਂ ਵਿਚ ਕ੍ਰਮਵਾਰ 21% ਅਤੇ 35% ਵਾਧਾ ਕਰਨਾ ਪਿਆ। ਹਰਿਆਣਾ ਸਰਕਾਰ ਵੱਲੋਂ ਗ਼ੈਰਹੁਨਰਮੰਦ ਮਜ਼ਦੂਰ ਦੀ ਘੱਟੋਘੱਟ ਤਨਖ਼ਾਹ ਦਸ ਸਾਲ ਬਾਅਦ 11274 ਰੁਪਏ ਤੋਂ ਵਧਾ ਕੇ 15220 ਰੁਪਏ ਕੀਤੀ ਗਈ ਹੈ। ਇਸੇ ਤਰ੍ਹਾਂ ਗੌਤਮ ਬੁੱਧ ਨਗਰ (ਨੋਇਡਾ ਇਸੇ ਜ਼ਿਲ੍ਹੇ ਵਿਚ ਹੈ) ਅਤੇ ਗਾਜ਼ੀਆਬਾਦ ਵਿਚ ਯੂ.ਪੀ. ਸਰਕਾਰ ਵੱਲੋਂ ਗ਼ੈਰਹੁਨਰਮੰਦ ਮਜ਼ਦੂਰ ਦੀ ਘੱਟੋਘੱਟ ਤਨਖ਼ਾਹ ਵਧਾ ਕੇ 13690 ਅਤੇ ਹੁਨਰਮੰਦ ਦੀ 16868 ਕੀਤੀ ਗਈ ਹੈ। ਪ੍ਰਸਾਸ਼ਨ ਨੇ ਇਸਨੂੰ 'ਸੰਤੁਲਤ ਕਦਮ' ਦੱਸਿਆ ਹੈ ਅਤੇ ਮਜ਼ਦੂਰਾਂ ਦੀ ਘੱਟੋਘੱਟ ਤਨਖ਼ਾਹ 20000 ਰੁਪਏ ਕਰਨ ਦੀ ਮੰਗ ਨੂੰ 'ਗੁੰਮਰਾਹਕੁਨ' ਕਿਹਾ ਹੈ। ਪ੍ਰਸ਼ਾਸਨ ਨੂੰ ਇਹ ਭਰੋਸਾ ਦਿਵਾਉਣਾ ਪਿਆ ਹੈ ਕਿ ਘੱਟੋਘੱਟ ਤਨਖ਼ਾਹ ਦਿਵਾਈ ਜਾਵੇਗੀ ਅਤੇ ਮਜ਼ਦੂਰਾਂ ਦੇ ਹੋਰ ਮਸਲਿਆਂ ਦੇ ਹੱਲ ਲਈ ਕਦਮ ਚੁੱਕੇ ਜਾਣਗੇ। ਕੀ ਲੱਕਤੋੜ ਮਹਿੰਗਾਈ ਅਤੇ ਜੀਵਨ-ਲੋੜਾਂ ਦੇ ਖ਼ਰਚਿਆਂ ਵਿਚ ਹੋਏ ਅਸਹਿ ਵਾਧੇ ਦੇ ਮੱਦੇਨਜ਼ਰ ਤਨਖ਼ਾਹਾਂ ਵਿਚ ਕੀਤੇ ਇਸ ਨਿਗੂਣੇ ਵਾਧੇ ਨਾਲ ਮਜ਼ਦੂਰਾਂ ਦੀ ਜੂਨ ਸੁਧਰ ਜਾਵੇਗੀ ਅਤੇ ਬੇਚੈਨੀ ਖ਼ਤਮ ਹੋ ਜਾਵੇਗੀ ?

ਭਾਰਤੀ ਰਾਜ, ਖ਼ਾਸ ਕਰਕੇ ਭਗਵਾ ਹਕੂਮਤ ਦੀ ਖੁੱਲ੍ਹੇਆਮ ਫਾਸ਼ੀ ਖ਼ਸਲਤ ਕਾਰਨ ਜਨਤਕ ਜਮਹੂਰੀ ਅੰਦੋਲਨਾਂ ਉੱਪਰ 'ਸਾਜ਼ਿਸ਼' ਦਾ ਠੱਪਾ ਲੱਗਣਾ ਹੈਰਾਨੀਜਨਕ ਨਹੀਂ ਹੈ। ਚਾਹੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਦਾ ਮੋਰਚਾ ਹੋਵੇ, ਚਾਹੇ ਇਤਿਹਾਸਕ ਕਿਸਾਨ ਅੰਦੋਲਨ ਹੋਵੇ ਅਤੇ ਚਾਹੇ ਦਿੱਲੀ ਵਿਚ ਵਾਤਾਵਰਣ ਦੇ ਪ੍ਰਦੂਸ਼ਣ ਵਿਰੁੱਧ ਅੰਦੋਲਨ ਹੋਵੇ, ਇਹ ਭਗਵਾ ਹਕੂਮਤ ਦਾ ਤੈਅਸ਼ੁਦਾ ਪੈਟਰਨ ਹੈ ਕਿ ਕੋਈ ਵੀ ਲੋਕ ਅੰਦੋਲਨ ਉੱਠਣ 'ਤੇ ਸਰਕਾਰ ਅਤੇ ਪੁਲਿਸ ਨੇ ਸਰਕਾਰ ਵਿਰੁੱਧ 'ਬਦਅਮਨੀਂ ਫੈਲਾਉਣ ਦੀ ਸਾਜ਼ਿਸ਼' ਅਤੇ 'ਸਾਜ਼ਿਸ਼ ਦੇ ਮਾਸਟਰਮਾਈਂਡ' ਦਾ ਬਿਰਤਾਂਤ ਪ੍ਰਚਾਰਨਾ ਹੀ ਹੁੰਦਾ ਹੈ। ਵਾਜਬ ਸੰਘਰਸ਼ ਦੀ ਹਕੀਕਤ ਤੋਂ ਆਮ ਲੋਕਾਈ ਨੂੰ ਦੂਰ ਰੱਖਣ ਅਤੇ ਸੰਘਰਸ਼ਸ਼ੀਲ ਹਿੱਸਿਆਂ ਪ੍ਰਤੀ ਲੋਕਾਂ ਦੇ ਹੋਰ ਹਿੱਸਿਆਂ ਵਿਚ ਬਣਨ ਵਾਲੀ ਹਮਦਰਦੀ ਨੂੰ ਰੋਕਣ ਲਈ ਅਜਿਹਾ ਪ੍ਰਚਾਰ ਕਰਨਾ ਹਕੂਮਤ ਦੀ ਅਣਸਰਦੀ ਲੋੜ ਹੈ। ਹੁਣ ਵੀ, ਇਕ ਪਾਸੇ ਭਾਜਪਾਈ ਹੁਕਮਰਾਨਾਂ ਨੂੰ ਕੁਝ ਹੱਦ ਤੱਕ ਮਜ਼ਦੂਰਾਂ ਦੀਆਂ ਮੰਗਾਂ ਮੰਨਣੀਆਂ ਪਈਆਂ ਹਨ (ਇਹ ਮੰਗਾਂ ਮਜ਼ਦੂਰਾਂ ਵੱਲੋਂ ਮੈਨੇਜਮੈਂਟਾਂ, ਉਨ੍ਹਾਂ ਦੇ ਲੱਠਮਾਰਾਂ ਅਤੇ ਪੁਲਿਸ ਦੀ ਦਹਿਸ਼ਤ ਨੂੰ ਤੋੜਕੇ ਸੜਕਾਂ ਉੱਪਰ ਆਉਣ ਦੇ ਭਾਰੀ ਦਬਾਅ ਹੇਠ ਹੀ ਮੰਨੀਆਂ ਗਈਆਂ ਹਨ), ਪਰ ਨਾਲ ਹੀ ਮਜ਼ਦੂਰ ਸੰਘਰਸ਼ ਨੂੰ 'ਬਦਅਮਨੀਂ ਫੈਲਾਉਣ' ਅਤੇ 'ਵਿਕਾਸ ਨੂੰ ਰੋਕਣ' ਦੀ 'ਖ਼ਤਰਨਾਕ ਸਾਜ਼ਿਸ਼' ਕਰਾਰ ਦੇਣ ਦਾ ਸਰਕਾਰੀ ਬਿਰਤਾਂਤ ਵੀ ਜ਼ੋਰ-ਸ਼ੋਰ ਨਾਲ ਚਲਾਇਆ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਅਤੇ ਸੱਤਾਧਾਰੀ ਧਿਰ ਦੇ ਆਗੂਆਂ ਵੱਲੋਂ ਮੀਡੀਆ ਕੈਮਰਿਆਂ ਅੱਗੇ ਐਲਾਨ ਕੀਤੇ ਗਏ ਹਨ ਕਿ ਇਸ ਅੰਦੋਲਨ ਪਿੱਛੇ 'ਸ਼ਹਿਰੀ ਨਕਸਲੀਆਂ' ਅਤੇ 'ਪਾਕਿਸਤਾਨ ਦੀ ਆਈ.ਐੱਸ.ਆਈ.' ਦਾ ਹੱਥ ਹੈ। ਖ਼ੁਦ ਮੁੱਖ ਮੰਤਰੀ ਅਦਿੱਤਿਆਨਾਥ ਨੇ ਮਜ਼ਦੂਰ ਹੜਤਾਲ ਨੂੰ 'ਨਕਸਲਵਾਦ ਨੂੰ ਮੁੜ ਜ਼ਿੰਦਾ ਕਰਨ ਦੀ ਸਾਜ਼ਿਸ਼' ਕਿਹਾ ਹੈ। ਔਰਤਾਂ ਸਮੇਤ ਸਰਗਰਮ ਮਜ਼ਦੂਰਾਂ ਨੂੰ ਗ੍ਰਿਫ਼ਤਾਰੀ ਬਾਰੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਕੇ ਹਿਰਾਸਤ ਵਿਚ ਲਿਆ ਗਿਆ ਹੈ, ਮਜ਼ਦੂਰ ਕਾਰਕੁਨਾਂ ਨੂੰ 'ਸਾਜ਼ਿਸ਼ ਦੇ ਯੋਜਨਾਘਾੜੇ' ਦੱਸਿਆ ਜਾ ਰਿਹਾ ਹੈ ਅਤੇ ਸੈਂਕੜੇ ਆਮ ਮਜ਼ਦੂਰਾਂ ਨੂੰ ਅਗਵਾ ਕਰਨ ਤੋਂ ਬਾਅਦ ਲਾਪਤਾ ਕਰਕੇ ਜਾਂ ਜੇਲ੍ਹੀਂ ਡੱਕਕੇ ਡੰਡੇ ਦੇ ਰਾਜ ਦਾ ਖ਼ੌਫ਼ ਪੈਦਾ ਕੀਤਾ ਜਾ ਰਿਹਾ ਹੈ। ਕਈ ਮਜ਼ਦੂਰਾਂ ਨੂੰ ਤਨਖ਼ਾਹਾਂ ਵਧਾਏ ਜਾਣ ਤੇ ਐਲਾਨ ਤੋਂ ਬਾਅਦ ਮੈਨੇਜਮੈਂਟ ਵੱਲੋਂ ਕੰਮ 'ਤੇ ਬੁਲਾਕੇ ਗ੍ਰਿਫ਼ਤਾਰ ਕਰਵਾਇਆ ਗਿਆ। ਇਨ੍ਹਾਂ ਲਾਪਤਾ ਮਜ਼ਦੂਰਾਂ ਨੂੰ ਲੱਭ ਰਹੇ ਸੈਂਕੜੇ ਪਰਿਵਾਰ ਥਾਣਿਆਂ, ਕਚਹਿਰੀਆਂ ਤੇ ਜੇਲ੍ਹਾਂ ਵਿਚ ਧੱਕੇ ਖਾ ਰਹੇ ਹਨ। 'ਮਜ਼ਦੂਰ ਬਿਗਲ' ਜਥੇਬੰਦੀ ਦੇ ਕਾਰਕੁਨਾਂ ਤੋਂ ਇਲਾਵਾ ਪੱਤਰਕਾਰ ਤੇ ਬੁੱਧੀਜੀਵੀ ਸੱਤਿਅਮ ਵਰਮਾ ਨੂੰ ਵੀ ਜੇਲ੍ਹ ਵਿਚ ਬੰਦ ਕਰਨ ਅਤੇ ਹੋਰ ਬਹੁਤ ਸਾਰੇ ਕਾਰਕੁਨਾਂ ਨੂੰ ਛਾਪੇਮਾਰੀ ਰਾਹੀਂ ਪ੍ਰੇਸ਼ਾਨ ਕਰਨ ਦੀਆਂ ਰਿਪੋਰਟਾਂ ਹਨ।

ਪੁਲਿਸ ਅਧਿਕਾਰੀਆਂ ਨੇ ਇੱਥੋਂ ਤੱਕ ਦਾਅਵਾ ਕੀਤਾ ਹੈ ਕਿ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਤੋਂ ਹਾਸਲ ਕੀਤਾ ਡੇਟਾ ਦੱਸਦਾ ਹੈ ਕਿ ਦੋ ਕਾਰਕੁਨਾਂ ਅਦਿੱਤਿਆ ਆਨੰਦ ਅਤੇ ਰੂਪੇਸ਼ ਦੇ ਸੋਸ਼ਲ ਮੀਡੀਆ ਹੈਂਡਲ ਲਗਾਤਾਰ ਪਾਕਿਸਤਾਨ ਤੋਂ ਚਲਾਏ ਜਾ ਰਹੇ ਸਨ! ਇਸ ਝੂਠੇ ਬਿਰਤਾਂਤ ਨੂੰ ਆਪਣੀ ਲੋਕ ਵਿਰੋਧੀ ਖ਼ਸਲਤ ਅਨੁਸਾਰ ਗੋਦੀ ਮੀਡੀਆ ਵੱਲੋਂ ਚੀਕ-ਚੀਕ ਕੇ ਪ੍ਰਚਾਰਿਆ ਗਿਆ ਹੈ। ਉਹ ਸੱਤਾ ਨੂੰ ਇਹ ਸਵਾਲ ਨਹੀਂ ਕਰਨਗੇ ਕਿ ਜੇਕਰ ਬਦਅਮਨੀਂ ਪਿੱਛੇ ਸੱਚਮੁੱਚ ਇਨ੍ਹਾਂ 'ਦੇਸ਼ਧਰੋਹੀ' ਤਾਕਤਾਂ ਦਾ ਹੱਥ ਹੈ, ਫਿਰ ਤਾਂ ਇਨ੍ਹਾਂ ਤਾਕਤਾਂ ਦੇ ਦਬਾਅ ਹੇਠ ਆ ਕੇ ਮੰਗਾਂ ਮੰਨਣਾ ਬਿਲਕੁਲ ਹੀ ਗ਼ਲਤ ਹੈ ? ਜਦਕਿ ਤਨਖ਼ਾਹਾਂ ਵਧਾਉਣਾ ਆਪਣੇ ਆਪ ਵਿਚ ਇਸਦਾ ਸਬੂਤ ਹੈ ਕਿ ਸਾਜ਼ਿਸ਼ ਦਾ ਸਰਕਾਰੀ ਬਿਰਤਾਂਤ ਪੂਰੀ ਤਰ੍ਹਾਂ ਝੂਠਾ ਹੈ।

ਸਰਕਾਰ ਦੀ ਫ਼ਿਕਰਮੰਦੀ ਸਿਰਫ਼ ਇਹ ਨਹੀਂ ਹੈ ਕਿ ਇਹ ਮੰਗਾਂ ਮੰਨੇ ਜਾਣ ਨਾਲ ਸਰਮਾਏਦਾਰੀ ਦੇ ਮੁਨਾਫ਼ੇ ਘਟਣਗੇ, ਸਗੋਂ ਉਨ੍ਹਾਂ ਦੀ ਵਧੇਰੇ ਫ਼ਿਕਰਮੰਦੀ ਇਹ ਹੈ ਕਿ ਹੋਰ ਉਦਯੋਗਾਂ ਤੇ ਖੇਤਰਾਂ ਦੇ ਮਜ਼ਦੂਰ ਇਸ ਜਿੱਤ ਤੋਂ ਪ੍ਰੇਰਿਤ ਹੋ ਕੇ ਆਪਣੀਆਂ ਮੰਗਾਂ ਲਈ ਸੰਘਰਸ਼ ਦੇ ਰਾਹ ਨਾ ਤੁਰ ਪੈਣ ਅਤੇ ਕਿੱਧਰੇ ਆਉਣ ਵਾਲੇ ਸਮੇਂ ਵਿਚ ਇਹ ਮਜ਼ਦੂਰਾਂ ਦੀ ਵਿਆਪਕ ਲਹਿਰ ਨਾ ਬਣ ਜਾਵੇ। ਇਸੇ ਲਈ, ਹਰਿਆਣੇ ਵਿਚ ਤਨਖ਼ਾਹਾਂ ਵਧਾਉਣ ਤੋਂ ਤੁਰੰਤ ਬਾਅਦ ਮਜ਼ਦੂਰ ਜਥੇਬੰਦੀਆਂ ਨੂੰ ਤੋੜਨ ਲਈ ਜਾਬਰ ਹੱਲਾ ਵਿੱਢ ਦਿੱਤਾ ਗਿਆ। ਇਸੇ ਤਰ੍ਹਾਂ, ਯੋਗੀ ਸਰਕਾਰ ਵੱਲੋਂ ਪੂਰੇ ਨੋਇਡਾ ਖੇਤਰ ਨੂੰ ਪੁਲਿਸ ਦੀ ਛਾਉਣੀ ਬਣਾ ਕੇ ਮਜ਼ਦੂਰਾਂ ਵਿਰੁੱਧ ਹਕੂਮਤੀ ਦਹਿਸ਼ਤ ਦਾ ਝੱਖੜ ਝੁਲਾ ਦਿੱਤਾ ਗਿਆ।

ਵੱਖ-ਵੱਖ ਸਨਅਤੀ ਖੇਤਰਾਂ ਵਿਚ ਮਜ਼ਦੂਰਾਂ ਦੇ ਵਿਰੋਧ ਪ੍ਰਦਰਸ਼ਨ ਇਸ ਸਾਲ ਦੇ ਮੁੱਢ ਤੋਂ ਹੀ ਸ਼ੁਰੂ ਹੋ ਗਏ ਸਨ ਜੋ ਅਪ੍ਰੈਲ ਦੇ ਪਹਿਲੇ ਹਫ਼ਤੇ ਵਧੇਰੇ ਤਿੱਖੇ ਸੰਘਰਸ਼ 'ਚ ਬਦਲ ਗਏ। ਪਹਿਲਾਂ ਬਰੌਨੀ (ਬਿਹਾਰ) ਦੇ ਮਜ਼ਦੂਰ ਅਤੇ ਫਿਰ ਸੂਰਤ, ਪਾਣੀਪਤ, ਮਾਨੇਸਰ ਤੇ ਨੋਇਡਾ ਦੇ ਮਜ਼ਦੂਰ ਸੜਕਾਂ 'ਤੇ ਆ ਗਏ। ਫਰਵਰੀ ਮਹੀਨੇ ਪਾਣੀਪਤ ਵਿਚ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਬੁਨਿਆਦੀ ਢਾਂਚਾ ਵਿਸਤਾਰ ਦਾ ਕੰਮ ਕਰ ਰਹੀ ਧੜਵੈਲ ਕੰਪਨੀ 'ਲਾਰਸਨ ਐਂਡ ਟਿਊਬਰੋ' ਦੇ ਠੇਕਾ ਮਜ਼ਦੂਰਾਂ ਵੱਲੋਂ ਹੜਤਾਲ ਕੀਤੀ ਗਈ। 6 ਦਿਨ ਚੱਲੀ ਹੜਤਾਲ ਨੂੰ ਦਬਾਉਣ ਲਈ ਬੇਤਹਾਸ਼ਾ ਜਬਰ ਕੀਤਾ ਗਿਆ ਅਤੇ 2500 ਅਣਪਛਾਤੇ ਮਜ਼ਦੂਰਾਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਜਿਨ੍ਹਾਂ ਦੇ ਤਹਿਤ ਪੁਲਿਸ ਜਦੋਂ ਵੀ ਚਾਹੇ ਕਿਸੇ ਨੂੰ ਵੀ ਗ੍ਰਿਫ਼ਤਾਰ ਕਰ ਸਕਦੀ ਹੈ।

3 ਅਪ੍ਰੈਲ ਨੂੰ ਹੌਂਡਾ ਦੇ ਮਾਨੇਸਰ ਪਲਾਂਟ ਵਿਚ ਹੜਤਾਲ ਹੋਈ ਜੋ ਦੋ-ਤਿੰਨ ਦਿਨਾਂ 'ਚ ਹੀ ਟੈਕਸਟਾਈਲ ਤੇ ਹੋਰ ਫੈਕਟਰੀਆਂ ਵਿਚ ਫੈਲ ਗਈ। ਇਸੇ ਦੇ ਦਬਾਅ ਹੇਠ ਹਰਿਆਣਾ ਸਰਕਾਰ ਗ਼ੈਰਹੁਨਰਮੰਦ ਮਜ਼ਦੂਰ ਦੀ ਘੱਟੋਘੱਟ ਤਨਖ਼ਾਹ ਵਧਾਕੇ 15520 ਕਰਨ ਲਈ ਮਜਬੂਰ ਹੋਈ। ਯਾਦ ਰਹੇ ਕਿ ਪਿਛਲੇ ਸਾਲ ਹਰਿਆਣਾ ਸਰਕਾਰ, ਸਨਅਤੀ ਐਸੋਸੀਏਸ਼ਨਾਂ ਅਤੇ ਟਰੇਡ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਲੈ ਕੇ ਜੋ 'ਘੱਟੋਘੱਟ ਉਜ਼ਰਤ ਕਮੇਟੀ' ਬਣਾਈ ਗਈ ਸੀ, ਉਸਨੇ ਘੱਟੋਘੱਟ ਤਨਖ਼ਾਹ 23196 ਰੁਪਏ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ, ਸਰਕਾਰ ਵੱਲੋਂ ਤਾਜ਼ਾ ਵਾਧਾ ਉਸ ਸਿਫ਼ਾਰਸ਼ ਤੋਂ ਬਹੁਤ ਜ਼ਿਆਦਾ ਘੱਟ ਹੈ। ਐਨੇ ਵੱਡੇ ਪਾੜੇ ਤੋਂ ਸਰਕਾਰਾਂ ਦੀ ਮਜ਼ਦੂਰ ਵਿਰੋਧੀ ਮਨਸ਼ਾ ਸਾਫ਼ ਦੇਖੀ ਜਾ ਸਕਦੀ ਹੈ। ਇਕ ਪਾਸੇ ਸਰਕਾਰ ਨੇ ਉਜ਼ਰਤ ਥੋੜ੍ਹੀ ਵਧਾ ਦਿੱਤੀ ਅਤੇ ਦੂਜੇ ਪਾਸੇ ਦੋ ਕੰਪਨੀਆਂ ਦੀਆਂ ਮੈਨੇਜਮੈਂਟਾਂ ਨੇ ਉੱਥੇ ਕੰਮ ਕਰ ਰਹੀਆਂ ਮਜ਼ਦੂਰ ਯੂਨੀਅਨਾਂ ਵਿਰੁੱਧ ਇਰਾਦਾ ਕਤਲ, ਭੰਨਤੋੜ ਅਤੇ ਹਮਲੇ ਵਰਗੇ ਸੰਗੀਨ ਦੋਸ਼ ਲਾ ਕੇ ਪਰਚੇ ਦਰਜ ਕਰਵਾ ਦਿੱਤੇ ਜਿਨ੍ਹਾਂ ਦੇ ਤਹਿਤ 20 ਔਰਤਾਂ ਸਮੇਤ 55 ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੁਡੀਸ਼ੀਅਲ ਹਿਰਾਸਤ ਦੇ ਤਹਿਤ ਜੇਲ੍ਹ ਭੇਜ ਦਿੱਤੇ ਗਏ।

ਨੋਇਡਾ ਵਿਚ 13 ਅਪ੍ਰੈਲ ਨੂੰ ਮਜ਼ਦੂਰਾਂ ਵੱਲੋਂ ਆਪਮੁਹਾਰੇ ਕੀਤੀ ਹੜਤਾਲ ਤੇਜ਼ੀ ਨਾਲ ਹੋਰ ਫੈਕਟਰੀਆਂ ਅਤੇ ਸੈਕਟਰਾਂ ਵਿਚ ਫੈਲ ਗਈ। ਸ਼ਾਮ ਤੱਕ 45000 ਦੇ ਕਰੀਬ ਮਜ਼ਦੂਰ ਸੰਘਰਸ਼ ਵਿਚ ਸ਼ਾਮਲ ਹੋ ਗਏ ਸਨ ਜਿਨ੍ਹਾਂ ਵਿਚ ਗਾਰਮੈਂਟ, ਇਲੈਕਟ੍ਰਾਨਿਕਸ, ਆਟੋ-ਪਾਰਟਸ ਉਦਯੋਗ ਅਤੇ ਹੋਰ ਨਿਰਯਾਤ ਆਧਾਰਤ ਕੰਪਨੀਆਂ ਦੇ ਮਜ਼ਦੂਰ ਸ਼ਾਮਲ ਸਨ। ਜਦੋਂ ਮਜ਼ਦੂਰਾਂ ਦੀ ਲਾਮਬੰਦੀ ਤੋਂ ਬੁਖਲਾਈ ਪੁਲਿਸ ਅਤੇ ਰੈਪਿਡ ਐਕਸ਼ਨ ਫੋਰਸ ਨੇ ਸ਼ਾਂਤਮਈ ਇਕੱਠ ਉੱਪਰ ਹਿੰਸਕ ਹਮਲਾ ਕਰ ਦਿੱਤਾ ਤਾਂ ਮਜ਼ਦੂਰਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਉਨ੍ਹਾਂ ਨੇ ਡੱਟ ਕੇ ਟਾਕਰਾ ਕੀਤਾ। ਕੁਝ ਭੰਨਤੋੜ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਵੀ ਵਾਪਰੀਆਂ। ਹਿੰਸਕ ਘਟਨਾਵਾਂ ਪਿੱਛੇ ਉਨ੍ਹਾਂ ਅਨਸਰਾਂ ਦੀ ਭੂਮਿਕਾ ਵੀ ਰਹੀ ਹੋਵੇਗੀ ਜਿਨ੍ਹਾਂ ਨੂੰ ਮੈਨੇਜਮੈਂਟਾਂ ਤੇ ਪੁਲਿਸ ਵੱਲੋਂ ਅੰਦੋਲਨ ਉੱਪਰ ਹਮਲਾ ਕਰਨ ਦੀ ਵਾਜਬੀਅਤ ਬਣਾਉਣ ਲਈ ਅਜਿਹੀ ਹਿੰਸਾ ਨੂੰ ਅੰਜਾਮ ਦੇਣ ਵਾਸਤੇ ਭੇਜਿਆ ਗਿਆ ਹੋਵੇਗਾ।

ਨੋਇਡਾ ਖੇਤਰ ਮੁਲਕ ਦੀ ਰਾਜਧਾਨੀ ਦੇ ਐਨ ਨੱਕ ਹੇਠ ਮਜ਼ਦੂਰਾਂ ਦੀ ਕਰੂਰ ਲੁੱਟਖਸੁੱਟ ਦਾ ਨਮੂਨਾ ਹੈ। ਇੱਥੇ ਮਜ਼ਦੂਰਾਂ ਨੂੰ ਨੌ-ਦਸ ਹਜ਼ਾਰ ਰੁਪਏ ਦੇ ਕੇ ਤਨਖ਼ਾਹ ਸਲਿੱਪਾਂ ਉੱਪਰ 18-20 ਹਜ਼ਾਰ ਰੁਪਏ 'ਤੇ ਦਸਖ਼ਤ ਕਰਾਏ ਜਾਂਦੇ ਹਨ। ਫੈਕਟਰੀਆਂ ਵਿਚ ਜਵਾਨ ਔਰਤਾਂ ਵੱਡੀ ਗਿਣਤੀ ਵਿਚ ਕੰਮ ਕਰਦੀਆਂ ਹਨ। ਉਨ੍ਹਾਂ ਦੀ ਤਨਖ਼ਾਹ ਮਰਦਾਂ ਨਾਲੋਂ ਵੀ ਘੱਟ ਹੈ ਅਤੇ ਕਈ ਤਾਂ ਫੈਕਟਰੀ ਅਧਿਕਾਰੀਆਂ ਦਾ ਜਿਨਸੀ ਸ਼ੋਸ਼ਣ ਵੀ ਝੱਲਦੀਆਂ ਹਨ। ਲੁੱਟ ਤੇ ਦਾਬੇ ਤੋਂ ਤੰਗ ਔਰਤ ਮਜ਼ਦੂਰਾਂ ਨੇ ਮੀਡੀਆ ਕੈਮਰਿਆਂ ਅੱਗੇ ਇਸ ਲੁੱਟ ਦਾ ਨਿਧੜਕ ਹੋ ਕੇ ਪਰਦਾਫਾਸ਼ ਕੀਤਾ ਹੈ। ਕੰਪਨੀ ਦਾ ਮਾਲਕ ਭਾਵੇਂ ਕੋਈ ਵੀ ਹੋਵੇ, ਫੈਕਟਰੀ/ਉਤਪਾਦਨ ਯੂਨਿਟ ਭਾਵੇਂ ਕਿਸੇ ਵੀ ਵਿਚ ਰਾਜ ਵਿਚ ਲਗਾਇਆ ਗਿਆ ਹੋਵੇ ਅਤੇ ਉੱਥੇ ਕੁਝ ਵੀ ਬਣਦਾ ਹੋਵੇ, ਸਰਮਾਏਦਾਰ ਕਾਰੋਬਾਰੀਆਂ ਵੱਲੋਂ ਮਜ਼ਦੂਰਾਂ ਦੀ ਮਿਹਨਤ ਹੜੱਪਣ ਲਈ ਸਟੇਟ ਦੀ ਮਿਲੀਭੁਗਤ ਨਾਲ ਥੋਪੇ ਲੋਟੂ ਦਸਤੂਰ ਦੀ ਕਰੂਰਤਾ ਹਰ ਥਾਂ ਹੀ ਇੱਕੋ ਜਹੀ ਹੈ। ਕੰਮ ਦੇ ਹਾਲਾਤ ਸਨਮਾਨਜਨਕ ਤੇ ਸੁਰੱਖਿਅਤ ਨਹੀਂ ਹਨ। ਨਾ ਕੰਮ ਦਾ ਸਮਾਂ ਤੈਅ ਹੈ ਅਤੇ ਨਾ ਮਜ਼ਦੂਰਾਂ ਦੀ ਜਾਨ ਦੀ ਸੁਰੱਖਿਆ ਦੀ ਪ੍ਰਵਾਹ ਕੀਤੀ ਜਾਂਦੀ ਹੈ। ਮਜ਼ਦੂਰਾਂ ਨੂੰ ਸਰਕਾਰ ਵੱਲੋਂ ਤੈਅ ਘੱਟੋਘੱਟ ਉਜ਼ਰਤ ਵੀ ਨਹੀਂ ਦਿੱਤੀ ਜਾਂਦੀ।

ਵਧੇਰੇ ਜ਼ੋਖ਼ਮ ਵਾਲੇ ਉਦਯੋਗਾਂ ਵਿਚ ਸੇਫਟੀ ਉਪਾਵਾਂ ਦੀ ਅਣਹੋਂਦ ਕਾਰਨ ਕੰਮ ਦੇ ਹਾਲਾਤ ਹੋਰ ਵੀ ਜ਼ਿਆਦਾ ਖ਼ਤਰਨਾਕ ਹਨ। ਹਾਲ ਹੀ ਵਿਚ ਛੱਤੀਸਗੜ੍ਹ ਵਿਚ ਵੇਦਾਂਤ ਸਮੂਹ ਦੇ ਪਾਵਰ ਪਲਾਂਟ ਦਾ ਬੋਇਲਰ ਫਟਣ ਨਾਲ 24 ਮਜ਼ਦੂਰ ਅਤੇ ਫਿਰ 21 ਅਪ੍ਰੈਲ ਨੂੰ ਕੇਰਲਾ ਦੀ ਇਕ ਪਟਾਖਾ ਫੈਕਟਰੀ ਵਿਚ ਘੱਟੋ-ਘੱਟ 13 ਮਜ਼ਦੂਰ ਮਾਰੇ ਗਏ। ਫੈਕਟਰੀਆਂ ਵਿਚ ਅਜਿਹੇ ਹੌਲਨਾਕ ਕਾਂਡ ਅਤੇ ਆਏ ਦਿਨ ਠੇਕੇਦਾਰਾਂ ਵੱਲੋਂ ਬਿਨਾਂ ਸੇਫਟੀ ਸੀਵਰ ਵਿਚ ਉਤਾਰੇ ਜਾਂਦੇ ਸਫ਼ਾਈ ਮਜ਼ਦੂਰਾਂ ਦੀਆਂ ਦਰਦਨਾਕ ਮੌਤਾਂ ਕੰਮ ਦੇ ਅਤਿਅੰਤ ਅਸੁਰੱਖਿਅਤ ਹਾਲਾਤ ਦੀ ਗਵਾਹੀ ਦਿੰਦੇ ਹਨ।

ਰਾਜ ਮਸ਼ੀਨਰੀ ਅਤੇ ਕਾਰਪੋਰੇਟਾਂ ਦੇ ਲੱਠਮਾਰਾਂ ਵੱਲੋਂ ਮਜ਼ਦੂਰਾਂ ਵਿਰੁੱਧ ਦਿਨ-ਰਾਤ ਕੀਤੀ ਜਾਣ ਵਾਲੀ ਕਰੂਰ ਤੋਂ ਕਰੂਰ ਹਿੰਸਾ ਕਾਨੂੰਨੀ ਮੰਨੀ ਜਾਂਦੀ ਹੈ ਪਰ ਜੇਕਰ ਮਜ਼ਦੂਰ ਇਸ ਹਿੰਸਾ ਤੋਂ ਆਪਣੀ ਰਾਖੀ ਲਈ ਕੋਈ ਜਵਾਬੀ ਕਾਰਵਾਈ ਕਰਦੇ ਹਨ ਤਾਂ ਅਜਿਹੀ 'ਬਦਅਮਨੀਂ' ਨੂੰ ਕੁਚਲਣ ਲਈ ਸਟੇਟ ਪੂਰੀ ਤਾਕਤ ਝੋਕ ਦਿੰਦਾ ਹੈ। ਜੁਡੀਸ਼ਰੀ ਵੀ ਕਾਰਪੋਰੇਟਾਂ ਦੇ ਹੱਕ ਵਿਚ ਭੁਗਤਦੀ ਹੈ। 2011-12 ਵਿਚ ਗੁੜਗਾਓਂ-ਮਾਨੇਸਰ ਦੇ ਮਾਰੂਤੀ-ਸੁਜ਼ੂਕੀ ਪਲਾਂਟ ਦੇ ਮਜ਼ਦੂਰਾਂ ਦੇ ਜੁਝਾਰੂ ਸੰਘਰਸ਼ ਨੂੰ ਸਰਕਾਰ ਅਤੇ ਕਾਰਪੋਰੇਟ ਮੈਨੇਜਮੈਂਟ ਵੱਲੋਂ ਮਿਲਕੇ ਬੇਕਿਰਕੀ ਨਾਲ ਕੁਚਲ ਦਿੱਤਾ ਗਿਆ ਸੀ ਅਤੇ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਆਗੂਆਂ ਨੂੰ ਝੂਠੇ ਕੇਸਾਂ ਦੇ ਤਹਿਤ ਲੰਮੀਆਂ ਸਖ਼ਤ ਸਜ਼ਾਵਾਂ ਕਰਵਾਈਆਂ ਗਈਆਂ ਸਨ। ਹਾਲਾਂਕਿ ਉਹ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਸਨ।

ਅਜਿਹੀ ਵਿਆਪਕ ਬੇਚੈਨੀ ਪੂਰੇ ਮੁਲਕ ਵਿਚ ਹੈ ਜੋ ਮਜ਼ਦੂਰਾਂ ਦੀ ਘੋਰ ਲੁੱਟ ਅਤੇ ਦਾਬੇ ਦਾ ਨਤੀਜਾ ਹੈ। ਸਟੇਟ ਨੇ ਸਰਮਾਏਦਾਰੀ ਨੂੰ ਮਜ਼ਦੂਰਾਂ ਦੀ ਬੇਕਿਰਕ ਲੁੱਟਖਸੁੱਟ ਲਈ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਇਹ ਸੰਘਰਸ਼ ਕਿਸੇ ਵੱਲੋਂ ਚੁਆਤੀ ਲਾ ਕੇ ਭੜਕਾਈ ਹਿੰਸਾ ਨਹੀਂ ਸਗੋਂ ਵਧ ਰਹੀ ਮਹਿੰਗਾਈ, ਉਜ਼ਰਤ ਵਿਚ ਲਗਾਤਾਰ ਖੜੋਤ, ਅਸਥਾਈ ਰੁਜ਼ਗਾਰ ਅਤੇ ਉਮੀਦ ਖ਼ਤਮ ਹੋਣ ਨਾਲ ਲੰਮੇ ਸਮੇਂ ਤੋਂ ਜਮਾਂ ਹੋ ਰਹੀ ਵਿਆਪਕ ਬੇਚੈਨੀ ਦਾ ਪ੍ਰਗਟਾਵਾ ਹੈ ਅਤੇ ਮਜ਼ਦੂਰਾਂ ਦਾ ਸੰਘਰਸ਼ ਪੂਰੀ ਤਰ੍ਹਾਂ ਜਾਇਜ਼ ਹੈ। ਮੰਗਾਂ ਲਗਭਗ ਸਭ ਥਾਈਂ ਇੱਕੋ ਜਹੀਆਂ ਹਨ: ਘੱਟੋਘੱਟ ਤਨਖ਼ਾਹ ਵਿਚ ਲੋੜੀਂਦਾ ਵਾਧਾ ਕੀਤਾ ਜਾਵੇ, ਹਰ ਮਹੀਨੇ ਨਿਸ਼ਚਿਤ ਤਾਰੀਕ ਨੂੰ ਤਨਖ਼ਾਹ ਦਿੱਤੀ ਜਾਵੇ, ਕੰਮ ਦੇ ਘੰਟੇ ਤੈਅ ਕੀਤੇ ਜਾਣ ਯਾਨੀ ਅੱਠ ਘੰਟੇ ਦੀ ਕੰਮ ਦਿਹਾੜੀ ਲਾਗੂ ਕੀਤੀ ਜਾਵੇ, ਓਵਰਟਾਈਮ ਦਾ ਦੁੱਗਣਾ ਭੁਗਤਾਨ ਤੇ ਹੋਰ ਬਕਾਏ ਸਮੇਂ ਸਿਰ ਦਿੱਤੇ ਜਾਣ, ਕੰਮ ਦੇ ਹਾਲਾਤ ਸੁਧਾਰਕੇ ਬੁਨਿਆਦੀ ਮਨੁੱਖੀ ਸਹੂਲਤਾਂ ਜਿਵੇਂ ਪੀਣ ਵਾਲਾ ਪਾਣੀ, ਕੰਟੀਨ ਵਿਚ ਚੰਗਾ ਖਾਣਾ, ਟਾਇਲਟਾਂ ਦਾ ਪ੍ਰਬੰਧ ਆਦਿ ਸਹੂਲਤਾਂ ਮੁਹੱਈਆ ਕਰਾਈਆਂ ਜਾਣ।

ਸਰਮਾਏਦਾਰੀ ਮੂਲ਼ ਰੂਪ 'ਚ ਬੇਕਿਰਕ ਲੁੱਟ ਉੱਪਰ ਆਧਾਰਤ ਹੈ। ਇਸ ਵੱਲੋਂ ਆਪਣੇ ਮੁਨਾਫ਼ੇ ਵਧਾਉਣ ਲਈ ਕੀਤੀ ਜਾਣ ਵਾਲੀ ਮਨਮਾਨੀ ਲੁੱਟਖਸੁੱਟ ਨੂੰ ਨਕੇਲ ਪਾਉਣ ਅਤੇ ਆਪਣੇ ਹੱਕ ਲੈਣ ਲਈ ਮਜ਼ਦੂਰਾਂ ਨੇ ਬੇਸ਼ੁਮਾਰ ਸੰਘਰਸ਼ ਕੀਤੇ। ਮਈ ਦਿਵਸ ਸਮੇਤ ਲਹੂ-ਡੋਲ੍ਹਵੇਂ ਮਜ਼ਦੂਰ ਸੰਘਰਸ਼ਾਂ ਦਾ ਬਹੁਤ ਲੰਮਾ ਸ਼ਾਨਾਮੱਤਾ ਇਤਿਹਾਸ ਹੈ। ਦੁਨੀਆ ਭਰ 'ਚ ਸਰਕਾਰਾਂ ਨੂੰ ਮਜ਼ਦੂਰ ਸੰਘਰਸ਼ਾਂ ਦੇ ਦਬਾਅ ਹੇਠ ਕਿਰਤ ਕਾਨੂੰਨ ਬਣਾਉਣੇ ਪਏ। ਸਰਕਾਰਾਂ ਵੱਲੋਂ ਸਰਮਾਏਦਾਰੀ ਦੇ ਹਿਤਾਂ ਲਈ ਇਨ੍ਹਾਂ ਕਾਨੂੰਨਾਂ ਨੂੰ ਕਮਜ਼ੋਰ ਤੇ ਬੇਅਸਰ ਕਰਨ ਜਦਕਿ ਮਜ਼ਦੂਰਾਂ ਤੇ ਟਰੇਡ ਯੂਨੀਅਨਾਂ ਵੱਲੋਂ ਇਨ੍ਹਾਂ ਦੀ ਰਾਖੀ ਤੇ ਅਮਲਦਾਰੀ ਲਈ ਯਤਨਾਂ ਦਰਮਿਆਨ ਹਮੇਸ਼ਾ ਜ਼ੋਰ-ਆਜ਼ਮਾਈ ਹੁੰਦੀ ਰਹੀ ਹੈ। ਇਕ ਪਾਸੇ, ਸਾਮਰਾਜੀ ਤੇ ਸਥਾਨਕ ਅਜਾਰੇਦਾਰ ਸਰਮਾਏਦਾਰੀ ਵੱਲੋਂ ਮਜ਼ਦੂਰ ਜਮਾਤ ਦੀ ਸਮੂਹਿਕ ਤਾਕਤ ਨੂੰ ਸੱਟ ਮਾਰਨ ਲਈ ਸਮੁੱਚੇ ਕਾਰੋਬਾਰੀ ਖੇਤਰ ਦੀ ਨਵੀਂ ਢਾਂਚਾਬੰਦੀ ਕੀਤੀ ਜਾਂਦੀ ਰਹੀ ਹੈ ਜਿਸ ਕਾਰਨ ਸਥਾਈ ਮਜ਼ਦੂਰ ਤਾਕਤ ਘਟਦੀ ਗਈ ਅਤੇ ਟਰੇਡ ਯੂਨੀਅਨਾਂ ਕਮਜ਼ੋਰ ਹੁੰਦੀਆਂ ਗਈਆਂ। ਦੂਜੇ ਪਾਸੇ, ਦੁਨੀਆ ਭਰ 'ਚ ਸਮਾਜਵਾਦੀ ਕੈਂਪ ਦੇ ਟੁੱਟਣ ਨਾਲ ਮਜ਼ਦੂਰ ਜਮਾਤ ਦੀ ਮੁਕਤੀ ਦੇ ਕਾਜ ਨੂੰ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ। ਇਸ ਪਛਾੜ ਦਾ ਲਾਹਾ ਲੈ ਕੇ ਸਾਮਰਾਜੀ ਸਰਮਾਏਦਾਰੀ ਵਕਤੀ ਤੌਰ 'ਤੇ ਇਹ ਬਿਰਤਾਂਤ ਸਥਾਪਤ ਕਰਨ 'ਚ ਸਫ਼ਲ ਹੋ ਗਈ ਕਿ ਸਮਾਜਵਾਦ ਹਮੇਸ਼ਾ ਲਈ ਗ਼ੈਰਵਿਹਾਰਕ ਸਾਬਤ ਹੋ ਚੁੱਕਾ ਹੈ। ਇਹ ਧੂੰਆਂਧਾਰ ਪ੍ਰਚਾਰ ਕੀਤਾ ਗਿਆ ਕਿ 'ਸਰਮਾਏਦਾਰੀ ਦਾ ਕੋਈ ਬਦਲ ਨਹੀਂ ਹੈ' ਅਤੇ ਇੱਕੋਇਕ ਟਿਕਾਊ ਪ੍ਰਬੰਧ ਦੇ ਤੌਰ 'ਤੇ ਸਰਮਾਏਦਾਰੀ ਹੀ ਮਨੁੱਖਤਾ ਦਾ ਭਵਿੱਖ ਹੈ। ਸਾਮਰਾਜੀ ਸਰਮਾਏਦਾਰੀ ਦਾ ਤਾਬੜਤੋੜ ਹਮਲਾ ਹਰ ਪਾਸਿਓਂ ਹੈ। ਮਜ਼ਦੂਰ ਸ਼ਕਤੀ ਟੁਕੜਿਆਂ ਵਿਚ ਵੰਡ ਦਿੱਤੀ ਗਈ ਹੈ ਅਤੇ ਟਰੇਡ ਯੂਨੀਅਨਾਂ ਦਾ ਲੜਾਕੂ ਮਨੋਬਲ ਕਮਜ਼ੋਰ ਹੋਇਆ ਹੈ। ਜਦੋਂ ਸਾਮਰਾਜੀ ਤੇ ਸਥਾਨਕ ਕਾਰਪੋਰੇਟ ਸਰਮਾਏ ਦੇ ਹਿਤ 'ਚ ਵੱਖ-ਵੱਖ ਮੁਲਕਾਂ ਵਿਚ ਨਵਉਦਾਰ ਆਰਥਕ ਮਾਡਲ ਥੋਪਣ ਜ਼ਰੀਏ ਮਜ਼ਦੂਰ ਜਮਾਤ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਗਿਆ ਅਤੇ ਮਜ਼ਦੂਰ ਹਿਤਾਂ ਉੱਪਰ ਹੋਰ ਵੀ ਤਿੱਖੇ ਹਮਲੇ ਵਿੱਢ ਦਿੱਤੇ ਗਏ ਤਾਂ ਟਰੇਡ ਯੂਨੀਅਨਾਂ ਇਸਨੂੰ ਠੱਲ੍ਹ ਪਾਉਣ ਲਈ ਕਾਰਗਰ ਲੜਾਈ ਨਹੀਂ ਲੜ ਸਕੀਆਂ।

ਇਸ ਦਰਮਿਆਨ ਡਿਜ਼ੀਟਲ ਤਕਨਾਲੋਜੀ ਦੇ ਤੇਜ਼ੀ ਨਾਲ ਫੈਲਾਅ ਕਾਰਨ ਕਈ ਤਬਦੀਲੀਆਂ ਵੀ ਹੋ ਰਹੀਆਂ ਹਨ।

ਕਾਰੋਬਾਰੀ ਅਤੇ ਸੇਵਾਵਾਂ ਦੇ ਖੇਤਰ ਵਿਚ ਕੰਪਿਊਟਰ/ਆਈ.ਟੀ. ਪ੍ਰੋਫੈਸ਼ਨਲਾਂ ਦਾ ਮਹੱਤਵ ਅਤੇ ਗਿਣਤੀ ਦੋਵੇਂ ਵਧੇ ਹਨ। ਇਨ੍ਹਾਂ ਚਿੱਟ-ਕਾਲਰੀ ਕੈਟੇਗਰੀਆਂ ਨੂੰ ਇਹ ਤਾਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਮਿਹਨਤ ਬੇਕਰਕੀ ਨਾਲ ਲੁੱਟੀ ਜਾ ਰਹੀ ਹੈ ਪਰ ਉਹ ਮਜ਼ਦੂਰਾਂ ਵਾਂਗ ਸਮੂਹਿਕ ਲੜਾਈ ਲੜਨ ਵਿਚ ਰੁਚੀ ਨਹੀਂ ਲੈਂਦੇ। ਗਿਗ ਵਰਕਰਾਂ ਸਮੇਤ ਮਜ਼ਦੂਰੀ ਦੇ ਕੁਝ ਹੋਰ ਰੂਪ ਵੀ ਉੱਭਰੇ ਹਨ। ਕੰਮ ਦੇ ਲੱਕਤੋੜ ਬੋਝ ਅਤੇ ਅੰਨ੍ਹੀ ਲੁੱਟਖਸੁੱਟ ਕਾਰਨ ਦੇ ਉਨ੍ਹਾਂ ਵੱਲੋਂ ਆਪਣੇ ਹਿਤਾਂ ਲਈ ਸਮੂਹਿਕ ਸੰਘਰਸ਼ ਕਰਨ ਦੀਆਂ ਕੁਝ ਮਿਸਾਲਾਂ ਵੀ ਦੇਖਣ 'ਚ ਆਈਆਂ ਹਨ।

ਮਜ਼ਦੂਰ ਜਮਾਤ ਦੇ ਫ਼ਲਸਫ਼ੇ ਦੀਆਂ ਹਾਰਾਂ ਤੋਂ ਮਾਯੂਸ ਕੁਝ ਮਜ਼ਦੂਰ ਹਿਤੈਸ਼ੀ ਬੁੱਧੀਮਾਨਾਂ ਵਿਚ ਟਰੇਡ ਯੂਨੀਅਨਾਂ ਦੇ ਗ਼ੈਰਪ੍ਰਸੰਗਿਕ ਹੋਣ ਦੀ ਸੋਚ ਵੀ ਉੱਭਰੀ ਹੈ। ਅਜਿਹੀਆਂ ਦਲੀਲਾਂ ਦੇਣ ਵਾਲੇ ਇਸ ਹਕੀਕਤ ਨੂੰ ਨਹੀਂ ਸਮਝ ਰਹੇ ਕਿ ਕਿਰਤ ਸ਼ਕਤੀ ਦੇ ਰੂਪ ਅਤੇ ਬਣਤਰ ਵਿਚ ਤਬਦੀਲੀਆਂ ਹੋਈਆਂ ਹਨ। ਜਦੋਂ ਸਰਮਾਏਦਾਰੀ ਦੀ ਮੂਲ ਲੋਟੂ ਖ਼ਸਲਤ ਨਹੀਂ ਬਦਲੀ ਤਾਂ ਉਸ ਵਿਰੁੱਧ ਸਮੂਹਿਕ ਸੰਘਰਸ਼ਾਂ ਦੀ ਲੋੜ ਅਤੇ ਟਰੇਡ ਯੂਨੀਅਨਾਂ ਦੀ ਮਹੱਤਤਾ ਕਿਵੇਂ ਖ਼ਤਮ ਹੋ ਜਾਵੇਗੀ। ਮੌਜੂਦਾ ਸੰਘਰਸ਼ਾਂ ਨੇ ਜਿੱਥੇ ਆਮ-ਮੁਹਾਰੇ ਸੰਘਰਸ਼ ਦੀ ਸੀਮਤਾਈ ਦਿਖਾਕੇ ਟਰੇਡ ਯੂਨੀਅਨਾਂ ਦੀ ਪ੍ਰਸੰਗਿਕਤਾ ਦੀ ਪੁਸ਼ਟੀ ਕੀਤੀ ਹੈ ਉੱਥੇ ਰਵਾਇਤੀ ਟਰੇਡ ਯੂਨੀਅਨਾਂ ਵੱਲੋਂ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਧੜੱਲੇ ਨਾਲ ਪਹਿਲਕਦਮੀਂ ਕਰਨ ਅਤੇ ਵਿਉਂਤਬੱਧ ਰੂਪ 'ਚ ਸੰਘਰਸ਼ ਵਿੱਢਕੇ ਮਜ਼ਦੂਰ ਤਾਕਤ ਨੂੰ ਸਹੀ ਦਿਸ਼ਾ ਦੇਣ ਦੀ ਘਾਟ ਕਾਫ਼ੀ ਰੜਕਵੀਂ ਹੈ। ਸਥਾਪਤ ਟਰੇਡ ਯੂਨੀਅਨ ਸੈਂਟਰਾਂ ਵੱਲੋਂ ਕਿਰਤ ਕਾਨੂੰਨਾਂ ਵਿਚ ਰੱਦੋਬਦਲ ਵਿਰੁੱਧ ਅਤੇ ਹੋਰ ਮੁੱਦੇ ਉਠਾਕੇ ਸਮੇਂ-ਸਮੇਂ 'ਤੇ ਹੜਤਾਲ ਜਾਂ ਹੋਰ ਰੂਪਾਂ ਵਿਚ ਅੰਦੋਲਨ ਦੇ ਸੱਦੇ ਦਿੱਤੇ ਜਾਂਦੇ ਹਨ। ਇਨ੍ਹਾਂ ਸੱਦਿਆਂ ਨੂੰ ਬਹੁਤ ਸੀਮਤ ਹੁੰਗਾਰਾ ਮਿਲਦਾ ਹੈ। ਇਸੇ ਦੌਰਾਨ, ਉਦਯੋਗਿਕ ਖੇਤਰਾਂ ਵਿਚ ਵਿਆਪਕ ਸੰਘਰਸ਼ਾਂ ਦਾ ਆਪਮੁਹਾਰੇ ਉਠਣਾ ਦੱਸਦਾ ਹੈ ਕਿ ਹਾਲਾਤ ਉੱਪਰ ਲੀਡਰਸ਼ਿੱਪ ਦੀ ਲੋੜੀਂਦੀ ਪਕੜ ਨਹੀਂ ਹੈ ਅਤੇ ਰਵਾਇਤੀ ਟਰੇਡ ਯੂਨੀਅਨਾਂ ਦੀ ਮਜ਼ਦੂਰ ਜਮਾਤ ਵਿਚ ਸਾਖ ਬੇਹੱਦ ਕਮਜ਼ੋਰ ਹੋ ਚੁੱਕੀ ਹੈ।

ਇਹ ਸੀਮਤਾਈ ਭਾਰਤ ਵਿਚ 1990ਵਿਆਂ ਦੇ ਸ਼ੁਰੂ ਤੋਂ ਲੈ ਕੇ ਪੜਾਅਵਾਰ ਤਰੀਕੇ ਨਾਲ ਲਾਗੂ ਕੀਤੀਆਂ 'ਨਵੀਂਆਂ ਆਰਥਕ ਨੀਤੀਆਂ' ਦੇ ਲਗਾਤਾਰ ਹਮਲੇ ਵਿਰੁੱਧ ਮਜ਼ਦੂਰ ਜਮਾਤ ਅਤੇ ਮੁਲਾਜ਼ਮਾਂ ਦੀਆਂ ਟਰੇਡ ਯੂਨੀਅਨਾਂ ਵੱਲੋਂ ਲਗਾਤਾਰ ਲੜੇ ਗਏ ਸੰਘਰਸ਼ਾਂ ਵਿਚ ਸਪਸ਼ਟ ਦੇਖੀ ਜਾ ਸਕਦੀ ਹੈ। ਕੁਝ ਸਮਿਆਂ 'ਤੇ ਖ਼ਾਸ ਖੇਤਰਾਂ ਵਿਚ ਕੁਝ ਅੰਸ਼ਕ ਪ੍ਰਾਪਤੀਆਂ ਵੀ ਹੁੰਦੀਆਂ ਰਹੀਆਂ ਪਰ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਨੂੰ ਸਮੁੱਚੇ ਤੌਰ 'ਤੇ ਰੱਦ ਕਰਾਉਣ ਲਈ ਅਸਰਦਾਰ ਲੜਾਈ ਨਹੀਂ ਲੜੀ ਜਾ ਸਕੀ। ਨਤੀਜੇ ਵਜੋਂ, ਪੱਕੇ ਮਜ਼ਦੂਰਾਂ ਦੀ ਥਾਂ ਮੁੱਖ ਤੌਰ 'ਤੇ ਠੇਕਾ ਮਜ਼ਦੂਰੀ ਨੇ ਲੈ ਲਈ। ਠੇਕਾ ਮਜ਼ਦੂਰਾਂ ਦਾ ਕੱਚੀ ਨੌਕਰੀ ਦੇ ਤਹਿਤ ਬੇਹੱਦ ਨਿਗੂਣੀ ਤਨਖ਼ਾਹ ਉੱਪਰ ਬੇਕਿਰਕੀ ਨਾਲ ਲਹੂ ਨਿਚੋੜਿਆ ਜਾਂਦਾ ਹੈ। ਮਜ਼ਬੂਤ ਟਰੇਡ ਯੂਨੀਅਨਾਂ ਨਾ ਹੋਣ ਕਾਰਨ ਅਤੇ ਕਾਨੂੰਨਾਂ ਦਾ ਕੋਈ ਡਰ ਨਾ ਹੋਣ ਕਾਰਨ ਜਥੇਬੰਦ ਖੇਤਰ ਦੀ ਅਫ਼ਸਰਸ਼ਾਹੀ ਅਤੇ ਨਿੱਜੀ ਖੇਤਰ ਵਿਚ ਫੈਕਟਰੀ ਮੈਨੇਜਮੈਂਟਾਂ ਵਧੇਰੇ ਕਰੂਰਤਾ ਨਾਲ ਪੇਸ਼ ਆ ਰਹੀਆਂ ਹਨ। ਲੁੱਟ-ਖਸੁੱਟ ਅਤੇ ਕੰਮ ਦੇ ਹਾਲਾਤ ਅਸਹਿ ਹੋ ਚੁੱਕੇ ਹਨ। ਮਜ਼ਦੂਰਾਂ ਦੀ ਕਿਰਤ ਵਿਭਾਗ ਕੋਲ ਨਾਮਨਿਹਾਦ ਸੁਣਵਾਈ ਵੀ ਖ਼ਤਮ ਕਰ ਦਿੱਤੀ ਗਈ ਹੈ। ਇਨ੍ਹਾਂ ਹਾਲਾਤ ਵਿਚ ਘੋਰ ਲੁੱਟਖਸੁੱਟ ਅਤੇ ਦਾਬੇ ਦੇ ਮਧੋਲੇ ਮਜ਼ਦੂਰਾਂ ਨੇ ਇਕ ਦਿਨ ਇਸ ਤੋਂ ਨਾਬਰ ਹੋਣਾ ਹੀ ਸੀ।

ਹਕੂਮਤ ਭਲੀਭਾਂਤ ਜਾਣਦੀ ਸੀ ਕਿ ਅਸੁਰੱਖਿਅਤ ਮਜ਼ਦੂਰਾਂ ਨੇ ਕਿਸੇ ਨਾ ਕਿਸੇ ਵਕਤ ਆਪਣੇ ਹਿਤਾਂ ਤੇ ਹੱਕਾਂ ਲਈ ਲੜਨ ਦੀ ਲੋੜ ਮਹਿਸੂਸ ਕਰਕੇ ਸਮੂਹਿਕ ਤਾਕਤ ਬਣਕੇ ਉੱਠਣਾ ਹੀ ਹੈ, ਇਸੇ ਦੀ ਪੇਸ਼ਬੰਦੀ ਵਜੋਂ ਪਿੱਛੇ ਜਹੇ ਭਗਵਾ ਹਕੂਮਤ ਵੱਲੋਂ ਕਾਰਪੋਰੇਟ ਸਰਮਾਏ ਦੀ ਸੇਵਾ ਲਈ ਕਿਰਤ ਕਾਨੂੰਨਾਂ ਨੂੰ ਬਦਲਿਆ ਗਿਆ ਹੈ। ਸਥਾਪਤ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਕਿਰਤ ਕੋਡਾਂ ਦੇ ਨਾਂ ਹੇਠ ਬੇਹੱਦ ਖ਼ਤਰਨਾਕ ਕਾਨੂੰਨੀ ਰੱਦੋਬਦਲ ਕੀਤੀ ਗਈ ਹੈ ਜਿਨ੍ਹਾਂ ਦੇ ਤਹਿਤ ਮਜ਼ਦੂਰਾਂ ਦੀ ਸੁਰੱਖਿਆ ਦੀ ਰਸਮੀਂ ਕਾਨੂੰਨੀ ਵਿਵਸਥਾ ਨੂੰ ਖ਼ਤਮ ਕਰਕੇ ਸਰਮਾਏਦਾਰੀ ਨੂੰ ਮਨਮਾਨੀਆਂ ਕਰਨ ਦੀ ਹੋਰ ਜ਼ਿਆਦਾ ਖੁੱਲ੍ਹ ਦੇ ਦਿੱਤੀ ਗਈ ਹੈ। ਕੇਂਦਰ ਸਰਕਾਰ ਦਾ ਇਹ ਕਿਰਤ ਕੋਡ ਬਣਾਉਣ ਅਤੇ ਲਾਗੂ ਕਰਨ ਪਿੱਛੇ ਅਸਲ ਮਕਸਦ ਮਜ਼ਦੂਰਾਂ ਦੇ ਹੜਤਾਲ ਦੇ ਹੱਕ ਅਤੇ ਆਪਣੇ ਹਿਤਾਂ ਲਈ ਸਮੂਹਿਕ ਸੌਦੇਬਾਜ਼ੀ ਕਰਨ ਦੇ ਹੱਕ ਨੂੰ ਕਾਨੂੰਨੀ ਤੌਰ 'ਤੇ ਬੇਅਸਰ ਬਣਾਉਣਾ ਅਤੇ ਸਰਮਾਏਦਾਰ ਕਾਰੋਬਾਰੀਆਂ ਦੀਆਂ ਮਨਮਾਨੀਆਂ ਨੂੰ ਕਾਨੂੰਨੀ ਰੂਪ ਦੇਣਾ ਹੈ। ਇਸ ਨਾਲ ਕਾਰਪੋਰੇਟ ਮੈਨੇਜਮੈਂਟਾਂ ਦੀਆਂ ਮਨਮਾਨੀਆਂ ਹੋਰ ਵੀ ਵਧ ਗਈਆਂ ਹਨ।

ਹਾਲੀਆ ਵਿਰੋਧ ਪ੍ਰਦਰਸ਼ਨ ਮੁੱਖ ਤੌਰ 'ਤੇ ਭਾਜਪਾ/ਐੱਨ.ਡੀ.ਏ. ਗੱਠਜੋੜ ਦੀਆਂ ਸਰਕਾਰਾਂ ਵਾਲੇ ਰਾਜਾਂ ਵਿੱਚ ਹੋਏ ਹਨ। ਭਾਜਪਾ ਸਰਕਾਰਾਂ ਨੇ ਨਵੇਂ ਲੇਬਰ ਕੋਡਾਂ ਦੇ ਆਧਾਰ 'ਤੇ ਨਵੇਂ ਕਿਰਤ ਨਿਯਮ (ਜੋ ਰਾਜ ਸਰਕਾਰਾਂ ਦਾ ਵਿਸ਼ਾ ਹਨ) ਤੁਰੰਤ ਭਾਜਪਾ/ਐੱਨ.ਡੀ.ਏ. ਸ਼ਾਸਨ ਵਾਲੇ ਰਾਜਾਂ ਵਿੱਚ ਲਾਗੂ ਕਰ ਦਿੱਤੇ। ਵਿਰੋਧੀ-ਧਿਰ ਵਾਲੇ ਰਾਜਾਂ ਵਿਚ ਨਵੇਂ ਕਿਰਤ ਨਿਯਮ ਬਣਾਕੇ ਨੋਟੀਫਾਈ ਕਰਨ ਦਾ ਅਮਲ ਭਾਜਪਾਈ ਰਾਜਾਂ ਜਿੰਨਾ ਤੇਜ਼ ਰਫ਼ਤਾਰ ਨਹੀਂ ਹੈ। ਇਸਦਾ ਕਾਰਨ ਇਹ ਨਹੀਂ ਹੈ ਕਿ ਕਿ ਉਹ ਇਨ੍ਹਾਂ ਕਾਨੂੰਨਾਂ ਨਾਲ ਅਸਹਿਮਤ ਹਨ। ਵਿਰੋਧੀ-ਧਿਰ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਵੀ ਮਜ਼ਦੂਰਾਂ ਦੇ ਹਾਲਾਤ ਭਾਜਪਾਈ ਸਰਕਾਰਾਂ ਵਾਲੇ ਹਨ। ਉੱਥੇ ਵੀ ਮਜ਼ਦੂਰਾਂ ਨੇ ਇਸੇ ਤਰ੍ਹਾਂ ਉੱਠਣਾ ਹੀ ਹੈ। ਕਈ ਰਾਜ ਸਰਕਾਰਾਂ ਨੇ 10-12 ਘੰਟਿਆਂ ਦੀ ਕੰਮ ਦਿਹਾੜੀ ਲਾਗੂ ਕਰ ਦਿੱਤੀ ਹੈ। ਸਤੰਬਰ 2025 ਵਿੱਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਨੇ ਫੈਕਟਰੀਜ਼ (ਆਂਧਰਾ ਪ੍ਰਦੇਸ਼ ਸੋਧ) ਬਿੱਲ ਪਾਸ ਕੀਤਾ, ਜਿਸ ਵਿੱਚ ਕੰਮ ਦਿਹਾੜੀ 12 ਘੰਟੇ ਤੱਕ ਵਧਾ ਦਿੱਤੀ ਗਈ ਅਤੇ ਔਰਤ ਕਰਮਚਾਰੀਆਂ ਲਈ ਰਾਤ ਦੀ ਡਿਊਟੀ ਦੀ ਇਜਾਜ਼ਤ ਦੇ ਦਿੱਤੀ ਗਈ। ਇਸੇ ਤਰ੍ਹਾਂ, ਦਸੰਬਰ ਵਿੱਚ ਰਾਜਸਥਾਨ ਵਿਚ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਆਰਡੀਨੈਂਸ 2025 ਦੁਆਰਾ ਕੰਮ ਦਿਨ ਦੀ ਸੀਮਾ 10 ਘੰਟੇ ਅਤੇ ਤਿਮਾਹੀ ਓਵਰਟਾਈਮ ਸੀਮਾ 144 ਘੰਟੇ ਤੱਕ ਵਧਾ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਵੀ 12 ਘੰਟੇ ਦੀ ਕੰਮ ਦਿਹਾੜੀ ਦਾ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਗਿਆ। ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਦੇ ਖਲੇਗਾਓਂ (ਬਿਹਾਰ) ਪਲਾਂਟ ਦੇ ਮੁਲਾਜ਼ਮਾਂ ਨੇ 8 ਘੰਟੇ ਦੀ ਕੰਮ ਦਿਹਾੜੀ ਲਈ ਹੜਤਾਲ ਕੀਤੀ ਸੀ, ਉੱਥੇ ਵੀ ਕੰਮ ਦਿਹਾੜੀ 12 ਘੰਟੇ ਕਰ ਦੇਣ ਦੀ ਰਿਪੋਰਟ ਹੈ।

ਆਉਣ ਵਾਲੇ ਸਮੇਂ 'ਚ ਮਜ਼ਦੂਰਾਂ ਦੇ ਹਾਲਾਤ ਹੋਰ ਖ਼ਰਾਬ ਹੋਣੇ ਹਨ ਅਤੇ ਉਨ੍ਹਾਂ ਦੇ ਸੰਘਰਸ਼ ਵੀ ਵਧਣੇ ਹਨ। ਹਾਲੀਆ ਸੰਘਰਸ਼ ਪਹਿਲੀ ਮਈ (ਕੌਮਾਂਤਰੀ ਮਜ਼ਦੂਰ ਦਿਵਸ) ਤੋਂ ਕੁਝ ਹਫ਼ਤੇ ਪਹਿਲਾਂ ਹੋਏ ਹਨ ਜੋ ਇਹ ਚੇਤੇ ਕਰਾਉਂਦੇ ਹਨ ਕਿ ਸ਼ਿਕਾਗੋ ਦੇ ਮਜ਼ਦੂਰਾਂ ਦੇ ਇਤਿਹਾਸਕ ਸੰਘਰਸ਼ ਤੋਂ 140 ਸਾਲ ਬਾਅਦ ਵੀ ਮਜ਼ਦੂਰਾਂ ਦੇ ਹਾਲਾਤ ਉਸੇ ਤਰ੍ਹਾਂ ਅਸੁਰੱਖਿਅਤ ਹਨ ਜਿਨ੍ਹਾਂ ਨੂੰ ਬਦਲਣ ਲਈ ਵਿਉਂਤਬਧ ਤਰੀਕੇ ਨਾਲ ਫ਼ੈਸਲਾਕੁਨ ਸੰਘਰਸ਼ ਲੜਨੇ ਪੈਣਗੇ। ਸਵਾਲ ਇਹ ਹੈ ਕਿ ਕੀ ਮਜ਼ਦੂਰ ਹਿਤਾਂ ਦੀਆਂ ਝੰਡਾਬਰਦਾਰ ਕਹਾਉਣ ਵਾਲੀਆਂ ਤਾਕਤਾਂ ਮਜ਼ਦੂਰਾਂ ਵਿਚ ਫੈਲ ਰਹੀ ਬੇਚੈਨੀ ਨੂੰ ਬੱਝਵੇਂ ਟਰੇਡ ਯੂਨੀਅਨ ਸੰਘਰਸ਼ਾਂ ਵਿਚ ਬਦਲਣ ਲਈ ਤਿਆਰ ਹਨ?

## *ਭਾਰਤ ਵਿੱਚ ਮਾਓਵਾਦੀ ਲਹਿਰ*

# ਕਮਜ਼ੋਰ ਹੋ ਰਿਹਾ ਜਥੇਬੰਦਕ ਢਾਂਚਾ, ਲੀਡਰਸ਼ਿੱਪ ਵਿੱਚ 'ਬਦਲਾਅ', ਯੁੱਧਨੀਤੀ ਅਤੇ ਵਿਚਾਰਧਾਰਾ



*[ਪਿੱਛੇ ਜਹੇ ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਵਿਚ ਬਾਕਾਇਦਾ ਐਲਾਨ ਕੀਤਾ ਕਿ ਮੁਲਕ ਵਿੱਚੋਂ ਨਕਸਲਵਾਦ ਨੂੰ ਖ਼ਤਮ ਕਰਨ ਦਾ ਟੀਚਾ ਪੂਰਾ ਕਰ ਲਿਆ ਗਿਆ ਹੈ ਅਤੇ ਹੁਣ ਸਿਰਫ਼ 'ਸ਼ਹਿਰੀ ਨਕਸਲੀਆਂ' ਨਾਲ ਨਜਿੱਠਣਾ ਬਾਕੀ ਹੈ ਜੋ ਨਕਸਲੀ ਵਿਚਾਰਧਾਰਾ ਦਾ ਪ੍ਰਚਾਰ ਕਰਕੇ ਨਕਸਲਵਾਦ ਦਾ ਪ੍ਰਚਾਰ-ਪ੍ਰਸਾਰ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਕੇਂਦਰੀ ਗ੍ਰਹਿ ਮੰਤਰੀ ਦੇ ਇਹ ਦਾਅਵੇ ਜ਼ਮੀਨੀ ਹਕੀਕਤ ਨਾਲ ਕਿੰਨਾ ਕੁ ਮੇਲ਼ ਖਾਂਦੇ ਹਨ, ਕੀ ਨਕਸਲਵਾਦ ਸੱਚਮੁੱਚ ਖ਼ਤਮ ਹੋ ਗਿਆ ਹੈ? ਇਨ੍ਹਾਂ ਸਵਾਲਾਂ ਦੀ ਚਰਚਾ ਸੁਤੰਤਰ ਪੱਤਰਕਾਰ ਹਰਸ਼ ਠਾਕੁਰ ਵੱਲੋਂ ਆਪਣੀ ਇਸ ਟਿੱਪਣੀ ਵਿਚ ਕੀਤੀ ਗਈ ਹੈ। ਪਾਠਕਾਂ ਦੀ ਜਾਣਕਾਰੀ ਲਈ ਇਹ ਟਿੱਪਣੀ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*

**ਹਰਸ਼ ਠਾਕੁਰ**
**ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ**

ਹਾਲੀਆ ਸਰਕਾਰੀ ਬਿਆਨਾਂ ਵਿੱਚ ਇਹ ਕਿਹਾ ਗਿਆ ਹੈ ਕਿ ਭਾਰਤ ਵਿੱਚ ਮਾਓਵਾਦੀ ਲਹਿਰ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਖ਼ਤਮ ਕਰ ਦਿੱਤਾ ਗਿਆ ਹੈ। ਇਸ ਦਾ ਕਾਰਨ ਕੇਂਦਰੀ ਲੀਡਰਸ਼ਿੱਪ ਦਾ ਕਮਜ਼ੋਰ ਹੋਣਾ ਅਤੇ ਸੁਰੱਖਿਆ ਤਾਕਤਾਂ ਦੀਆਂ ਕਾਰਵਾਈਆਂ ਦਾ ਤੇਜ਼ ਹੋਣਾ ਦੱਸਿਆ ਜਾ ਰਿਹਾ ਹੈ। ਇਹ ਦਾਅਵੇ ਕੇਂਦਰੀ ਅਤੇ ਪੂਰਬੀ ਭਾਰਤ ਦੇ ਮਹੱਤਵਪੂਰਨ ਖੇਤਰਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਬਗ਼ਾਵਤ-ਵਿਰੋਧੀ ਕਾਰਵਾਈਆਂ ਤੋਂ ਬਾਅਦ ਸਾਹਮਣੇ ਆਏ ਹਨ।

ਹਾਲਾਂਕਿ, ਸੁਰੱਖਿਆ ਏਜੰਸੀਆਂ ਅਤੇ ਸੁਤੰਤਰ ਨਿਰੀਖਕਾਂ ਵੱਲੋਂ ਦਿੱਤੀ ਗਈ ਜਾਣਕਾਰੀ ਦਰਸਾਉਂਦੀ ਹੈ ਕਿ ਸੀ.ਪੀ.ਆਈ. (ਮਾਓਵਾਦੀ) ਦੇ ਜਥੇਬੰਦਕ ਢਾਂਚੇ ਨੂੰ ਕਾਫ਼ੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਗਿਆ ਹੈ, ਫਿਰ ਵੀ ਲਹਿਰ ਦੇ ਕੁਝ ਤੱਤ ਅਜੇ ਵੀ ਸਰਗਰਮ ਹਨ। ਰਿਪੋਰਟਾਂ ਵਿੱਚ ਬਸਤਰ ਅਤੇ ਦੰਡਕਾਰਣੀਆ ਦੇ ਕੁਝ ਹਿੱਸਿਆਂ ਵਰਗੇ ਜੰਗਲੀ ਖੇਤਰਾਂ ਵਿੱਚ ਅਜੇ ਵੀ ਕਾਡਰਾਂ ਦੀ ਮੌਜੂਦਗੀ ਹੋਣ ਦੀ ਚਰਚਾ ਹੈ, ਨਾਲ ਹੀ ਛੋਟੀਆਂ ਅਤੇ ਵਿਕੇਂਦਰੀਕ੍ਰਿਤ ਇਕਾਈਆਂ ਆਪਣੇ ਕੰਮਕਾਰ ਦੇ ਤੌਰ-ਤਰੀਕਿਆਂ ਵਿੱਚ ਤਬਦੀਲੀਆਂ ਕਰ ਰਹੀਆਂ ਹਨ।

ਇਸ ਪ੍ਰਸੰਗ ਵਿੱਚ ਸੀਨੀਅਰ ਮਾਓਵਾਦੀ ਆਗੂ ਮੁੱਪਲਾ ਲਕਸ਼ਮਣ ਰਾਓ ਉਰਫ਼ ਗਣਪਤੀ ਦੀ ਮੌਜੂਦਗੀ ਵੱਲ ਵੀ ਧਿਆਨ ਦਿਵਾਇਆ ਗਿਆ ਹੈ। ਉਹ ਪਹਿਲਾਂ ਸਕੂਲ ਅਧਿਆਪਕ ਸਨ, ਜੋ ਪੀਪਲਜ਼ ਵਾਰ ਗਰੁੱਪ ਅਤੇ ਮਾਓਵਾਦੀ ਕਮਿਊਨਿਸਟ ਸੈਂਟਰ ਦੇ ਰਲ਼ੇਵੇਂ ਤੋਂ ਬਾਅਦ ਸੀ.ਪੀ.ਆਈ. (ਮਾਓਵਾਦੀ) ਦੇ ਕੇਂਦਰੀ ਆਗੂ ਬਣੇ। ਉਨ੍ਹਾਂ ਦੀ ਜ਼ਿੰਦਗੀ—ਇੱਕ ਅਧਿਆਪਕ ਤੋਂ ਗੁਪਤ ਆਗੂ ਬਣਨ ਤੱਕ—1970 ਦੇ ਦਹਾਕੇ ਦੇ ਪਿੰਡਾਂ ਦੇ ਭਾਰਤ ਦੇ ਸਮਾਜਿਕ-ਰਾਜਨੀਤਕ ਹਾਲਾਤਾਂ ਨੂੰ ਦਰਸਾਉਂਦੀ ਹੈ, ਜਿਨ੍ਹਾਂ ਵਿੱਚੋਂ ਇਸ ਲਹਿਰ ਨੇ ਜਨਮ ਲਿਆ।

ਹਾਲਾਂਕਿ ਰਿਪੋਰਟਾਂ ਮੁਤਾਬਕ ਮਾਓਵਾਦੀ ਪਾਰਟੀ ਦੀ ਚੋਟੀ ਦੀ ਲੀਡਰਸ਼ਿੱਪ ਦਾ ਵੱਡਾ ਹਿੱਸਾ ਮਾਰਿਆ ਜਾ ਚੁੱਕਾ ਹੈ, ਗ਼ੈਰਸਰਗਰਮ ਬਣਾ ਦਿੱਤਾ ਗਿਆ ਜਾਂ ਗ੍ਰਿਫਤਾਰ ਕਰ ਲਿਆ ਗਿਆ ਹੈ, ਪਰ ਗਣਪਤੀ ਦੇ ਲਹਿਰ ਨਾਲ ਜੁੜੇ ਰਹਿਣ ਦੀ ਸਥਿਤੀ ਨੂੰ ਕੁਝ ਵਿਸ਼ਲੇਸ਼ਕ ਚਿੰਨ੍ਹਾਤਮਕ ਤੌਰ 'ਤੇ ਮਹੱਤਵਪੂਰਨ ਮੰਨ ਰਹੇ ਹਨ। ਇਹ ਵੀ ਸੰਕੇਤ ਮਿਲਦੇ ਹਨ ਕਿ ਲਹਿਰ ਨਾਲ ਜੁੜੇ ਜਾਂ ਹਮਦਰਦੀ ਰੱਖਣ ਵਾਲੇ ਬਹੁਤ ਸਾਰੇ ਲੋਕ ਅਜੇ ਵੀ ਕਾਨੂੰਨੀ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ ਜਾਂ ਹਿਰਾਸਤ ਵਿੱਚ ਹਨ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਚਰਚਾਵਾਂ ਵਿਚ ਅਜੇ ਵੀ ਇਹ ਮੰਨਿਆ ਜਾਂਦਾ ਹੈ ਕਿ ਸਟੇਟ ਵਿਰੋਧੀ ਵਿਚਾਰਧਾਰਾਵਾਂ ਦੇ ਬਣੇ ਰਹਿਣ ਦਾ ਮੂਲ ਕਾਰਨ ਜ਼ਮੀਨੀ ਹੱਕ, ਉਜਾੜੇ ਅਤੇ ਨਬਰਾਬਰੀ ਵਰਗੇ ਸਮਾਜਿਕ-ਆਰਥਕ ਮੁੱਦੇ ਹਨ।

**ਜਥੇਬੰਦਕ ਬਦਲਾਅ ਅਤੇ ਖੇਤਰੀ ਘਟਨਾ-ਵਿਕਾਸ :** ਹਾਲੀਆ ਘਟਨਾ-ਵਿਕਾਸ ਮਾਓਵਾਦੀ ਜਥੇਬੰਦੀ ਦੇ ਤਾਣੇਬਾਣੇ ਦੇ ਪੁਨਰਗਠਨ ਵੱਲ ਇਸ਼ਾਰਾ ਕਰਦੇ ਹਨ। "ਨੌਰਥ ਕੋਆਰਡੀਨੇਸ਼ਨ ਕਮੇਟੀ" (ਐੱਨ.ਸੀ.ਸੀ.) ਦੇ ਬਣਨ ਦੀਆਂ ਖ਼ਬਰਾਂ ਇਹ ਦਰਸਾਉਂਦੀਆਂ ਹਨ ਕਿ ਮਾਓਵਾਦੀਆਂ ਵੱਲੋਂ ਉੱਤਰੀ ਭਾਰਤ ਦੇ ਖਿੱਤਿਆਂ ਵਿੱਚ ਆਪਣਾ ਅਸਰ-ਰਸੂਖ਼ ਵਧਾਉਣ ਜਾਂ ਮੁੜ ਢਾਂਚਾਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲਾਂਕਿ ਇਸ ਦੀ ਹੋਂਦ ਬਾਰੇ ਜਨਤਕ ਜਾਣਕਾਰੀ ਸੀਮਤ ਹੈ, ਸਿਰਫ਼ ਕੁਝ ਮੀਡੀਆ ਅਤੇ ਵਿਸ਼ਲੇਸ਼ਣਾਂ ਦੀਆਂ ਚਰਚਾਵਾਂ ਵਿੱਚ ਹੀ ਇਸ ਦੇ ਉਭਰਨ ਦਾ ਜ਼ਿਕਰ ਹੋਇਆ ਹੈ।

ਇਸ ਤੋਂ ਇਲਾਵਾ, ਖੱਬੇਪੱਖੀ ਗਰੁੱਪਾਂ ਨਾਲ ਜੁੜੇ ਜਨਤਕ ਇਕੱਠ—ਜਿਵੇਂ ਕੋਲਕਾਤਾ ਵਿੱਚ ਹੋਏ ਇਕ ਸਮਾਗਮ ਵਿਚ ਹਜ਼ਾਰਾਂ ਦੀ ਤਾਦਾਦ 'ਚ ਲੋਕਾਂ ਦਾ ਸ਼ਾਮਲ ਹੋਣਾ—ਇਹ ਦਰਸਾਉਂਦੇ ਹਨ ਕਿ ਹਥਿਆਰਬੰਦ ਕਾਰਵਾਈਆਂ ਤੋਂ ਪਾਰ ਜਾ ਕੇ ਮਾਓਵਾਦੀ ਲਹਿਰ ਨੂੰ ਵਿਚਾਰਧਾਰਕ ਹਮਾਇਤ ਮਿਲ ਰਹੀ ਹੈ। ਕੁਝ ਖੇਤਰਾਂ ਵਿੱਚ ਵਿਦਿਆਰਥੀ ਅਤੇ ਸਮਾਜਿਕ ਕਾਰਕੁਨ ਵੀ ਉਨ੍ਹਾਂ ਮੁੱਦਿਆਂ ਨਾਲ ਜੁੜੇ ਹੋਏ ਵੇਖੇ ਗਏ ਹਨ ਜੋ ਇਤਿਹਾਸਕ ਤੌਰ 'ਤੇ ਨਕਸਲੀ ਸਿਆਸਤ ਨਾਲ ਸੰਬੰਧਤ ਰਹੇ ਹਨ।

ਇਸਦੇ ਨਾਲ ਹੀ, ਵੱਖ-ਵੱਖ ਕਮਿਊਨਿਸਟ ਅਤੇ ਇਨਕਲਾਬੀ ਗਰੁੱਪਾਂ ਦੇ ਅੰਦਰਲੀ ਪਾਟੋਧਾੜ ਅਤੇ ਵਿਚਾਰਧਾਰਕ ਮੱਤਭੇਦਾਂ ਨੇ ਇਨ੍ਹਾਂ ਲਹਿਰਾਂ ਦੀ ਇਕਜੁੱਟਤਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨੂੰ ਲੈ ਕੇ ਕੁਝ ਵਿਸ਼ਲੇਸ਼ਕ ਇਹ ਵੀ ਕਹਿ ਰਹੇ ਹਨ ਕਿ ਭਾਰਤੀ ਹਾਲਾਤਾਂ ਵਿੱਚ ਲੈਨਿਨ ਅਤੇ ਮਾਓ ਦੇ ਵਿਚਾਰਾਂ ਨੂੰ ਮਸ਼ੀਨੀ ਤਰੀਕੇ ਨਾਲ ਲਾਗੂ ਕਰਨ ਦੀ ਬਜਾਏ ਨਵੇਂ ਨਜ਼ਰੀਏ ਦੀ ਜ਼ਰੂਰਤ ਹੈ।

ਖ਼ਾਸ ਤੌਰ 'ਤੇ ਅੰਨਤੋਨੀਓ ਗ੍ਰਾਮਸ਼ੀ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਉੱਪਰ ਚਰਚਾ ਵੱਧ ਰਹੀ ਹੈ, ਜੋ ਸਿਰਫ਼ ਹਥਿਆਰਬੰਦ ਸੰਘਰਸ਼ ਉੱਪਰ ਨਿਰਭਰ ਰਹਿਣ ਦੀ ਬਜਾਏ ਸਿਵਲ ਸੁਸਾਇਟੀ, ਸੱਭਿਆਚਾਰਕ ਸੰਸਥਾਵਾਂ ਅਤੇ ਵਿਚਾਰਧਾਰਕ ਹਿੱਸੇਦਾਰੀ ਜ਼ਰੀਏ ਰਸੂਖ਼ ਬਣਾਉਣ ਉੱਪਰ ਜ਼ੋਰ ਦਿੰਦੇ ਹਨ। ਕੁਝ ਲੋਕਾਂ ਦੇ ਅਨੁਸਾਰ ਇਹ ਨਜ਼ਰੀਆ ਅਜੋਕੇ ਜਮਹੂਰੀ ਅਤੇ ਸਮਾਜਿਕ-ਰਾਜਨੀਤਕ ਪ੍ਰਸੰਗ ਵਿੱਚ ਵਧੇਰੇ ਢੁੱਕਵਾਂ ਹੈ।

**ਸੁਰੱਖਿਆ ਸਥਿਤੀ ਅਤੇ ਮੂਲ ਮੁੱਦੇ :** ਮਾਓਵਾਦੀ ਸਰਗਰਮੀਆਂ ਨਾਲ ਸੰਬੰਧਤ ਹਿੰਸਕ ਘਟਨਾਵਾਂ ਅਜੇ ਵੀ ਸਾਹਮਣੇ ਆ ਰਹੀਆਂ ਹਨ। ਮਿਸਾਲ ਲਈ, ਝਾਰਖੰਡ ਦੇ ਸਾਰੰਡਾ ਜੰਗਲ ਵਿੱਚ ਹਾਲ ਹੀ ਵਿੱਚ ਹੋਏ ਇਕ ਆਈਈਡੀ ਧਮਾਕੇ ਵਿੱਚ ਸੀਆਰਪੀਐੱਫ ਦਾ ਇਕ ਜਵਾਨ ਜ਼ਖਮੀ ਹੋ ਗਿਆ, ਜੋ ਦਰਸਾਉਂਦਾ ਹੈ ਕਿ ਕੁਝ ਖੇਤਰਾਂ ਵਿੱਚ ਸਟੇਟ ਲਈ ਸੁਰੱਖਿਆ ਚੁਣੌਤੀਆਂ ਅਜੇ ਵੀ ਮੌਜੂਦ ਹਨ। (16 ਅਪ੍ਰੈਲ ਨੂੰ ਝਾਰਖੰਡ ਵਿਚ ਹਥਿਆਰਬੰਦ ਮਾਓਵਾਦੀਆਂ ਦੀ ਵੱਡੀ ਮੌਜੂਦਗੀ ਦੀ ਸੂਚਨਾ ਮਿਲਣ 'ਤੇ ਹੋਏ ਇਕ ਤਾਜ਼ਾ ਗਹਿਗੱਚ ਮੁਕਾਬਲੇ ਵਿਚ ਇਕ ਖੇਤਰੀ ਆਗੂ ਸਮੇਤ ਚਾਰ ਮਾਓਵਾਦੀ ਕਾਡਰਾਂ ਦੇ ਮਾਰੇ ਜਾਣ ਦੀ ਰਿਪੋਰਟ ਹੈ।)

ਸੁਰੱਖਿਆ ਦਸਤਿਆਂ ਦੇ ਅਨੁਸਾਰ, ਸੰਘਣੇ ਜੰਗਲਾਂ ਵਿੱਚ ਆਈਈਡੀ ਦੀ ਪਛਾਣ ਕਰਨਾ ਉਨ੍ਹਾਂ ਲਈ ਵੱਡੀ ਚੁਣੌਤੀ ਹੈ। ਸਰਕਾਰੀ ਪ੍ਰਤੀਕਿਰਿਆਵਾਂ ਵਿਚ ਮਾਓਵਾਦੀਆਂ ਦੇ ਬਾਕੀ ਬਚਦੇ ਤਾਣੇਬਾਣੇ ਨੂੰ ਤਬਾਹ ਕਰਨ ਲਈ ਸੁਰੱਖਿਆ ਦਸਤਿਆਂ ਦੀ ਲਗਾਤਾਰ ਤਾਇਨਾਤੀ ਅਤੇ ਆਪਸ ਵਿਚ ਤਾਲਮੇਲ ਰਾਹੀਂ ਕਾਰਵਾਈਆਂ ਲਗਾਤਾਰ ਬਰਕਰਾਰ ਹਨ। ਨਾਲ ਹੀ ਪੁਲਿਸ ਤੇ ਰਾਜਸੀ ਅਧਿਕਾਰੀ ਪ੍ਰਭਾਵਿਤ ਖੇਤਰਾਂ ਨਾਲ ਨਜਿੱਠਣ ਲਈ ਵਿਆਪਕ ਯੁੱਧਨੀਤੀ ਦੇ ਹਿੱਸੇ ਵਜੋਂ ਵਿਕਾਸ ਦੇ ਪਹਿਲੂ ਉੱਪਰ ਜ਼ੋਰ ਵੀ ਦਿੰਦੇ ਦੇਖੇ ਜਾ ਸਕਦੇ ਹਨ।

ਇਨ੍ਹਾਂ ਘਟਨਾ-ਵਿਕਾਸਾਂ ਉੱਪਰ ਨਜ਼ਰ ਰੱਖਣ ਵਾਲਿਆਂ, ਜਿਨ੍ਹਾਂ ਵਿਚ ਕੁਝ ਵਿਸ਼ਲੇਸ਼ਣਕਾਰ ਅਤੇ ਸਿਵਲ ਸੁਸਾਇਟੀ ਦੇ ਗਰੁੱਪ ਸ਼ਾਮਲ ਹਨ, ਦਾ ਮੰਨਣਾ ਹੈ ਕਿ ਇਸ ਸਮੱਸਿਆ ਦੇ ਬਣੇ ਰਹਿਣ ਦੇ ਪਿੱਛੇ ਆਰਥਕ ਨਬਰਾਬਰੀ, ਜ਼ਮੀਨੀ ਵਿਵਾਦ ਅਤੇ ਵਸੀਲਿਆਂ ਤੱਕ ਪਹੁੰਚ ਵਰਗੇ ਢਾਂਚਾਗਤ ਮਸਲੇ ਕੰਮ ਕਰਦੇ ਹਨ। ਉਹ ਕਹਿੰਦੇ ਹਨ ਕਿ ਸੁਰੱਖਿਆ ਉਪਾਵਾਂ ਨੇ ਹਥਿਆਰਬੰਦ ਕਾਰਵਾਈਆਂ ਦੇ ਪੱਧਰ ਨੂੰ ਘਟਾਇਆ ਤਾਂ ਹੈ, ਪਰ ਸਥਾਈ ਹੱਲ ਲਈ ਇਹ ਲਾਜ਼ਮੀ ਹੈ ਕਿ ਸੱਤਾ ਅਥਾਰਟੀ ਨੂੰ ਲਾਗੂ ਕਰਨ ਦੇ ਨਾਲ-ਨਾਲ ਇਨ੍ਹਾਂ ਸਮਾਜਿਕ-ਆਰਥਕ ਮੁੱਦਿਆਂ ਨੂੰ ਹੱਲ ਕੀਤਾ ਜਾਵੇ।

ਕੁੱਲ-ਮਿਲਾ ਕੇ ਮੌਜੂਦਾ ਸਥਿਤੀ ਬਦਲਾਅ ਦੇ ਦੌਰ ਨੂੰ ਦਰਸਾਉਂਦੀ ਹੈ। ਮਾਓਵਾਦੀ ਲਹਿਰ ਆਪਣੇ ਰਵਾਇਤੀ ਰੂਪ ਵਿੱਚ ਕਮਜ਼ੋਰ ਜ਼ਰੂਰ ਹੋਈ ਹੈ, ਪਰ ਮੁਲਕ ਦੇ ਹਿੱਸਿਆਂ ਵਿੱਚ ਇਸ ਦੀ ਕੁਝ ਨਾ ਕੁਝ ਸਰਗਰਮੀ ਬਰਕਰਾਰ ਹੈ ਅਤੇ ਜਥੇਬੰਦਕ ਢਾਂਚੇ ਨੂੰ ਹਾਲਾਤ ਅਨੁਸਾਰ ਢਾਲਿਆ ਜਾ ਰਿਹਾ ਹੈ। ਇਹ ਸਭ ਇਸ਼ਾਰਾ ਕਰਦਾ ਹੈ ਕਿ ਇਸ ਲਹਿਰ ਦੀ ਸਮਾਜਿਕ-ਰਾਜਨੀਤਕ ਪ੍ਰਸੰਗਿਕਤਾ ਬਣੀ ਹੋਈ ਹੈ।

ਦੁਨੀਆ ਭਰ ਵਿੱਚ ਥੋਪੀਆਂ ਜੰਗਾਂ

# ਅਮਰੀਕੀ ਸਾਮਰਾਜ ਦਾ ਕਾਲ਼ਾ ਇਤਿਹਾਸ

ਗੁਰਵਿੰਦਰ ਸਿੰਘ



ਪਿਛਲੇ ਦਿਨੀਂ ਇਜਰਾਈਲੀ-ਅਮਰੀਕੀ ਜੁੰਡਲੀ ਨੇ ਇਰਾਨ ਦੇ ਸ਼ਹਿਰ ਤਹਿਰਾਨ ਉੱਪਰ ਮਿਜਾਈਲੀ ਹਮਲਾ ਕੀਤਾ ਜਿਸ ਵਿੱਚ ਇਰਾਨ ਦਾ ਸਭ ਤੋਂ ਵੱਡਾ ਆਗੂ ਖਾਮੇਨਈ ਅਤੇ ਹੋਰ ਉੱਚ ਅਧਿਕਾਰੀ ਮਾਰੇ ਗਏ। ਇਹਨਾਂ ਹਮਲਿਆਂ ਵਿੱਚ ਹੁਣ ਤੱਕ ਹਜ਼ਾਰਾਂ ਆਮ ਲੋਕ ਮਾਰੇ ਜਾ ਚੁੱਕੇ ਹਨ ਅਤੇ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਵੈਨਯੂਏਲਾ ਦੇ ਰਾਸ਼ਟਰਪਤੀ ਮਦੂਰੋ ਨੂੰ ਉਸਦੇ ਦੇਸ਼ ਵਿੱਚੋਂ ਗ੍ਰਿਫਤਾਰ ਕਰਕੇ ਆਪਦੀ ਪਿੱਠੂ ਨੂੰ ਰਾਸ਼ਟਰਪਤੀ ਬਣਾਉਣਾ, ਕਿਊਬਾ ਦੀ ਆਰਥਿਕ ਘੇਰਾਬੰਦੀ, ਗਰੀਨਲੈਂਡ ਨੂੰ ਕਬਜਾਉਣ ਦੀਆਂ ਘੁਰਕੀਆਂ ਮਾਰਨਾ ਆਦਿ ਘਟਨਾਵਾਂ ਬਿਲਕੁੱਲ ਤਾਜੀਆਂ ਹਨ ਜਿਹਨਾਂ ਬਾਰੇ ਪਿਛਲੇ ਅੰਕਾਂ ਵਿੱਚ ਲਿਖਿਆ ਜਾ ਚੁੱਕਾ ਹੈ। ਦੁਨੀਆ ਵਿੱਚ ਸ਼ਾਂਤੀ ਸਥਾਪਿਤ ਕਰਨ, ਅੱਤਵਾਦ ਦੇ ਖਾਤਮੇ ਅਤੇ ਜਮਹੂਰੀਅਤ ਬਚਾਉਣ ਦੇ ਨਾਂ 'ਤੇ ਅਮਰੀਕੀ ਸਾਮਰਾਜੀਆਂ ਨੇ ਪਿਛਲੇ 50 ਸਾਲਾਂ ਵਿੱਚ ਨਜਾਇਜ ਜੰਗਾਂ ਮੜ੍ਹਕੇ ਲੱਖਾਂ ਲੋਕਾਂ ਦਾ ਕਤਲੇਆਮ ਕੀਤਾ ਹੈ। ਇਹਨਾਂ ਜੰਗਾਂ-ਹਮਲਿਆਂ-ਘੇਰਾਬੰਦੀਆਂ ਦਾ ਨਿਸ਼ਾਨਾ ਅੱਡੋ-ਅੱਡ ਦੇਸ਼ਾਂ ਦੀਆਂ ਜਮੀਨਾਂ 'ਤੇ ਕਬਜੇ ਕਰਨੇ, ਕੁਦਰਤੀ ਸ੍ਰੋਤਾਂ ਜਿਵੇਂ ਤੇਲ ਅਤੇ ਕੀਮਤੀ ਧਾਤਾਂ 'ਤੇ ਕਬਜ਼ੇ ਕਰਨੇ, ਇੱਥੋਂ ਦੀ ਕਿਰਤ ਸ਼ਕਤੀ ਦੀ ਲੁੱਟ, ਵਪਾਰ ਦੇ ਲਾਂਘਿਆ ਨੂੰ ਕਬਜਾਉਣਾ ਅਤੇ ਇਹਨਾਂ ਦੇਸ਼ਾਂ ਵਿੱਚ ਆਪਦੇ ਫੌਜੀ ਅੱਡੇ ਸਥਾਪਿਤ ਕਰਕੇ ਉਹਨਾਂ ਉੱਪਰ ਆਪਦੀ ਚੌਧਰ ਸਥਾਪਿਤ ਕਰਨਾ ਹੈ। ਅਮਰੀਕੀ ਸਾਮਰਾਜੀਆਂ ਦੇ ਕਾਲ਼ੇ ਕਾਰਨਾਮਿਆਂ ਦਾ ਲੰਮਾ ਇਤਿਹਾਸ ਹੈ। ਇਹਨਾਂ ਵਿੱਚੋਂ ਕੁੱਝ ਕੁ ਦੀ ਚਰਚਾ ਰਾਹੀਂ ਇਸ ਖ਼ੂਨੀ ਬਘਿਆੜ ਦੇ ਕੋਝੇ ਨੈਣ-ਨਕਸ਼ਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਜਪਾਨੀ ਸ਼ਹਿਰਾਂ ਹਿਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਪ੍ਰਮਾਣੂ ਬੰਬ ਸੁੱਟਣਾ-ਦੂਸਰੀ ਸੰਸਾਰ ਜੰਗ ਤੋਂ ਬਾਅਦ ਸੰਸਾਰ ਦੀ ਸਭ ਤੋਂ ਵੱਡੀ ਤਾਕਤ ਬਣਕੇ ਉੱਭਰੇ ਅਮਰੀਕੀ ਸਾਮਰਾਜੀਆਂ ਦੇ ਹੱਥ ਕਰੋੜਾਂ ਬੇਕਸੂਰ ਲੋਕਾਂ ਦੇ ਖ਼ੂਨ ਨਾਲ਼ ਲਿਬੜੇ ਹਨ। ਇਹਨਾਂ ਖ਼ੂੰਖਾਰ ਦਾਨਵਾਂ ਨੇ ਆਪਦੇ ਚੌਧਰੀ ਹੋਣ ਦਾ ਐਲਾਨ ਵੀ ਜਾਪਾਨ ਦੇ ਦੋ ਸ਼ਹਿਰਾਂ ਹਿਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਪ੍ਰਮਾਣੂ ਬੰਬ ਸੁੱਟਕੇ ਕੀਤਾ ਸੀ। ਇਸ ਹਮਲੇ ਦਾ ਜੰਗ ਵਿੱਚ ਜੇਤੂ ਹੋਣ ਨਾਲ਼ ਵੀ ਕੋਈ ਸਬੰਧ ਨਹੀਂ ਸੀ ਕਿਉਂਕਿ ਜਰਮਨੀ-ਜਪਾਨ ਧੜਾ ਪਹਿਲਾਂ ਹੀ ਹਾਰ ਚੁੱਕਿਆ ਸੀ, ਇਹ ਨਿਰੋਲ ਆਪਣੀ ਚੌਧਰ ਉੱਤੇ ਮੋਹਰ ਲਾਉਣ ਤੇ ਦੁਨੀਆਂ ਵਿਚ ਦਹਿਸ਼ਤ ਪਾਉਣ ਲਈ ਕੀਤਾ ਗਿਆ ਸੀ। ਇਹਨਾਂ ਪ੍ਰਮਾਣੂ ਹਮਲਿਆਂ ਵਿੱਚ 1 ਲੱਖ 70 ਹਜ਼ਾਰ ਤੋਂ ਲੇਕੇ 2 ਲੱਖ 46 ਹਜ਼ਾਰ ਲੋਕਾਂ ਦੀ ਮੌਤ ਹੋਈ ਸੀ ਜਿਹਨਾਂ ਵਿੱਚੋਂ 90 ਫੀਸਦ ਤੋਂ ਵੀ ਵੱਧ ਆਮ ਲੋਕ ਸਨ। ਅਮਰੀਕੀ ਸਾਮਰਾਜੀਆਂ ਨੇ 6 ਅਗਸਤ 1945 ਨੂੰ ਹਿਰੋਸ਼ੀਮਾ ਸ਼ਹਿਰ 'ਤੇ ਕੀਤੇ ਹਮਲੇ ਵਿੱਚ 90 ਹਜ਼ਾਰ ਤੋਂ 1 ਲੱਖ 66 ਹਜ਼ਾਰ ਦੇ ਵਿਚਾਲੇ ਅਤੇ 9 ਅਗਸਤ ਨੂੰ ਨਾਗਾਸਾਕੀ 'ਤੇ ਕੀਤੇ ਹਮਲੇ ਵਿੱਚ 60 ਤੋਂ 80 ਹਜ਼ਾਰ ਲੋਕ ਮਾਰੇ ਸਨ। ਕੁੱਲ ਮੌਤਾਂ ਵਿੱਚੋਂ ਅੱਧੀਆਂ ਮੌਤਾਂ ਇੱਕ ਦਿਨ ਦੇ ਅੰਦਰ ਹੀ ਹੋ ਗਈਆਂ ਸਨ। ਇਹਨਾਂ ਹਮਲਿਆਂ ਤੋਂ ਪ੍ਰਭਾਵਿਤ ਲੋਕਾਂ ਨੂੰ ਜਾਪਾਨੀ ਹਿਬਾਕੁਸ਼ਾ ਕਹਿੰਦੇ ਹਨ ਜਿਹਨਾਂ ਦੀ ਗਿਣਤੀ ਸਾਢੇ ਛੇ ਲੱਖ ਤੋਂ ਵੀ ਵੱਧ ਹੈ। ਪ੍ਰਮਾਣੂ ਕਿਰਨਾਂ ਦੇ ਭਿਆਨਕ ਤਾਪ, ਚਮੜੀ ਦੇ ਮੱਚਣ ਅਤੇ ਹੋਰ ਸੱਟਾਂ ਕਾਰਨ ਦੋ ਤੋਂ ਚਾਰ ਮਹੀਨਿਆਂ ਦੇ ਅੰਦਰ ਬਾਕੀ ਮੌਤਾਂ ਹੋਈਆਂ। ਇਹਨਾਂ ਹਮਲਿਆਂ ਤੋਂ ਬਾਅਦ ਦਹਾਕਿਆਂ ਤੱਕ ਇਹਨਾਂ ਸ਼ਹਿਰਾਂ ਵਿੱਚ ਕੈਂਸਰ ਫੈਲਣ ਦੀ ਪ੍ਰਕਿਰਿਆ ਤੇਜ ਰਹੀ। ਸਰੀਰਕ ਅੰਗਾਂ ਵਿੱਚ ਘਾਟਾਂ-ਕਮਜੋਰੀਆਂ ਅਤੇ ਘੱਟ-ਵਿਕਸਿਤ ਦਿਮਾਗ ਵਾਲ਼ੇ ਬੱਚੇ ਜੰਮਦੇ ਰਹੇ। ਕੋਰੀਆਈ ਜੰਗ (1950-1953)- ਦੂਸਰੀ ਸੰਸਾਰ ਜੰਗ ਵਿੱਚ ਜਰਮਨੀ-ਜਪਾਨ ਦਾ ਧੜਾ ਹਾਰਿਆ ਅਤੇ ਜਾਪਾਨ ਦੇ ਕਬਜ਼ੇ ਹੇਠਲੇ ਇਲਾਕਿਆਂ ਵਿੱਚ ਚੱਲ ਰਹੀਆਂ ਜਗੀਰਦਾਰੀ-ਬਸਤੀਵਾਦੀ ਵਿਰੋਧੀ ਲਹਿਰਾਂ ਨੇ ਹੋਰ ਜੋਰ ਫੜਿਆ। ਕੋਰੀਆਈ ਲੋਕ ਵੀ ਜਾਪਾਨੀ ਕਬਜੇ ਹੇਠ ਲੰਮੇ ਸਮੇਂ ਤੋਂ ਪਿਸਦੇ ਹੋਣ ਕਾਰਨ ਸੰਘਰਸ਼ ਦੇ ਰਾਹ 'ਤੇ ਸਨ ਅਤੇ ਉਧਰੋਂ ਸੋਵੀਅਤ ਯੂਨੀਅਨ ਅਤੇ ਚੀਨੀ ਕਮਿਊਨਿਸਟ ਪਾਰਟੀ ਵੀ ਇਹਨਾਂ ਸੰਘਰਸ਼ਾਂ ਦੀ ਮਦਦ ਕਰ ਰਹੇ ਸਨ। ਅਮਰੀਕੀ ਸਾਮਰਾਜੀਆਂ ਨੇ ਕੋਰੀਆ ਅੰਦਰ ਸਮਾਜਵਾਦੀ ਸੋਵੀਅਤ ਯੂਨੀਅਨ ਦੇ ਪ੍ਰਭਾਵ ਨੂੰ ਠੱਲਣ ਲਈ ਦੱਖਣੀ ਹਿੱਸੇ ਵਿੱਚ ਆਪਣੀਆਂ ਫੌਜਾਂ ਉਤਾਰੀਆਂ। ਜੂਨ 25, 1950 ਵਿੱਚ ਸਿੰਗਮੈਨ ਰੀ ਧੜੇ ਨੂੰ ਅੱਗੇ ਲਾਕੇ ਅਮਰੀਕੀ ਸਾਮਰਾਜੀਆਂ ਨੇ ਉੱਤਰੀ ਕੋਰੀਆ ਦੇ ਜਮਹੂਰੀ ਗਣਰਾਜ ਉੱਤੇ ਹੱਲਾ ਬੋਲ ਦਿੱਤਾ ਤੇ 38ਵੇਂ ਪੈਰੇਲਲ ਉੱਤੇ ਹੋਏ ਸਮਝੌਤੇ ਨੂੰ ਇੱਕ ਤਰਫਾ ਤਰੀਕੇ ਨਾਲ਼ ਰੱਦ ਕਰ ਦਿੱਤਾ ਗਿਆ। ਇੱਥੋਂ ਹੀ ਕੋਰਿਆਈ ਜੰਗ ਦੀ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ। ਅਗਲੇ ਹੀ ਦਿਨ ਅਮਰੀਕਾ ਨੇ ਆਪਣੇ ਬੰਬਾਰੀ ਕਰਨ ਵਾਲ਼ੇ ਜਹਾਜ਼ਾਂ ਨੂੰ ਉੱਤਰੀ ਕੋਰੀਆ ਵਿੱਚ ਉਤਾਰ ਦਿੱਤਾ। ਤਿੰਨ ਸਾਲ ਚੱਲੀ (1950-1953) ਕੋਰਿਆਈ ਜੰਗ ਵਿੱਚ 40 ਲੱਖ ਲੋਕਾਂ ਦੀ ਮੌਤ ਹੋਈ। ਅਮਰੀਕੀ ਹਵਾਈ ਸੈਨਾ ਵੱਲੋਂ ਇਸ ਅਰਸੇ ਦੌਰਾਨ ਉੱਤਰੀ ਕੋਰੀਆ ਉੱਤੇ 6.35 ਲੱਖ ਟਨ ਬੰਬ ਸੁੱਟੇ ਗਏ, ਜੋਕਿ ਦੂਜੀ ਸੰਸਾਰ ਜੰਗ ਸਮੇਂ ਪੂਰੇ ਪ੍ਰਸ਼ਾਂਤ ਖਿੱਤੇ ਵਿੱਚ ਹੋਏ ਬੰਬਾਂ ਦੀ ਵਰਤੋਂ ਤੋਂ ਵਧੇਰੇ ਸੀ। ਇਹ ਜੰਗਬੰਦੀ ਦਾ ਸਮਝੌਤਾ ਕੋਈ ਸ਼ਾਂਤੀ ਸਮਝੌਤਾ ਨਹੀਂ ਸਗੋਂ ਕੁੱਝ ਸਮੇਂ ਲਈ ਲੜਾਈ ਰੋਕਣ ਦਾ ਸਮਝੌਤਾ ਸੀ। ਅਧਿਕਾਰਤ ਤੌਰ ਉੱਤੇ ਦੱਖਣੀ ਤੇ ਉੱਤਰੀ ਕੋਰੀਆ ਵਿੱਚ ਇਹ ਜੰਗ ਹਾਲੇ ਵੀ ਜਾਰੀ ਹੈ। ਇਸ ਜੰਗਬੰਦੀ ਤਹਿਤ ਇੱਕ ਕੌਮ ਕੋਰੀਆ ਨੂੰ ਦੱਖਣੀ ਤੇ ਉੱਤਰੀ ਕੋਰੀਆ ਵਿੱਚ ਵੰਡਿਆ ਗਿਆ ਸੀ ਤੇ ਇੱਕ ਕੌਮ ਦੀ ਦੋ ਦੇਸ਼ਾਂ ਵਿੱਚ ਇਹ ਨਿਹੱਕੀ ਵੰਡ ਹਾਲੇ ਤੱਕ ਜਾਰੀ ਹੈ। ਵੀਅਤਨਾਮ ਜੰਗ (1955-75)- ਅਮਰੀਕੀ ਅਰਥਚਾਰੇ ਦੇ ਹੋਰ ਵਿਕਾਸ ਲਈ ਦੱਖਣ-ਪੂਰਬੀ ਏਸ਼ੀਆਈ ਖਿੱਤੇ 'ਚ ਨਿਵੇਸ਼ ਕਰਨ ਲਈ ਖੁੱਲ੍ਹ ਹੋਣਾ ਜ਼ਰੂਰੀ ਸੀ। ਉੱਪਰੋਂ ਇਹ ਸਾਰਾ ਖਿੱਤਾ ਰਬੜ, ਟੀਨ, ਟੰਗਸਟੀਨ ਅਤੇ ਹੋਰ ਕੀਮਤੀ ਧਾਤਾਂ ਨਾਲ਼ ਭਰਪੂਰ ਵੀ ਹੈ। ਇਸ ਖਿੱਤੇ 'ਚ ਪਿੱਠੂ ਸਰਕਾਰ ਹੋਣ ਦਾ ਮਤਲਬ ਇਹਨਾਂ ਧਾਤਾਂ ਦੀ ਮਾਲਕੀ ਅਤੇ ਵਪਾਰ ਦੇ ਬਹੁਤ ਮਹੱਤਵਪੂਰਨ ਰਸਤੇ 'ਤੇ ਕਾਬਜ਼ ਹੋਣਾ ਸੀ ਜਿੱਥੋਂ ਪੂਰਬੀ ਏਸ਼ੀਆਈ ਖਿੱਤੇ ਨੂੰ ਕੰਟਰੋਲ ਕੀਤਾ ਜਾ ਸਕਦਾ ਸੀ। ਇਸ ਖਿੱਤੇ ਦੀ ਘੇਰਾਬੰਦੀ ਦਾ ਸਭ ਤੋਂ ਵੱਡਾ ਨਿਸ਼ਾਨਾ ਸਮਾਜਵਾਦ ਦੇ ਫੈਲਾਅ ਨੂੰ ਰੋਕਣਾ ਸੀ। ਸੋਵੀਅਤ ਯੂਨੀਅਨ ਦੀ ਸਥਾਪਤੀ ਤੋਂ ਚੀਨ ਸਮੇਤ ਦੁਨੀਆ ਦੇ ਵੱਡੇ ਖੇਤਰਫਲ ਵਿੱਚ ਲਾਲ ਝੰਡਾ ਉੱਚਾ ਲਹਿਰਾ ਸੀ ਜਿਹਦਾ ਪ੍ਰਭਾਵ ਵੀਅਤਨਾਮ ਸਮੇਤ ਲਾਓਸ, ਕੰਬੋਡੀਆ ਆਦਿ ਮੁਲਕਾਂ ਤੱਕ ਵੀ ਫੈਲ ਚੁੱਕਿਆ ਸੀ। ਇਸ ਖਿੱਤੇ ਵਿੱਚ ਸਮਾਜਵਾਦ ਦੇ ਫੈਲਾਅ ਦਾ ਮਤਲਬ ਪੂਰੇ ਖਿੱਤੇ ਵਿੱਚੋਂ ਅਮਰੀਕੀ ਅਤੇ ਹੋਰ ਯੂਰਪੀ ਸਾਮਰਾਜੀਆਂ ਦੇ ਬਿਸਤਰੇ ਗੋਲ਼ ਕਰਕੇ, ਇਹਨਾਂ ਸਾਮਰਾਜੀਆਂ ਦੇ ਮੁਨਾਫੇ 'ਤੇ ਸੱਟ ਵੱਜਣਾ ਸੀ ਜਿਸ ਕਾਰਨ 1945 ਤੋਂ ਹੀ ਫਰਾਂਸ ਸਮੇਤ ਅਮਰੀਕੀ ਸਾਮਰਾਜ ਨੇ ਵੀਅਤਨਾਮ 'ਚ ਤਖਤਾਪਲਟ ਕਰਵਾਉਣ ਲਈ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। 20 ਸਾਲ ਤੋਂ ਵੀ ਵੱਧ ਵਰ੍ਹੇ ਚੱਲੀ ਇਸ ਜੰਗ ਵਿੱਚ 25 ਤੋਂ 30 ਲੱਖ ਵੀਅਤਨਾਮੀ ਲੋਕ ਆਪਦੀ ਧਰਤੀ ਬਚਾਉਂਦਿਆਂ ਸ਼ਹੀਦ ਹੋਏ। 58000 ਦੇ ਕਰੀਬ ਅਮਰੀਕੀ ਸਪਾਹੀਆਂ ਨੇ ਵੀ ਜੰਗ ਵਿੱਚ ਜਾਨ ਗਵਾਈ। ਅਮਰੀਕੀ ਸਾਮਰਾਜੀਆਂ ਨੇ ਆਧੁਨਿਕ ਹਥਿਆਰਾਂ ਸਮੇਤ ਰਸਾਇਣੀ ਬੰਬ/ਹਥਿਆਰ ਜਿਵੇਂ ਏਜੰਟ ਓਰੇਂਜ, ਵਰਤਣ ਵਿੱਚ ਕੋਈ ਸੰਕੋਚ ਨਹੀਂ ਕੀਤਾ ਜਦਕਿ ਵੀਅਤਨਾਮੀ ਕੁਹਾੜੀਆਂ, ਕਹੀਆਂ, ਲੱਕੜ ਦੇ ਦਸਤਿਆਂ ਆਦਿ ਨਾਲ਼ ਮੁਕਾਬਲਾ ਕਰ ਰਹੇ ਸਨ। ਇਸ ਪੂਰੀ ਜੰਗ ਦਾ, ਘਟਨਾਵਾਂ ਸਮੇਤ 'ਗੁਰੀਲੇ' ਨਾਵਲ ਵਿੱਚ ਬਹੁਤ ਸ਼ਾਨਦਾਰ ਵਰਨਣ ਹੈ। ਪਛੜੇ ਹਥਿਆਰ ਹੋਣ ਦੇ ਬਾਵਜੂਦ ਵੀ ਵੀਅਤਨਾਮੀ ਲੋਕ ਆਪਦੀ ਮਿੱਟੀ ਬਚਾਉਣ ਲਈ ਸੀਸ ਤਲ਼ੀ 'ਤੇ ਰੱਖ ਲੜੇ ਅਤੇ ਅਮਰੀਕੀ ਸਾਮਰਾਜ 20ਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਜੰਗਾਂ ਵਿੱਚੋਂ ਇੱਕ ਜੰਗ ਹਾਰਿਆ ਜਿਸ ਨਾਲ਼ ਸਾਬਤ ਹੁੰਦਾ ਹੈ ਕਿ ਜੰਗਾਂ ਵਿੱਚ ਹਥਿਆਰ ਨਹੀਂ ਸਗੋਂ ਲੋਕ ਫੈਸਲਾਕੁੰਨ ਤਾਕਤ ਹੁੰਦੇ ਹਨ। ਇਰਾਕ ਜੰਗ (2003-2011)-19 ਮਾਰਚ 2003 ਨੂੰ ਅਮਰੀਕੀ ਤੇ ਅੰਗਰੇਜ ਸਾਮਰਾਜੀਆਂ ਨੇ ਅਜਾਦੀ ਦਾ ਨਾਂ ਲੈ ਇਰਾਕ ਦੇ ਲੋਕਾਂ 'ਤੇ ਬਰਬਰ ਹੱਲਾ ਬੋਲਿਆ। ਸ਼ੁਰੂਆਤ ਵਿੱਚ ਸੱਦਾਮ ਦਾ ਨਾਂ ਅਲ-ਕਾਇਦਾ ਤੇ 9/11 ਦੇ ਹਮਲਿਆਂ ਨਾਲ਼ ਜੋੜਨ ਦੀ ਕੋਸ਼ਿਸ਼ ਕੀਤੀ ਗਈ। ਪਰ ਜਦੋਂ ਇਹ ਝੂਠ ਨਾ ਚੱਲਿਆ ਤਾਂ ਬੁਸ਼ ਤੇ ਬਲੇਅਰ ਦੀ ਹਕੂਮਤ ਨੇ 'ਮਾਰੂ ਹਥਿਆਰਾਂ' ਦਾ ਰੌਲ਼ਾ ਖੜ੍ਹਾ ਕਰ ਦਿੱਤਾ ਤੇ ਇਰਾਕ ਨੂੰ ਅਜ਼ਾਦ ਸੰਸਾਰ ਲਈ ਖਤਰਾ ਗਰਦਾਨ ਕੇ ਕਹਿ ਦਿੱਤਾ ਗਿਆ ਕਿ, ਇਰਾਕ 'ਤੇ ਤੁਰਤ-ਪੈਰੀ ਫੌਜੀ ਕਾਰਵਾਈ ਨਾਲ਼ ਓਥੇ ਜਮਹੂਰੀ ਰਾਜ ਕਾਇਮ ਕਰ ਦਿੱਤਾ ਜਾਵੇਗਾ ਤੇ ਸਮੁੱਚੇ ਖਿੱਤੇ ਵਿੱਚ ਸ਼ਾਂਤੀ ਤੇ ਸਥਿਰਤਾ ਲਿਆਂਦੀ ਜਾਵੇਗੀ। ਇਸ ਤੋਂ ਤੁਰੰਤ ਮਗਰੋਂ ਅਮਰੀਕੀ ਫੌਜ ਨੇ ਇੱਕ ਪਿੱਠੂ ਪ੍ਰਸ਼ਾਸਕੀ ਢਾਂਚਾ ਕਾਇਮ ਕਰਕੇ ਆਰਜੀ ਹਕੂਮਤ ਬਣਾ ਦਿੱਤੀ ਜਿਸ ਨੇ ਸਾਮਰਾਜੀਆਂ ਨੂੰ ਇਰਾਕ ਦੇ ਕੁਦਰਤੀ ਵਸੀਲੇ ਲੁੱਟਣ ਲਈ ਕਨੂੰਨੀ ਤੌਰ 'ਤੇ ਖੁੱਲ੍ਹਾ ਹੱਥ ਦੇ ਦਿੱਤਾ। ਇਸੇ ਆਰਜੀ ਹਕੂਮਤ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਇਰਾਕ ਵਿੱਚ ਫਿਰਕਾਵਾਰ ਵੰਡੀਆਂ ਨੂੰ ਹੁਲਾਰਾ ਦੇਣਾ ਸ਼ੁਰੂ ਕਰ ਦਿੱਤਾ ਤੇ ਇਰਾਕ ਨੂੰ ਲੰਬੀ ਘਰੇਲੂ ਜੰਗ ਵੱਲ ਧੱਕ ਦਿੱਤਾ। ਚਿੱਟੀ ਫਾਸਫੋਰਸ ਜਿਹੇ ਪਾਬੰਦੀਸ਼ੁਦਾ ਹਥਿਆਰ ਤੱਕ ਵਰਤੇ ਗਏ ਜਿਹਨਾਂ ਨੇ ਲੱਖਾਂ ਬੇਦੋਸ਼ੇ ਇਰਾਕੀਆਂ ਨੂੰ ਮੌਤ ਦੇ ਘਾਟ ਉਤਾਰਿਆ। ਜਮਹੂਰੀਅਤ, ਸ਼ਾਂਤੀ ਅਤੇ ਸਥਿਰਤਾ ਜਿਹੇ ਭਰਮਾਊ ਸ਼ਬਦਾਂ ਪਿੱਛੇ ਇਰਾਕ 'ਤੇ ਹਮਲੇ ਦਾ ਕਾਰਨ ਡਾਲਰ ਦੀ ਚੌਧਰ ਨੂੰ ਬਚਾਉਣਾ, ਸੰਸਾਰ ਦੇ ਪੰਜਵੇਂ ਵੱਡੇ ਤੇਲ ਸਰੋਤਾਂ ਉੱਪਰ ਕਬਜ਼ਾ ਕਰਨਾ ਸੀ ਅਤੇ ਯੁੱਧਨੀਤਕ ਨਜ਼ਰੀਏ ਤੋਂ ਮੱਧ ਪੂਰਬ ਅੰਦਰ ਅਮਰੀਕੀ ਸਾਮਰਾਜ ਦੀ ਚੌਧਰ ਸਥਾਪਤੀ ਲਈ ਜ਼ਰੂਰੀ ਸੀ। ਇਰਾਕ ਵਿੱਚ ਦਸ ਲੱਖ ਤੋਂ ਵੱਧ ਬੇਕਸੂਰ ਲੋਕਾਂ ਦੀ ਮੌਤ, 90 ਲੱਖ ਤੋਂ ਵੱਧ ਲੋਕਾਂ ਦਾ ਉਜਾੜਾ, ਇਰਾਕ ਦੇ ਸਮੁੱਚੇ ਆਲ਼-ਜੰਜਾਲ਼ ਢਾਂਚੇ ਦੀ ਤਬਾਹੀ, ਇੱਕ-ਤਿਹਾਈ ਤੋਂ ਵੱਧ ਗਰੀਬੀ ਦਰ ਤੇ ਅਥਾਹ ਬੇਰੁਜ਼ਗਾਰੀ ਅਮਰੀਕੀ ਸਾਮਰਾਜੀਆਂ ਨੇ ਪਿੱਛੇ ਛੱਡੀ। ਸਾਮਰਾਜੀਆਂ ਨੇ ਇਸੇ ਤਬਾਹੀ-ਬਰਬਾਦੀ ਨੂੰ ਜਮਹੂਰੀਅਤ ਦਾ ਨਾਂ ਦੇ ਕੇ ਆਪਣੇ ਪਾਪ ਢਕਣ ਦੀ ਕੋਸ਼ਿਸ਼ ਕੀਤੀ। ਅਫਗਾਨੀਸਤਾਨ ਦੀ ਜੰਗ (2001-2021)- 9/11 ਹਮਲੇ ਨੂੰ ਬਹਾਨਾ ਬਣਾਕੇ ਅਲ-ਕਾਇਦਾ ਦਾ ਖਾਤਮਾ ਕਰਨ ਦੇ ਐਲਾਨ ਨਾਲ਼ ਅਫਗਾਨਿਸਤਾਨ ਅੰਦਰ ਜੰਗ ਸ਼ੁਰੂ ਕੀਤੀ ਗਈ ਜਦਕਿ ਇਸਦਾ ਅਸਲ ਨਿਸ਼ਾਨਾ ਕੇਂਦਰੀ ਏਸ਼ੀਆ ਦੇ ਮਹੱਤਵਪੂਰਨ ਭੂਗੋਲਿਕ-ਰਾਜਨੀਤਿਕ ਇਲਾਕੇ ਵਿੱਚ ਆਪਦੀ ਪਿੱਠੂ ਹਕੂਮਤ ਕਾਇਮ ਕਰਨਾ ਸੀ ਅਤੇ ਇਸ ਖਿੱਤੇ ਵਿੱਚੋਂ ਲੰਘਦੀਆਂ ਗੈਸ ਅਤੇ ਤੇਲ ਦੀਆਂ ਪਾਈਪਲਾਈਨਾਂ ਨੂੰ ਆਪਦੀ ਦੇਖ-ਰੇਖ ਹੇਠ ਲਿਆਉਣਾ ਸੀ। 20 ਸਾਲ ਤੋਂ ਉੱਪਰ ਚੱਲੀ ਇਸ ਜੰਗ ਵਿੱਚ 46000 ਤੋਂ ਵੱਧ ਮੌਤਾਂ ਹੋਈਆਂ ਦੱਸੀਆਂ ਜਾਂਦੀਆ ਹਨ ਪਰ ਕਈ ਮਾਹਰਾਂ ਮੁਤਾਬਕ ਅਸਲ ਗਿਣਤੀ ਕਿਤੇ ਜ਼ਿਆਦਾ ਹੈ। ਲੜਾਕਿਆਂ ਸਮੇਤ ਇਹ ਗਿਣਤੀ 1 ਲੱਖ 70000 ਤੋਂ ਵੀ ਟੱਪ ਜਾਂਦੀ ਹੈ। ਇੱਕ ਰਿਪੋਰਟ ਮੁਤਾਬਕ 2021 ਤੱਕ ਦੇਸ਼ ਦੇ ਰਫਿਊਜੀਆਂ ਦੀ ਗਿਣਤੀ ਲੱਗਭੱਗ 26 ਲੱਖ ਸੀ ਜਦਕਿ 40 ਲੱਖ ਤੋਂ ਵੱਧ ਲੋਕਾਂ ਨੂੰ ਦੇਸ਼ ਦੇ ਅੰਦਰ ਹੀ ਆਪਦਾ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਅਮਰੀਕੀ ਸਾਮਰਾਜੀਆਂ ਅਤੇ ਇਸਦੇ ਭਾਈਵਾਲਾਂ ਦੇ ਕੁਕਰਮਾਂ ਤੋਂ ਤੰਗ ਆਏ ਲੋਕਾਂ ਨੇ ਸੰਘਰਸ਼ ਲੜਿਆ ਅਤੇ 2021 ਵਿੱਚ ਅਮਰੀਕਾ ਨੂੰ ਅਫਗਾਨਿਸਤਾਨ ਵਿੱਚੋਂ ਭੱਜਣ ਲਈ ਮਜਬੂਰ ਹੋਣਾ ਪਿਆ। ਇਹ ਅਮਰੀਕੀ ਸਾਮਰਾਜ ਅਤੇ ਇਸਦੇ ਭਾਈਵਾਲਾਂ ਵੱਲੋਂ ਦੂਜੇ ਮੁਲਕਾਂ 'ਤੇ ਥੋਪੀਆਂ ਜੰਗਾਂ ਦੀਆਂ ਕੁੱਝ ਉਦਾਹਰਨਾਂ ਹਨ ਜਿਹਨਾਂ ਵਿੱਚ ਲੱਖਾਂ ਲੋਕਾਂ ਨੂੰ ਆਪਦੀਆਂ ਜਾਨਾਂ ਗਵਾਉਣੀਆਂ ਪਈਆਂ ਹਨ। ਇਸਤੋਂ ਬਿਨਾਂ ਲੀਬੀਆ, ਪਨਾਮਾ, ਚਿੱਲੇ, ਯਮਨ, ਗੁਆਟੇਮਾਲਾ, ਕਿਊਬਾ, ਸੀਰੀਆ ਆਦਿ ਸਮੇਤ ਅਮਰੀਕੀ ਸਾਮਰਾਜੀਆਂ ਦੇ ਕੁਕਰਮਾਂ ਦਾ ਲੰਮਾ ਇਤਿਹਾਸ ਹੈ। 1950 ਤੋਂ ਬਾਅਦ ਆਰਥਿਕ ਮੁਨਾਫਿਆਂ ਅਤੇ ਸਿਆਸੀ ਚੌਧਰ ਦੀ ਸਥਾਪਤੀ ਲਈ ਅਮਰੀਕੀ ਸਾਮਰਾਜ 200 ਤੋਂ ਵੱਧ ਜੰਗਾਂ ਜਾਂ ਹਮਲਿਆਂ, ਹਵਾਈ ਹਮਲਿਆਂ, ਤਖਤਾਪਲਟ, ਫੌਜੀ ਘੇਰਾਬੰਦੀ ਕਰਨ ਆਦਿ ਦਾ ਹਿੱਸੇਦਾਰ ਰਿਹਾ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਦੁਨੀਆ ਦਾ ਚੌਧਰੀ ਬਣਕੇ ਉੱਭਰਿਆ ਅਮਰੀਕੀ ਸਾਮਰਾਜ ਦੁਨੀਆ ਦੇ ਅੱਡੋ-ਅੱਡ ਖਿੱਤਿਆਂ 'ਤੇ ਕਬਜਿਆਂ, ਜਮੀਨੀ ਵੰਡ, ਕੁਦਰਤੀ ਸ੍ਰੋਤਾਂ ਨੂੰ ਹੜੱਪਣ ਲਈ ਲਗਾਤਾਰ ਜੰਗਾਂ ਜਾਂ ਜੰਗੀ ਮਾਹੌਲ ਵਿੱਚ ਝੋਕ ਰਿਹਾ ਹੈ। 2000 ਤੋਂ ਬਾਅਦ ਰੂਸੀ ਸਾਮਰਾਜ ਦੇ ਪੈਰਾਂ ਸਿਰ ਹੋਣ ਨਾਲ਼ ਅਤੇ ਮੌਜੂਦਾ ਸਮੇਂ ਵਿੱਚ ਚੀਨੀ ਸਾਮਰਾਜ ਦੇ ਤਕੜੇ ਹੋਣ ਕਾਰਨ, ਅਮਰੀਕੀ ਅਤੇ ਚੀਨੀ-ਰੂਸੀ ਸਾਮਰਾਜੀ ਧੜਿਆਂ ਵਿੱਚ ਤੀਜੀ ਦੁਨੀਆਂ ਦੀ ਕਿਰਤੀ ਸ਼ਕਤੀ ਦੀ ਲੁੱਟ ਤੇ ਕੱਚੇ ਮਾਲ ਦੇ ਸਰੋਤਾਂ ਨੂੰ ਕਬਜ਼ਾਉਣ ਲਈ ਆਪਸੀ ਜੱਦੋ-ਜਹਿਦ ਤੇਜ ਹੋਈ ਹੈ ਜਿਸਦਾ ਨਤੀਜਾ ਹਾਲ ਹੀ ਵਿੱਚ ਯੂਕਰੇਨ, ਵੈਂਜੂਏਲਾ, ਇਰਾਨ ਤੇ ਹੋਰ ਖਿੱਤਿਆਂ ਵਿੱਚ ਦੇਖਣ ਨੂੰ ਮਿਲ਼ ਰਿਹਾ ਹੈ। ਸਾਮਰਾਜੀਆਂ ਦੀ ਮੁਨਾਫਿਆਂ ਲਈ ਆਪਸੀ ਜੱਦੋ-ਜਹਿਦ ਦਾ ਨੁਕਸਾਨ ਆਮ ਲੋਕਾਂ ਨੂੰ ਆਪਦੀਆਂ ਜਾਨਾਂ ਗਵਾਕੇ ਤਾਰਨਾ ਪੈ ਰਿਹਾ ਹੈ। ਇਸ ਲਈ ਮਨੁੱਖੀ ਕਤਲੇਆਮ ਨੂੰ ਰੋਕਣ ਲਈ ਸਾਮਰਾਜੀ ਪ੍ਰਬੰਧ ਨੂੰ ਜੜੋਂ ਪੁੱਟਣ ਲਈ ਹੰਭਲਾ ਮਾਰਨਾ ਚਾਹੀਦਾ ਹੈ।



**ਲਲਕਾਰ 'ਚੋਂ ਧੰਨਵਾਦ ਸਹਿਤ**

# ਗੁਰਸ਼ਰਨ ਕਲਾ ਭਵਨ ਵਿਖੇ ਨਾਟਕ 'ਮੰਟੋ ਦੇ ਅਫ਼ਸਾਨੇ' ਦਾ ਆਯੋਜਨ






ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਕਲਾ ਭਵਨ ਵਿਖੇ 'ਗੂੰਜੇ ਮੰਟੋ ਦੇ ਅਫ਼ਸਾਨੇ' ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਨੂੰ ਇਰਾਨ ਅਤੇ ਫਿਲਸਤੀਨ ਦੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਜੋ ਨਿਹੱਕੀ ਜੰਗ ਦਾ ਖਾਜਾ ਬਣ ਰਹੇ ਹਨ। ਇਸ ਸਾਮਰਾਜੀਆਂ ਵੱਲੋਂ ਥੋਪੀ ਗਈ ਜੰਗ ਵਿਰੁੱਧ ਲੜ ਰਹੇ। ਸਮਾਗਮ ਦਾ ਰਸਮੀ ਉਦਘਾਟਨ ਸਰਵ ਸਾਂਝੇ ਰੂਪ ਵਿੱਚ ਡਾਕਟਰ ਅਵਤਾਰ ਸਿੰਘ, ਪ੍ਰੋਫੈਸਰ ਹਰਦੇਵ ਸਿੰਘ, ਮੈਡਮ ਰਣਜੀਤ ਗਰੇਵਾਲ, ਮਾਸਟਰ ਉਜਾਗਰ ਸਿੰਘ, ਪ੍ਰਿੰਸੀਪਲ ਰਾਜਿੰਦਰ ਸਿੰਘ ਸੁਧਾਰ, ਉੱਘੇ ਲੇਖਕ ਅਮਰੀਕ ਤਲਵੰਡੀ ਆਦਿ ਨੇ ਕੀਤਾ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਗੁਰਸ਼ਰਨ ਕਲਾ ਭਵਨ ਦੇ ਸਮੱਰਥ ਹਰਬਖ਼ਸ਼ ਸਿੰਘ ਸਰੋਆ ਜੀ ਦੀ ਅਚਾਨਕ ਹੋਈ ਮੌਤ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ। ਇਸ ਵਾਰ ਉੱਘੇ ਲੇਖਕ ਸਹਾਦਤ ਹਸਨ ਮੰਟੋ ਦੀਆਂ ਕਹਾਣੀਆਂ ਦੇ ਅਧਾਰਿਤ ਨਾਟਕ ਮਸਤਾਨੇ ਥੀਏਟਰ ਗਰੁੱਪ ਰਾਮਪੁਰਾ ਫੂਲ ਦੀ ਟੀਮ ਵੱਲੋਂ ਨਾਟਕ 'ਮੰਟੋ ਦੇ ਅਫ਼ਸਾਨੇ' ਨਿਰਦੇਸ਼ਕ ਅਕਸ ਮਹਿਰਾਜ ਅਤੇ ਸੋਨੀ ਢਿੱਲੋਂ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ। ਨਾਟਕ ਦੇ ਅਦਾਕਾਰਾਂ ਦੀ ਅਦਾਕਾਰੀ ਬੜੀ ਹੀ ਸੁਭਾਵਿਕ ਸੀ। ਨਾਟਕ ਦੀ ਜ਼ਬਰਦਸਤ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਨਾਟਕ ਨੇ ਬੜੇ ਹੀ ਸੰਜੀਦਾ ਢੰਗ ਨਾਲ ਸਮਾਜ ਦੇ ਸਵਾਲ ਉਠਾਉਣ ਦਾ ਯਤਨ ਕੀਤਾ ਕਿ ਹਰ ਔਰਤ ਵੇਸਵਾ ਨਹੀਂ ਹੁੰਦੀ ਪਰ ਹਰ ਵੇਸਵਾ ਇੱਕ ਔਰਤ ਜ਼ਰੂਰ ਹੁੰਦੀ ਹੈ। ਸਮਾਗਮ ਪੂਰੀ ਤਰ੍ਹਾਂ ਨਾਲ ਸਫ਼ਲ ਰਿਹਾ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਦੀਪਕ ਰਾਏ ਜੀ ਨੇ ਬਾਖੂਬੀ ਨਿਭਾਈ। ਇਸ ਮੌਕੇ 'ਤੇ ਲੈਕਚਰਾਰ ਇਕਬਾਲ ਸਿੰਘ ਪੂੜੈਣ, ਵਿਜੈ ਮੋਗਾ, ਜਸਰਮਨ ਸਿੰਘ ਬੇਦੀ, ਲੈਕਚਰਾਰ ਪ੍ਰਗਟ ਸਿੰਘ, ਸੁਖਦੀਪ ਸਿੰਘ ਚਾਨਾ, ਮਾਸਟਰ ਗੁਰਮੀਤ ਸਿੰਘ, ਅਜਮੇਰ ਸਿੰਘ ਮੁੱਲਾਂਪੁਰ, ਜਰਨੈਲ ਸਿੰਘ ਮੈਂਬਰ, ਤ੍ਰਿਲੋਚਨ ਸਿੰਘ, ਨੈਨਾ ਸ਼ਰਮਾ, ਭਾਗ ਸਿੰਘ, ਰਣਵੀਰ ਸਿੰਘ, ਲਖਵੀਰ ਸਿੰਘ, ਏਕਮ ਸਿੰਘ, ਕਰਮਪ੍ਰੀਤ ਕੌਰ, ਕਿਰਨਦੀਪ ਕੌਰ, ਜਸਮੀਨ ਕੌਰ, ਆਦਿ ਹਾਜ਼ਰ ਸਨ।














# ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਲੁਧਿਆਣਾ ਵਿਖੇ ਸੂਬਾ ਪੱਧਰੀ ਵਰਕਸ਼ਾਪ

## ਫਾਸ਼ੀਵਾਦ ਅਤੇ ਇਸ ਵਿਰੁੱਧ ਲੜਨ ਸਮੇਤ ਕਿਰਤੀ ਵਰਗ ਦੇ ਅਤਿ ਮਾੜੇ ਹਾਲਾਤਾਂ ਲਈ ਜ਼ੁੰਮੇਵਾਰ ਤਾਕਤਾਂ ਨੂੰ ਸਮਝਣ ਲਈ ਚੇਤਨਾ ਫੈਲਾਉਣ ਦਾ ਬੀੜਾ ਚੁੱਕਿਆ







ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਫਾਸੀਵਾਦ ਨੂੰ ਸਮਝਣ ਲਈ ਅਤੇ ਇਸ ਵਿਰੱਧ ਲੜਨ ਲਈ ਸਾਡੀ ਵਿਰਾਸਤ ਦੇ ਸੁਨਹਿਰੇ ਇਤਿਹਾਸਿਕ ਪੰਨਿਆਂ ਨੂੰ ਗੰਭੀਰਤਾ ਨਾਲ ਵਾਚਣ ਦੀ ਲੋੜ ਨੂੰ ਮੁੱਖ ਰੱਖਦਿਆਂ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਸਭਾ ਦੀ ਸੂਬਾ ਕਮੇਟੀ ਵੱਲੋਂ ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਕੀਤੀ ਗਈ ਇਸ ਵਰਕਸ਼ਾਪ ਵਿੱਚ ਲੁਧਿਆਣਾ ਸਮੇਤ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਬਠਿੰਡਾ, ਪਟਿਆਲਾ, ਬਰਨਾਲਾ, ਸੰਗਰੂਰ, ਮੋਗਾ, ਚੰਡੀਗੜ੍ਹ, ਨਵਾਂ ਸ਼ਹਿਰ, ਜ਼ਿਲ੍ਹਿਆਂ ਦੇ ਸਰਗਰਮ ਮੈਂਬਰ ਵੱਡੀ ਗਿਣਤੀ ਵਿੱਚ ਪਹੁੰਚੇ।


ਵਰਕਸ਼ਾਪ ਵਿੱਚ ਪ੍ਰੋ. ਜਗਮੋਹਨ ਸਿੰਘ, ਪ੍ਰੋ. ਪਰਮਿੰਦਰ ਸਿੰਘ ਅਤੇ ਮਾ. ਤਰਸੇਮ ਲਾਲ ਨੇ ਆਪਣੇ ਵਿਚਾਰ ਰੱਖੇ ਜਿਸ ਰਾਹੀਂ ਸਪਸਟ ਹੋਇਆ ਕਿ ਸਾਡੇ ਭਾਰਤੀ ਪੁਰਾਤਨ ਇਤਿਹਾਸ ਵਿੱਚ ਫ੍ਰਿਕਾਪ੍ਰਸਤੀ ਦਾ ਨਾਮੋ-ਨਿਸ਼ਾਨ ਨਹੀਂ ਸੀ। ਧਰਮਾਂ ਦੇ ਵਖਰੇਵੇਂ ਹੁੰਦਿਆਂ ਹੋਇਆਂ ਵੀ ਸਾਰੀ ਲੋਕਾਈ ਦਰਮਿਆਨ ਕੋਈ ਧਾਰਮਿਕ ਵਖਰੇਵੇਂ ਜਾਂ ਨਫ਼ਰਤ ਨਹੀਂ ਸੀ। ਇਹ ਮਿਲਵਾਂ ਜੁਲਵਾਂ ਸਭਿਆਚਾਰ ਕਈ ਸਦੀਆਂ 'ਚ ਉਸਰਿਆ ਸੀ। ਫ਼ਿਰਕਾਪ੍ਰਸਤੀ ਦੇ ਬੀਜ ਬੀਜਣ ਵਿੱਚ ਬਰਤਾਨਵੀਂ ਸਾਮਰਾਜ ਨੇ ਪ੍ਰਮੁੱਖ ਭੂਮਿਕਾ ਨਿਭਾਈ ਅਤੇ 1857 ਤੋਂ ਬਾਅਦ ਲਗਾਤਾਰ ਯੋਜਨਾ ਬੱਧ ਢੰਗ ਨਾਲ ਧਾਰਮਿਕ ਵਖਰੇਵਿਆਂ ਨੂੰ ਨਫ਼ਰਤ ਦੀ ਅੱਗ ਵੱਲ ਧੱਕਣ ਦੀਆਂ ਕੋਸ਼ਿਸ਼ਾਂ ਅਰੰਭੀਆਂ, ਜਿਹੜੀਆਂ ਪਿੱਛੋਂ ਦੇਸ਼ ਦੀ ਵੰਡ ਅਤੇ ਅਜੋਕੇ ਸੰਤਾਪ ਤੱਕ ਪਹੁੰਚੀਆਂ ਹਨ। ਅੰਗਰੇਜ਼ ਹਕੂਮਤ ਵਿਰੁੱਧ ਭਾਰਤੀ ਲੋਕਾਂ ਦੇ ਇਤਿਹਾਸ ਦੇ ਵੀ ਸਨਹਿਰੀ ਪੰਨੇ ਸਾਹਮਣੇ ਹਨ, ਜਿਨ੍ਹਾਂ ਵਿੱਚੋਂ ਸਾਡੀ ਵਿਰਾਸਤ ਭਾਵ ਧਰਮਾਂ ਤੋਂ ਉੱਪਰ ਉੱਠਕੇ ਸਾਮਰਾਜੀ ਦੁਸ਼ਮਣ ਵਿਰੁੱਧ ਸਾਂਝੀ ਲੜਾਈ ਦੇ ਇਤਿਹਾਸ ਨੂੰ ਗਦਰ ਪਾਰਟੀ ਤੇ ਉਸ ਤੋਂ ਬਾਅਦ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਮਰਾਜੀ ਪੂੰਜੀ ਲੋਕਾਂ ਵਿੱਚ ਨਫ਼ਰਤ ਬੀਜਣ ਦੀ ਅਹਿਮ ਭੂਮਿਕਾ ਨਿਭਾਉਂਦੀ ਹੈ ਜੋ ਅੱਜ ਵੀ ਜਾਰੀ ਹੈ। ਬੁਲਾਰਿਆਂ ਨੇ ਸਪਸ਼ਟ ਕੀਤਾ ਕਿ ਭਾਰਤੀ ਸਮਾਜ ਦੇ ਰੱਜੇ ਪੁੱਜੇ ਹਿੱਸੇ ਨੇ ਸੱਤਾ ਨਾਲ ਵਫ਼ਾਦਾਰੀ ਪਾਲਦਿਆਂ ਉੱਚੇ ਅਹੁਦਿਆਂ ਨੂੰ ਹਾਸਲ ਕੀਤਾ, ਜਿਨ੍ਹਾਂ ਲਗਾਤਾਰ ਫਿਰਕੂ ਸੰਪਰਦਾਇਕਤਾ ਨੂੰ ਮਜ਼ਬੂਤ ਕਰਨ ਵਿੱਚ ਭੂਮਿਕਾ ਨਿਭਾਈ। ਅਜੋਕਾ ਫਿਰਕੂ ਫਾਸੀਵਾਦ ਜੋ ਆਰ ਐਸ ਐਸ ਦੇ ਰੂਪ ਵਿੱਚ ਸਾਡੇ ਸਿਰ ਮੰਡਲਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਜੋਕੀ ਸਾਮਰਾਜੀ ਪੂੰਜੀ ਜਿਸਦੀ ਫਿਰਕੂ ਫਾਸ਼ੀਵਾਦ ਨਾਲ ਸਾਂਝ ਭਿਆਲੀ ਹੈ ਜੋ ਕਿ ਲੋਕ ਅਧਿਕਾਰਾਂ ਨੂੰ ਤਹਿਸ ਨਹਿਸ ਕਰਨ ਲਈ ਤੁਲੀ ਹੋਈ ਹੈ, ਜੋ ਉਹਨਾਂ ਨੇ 250-300 ਸਾਲਾਂ ਵਿੱਚ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਸਨ। ਮਨੁੱਖ ਦੇ ਸ਼ਾਨਾਮੱਤੀ ਜਿਊਣ ਦੇ ਬੁਨਿਆਦੀ ਜਮਹੂਰੀ ਅਧਿਕਾਰ ਖੋਹਣ ਤੇ ਮਸਲਣ ਲਈ ਤਤਪਰ ਇਹਨਾਂ ਕਾਲੀਆਂ ਤਾਕਤਾਂ ਵੱਲੋਂ ਵਿੱਦਿਆ ਦੇ ਅਧਿਕਾਰ ਤੋਂ ਲੈ ਕੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਤੱਕ ਅਤੇ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨ ਦੇ ਅਧਿਕਾਰ ਤੋਂ ਲੈ ਕੇ ਨਾਗਰਿਕਤਾ ਦੇ ਅਧਿਕਾਰ ਤੱਕ ਨੂੰ ਖੋਹਣ ਲਈ ਲਗਾਤਾਰ ਯਤਨ ਜਾਰੀ ਹਨ। ਜਿਨ੍ਹਾਂ ਵਿਰੁੱਧ ਦੇਸ਼ ਭਰ ਵਿੱਚ ਲੋਕ ਵੱਖ-ਵੱਖ ਢੰਗਾਂ ਨਾਲ ਲੜ ਰਹੇ ਹਨ। ਉਹ ਕਿਸਾਨ ਹੋਣ, ਕਿਰਤੀ ਮਜ਼ਦੂਰ ਹੋਣ, ਮੱਧ ਵਰਗ ਹੋਵੇ ਜਾਂ ਬੁੱਧੀਜੀਵੀ।

ਵਰਕਸ਼ਾਪ ਵਿੱਚ ਮਾ. ਤਰਸੇਮ ਲਾਲ ਨੇ ਕਿਰਤੀਆਂ ਦੀ ਤਰਸਯੋਗ ਹਾਲਤ, ਜਿਸ ਵਿੱਚ 8 ਘੰਟੇ ਕੰਮ ਦੇ ਕੌਮਾਂਤਰੀ ਅਹਿਦਨਾਮੇ ਤੋਂ ਮੁਨਕਰ ਹੋ ਕੇ, 12 ਜਾਂ 14 ਘੰਟੇ ਕੰਮ ਕਰਨ ਲਈ ਮਜਬੂਰ ਕਰਨ ਅਤੇ ਉਨ੍ਹਾਂ ਨੂੰ ਜਿਉਣਯੋਗ ਉਜਰਤ ਦੀ ਥਾਂ ਮਾਮੂਲੀ ਉਜਰਤ ਦੇ ਕੇ ਕੰਗਾਲੀ ਤੇ ਭੁੱਖ ਮਰੀ ਵੱਲ ਧੱਕਣ ਵਾਲੀਆਂ ਹਾਲਤਾਂ ਨੂੰ ਹੋਰ ਵੀ ਬਦਹਾਲ ਬਣਾ ਦਿੱਤਾ ਹੈ। ਉਹ ਸਾਰੇ ਕਾਨੂੰਨੀ ਅਧਿਕਾਰ ਖੋਹ ਲਏ ਹਨ, ਜੋ ਉਨ੍ਹਾਂ ਦੇ ਜਿਊਣ ਦੀ ਗਰੰਟੀ ਦਿੰਦੇ ਸਨ। ਉਨ੍ਹਾਂ ਵਿੱਦਿਆ ਵਿੱਚ ਫਿਰਕੂ ਫ਼ਾਸੀਵਾਦੀ ਏਜੰਡੇ ਬਾਰੇ ਵੀ ਚਿੰਤਨ ਕਰਦਿਆਂ ਕਿਹਾ ਕਿ ਅਜੋਕੀ ਰਾਜ ਸੱਤਾ ਵੱਲੋਂ ਜਿਹੜੀ ਵਿੱਦਿਆ ਪਰੋਸੀ ਜਾ ਰਹੀ ਹੈ, ਉਹ ਗੁਲਾਮ ਮਾਨਸਿਕਤਾ ਪਿਉਂਦਣ ਵਾਲੀ ਹੈ। ਵਿੱਦਿਆ ਰਾਹੀਂ ਵਿਗਿਆਨਿਕ ਵਿਚਾਰਧਾਰਾ ਵਿਕਸਤ ਕਰਕੇ ਇੱਕ ਸੁਚੱਜਾ ਸਮਾਜ ਸਿਰਜਣਾ ਹੁੰਦਾ ਹੈ, ਪਰ ਭਾਜਪਾ ਤੇ ਸੰਘ ਨੇ ਵਿੱਦਿਆ ਨੂੰ ਯੋਜਨਾ ਬੱਧ ਢੰਗ ਨਾਲ ਇੱਕ ਅਪਾਹਜ ਮਨੁੱਖ ਦੀ ਸਿਰਜਣਾ ਵੱਲ ਵਧਣ ਦਾ ਰੱਥ ਅੱਗੇ ਧੱਕ ਦਿੱਤਾ ਹੈ।

ਅੰਤ ਵਿੱਚ ਜਸਵੰਤ ਜ਼ੀਰਖ ਵੱਲੋਂ ਪੜ੍ਹੇ ਮਤਿਆਂ ਰਾਹੀਂ ਮਾਨੇਸਰ, ਨੋਇਡਾ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਮਜ਼ਦੂਰਾਂ ਦੇ ਕੰਮ ਦੇ ਘੰਟੇ ਅਤੇ ਜਿਉਣ ਯੋਗ ਉਜਰਤ ਦੀ ਮੰਗ ਨੂੰ ਲੈ ਕੇ ਉੱਠੇ ਸੰਘਰਸ਼ ਦੀ ਹਮਾਇਤ ਕਰਦਿਆਂ ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ ਆਦਿ ਦੀ ਪੁਲਿਸ ਵੱਲੋਂ ਬੇਰਹਿਮ ਤਸ਼ੱਦਦ ਨਾਲ ਦਬਾਉਣ, ਮਜ਼ਦੂਰਾਂ ਤੇ ਉਨ੍ਹਾਂ ਦੇ ਆਗੂਆਂ ਨੂੰ ਗ੍ਰਿਫਤਾਰ ਕਰਨ ਅਤੇ ਫਰਜੀ ਕੇਸਾਂ ਵਿੱਚ ਜੇਲ੍ਹਾਂ ਵਿੱਚ ਸੁੱਟਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਮੰਗ ਕੀਤੀ ਕਿ 8 ਘੰਟੇ ਕੰਮ ਦੇ ਦਿਨ ਦੀ ਮੰਗ ਅਤੇ ਜਿਉਣ ਲਈ 30000/- ਰੁ. ਘੱਟੋ ਘੱਟ ਮਾਸਿਕ ਮਜ਼ਦੂਰੀ ਦੀ ਮੰਗ ਪ੍ਰਵਾਨ ਕੀਤੀ ਜਾਵੇ। ਸਾਰੇ ਗ੍ਰਿਫਤਾਰ ਮਜ਼ਦੂਰਾਂ ਤੇ ਆਗੂਆਂ ਨੂੰ ਰਿਹਾ ਕੀਤਾ ਜਾਵੇ ਅਤੇ ਸਾਰੇ ਕੇਸ ਵਾਪਸ ਲਏ ਜਾਣ। ਇਸ ਦੀ ਸਮੁੱਚੇ ਇਕੱਠ ਵੱਲੋਂ ਹੱਥ ਖੜੇ ਕਰਕੇ ਸਹਿਮਤੀ ਪ੍ਰਗਟਾਈ ਗਈ। ਪ੍ਰੋ. ਜਗਮੋਹਨ ਸਿੰਘ ਨੇ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਪ੍ਰਿਤਪਾਲ ਸਿੰਘ ਅਤੇ ਨਰਭਿੰਦਰ ਵੱਲੋਂ ਨਿਭਾਇਆ ਗਿਆ। ਸਵਾਲਾਂ ਦੇ ਜਵਾਬ ਬੁਲਾਰਿਆਂ ਵੱਲੋਂ ਸੁਹਿਰਦਤਾ ਨਾਲ ਦਿੱਤੇ ਗਏ।


SWIFTWRENCH AUTO & DIESEL REPAIR



Your Car, Our Care

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

Mobile Mechanic Services - We Come to You!
- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1) Self Employed Taxi Business
Corporate Tax Returns (T2) GST/Payrolls/ROE WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

BAINS VISION CENTRE



Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਪੱਤਰਕਾਰਾਂ ਨੂੰ ਮਿੱਥਕੇ ਮਾਰ ਰਹੀ ਹੈ ਇਜ਼ਰਾਇਲੀ ਫ਼ੌਜ

-ਬੂਟਾ ਸਿੰਘ ਮਹਿਮੂਦਪੁਰ






ਯਹੂਦੀਵਾਦੀ ਦਹਿਸ਼ਤਗਰਦ ਸਟੇਟ ਇਜ਼ਰਾਇਲ ਨੇ ਇਕ ਹੋਰ ਪੱਤਰਕਾਰ ਦੀ ਜਾਨ ਲੈ ਲਈ ਹੈ। ਮਾਰੀ ਗਈ ਨੌਜਵਾਨ ਪੱਤਰਕਾਰ ਅਮਲ ਖਲੀਲ ਅਲ-ਅਖ਼ਬਾਰ ਨਾਂ ਦੇ ਅਖ਼ਬਾਰ ਦੀ ਰਿਪੋਰਟਰ ਸੀ ਜਿਸਨੂੰ ਦੱਖਣੀ ਲੈਬਨਾਨ ਵਿੱਚ ਇਜ਼ਰਾਈਲੀ ਫ਼ੌਜ ਵੱਲੋਂ ਡਰੋਨ ਹਮਲਾ ਕਰਕੇ ਮਾਰਿਆ ਗਿਆ ਹੈ। 2024 ਵਿੱਚ ਅਮਲ ਖਲੀਲ ਨੂੰ ਗਿਡੀਅਨ ਗਾਲ ਬੇਨ ਅਵਰਾਹਮ ਨਾਂ ਦੇ ਟਿੱਪਣੀਕਾਰ, ਜੋ 'ਮਿਡਲ ਈਸਟ ਅਨੈਲਸਿਜ਼ ਚੈਨਲ' ਨਾਂ ਦਾ ਯੂਟਿਊਬ ਚੈਨਲ ਚਲਾਉਂਦਾ ਹੈ ਅਤੇ ਐਲਾਨੀਆ ਕਹਿੰਦਾ ਹੈ ਕਿ ਉਹ ਇਜ਼ਰਾਇਲੀ ਫ਼ੌਜ ਨਾਲ ਮਿਲਕੇ ਕੰਮ ਕਰਦਾ ਹੈ, ਵੱਲੋਂ ਧਮਕੀ ਦਿੱਤੀ ਗਈ ਸੀ ਕਿ 'ਹਿਜ਼ਬੁੱਲਾ ਨਾਲ ਸੰਬੰਧਤ ਪੱਤਰਕਾਰਾਂ ਦੀ ਮੌਤ ਤੈਅ ਹੈ।' ਉਸਨੂੰ ਧਮਕਾਇਆ ਗਿਆ ਕਿ ਉਹ ਦੱਖਣੀ ਲੈਬਨਾਨ ਛੱਡਕੇ ਚਲੀ ਜਾਵੇ ਨਹੀਂ ਤਾਂ ਮਾਰ ਦਿੱਤੀ ਜਾਵੇਗੀ; ਉਸਦਾ ਘਰ ਤਬਾਹ ਕਰ ਦਿੱਤਾ ਜਾਵੇਗਾ ਅਤੇ ਉਸਦਾ ਸਿਰ ਵੱਢ ਦਿੱਤਾ ਜਾਵੇਗਾ। ਉਸਨੇ ਡਰਕੇ ਉੱਥੋਂ ਚਲੇ ਜਾਣ ਦੀ ਬਜਾਏ ਬਤੌਰ ਪੱਤਰਕਾਰ ਆਪਣਾ ਫਰਜ਼ ਨਿਭਾਉਣ ਨੂੰ ਤਰਜੀਹ ਦਿੱਤੀ।


ਇਜ਼ਰਾਇਲੀ ਦਹਿਸ਼ਤਗਰਦੀ ਬਾਰੇ ਰਿਪੋਰਟਿੰਗ ਕਰਨ ਵਾਲੇ ਅਖ਼ਬਾਰ, ਵਿਜ਼ੂਅਲ ਮੀਡੀਆ ਅਤੇ ਉਨ੍ਹਾਂ ਦੇ ਪੱਤਰਕਾਰ ਖ਼ਾਸ ਨਿਸ਼ਾਨੇ 'ਤੇ ਹਨ। ਪਿਛਲੇ ਮਹੀਨੇ, ਇਜ਼ਰਾਇਲੀ ਫ਼ੌਜ ਨੇ ਲੈਬਨਾਨ ਦੇ ਉੱਘੇ ਪੱਤਰਕਾਰ ਅਲੀ ਸ਼ੋਏਬ ਨੂੰ ਕਤਲ ਕਰਨ ਦਾ ਸਰੇਆਮ ਇਕਬਾਲ ਕੀਤਾ ਸੀ ਜੋ ਅਲ-ਮਨਾਰ ਟੀਵੀ ਲਈ ਕੰਮ ਕਰਦਾ ਸੀ ਅਤੇ ਤਕਰੀਬਨ ਤਿੰਨ ਦਹਾਕਿਆਂ ਤੋਂ ਦੱਖਣੀ ਲੈਬਨਾਨ ਤੋਂ ਰਿਪੋਰਟਿੰਗ ਕਰ ਰਿਹਾ ਸੀ। ਇਜ਼ਰਾਇਲੀ ਫ਼ੌਜ ਨੇ ਝੂਠਾ ਦਾਅਵਾ ਕੀਤਾ ਕਿ ਸ਼ੋਏਬ ਹਿਜ਼ਬੁੱਲਾ ਲਈ ਕੰਮ ਕਰਦਾ ਸੀ। ਇਸੇ ਤਰ੍ਹਾਂ 28 ਮਾਰਚ ਨੂੰ ਦੱਖਣੀ ਲੈਬਨਾਨ ਦੇ ਜੇਜ਼ੀਨ ਜ਼ਿਲ੍ਹੇ ਵਿਚ ਹਮਲਾ ਕਰਕੇ ਅਲ-ਮਯਾਦੀਨ ਟੀਵੀ ਦੀ ਪੱਤਰਕਾਰ ਫ਼ਾਤਿਮਾ ਫਤੂਨੀ ਅਤੇ ਉਸਦੇ ਭਾਈ ਮੁਹੰਮਦ, ਜੋ ਵੀਡੀਓ ਪੱਤਰਕਾਰ ਸਨ, ਨੂੰ ਮਾਰ ਦਿੱਤਾ ਗਿਆ ਸੀ। ਉਨ੍ਹਾਂ ਦੀ ਪ੍ਰੈੱਸ ਦੇ ਪਛਾਣ ਚਿੰਨ੍ਹ ਵਾਲੀ ਕਾਰ ਉੱਪਰ ਕਈ ਵਾਰ ਹਮਲਾ ਕੀਤਾ ਗਿਆ ਸੀ। ਪਹਿਲਾਂ ਤਾਂ ਫਤੂਮੀ ਬਚ ਗਈ ਅਤੇ ਉਸਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਇਜ਼ਰਾਇਲੀ ਫ਼ੌਜ ਉਸਨੂੰ ਮਾਰਨ 'ਚ ਕਾਮਯਾਬ ਹੋ ਗਈ। ਖਲੀਲ ਅਤੇ ਫਰੀਲਾਂਸ ਫੋਟੋ-ਜਰਨਲਿਸਟ ਜ਼ੈਨਬ ਫ਼ਰਾਜ ਅਲ-ਤੀਰੀ ਕਸਬੇ ਵਿੱਚ ਹੋਏ ਇਜ਼ਰਾਈਲੀ ਡਰੋਨ ਹਮਲੇ ਤੋਂ ਬਾਅਦ ਦੇ ਹਾਲਾਤ ਨੂੰ ਕਵਰ ਕਰ ਰਹੀਆਂ ਸਨ। ਇਜ਼ਰਾਇਲੀ ਡਰੋਨ ਨੇ ਇਕ ਸਿਵਲ ਗੱਡੀ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਸਵਾਰ ਦੋਵੇਂ ਵਿਅਕਤੀ ਮਾਰੇ ਗਏ। ਉਨ੍ਹਾਂ ਦੇ ਪਿੱਛੇ ਗੱਡੀ ਵਿਚ ਜਾ ਰਹੀਆਂ ਖਲੀਲ ਅਤੇ ਫਰਾਜ ਨੇ ਨੇੜੇ ਦੇ ਇੱਕ ਘਰ ਵਿੱਚ ਸ਼ਰਨ ਲਈ। ਖਲੀਲ ਨੇ ਆਪਣੇ ਸੰਪਾਦਕਾਂ ਅਤੇ ਪਰਿਵਾਰ ਨਾਲ ਸੰਪਰਕ ਕਰਕੇ ਘਟਨਾਕ੍ਰਮ ਦੀ ਜਾਣਕਾਰੀ ਦਿੱਤੀ। ਪੱਤਰਕਾਰਾਂ ਦੇ ਘਿਰੇ ਦੀ ਖ਼ਬਰ ਤੇਜ਼ੀ ਨਾਲ ਫੈਲ ਗਈ, ਜਿਸ ਤੋਂ ਬਾਅਦ ਲੈਬਨਾਨ ਦੇ ਰਾਸ਼ਟਰਪਤੀ ਜੋਸਫ਼ ਆਓਨ ਨੇ ਰੈਡ ਕ੍ਰਾਸ ਨੂੰ ਬਚਾਅ ਕਾਰਵਾਈ ਕਰਨ ਲਈ ਕਿਹਾ। ਪਰ ਇਜ਼ਰਾਇਲੀ ਦਹਿਸ਼ਤਗਰਦ ਫ਼ੌਜ ਨੇ ਉਨ੍ਹਾਂ ਨੂੰ ਹਰ ਹਾਲਤ ਵਿਚ ਮਾਰਨਾ ਮਿੱਥਿਆ ਹੋਇਆ ਸੀ। ਉਨ੍ਹਾਂ ਨੇ ਉਸ ਘਰ ਉੱਪਰ ਬੰਬਾਰੀ ਕੀਤੀ ਜਿੱਥੇ ਦੋਵੇਂ ਪੱਤਰਕਾਰ ਛੁਪੀਆਂ ਹੋਈਆਂ ਸਨ। ਖਲੀਲ ਮਲਬੇ ਹੇਠਾਂ ਦੱਬ ਗਈ। ਹਮਲੇ ਕਾਰਨ ਰੈਡ ਕ੍ਰਾਸ ਦੀਆਂ ਬਚਾਅ ਟੀਮਾਂ ਦਾ ਉਨ੍ਹਾਂ ਨਾਲ ਸੰਪਰਕ ਟੁੱਟ ਗਿਆ। ਲੈਬਨਾਨੀ ਰੈਡ ਕਰਾਸ ਅਤੇ ਫ਼ੌਜ ਇਜ਼ਰਾਈਲੀ ਗੋਲੀਬਾਰੀ ਦੇ ਕਾਰਨ ਕਈ ਘੰਟਿਆਂ ਤੱਕ ਘਟਨਾ ਸਥਾਨ ਤੱਕ ਨਹੀਂ ਪਹੁੰਚ ਸਕੇ। ਆਖ਼ਿਰਕਾਰ ਜ਼ੈਨਬ ਫ਼ਰਾਜ ਨੂੰ ਗੰਭੀਰ ਹਾਲਤ ਵਿੱਚ ਬਚਾ ਲਿਆ ਗਿਆ ਅਤੇ ਹਸਪਤਾਲ ਲਿਜਾਇਆ ਗਿਆ। ਕਈ ਘੰਟੇ ਦੀ ਜੱਦੋਜਹਿਦ ਤੋਂ ਬਾਅਦ, ਬਚਾਅ ਦਲ ਨੂੰ ਮਲਬੇ ਵਿੱਚੋਂ ਅਮਲ ਖਲੀਲ ਦੀ ਲਾਸ਼ ਮਿਲੀ। ਅਮਲ ਖਲੀਲ ਦਾ ਕਤਲ ਇਜ਼ਰਾਇਲੀ ਦਹਿਸ਼ਤਗਰਦੀ ਦਾ ਪਹਿਲਾ ਕਾਰਾ ਨਹੀਂ ਹੈ। ਇਜ਼ਰਾਇਲੀ ਫ਼ੌਜ ਫ਼ਲਸਤੀਨ ਅਤੇ ਲੈਬਨਾਨ ਵਿੱਚ ਪ੍ਰੈੱਸ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੀ ਹੈ। ਇਹ ਕਤਲ ਵੀ ਉਸੇ ਸਿਲਸਿਲੇ ਦਾ ਹਿੱਸਾ ਹੈ। ਇਜ਼ਰਾਈਲੀ ਦਹਿਸ਼ਤਗਰਦ ਸਟੇਟ ਵੱਲੋਂ ਪੱਤਰਕਾਰਾਂ ਨੂੰ ਮਾਰਨ ਦੇ ਪਿੱਛੇ ਇਕ ਖ਼ਾਸ ਮਕਸਦ ਹੈ: ਕਤਲੇਆਮ ਦੇ ਗਵਾਹਾਂ ਨੂੰ ਖ਼ਤਮ ਕਰਨਾ ਅਤੇ ਸੱਚਾਈ ਨੂੰ ਦਬਾ ਦੇਣਾ। ਖਲੀਲ ਨੇ 15 ਸਾਲ ਤੋਂ ਵੱਧ ਸਮੇਂ ਤੱਕ ਦੱਖਣੀ ਲੈਬਨਾਨ ਵਿੱਚ ਜੰਗਾਂ ਅਤੇ ਕਬਜ਼ਿਆਂ ਦੀ ਰਿਪੋਰਟਿੰਗ ਕੀਤੀ ਜਿਸ ਕਾਰਨ ਉਹ ਇਜ਼ਰਾਇਲ ਦੀਆਂ ਅੱਖਾਂ 'ਚ ਰੜਕਦੀ ਸੀ। ਪ੍ਰੈੱਸ ਦੀ ਸਪਸ਼ਟ ਪਛਾਣ ਹੋਣ ਦੇ ਬਾਵਜੂਦ ਦੋਹਾਂ ਨੌਜਵਾਨ ਪੱਤਰਕਾਰਾਂ ਉੱਪਰ ਬੰਬਾਰੀ ਕੀਤੀ ਗਈ।

ਖਲੀਲ ਇਸ ਸਾਲ ਇਜ਼ਰਾਇਲੀ ਹਮਲੇ ਵਿਚ ਮਾਰੀ ਨੌਂਵੀਂ ਪੱਤਰਕਾਰ ਹੈ। ਪਿਛਲੇ ਮਹੀਨੇ ਇਜ਼ਰਾਇਲੀ ਹਮਲਾਵਰਾਂ ਨੇ ਡਬਲ-ਟੈਪ ਹਮਲੇ (ਯਾਨੀ ਪਹਿਲੇ ਹਮਲੇ 'ਚ ਬਚ ਗਿਆ ਵਿਅਕਤੀ ਜ਼ਿੰਦਾ ਨਾ ਬਚ ਸਕੇ) ਵਿਚ ਤਿੰਨ ਪੱਤਰਕਾਰਾਂ ਨੂੰ ਕਤਲ ਕੀਤਾ ਸੀ। ਅਕਤੂਬਰ 2023 ਤੋਂ ਲੈ ਕੇ ਹੁਣ ਤੱਕ ਲੈਬਨਾਨ ਵਿੱਚ ਘੱਟੋ-ਘੱਟ 14 ਪੱਤਰਕਾਰ ਮਾਰੇ ਗਏ ਹਨ। ਗਾਜ਼ਾ ਵਿੱਚ ਇਜ਼ਰਾਇਲੀ ਫ਼ੌਜਾਂ ਵੱਲੋਂ 260 ਤੋਂ ਵੱਧ ਪੱਤਰਕਾਰਾਂ ਨੂੰ ਕਤਲ ਕੀਤਾ ਗਿਆ ਹੈ, ਜਿਸ ਨਾਲ ਗਾਜ਼ਾ ਦੇ ਲੋਕਾਂ ਉੱਪਰ ਥੋਪੀ ਜੰਗ ਪੱਤਰਕਾਰਾਂ ਲਈ ਇਤਿਹਾਸ ਦੀ ਸਭ ਤੋਂ ਘਾਤਕ ਜੰਗ ਬਣ ਗਈ ਹੈ। ਦੁਨੀਆ ਭਰ ਵਿਚ ਇਨ੍ਹਾਂ ਪੱਤਰਕਾਰਾਂ ਦੇ ਕਤਲਾਂ ਦਾ ਤਿੱਖਾ ਵਿਰੋਧ ਹੋਇਆ ਹੈ। ਨਿਆਂਪਸੰਦ ਲੋਕਾਂ ਨੂੰ ਇਜ਼ਰਾਇਲੀ ਦਹਿਸ਼ਤਵਾਦ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਮੰਗ ਕਰਨੀ ਚਾਹੀਦੀ ਹੈ ਕਿ ਇਜ਼ਰਾਇਲ ਪੱਤਰਕਾਰਾਂ, ਮੈਡੀਕਲ ਟੀਮਾਂ, ਰੈੱਡ ਕਰਾਸ ਅਤੇ ਆਮ ਨਾਗਰਿਕਾਂ ਵਿਰੁੱਧ ਜੰਗੀ ਜੁਰਮ ਤੁਰੰਤ ਬੰਦ ਕਰੇ।



Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles,
Tiles on Walls, Kitchen, Washroom or anywhere in Home.
You can upgrade your Kitchen or Washroom


Harmanjot Dhudike
403-975-0006

ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Sharmanjot22@gmail.com



Universal Health
It's all about "U"
PHARMACY
Compounding & Home Health Care




Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Comm. CPA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ
ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ
ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca


PROGRESSIVE CULTURAL ASSOCIATION CALGARY (REGD.)
BE RATIONALIST

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)

## ਸਵ. ਸੋਹਣ ਮਾਨ ਯਾਦਗਾਰੀ 15ਵਾਂ ਸਾਲਾਨਾ ਅਗਾਂਹਵਧੂ ਸਭਿਆਚਾਰਕ

# ਨਾਟਕ ਸਮਾਗਮ

## June 6, 2026 Saturday



**TIMING : 2.30 PM to 5.30 PM | GATE OPEN 2:00 PM**
HOP EVENTS CENTRE, 5 RED STONE HEIGHTS NE
CALGARY AB T3N 0T6

TICKET $10

BUS ROUTE 128 & 145

**ਮੁੱਖ ਨਾਟਕ**

## ਚਾਂਦਨੀ ਚੌਕ ਤੋਂ ਸਰਹੰਦ ਤੱਕ

(ਲੇਖਕ ਗੁਰਸ਼ਰਨ ਭਾਅ ਜੀ, ਡਾਇਰੈਕਟਰ ਹਰਕੇਸ਼ ਚੌਧਰੀ)

**ਦੂਜਾ ਨਾਟਕ**

## ਧਰਤ ਵੰਗਾਰੇ ਤਖਤ ਨੂੰ

ਲੇਖਕ ਤੇ ਨਿਰਦੇਸ਼ਕ : ਹਰਕੇਸ਼ ਚੌਧਰੀ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ

ਕੈਲਗਰੀ ਦੇ ਜੰਮਪਲ ਬੱਚਿਆਂ ਵਲੋਂ ਕੋਰੀਓਗਰਾਫੀ 'ਪੇਸ਼ ਕੀਤੀ ਜਾਵੇਗੀ

15ਵਾਂ ਨਾਟਕ ਸਮਾਗਮ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ

ਸਮਾਗਮ ਦੌਰਾਨ ਜਸਵੰਤ ਸਿੰਘ ਜਗੈਤ ਦੀ ਕਿਤਾਬ 'ਹਵਾ ਵਿਚ ਲਟਕਦੇ ਲੋਕ' ਰਿਲੀਜ਼ ਕੀਤੀ ਜਾਵੇਗੀ

### ਵਿਸ਼ੇਸ਼ ਸਹਿਯੋਗੀ

| | | | |
|---|---|---|---|
| **Sanjha Punjab**<br>Grocery Stores | **Paramjit Plaha**<br>Desjardins Insurance | **Harcharan Parhar**<br>Insta Realty | **Harpreet Singh**<br>Malwa Tires |
| **Harpinder Sidhu**<br>Punjab Insurance | **Baljinder Sangha**<br>Realtor | **Iqbal Sidhu**<br>Sidhu Accounting | |

### ਮੁੱਖ ਸਹਿਯੋਗੀ

- Reliance Legal Group
- OK Food
- Bains Vision Centre
- JFS Immigration
- Harpreet Parmar CGA
- Romi Sidhu
- HMP Kitchen Cabinet
- AIM Insurance
- Link Canada Immigration
- Mahi Printing
- 3C Car Care Centre
- City Carpet Ltd.
- G Dhillon Prof. Crop.
- Fastrac Auto Service
- Sidhu Global Immigration

### ਸਹਿਯੋਗੀ

- Kohinoor Jewellers
- Bhatia Cloth House
- Coast to Coast Mortgage
- Highway Carpet Cleaning
- Advance Auto Repair

**ਜਸਵਿੰਦਰ ਮਾਨ (ਪ੍ਰਧਾਨ)**

ਮਾਸਟਰ ਭਜਨ (ਸਕੱਤਰ) : 403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) : 403-479-4220

ਵਿਸ਼ੇਸ਼ ਸਹਿਯੋਗ: ਹਰਚਰਨ ਸਿੰਘ ਸਿੱਖ ਵਿਰਸਾ : 403-681-8689 | ਸੁਖਵੀਰ ਗਰੇਵਾਲ : 403-402-0770

ਸਪਾਂਸਰਜ਼ ਅਤੇ ਮੀਡੀਆ ਦਾ ਧੰਨਵਾਦ

## ਅੰਤਰ-ਸਾਮਰਾਜੀ ਵਿੱਤੀ-ਜੰਗ ਤੇਜ਼

# ਡਾਲਰ ਦੀ ਸੰਸਾਰ ਚੌਧਰ ਅੰਤ ਵੱਲ, ਨਵੀਂ ਕਰੰਸੀ ਮੈਦਾਨ ਵਿੱਚ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਂਟਾਰੀਓ



ਮੌਜੂਦਾ ਸਰਮਾਏਦਾਰੀ ਪ੍ਰਬੰਧ ਵਿੱਚ ਸੰਸਾਰ ਇਕ ਗਲੋਬਲ ਪਿੰਡ ਬਣ ਗਿਆ ਹੈ ਅਤੇ ਇਸ ਦੀ ਚੌਧਰ ਲਈ ਅੰਤਰ-ਸਾਮਰਾਜੀ ਮੁਕਾਬਲੇਬਾਜ਼ੀ ਦਾ ਦੌਰ ਚਲਦਾ ਰਹਿੰਦਾ ਹੈ। ਮੰਡੀ ਵੰਡ ਦਾ ਰੌਲਾ, ਵਿੱਤੀ ਸਰਮਾਏ ਦੀ ਜੰਗ, ਵਪਾਰਕ ਜੰਗ, ਕੁਦਰਤੀ ਸਰੋਤਾਂ ਦੇ ਕਬਜ਼ੇ ਦੀ ਲੜਾਈ ਜਾਰੀ ਹੈ। ਸਾਮਰਾਜੀ ਦੇਸ਼ ਇਸ ਮੁਕਾਬਲੇ ਵਿੱਚ ਬਣੇ ਰਹਿਣ ਲਈ ਜਾਂ ਦੂਸਰੇ ਮੁਲਕਾਂ 'ਤੇ ਦਾਬਾ ਕਾਇਮ ਰੱਖਣ ਲਈ ਜੰਗੀ ਹਥਿਆਰਾਂ 'ਤੇ ਵੱਡੀ ਰਕਮ ਖ਼ਰਚਦੇ ਹਨ। ਕਦੇ ਕਦੇ ਇਹ ਖਤਰਨਾਕ ਜੰਗਾਂ ਦਾ ਰੂਪ ਵੀ ਧਾਰ ਲੈਂਦੀ ਹੈ। ਇਕ ਪਾਸੇ ਅਮਰੀਕਨ ਅਤੇ ਯੁਰਪੀਅਨ ਦੇਸ਼ ਸਮੂਹ ਹਨ, ਦੂਸਰੇ ਪਾਸੇ ਰੂਸ ਅਤੇ ਚੀਨ ਅਲਗ-ਅਲਗ ਧਿਰਾਂ ਦੇ ਰੂਪ ਵਿੱਚ ਕੰਮ ਕਰਦੇ ਰਹੇ। ਇਤਿਹਾਸ ਗਵਾਹ ਹੈ ਕਿ ਅਮਰੀਕਾ ਅਤੇ ਇਸ ਦੇ ਜੋਟੀਦਾਰ ਮੁਲਕ ਆਪਣੀ ਸਾਮਰਾਜੀ ਧੌਂਸ ਕਾਇਮ ਰੱਖਣ ਲਈ ਸੰਸਾਰ ਦੇ ਕਿਸੇ ਨਾ ਕਿਸੇ ਹਿੱਸੇ ਅੰਦਰ ਜੰਗ ਲਾਈ ਰੱਖਦੇ ਹਨ। ਉਨੀਵੀਂ ਸਦੀ ਤੋਂ ਹੁਣ ਤੱਕ ਮੁਖ ਰੂਪ ਵਿੱਚ ਅਮਰੀਕੀ ਸਾਮਰਾਜ ਦਾ ਪਲੜਾ ਭਾਰੂ ਰਿਹਾ ਹੈ। ਇਹ ਸਿਰਫ਼ ਹਥਿਆਰਾਂ ਨਾਲ ਹੀ ਨਹੀਂ ਸਗੋਂ ਅੰਤਰ-ਰਾਸ਼ਟਰੀ ਕਰੰਸੀ ਬਣੇ ਡਾਲਰ ਨਾਲ ਵੀ ਸਾਰੀ ਦੁਨੀਆਂ ਉੱਤੇ ਆਪਣਾ ਵਿੱਤੀ ਗਲਬਾ ਕਾਇਮ ਰੱਖਦਾ ਹੈ। ਸੰਨ 1944 ਤੋਂ ਸੰਸਾਰ ਵਪਾਰ ਲਈ, ਅੰਤਰਰਾਸ਼ਟਰੀ ਕਰੰਸੀ ਦੇ ਤੌਰ 'ਤੇ ਅਮਰੀਕਨ ਡਾਲਰ ਦੀ ਚੌਧਰ, ਸੰਸਾਰ ਦੇ ਮੁਲਕਾਂ ਨੇ ਰਜ਼ਾਮੰਦੀ ਨਾਲ ਬਣਾਈ ਸੀ। ਅਮਰੀਕਾ ਨੇ ਡਾਲਰ ਦੀ ਇਸ ਚੌਧਰ ਨੂੰ ਬਰਕਰਾਰ ਰੱਖਣ ਲਈ ਲਗਾਤਾਰ ਹਥਿਆਰ-ਬੰਦ ਜੰਗਾਂ ਅਤੇ ਰਾਜ-ਪਲਟਿਆਂ ਦਾ ਸਹਾਰਾ ਲਿਆ।

ਅਮਰੀਕਾ ਆਪਣੇ ਸਾਮਰਾਜੀ ਦਾਬੇ ਲਈ ਡਾਲਰ ਨੂੰ ਵੀ ਵਿੱਤੀ ਹਥਿਆਰ ਦੇ ਰੂਪ ਵਿਚ ਵਰਤਦਾ ਹੈ। ਦੂਜੇ ਮੁਲਕਾਂ ਵੱਲੋਂ ਅਮਰੀਕਾ ਕੋਲ ਰੱਖੇ ਰਿਜ਼ਰਵ ਕਰੰਸੀ ਦੇ ਅਸੈਟਸ ਨੂੰ ਜ਼ਬਤ ਕਰਕੇ ਜਾਂ ਟੈਰਿਫ ਆਰਿਥਕ ਜੰਗ ਰਾਹੀਂ ਦੂਸਰੇ ਦੇਸ਼ਾਂ ਨੇ ਲਗਾਤਾਰ ਪ੍ਰੇਸ਼ਾਨੀ ਵਿੱਚ ਪਾਈ ਰੱਖਦਾ ਹੈ।ਹਰ ਹੱਥਕੰਡੇ ਵਰਤ ਕੇ ਅਮਰੀਕਾ ਨੇ ਦੂਜੇ ਦੇਸ਼ਾਂ ਦੀ ਖੁਦਮੁਖਤਾਰੀ ਅਤੇ ਆਜ਼ਾਦੀ ਨੂੰ ਆਪਣੇ ਸਾਮਰਾਜੀ ਧੱਕੇ ਦਾ ਨਿਸ਼ਾਨਾ ਬਣਾਇਆ। ਕਿਊਬਾ, ਈਰਾਕ, ਲੀਬੀਆ, ਵੈਂਜ਼ੁਐਲਾ ਆਦਿ ਕਈ ਮੁਲਕਾਂ ਨੂੰ ਡਾਲਰ ਤੋਂ ਇਨਕਾਰੀ ਹੋਣ ਦਾ ਨੁਕਸਾਨ ਝੱਲਣਾ ਪਿਆ।ਦਹਾਕਿਆਂ ਤੋਂ ਅਮਰੀਕੀ ਗਲੋਬਲ ਦਬਦਬੇ ਦੀ ਰੀੜ੍ਹ ਦੀ ਹੱਡੀ ਡਾਲਰ ਪ੍ਰਣਾਲੀ ਨੂੰ ਹੁਣ ਈਰਾਨ ਸਿੱਧੇ ਤੌਰ 'ਤੇ ਚੁਣੌਤੀ ਦੇ ਰਿਹਾ ਹੈ। ਸੰਸਾਰ ਵਿੱਚ ਡਾਲਰ ਦੀ ਚੌਧਰ ਨੂੰ ਚੈਲੰਜ ਕਰਨ ਦੀ ਮੌਜੂਦਾ ਸ਼ਕਤੀ ਇਕਦਮ ਪ੍ਰਗਟ ਨਹੀਂ ਹੋਈ। ਪਿਛਲੇ ਸਮੇਂ ਤੋਂ ਸੰਸਾਰ ਅੰਦਰ, ਨਵੀਂ ਸੰਸਾਰ ਕਰੰਸੀ ਦੇ ਕਦਮਾਂ ਦੀ ਪੈੜ੍ਹਚਾਲ ਸੁਣਾਈ ਦੇਣੀ ਸ਼ੁਰੂ ਹੋ ਗਈ ਸੀ। ਲੰਬੇ ਸਮੇਂ ਤੋਂ ਸੰਸਾਰ ਅੰਦਰ ਅੰਤਰ-ਸਾਮਰਾਜੀ ਖਹਿਭੇੜ ਵਿਚ ਅਮਰੀਕੀ ਡਾਲਰ ਆਪਣੀ ਏਕਾਧਿਕਾਰ ਪ੍ਰਭੁਸੱਤਾ ਦਾ ਧਰਾਤਲ ਗਵਾ ਰਿਹਾ ਹੈ ਅਤੇ ਨਵੀਂ ਕਰੰਸੀਆਂ ਕ੍ਰਿਪਟੋ/ਬਿਟਕਾਉਨ, ਚੀਨੀ ਯੁਆਨ ਜਾਂ ਬ੍ਰਿਕਸ (BRICS) ਆਦਿ ਅੰਤਰ-ਰਾਸ਼ਟਰੀ ਮੁਦਰਾਵਾਂ ਦੇ ਰੂਪ ਵਿੱਚ ਪੈਰ ਪਸਾਰ ਰਹੀਆਂ ਹਨ।

**ਅਮਰੀਕਨ ਡਾਲਰ ਦੀ ਚੌਧਰ ਦਾ ਇਤਿਹਾਸ** :- ਡਾਲਰ ਦੀ ਸੱਤਾ ਦੀ ਸਥਾਪਨਾ ਦੂਜੇ ਵਿਸ਼ਵ ਯੁੱਧ ਦੇ ਨਤੀਜੇ ਵੱਜੋਂ ਹੋਈ ਸੀ। ਸੰਨ 1939 ਤੋਂ 1945 ਤੱਕ ਚਲੇ ਦੂਜੇ ਵਿਸ਼ਵ ਯੁੱਧ ਦੌਰਾਨ, ਬ੍ਰਿਟਿਸ਼ ਸਾਮਰਾਜ ਦੇ ਪਤਨ ਹੋ ਰਿਹਾ ਸੀ ਅਤੇ ਇਸ ਦੀ ਹੈਸੀਅਤ ਨਹੀਂ ਸੀ ਰਹੀ ਕਿ ਉਹ ਸੰਸਾਰ 'ਤੇ ਆਪਣੇ ਪੌਂਡ ਦਾ ਦਬਦਬਾ ਪਹਿਲਾਂ ਦੀ ਤਰ੍ਹਾਂ ਕਾਇਮ ਰੱਖ ਸਕੇ। ਵਿਸ਼ਵ ਯੁੱਧ ਦੌਰਾਨ ਬ੍ਰਿਟੇਨ ਅਤੇ ਇਸਦੇ ਮਿੱਤਰ ਮੁਲਕ, ਅਥਾਹ ਜੰਗੀ ਖਰਚਿਆਂ ਕਾਰਣ ਆਰਿਥਕ ਮੰਦਵਾੜੇ ਦਾ ਸ਼ਿਕਾਰ ਹੋ ਗਏ ਸਨ। ਮੁੱਢ ਤੋਂ ਸੰਸਾਰ ਅੰਦਰ, ਅੰਤਰ-ਰਾਸ਼ਟਰੀ ਵਪਾਰ ਲਈ, ਕਿਸੇ ਦੇਸ਼ ਦੀ ਕਰੰਸੀ ਦੀ ਖਰੀਦ-ਸ਼ਕਤੀ, ਉਸ ਦੇਸ਼ ਦੇ ਕੋਲ ਰੱਖੇ ਸੋਨੇ ਦੇ ਰਿਜ਼ਰਵਾਂ ਨਾਲ ਮਾਪੀ ਜਾਂਦੀ ਰਹੀ ਸੀ। ਇਸ ਸਮੇਂ, ਅਮਰੀਕਾ ਤੋਂ ਇਲਾਵਾ ਸਾਰੇ ਮੁਲਕਾਂ ਕੋਲ ਸੋਨੇ ਦੇ ਕੌਮੀ ਰਿਜ਼ਰਵ ਭੰਡਾਰ ਦੀ ਗਿਰਾਵਟ ਆ ਗਈ ਸੀ। ਉਸ ਵੇਲੇ ਬ੍ਰਿਟਿਸ਼ ਪੌਂਡ ਦੀ ਸਰਦਾਰੀ ਦੇ ਬਦਲ ਲਈ, ਅੰਤਰ-ਰਾਸ਼ਟਰੀ ਕਰੰਸੀ ਲਈ ਨਵੀਂ ਕਰੰਸੀ ਦੀ ਚੋਣ ਜ਼ਰੂਰੀ ਸੀ। ਇਸ ਸਮੇਂ ਸੰਸਾਰ ਮੰਡੀ ਨੂੰ ਅਜੀਹੇ ਦੇਸ਼ ਦੀ ਜ਼ਰੂਰਤ ਸੀ ਜਿਸਦਾ ਆਪਣਾ ਇਕੱਲੇ ਦਾ ਆਰਥਿਕ ਢਾਂਚਾ ਵੱਡਾ ਅਤੇ ਮਜ਼ਬੂਤ ਹੋਵੇ ਅਤੇ ਜਿਸ ਦੇਸ਼ ਕੋਲ ਸੋਨੇ ਦੀ ਕੌਮੀ ਰਿਜ਼ਰਵ ਮਾਤਰਾ ਵੀ ਕਾਫ਼ੀ ਹੋਵੇ। ਇਨ੍ਹਾਂ ਮਾਪ ਦੰਡਾਂ ਉਪਰ ਇੱਕਲਾ ਸੰਯੁਕਤ ਰਾਜ ਅਮਰੀਕਾ ਹੀ ਪੂਰਾ ਉਤਰਦਾ ਵਿਖਾਈ ਦਿੰਦਾ ਸੀ। ਉਸ ਵੇਲੇ, ਯੂ.ਐਸ. ਅਮਰੀਕਾ ਦੁਨੀਆ ਦੇ ਲਗਭਗ 75% ਸੋਨੇ (ਲਗਭਗ 22,000 ਟਨ) ਨੂੰ ਨਿਯੰਤਰਿਤ ਕਰਦਾ ਸੀ ਅਤੇ ਇਸ ਦੇਸ਼ ਦਾ ਆਰਥਿਕ ਢਾਂਚਾ ਵੱਡਾ ਸੀ। ਇਹ ਸੰਸਾਰ ਰੰਸੀ ਲਈ ਚੌਧਰ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਇਆ, ਗਲੋਬਲ ਮੁਦਰਾਵਾਂ ਨੂੰ ਜੋੜਣ ਲਈ ਸਮਰਥ ਸੀ।

ਜੁਲਾਈ 1944 ਵਿੱਚ ਸੰਯੁਕਤ ਰਾਸ਼ਟਰ ਦੀ ਮੁਦਰਾ ਅਤੇ ਵਿੱਤੀ ਕਾਨਫਰੰਸ ਵਿੱਚ ਬ੍ਰੇਟਨ ਵੁੱਡਸ ਕਾਨਫਰੰਸ, ਨਿਊ ਹੈਂਪਸ਼ਾਇਰ ਵਿੱਚ ਹੋਈ, ਜਿਸ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ 44 ਸਹਿਯੋਗੀ ਦੇਸ਼ਾਂ ਦੇ ਡੈਲੀਗੇਟਾਂ ਦੁਆਰਾ ਹਿੱਸਾ ਲਿਆ ਗਿਆ।ਕਾਨਫਰੰਸ ਦਾ ਉਦੇਸ਼, ਵਿਸ਼ਵ-ਯੁੱਧ ਦੇ ਸਮੇਂ ਪ੍ਰਾਪਤ ਕੀਤੇ ਸਬਕਾਂ ਦੇ ਧਿਆਨ ਵਿੱਚ, ਆਰਥਿਕ ਸਹਿਯੋਗ, ਵਪਾਰ ਅਤੇ ਯੁੱਧ ਤੋਂ ਬਾਅਦ ਦੇ ਪੁਨਰ ਨਿਰਮਾਣ ਨੂੰ ਉਤਸ਼ਾਹਤ ਕਰਨਾ ਸੀ। ਇਸ ਕਾਨਫਰੰਸ ਵਿੱਚ ਸੰਸਾਰ ਵਪਾਰ ਨੂੰ ਚਲਾਉਣ ਅਤੇ ਭਵਿੱਖੀ ਸ਼ਾਂਤੀ ਦੀ ਭਾਵਨਾ ਨਾਲ 'ਨਿਯਮ ਅਧਾਰਿਤ ਸੰਸਾਰ ਪ੍ਰਬੰਧ' ਦਾ ਪ੍ਰੋਗਰਾਮ ਉਲੀਕੀਆ ਗਿਆ। ਇਸ ਕਾਨਫਰੰਸ ਵਿੱਚ ਅਮਰੀਕੀ ਡਾਲਰ ਨੂੰ ਅੰਤਰਰਾਸ਼ਟਰੀ ਮੁਦਰਾ ਵਜੋਂ ਸ਼ਾਮਲ ਕੀਤਾ ਗਿਆ। ਡਾਲਰ ਅੰਤਰਰਾਸ਼ਟਰੀ ਮਾਪਦੰਡਾਂ ਲਈ ਸੋਨੇ ਦੇ ਭੰਡਾਰ ਨਾਲ ਜੁੜਿਆ ਹੋਇਆ ਸੀ। ਇਸ ਲਈ ਗਲੋਬਲ ਵਪਾਰ ਲਈ ਇਸ ਨੂੰ ਪ੍ਰਤੀ ਇੱਕ ਡਾਲਰ ਨੂੰ 35 ਡਾਲਰ ਪ੍ਰਤੀ ਔਂਸ ਸੋਨੇ ਨਾਲ 'ਤੇ ਜੋੜਿਆ ਗਿਆ। ਉਸੇ ਦਿਨ ਤੋਂ ਅਮਰੀਕਨ ਡਾਲਰ, ਸੋਨੇ ਦੀ ਪ੍ਰਣਾਲੀ ਵਾਲੀ "ਗੋਲਡ ਵਿੰਡੋ" ਵਾਲੀ ਅੰਤਰ-ਰਾਸ਼ਟਰੀ ਕਰੰਸੀ ਬਣ ਗਈ ਅਤੇ ਯੂ.ਐਸ. ਅਮਰੀਕਨ ਡਾਲਰ ਦੀ ਸਰਦਾਰੀ ਕਾਇਮ ਹੋ ਗਈ। ਡਾਲਰ ਨਾਲ ਪੂੰਜੀ, ਨਿਵੇਸ਼ ਅਤੇ ਪੈਸੇ ਦਾ ਅੰਤਰ-ਰਾਸ਼ਟਰੀ ਪ੍ਰਵਾਹ ਜਾਰੀ ਕੀਤਾ ਗਿਆ। ਇਸ ਨਾਲ ਅਮਰੀਕੀ ਡਾਲਰ ਨੇ ਅੰਤਰ-ਰਾਸ਼ਟਰੀ ਗਲੋਬਲ ਵਪਾਰ ਦਾ ਕੇਂਦਰ ਬਣ ਕੇ ਆਪਣਾ ਏਕਾਧਿਕਾਰ ਕਾਇਮ ਕਰ ਲਿਆ। ਇਸਦਾ ਅਰਥ ਹੈ ਕਿ ਜਿਸ ਦੇਸ਼ ਕੋਲ ਅਮਰੀਕਨ ਡਾਲਰ ਹੈ, ਤਾਂ ਤੁਸੀਂ ਇਸ ਨੂੰ ਸੋਨੇ ਵਿੱਚ ਬਦਲ ਸਕਦੇ ਹੋ। ਦੂਸਰੇ ਅਰਥਾਂ ਵਿੱਚ, ਅਮਰੀਕਨ ਡਾਲਰ ਵਟਾਂਦਰੇ ਵਿੱਚ ਕਿਸੇ ਦੇਸ਼ ਦੀ ਕਰੰਸੀ ਦੀ ਤਾਕਤ ਦਾ ਮਾਪ-ਦੰਡ ਸੋਨਾ ਸੀ।

ਇਸ ਤੋਂ ਬਾਅਦ ਅੰਤਰ-ਰਾਸ਼ਟਰੀ ਵਪਾਰ ਲਈ, ਸਾਰੇ ਦੇਸ਼ਾਂ ਨੇ ਸੰਸਾਰ ਵਪਾਰ ਲਈ ਸੋਨੇ ਬਦਲੇ ਯੂ.ਐਸ ਅਮਰੀਕੀ ਖਜ਼ਾਨਾ ਬਾਂਡ ਖਰੀਦਣੇ ਸ਼ੁਰੂ ਕਰ ਦਿੱਤੇ। ਅੰਤਰ-ਰਾਸ਼ਟਰੀ ਕਰੰਸੀ ਬਨਣ ਨਾਲ ਅਮਰੀਕਾ ਨੂੰ ਸੰਸਾਰ ਭਰ ਦੇ ਦੇਸ਼ਾਂ ਦਾ ਸਰਮਾਇਆ ਨਿਵੇਸ਼ ਪ੍ਰਾਪਤ ਹੋਇਆ। ਇਸ ਨਾਲ, ਇਸ ਨੂੰ ਵੱਡਾ ਵਪਾਰਕ ਲਾਭ ਹੋਇਆ ਅਤੇ ਇਸ ਨੇ ਆਪਣੇ ਫੌਜੀ ਖਰਚਿਆਂ ਵਿੱਚ ਵਧ ਸਰਮਾਇਆ ਲਗਾਉਣਾ ਸ਼ੁਰੂ ਕਰ ਦਿੱਤਾ ਅਤੇ ਧੜਵੈਲ ਬਣ ਗਿਆ। ਪਰ ਸਮੇਂ ਦੇ ਨਾਲ ਨਾਲ ਹਾਲਤਾਂ ਬਦਲਦੀ ਰਹੀਆਂ। ਅਮਰੀਕਾ ਆਪਣੇ ਧੜਵੈਲ ਰਵੱਈਏ ਕਾਰਣ ਲਗਾਤਾਰ ਕਈ ਸਿੱਧੇ ਜਾਂ ਅਸਿੱਧੀਆਂ ਜੰਗਾ ਵਿੱਚ ਉਲਝਦਾ ਰਿਹਾ ਜਿਵੇਂ ਕੋਰੀਅਨ ਵਾਰ (ਸੰਨ 1950-1953) ਅਤੇ ਲੰਬਾ ਸਮਾਂ 1955 ਤੋਂ 1975 ਚਲੀ ਵੀਅਤਨਾਮ ਦੀ ਲੜਾਈ ਜਿਸ ਵਿੱਚ ਅਮਰੀਕਾ ਦਾ ਅਥਾਹ ਖਰਚਾ ਹੋਇਆ। ਇਸ ਕਰਕੇ ਅਮਰੀਕਾ ਦੇ ਸੋਨੇ ਦੇ ਰਿਜ਼ਰਵ ਭੰਡਾਰ ਵਿੱਚ ਗਿਰਾਵਟ ਆ ਗਈ। ਰੱਖਿਆ ਖਰਚਿਆਂ ਨੂੰ ਪੂਰਾ ਕਰਨ ਲਈ ਅਮਰੀਕਾ ਨੂੰ ਖਰਬਾਂ ਦੀ ਰਕਮ ਦੇ ਪੇਪਰ-ਮਨੀ ਡਾਲਰ ਛਾਪਣ ਲਈ ਮਜਬੂਰ ਹੋਣਾ ਪਿਆ। ਇਸ ਨਾਲ ਡਾਲਰ ਮੁਦਰਾ ਦਾ ਫੈਲਾਅ ਹੁੰਦਾ ਗਿਆ ਅਤੇ ਸੋਨੇ ਦੇ ਮੁਕਾਬਲੇ ਇਸ ਦੀ ਕੀਮਤ ਘਟਦੀ ਗਈ। ਇਸ ਦੇ ਡਾਲਰ ਛਾਪਣ ਨਾਲ, ਦੂਸਰੇ ਦੇਸ਼ਾਂ ਵੱਲੋਂ ਸੰਭਾਲੇ ਡਾਲਰ ਰਿਜ਼ਰਵ ਦੀ ਕੀਮਤ ਵੀ ਗਿਰ ਜਾਂਦੀ ਹੈ।

ਲਗਾਤਾਰ ਪੇਪਰ-ਮਨੀ ਛਾਪਣ ਨਾਲ, ਡਾਲਰ ਅਤੇ ਸੋਨੇ ਦੇ ਭੰਡਾਰ ਦਾ ਬੈਂਲੇਸ ਡਾਂਵਾਡੋਲ ਹੁੰਦਾ ਗਿਆ। ਫਰਾਂਸ, ਜਰਮਨੀ ਅਤੇ ਭਾਰਤ ਵਰਗੇ ਦੇਸ਼ਾਂ ਨੇ ਅਮਰੀਕਾ ਕੋਲੋਂ, ਉਨ੍ਹਾਂ ਦੁਆਰਾ ਰੱਖੇ ਰਿਜ਼ਰਵ ਸੋਨੇ ਦੇ ਭੰਡਾਰਾਂ ਨੂੰ ਵਾਪਸ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਸੰਨ 1971 ਤੱਕ ਇਹ ਦਬਾਅ ਲਗਾਤਾਰ ਵਧਦਾ ਰਿਹਾ। ਇਸ ਗੱਲ ਦੀ ਮਜਬੂਰੀ ਨੇ 1971 ਵਿੱਚ ਅਮਰੀਕੀ ਰਾਸ਼ਟਰਪਤੀ ਨਿਕਸਨ ਨੇ ਹੈਰਾਨ ਕਰਨ ਵਾਲੀ ਘੋਸ਼ਣਾ ਕੀਤੀ ਕਰਕੇ ਅਮਰੀਕੀ ਡਾਲਰ ਸੋਨੇ ਦੀ ਪ੍ਰਣਾਲੀ "ਗੋਲਡ ਵਿੰਡੋ" ਨੂੰ ਇਕਦਮ ਖਤਮ ਕਰ ਦਿੱਤਾ। ਇਸ ਦਾ ਮਤਲਬ ਕਿ ਅਮਰੀਕਾ ਨੇ ਆਪਣੇ ਡਾਲਰ ਨੂੰ ਸੋਨੇ ਨਾਲੋਂ ਡੀ-ਲਿੰਕ ਕਰ ਦਿੱਤਾ। ਮਤਲਬ ਹੁਣ ਅਮਰੀਕਨ ਡਾਲਰ ਬਦਲੇ ਸੋਨੇ ਦੇਣ ਦਾ ਵਾਅਦਾ ਬੰਦ ਕਰ। ਇਸ 'ਤੇ ਦੁਸਰੇ ਦੇਸ਼ਾਂ ਨੇ ਡਾਲਰ 'ਤੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ ਕਿ ਹੁਣ ਡਾਲਰ ਰਿਜ਼ਰਵ ਰੱਖਣ ਦਾ ਕੀ ਫਾਇਦਾ? ਇਸ ਸਮੇਂ ਅਮਰੀਕਾ ਦਾ ਧਿਆਨ, ਉਰਜਾ ਦੇ ਮੁੱਖ ਸਰੋਤ ਪੈਟਰੋਲੀਅਮ ਪਦਾਰਥਾਂ ਵੱਲ ਗਿਆ, ਕਿਉਂਕਿ ਹਰ ਦੇਸ਼ ਨੂੰ ਉਰਜਾ ਲਈ ਪੈਟਰੋਲੀਅਮ ਵਸਤਾਂ ਦੀ ਜ਼ਰੂਰਤ ਸੀ। ਯਾਦ ਰਹੇ, ਪੈਟਰੋਲਿਅਮ ਸਿਰਫ਼ ਪੈਟਰੋਲ ਹੀ ਨਹੀਂ ਸਗੋਂ ਡੀਜ਼ਲ, ਰਸੋਈ ਗੈਸ, ਲੁੱਕ, ਪਲਾਸਟਿਕ, ਖੇਤੀ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ ਦਾ ਵੀ ਮੁੱਖ ਸਰੋਤ ਹੈ।

**ਪੈਟਰੋ-ਡਾਲਰ ਸਿਸਟਮ ਦੀ ਸ਼ੁਰੂਆਤ**:- ਆਪਣੇ ਡਾਲਰ ਲਈ ਅੰਤਰ-ਰਾਸ਼ਟਰੀ ਕਰੰਸੀ ਦੇ ਦਬਦਬੇ ਨੂੰ ਕਾਇਮ ਰੱਖਣ ਲਈ, ਅਮਰੀਕਾ ਨੇ ਸਾਲ 1974 ਵਿੱਚ ਇੱਕ ਰਣਨੀਤਕ ਵੱਡਾ ਕਦਮ ਚੁੱਕਿਆ। ਇਸ ਨੇ ਸਾਊਦੀ ਅਰਬ ਨਾਲ ਇੱਕ ਸਮਝੌਤਾ ਕੀਤਾ, ਜਿਸ ਦੇ ਤਹਿਤ ਸਾਊਦੀ ਸੰਸਾਰ ਮੰਡੀ ਵਿੱਚ ਤੇਲ ਦੀ ਵਿਕਰੀ ਸਿਰਫ਼ ਅਮਰੀਕੀ ਡਾਲਰ ਵਿੱਚ ਵੇਚੇਗਾ। ਸਾਊਦੀ ਅਰਬ ਹੀ ਇਕਲੇ ਹੀ ਸਾਰੇ ਸੰਸਾਰ ਦਾ ਤਕਰੀਬਨ 17% ਐਕਸਪੋਰਟ ਦੇਸ਼ ਹੈ ਅਤੇ ਬਹੁਤ ਸਾਰੇ ਦੇਸ਼ ਇਸ ਤੇ ਨਿਰਭਰ ਹਨ। ਸਾਉਦੀ ਆਪਣੇ ਮੁਨਾਫ਼ੇ ਤੋਂ ਪ੍ਰਾਪਤ ਸਰਪਲਸ ਸਰਮਾਏ ਨੂੰ ਮੁੜ ਅਮਰੀਕੀ ਆਰਥਿਕਤਾ ਵਿੱਚ ਨਿਵੇਸ਼ ਕਰੇਗਾ। ਤੇਲ ਉਤਪਾਦਕ ਦੂਸਰੇ ਓਪੈਕ ਮੈਂਬਰ ਦੇਸ਼ ਈਰਾਨ, ਈਰਾਕ, ਕੁਵੈਤ ਆਦਿ ਨੇ ਵੀ ਇਸੇ ਤਰੀਕੇ ਨੂੰ ਅਪਣਾਉਂਦੇ ਹੋਏ, ਅਮਰੀਕਨ ਡਾਲਰ ਨਾਲ ਤੇਲ ਵੇਚਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੇਸ਼ਾਂ ਨੂੰ ਅਮਰੀਕਾ ਵੱਲੋਂ ਸੁਰੱਖਿਆ ਅਤੇ ਹਥਿਆਰਾਂ ਦੀ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਗਿਆ। ਹੁਣ ਸਉਦੀ ਅਰਬ ਅਤੇ ਓਪੇਕ ਤੇਲ ਉਤਪਾਦਕ ਦੇਸ਼ ਤੇਲ ਉਤਪਾਦਨ ਨਾਲ ਹੋਏ ਅਥਾਹ ਮੁਨਾਫੇ ਨੂੰ ਵਾਪਸ ਯੂ.ਐਸ ਅਮਰੀਕਾ ਦੇ ਅਰਥਚਾਰੇ ਵਿੱਚ ਨਿਵੇਸ਼ ਕਰਨ ਲੱਗੇ। ਡਾਲਰ ਨੂੰ ਪੈਟਰੋਲੀਅਮ ਨਾਲ ਲਿੰਕ ਕਰਨ ਨਾਲ, ਪੈਟਰੋ-ਡਾਲਰ ਪ੍ਰਣਾਲੀ ਦੀ ਸ਼ੁਰੂਆਤ ਹੋਈ ਅਤੇ ਬ੍ਰੈਟਨ ਵੁੱਡਸ ਨਾਲ ਬਣੀ "ਗੋਲਡ ਵਿੰਡੋ" ਪ੍ਰਣਾਲੀ ਦਾ ਰਸਮੀ ਖਾਤਮਾ ਕਰ ਦਿੱਤਾ ਗਿਆ। ਜਿਸ ਨਾਲ ਡਾਲਰਾਂ ਦੀ ਵਿਸ਼ਵਵਿਆਪੀ ਮੰਗ ਪੈਦਾ ਹੋਈ ਅਤੇ ਅਮਰੀਕੀ ਆਰਥਿਕ ਅਤੇ ਭੂ-ਰਾਜਨੀਤਿਕ ਪ੍ਰਭਾਵ ਨੂੰ ਮਜ਼ਬੂਤ ਕੀਤਾ ਗਿਆ। ਸੰਨ 2022 ਦੇ ਅੰਕੜੇ ਦਸਦੇ ਹਨ ਕਿ ਸੰਸਾਰ ਦੇ ਤੇਲ ਉਤਪਾਦਨ ਮੁਲਕਾਂ ਵਿੱਚੋਂ 79.5% ਤੇਲ ਉਤਪਾਦਨ ਇਨ੍ਹਾਂ ਖਾੜੀ ਮੁਲਕਾਂ ਵਿੱਚ ਹੁੰਦਾ ਹੈ। ਇਸ ਨਾਲ ਪੈਟਰੋਲੀਅਮ ਪਦਾਰਥ ਖਰੀਦਣ ਲਈ ਸੰਸਾਰ ਵਿੱਚ ਸਥਾਈ ਡਾਲਰ ਦੀ ਮੰਗ ਪੈਦਾ ਹੋ ਗਈ। ਹੁਣ ਸੰਸਾਰ ਦੇ ਹਰ ਦੇਸ਼ ਦੀ ਮੁਦਰਾ ਦਾ ਮਾਪਦੰਡ ਸੋਨੇ ਦੀ ਬਜਾਏ ਅਮਰੀਕੀ ਪੇਪਰ-ਮਨੀ ਡਾਲਰ ਵਿੱਚ ਤਬਦੀਲ ਹੋ ਗਿਆ। ਤੇਲ ਲਈ ਡਾਲਰ ਦੀ ਅਣਸਰਦੀ ਜ਼ਰੂਰਤ ਹੋਣ ਕਰਕੇ ਡਾਲਰ ਦਾ ਏਕਾਧਿਕਾਰ ਫ਼ਿਰ ਬਹਾਲ ਰਿਹਾ। ਸੰਸਾਰ ਦੇ ਤਕਰੀਬਨ ਸਾਰੇ ਅੰਤਰ-ਰਾਸ਼ਟਰੀ ਬੈਂਕ ਅਤੇ ਵਿਤੀ ਅਦਾਰੇ, ਲੈਣ-ਦੇਣ ਲਈ (SWIFT) 'ਸਵੀਫਟ ਕੋਡ' ਰਾਹੀਂ ਅਮਰੀਕਨ ਡਾਲਰ ਨਾਲ ਜੁੜੇ ਹੋਏ ਹਨ।

ਹਰੇਕ ਦੇਸ਼ ਨੂੰ ਆਪਣੀ ਕਰੰਸੀ ਦੀ ਕੀਮਤ ਬਰਕਰਾਰ ਰੱਖਣ ਲਈ ਸੋਨੇ ਰਿਜ਼ਰਵ ਦੀ ਬਜ਼ਾਏ ਡਾਲਰ ਭੰਡਾਰ ਰੱਖਣੇ ਸ਼ੁਰੂ ਕੀਤੇ। ਪੈਟਰੋ-ਡਾਲਰ ਪ੍ਰਣਾਲੀ ਨਾਲ ਬਾਕੀ ਦੇਸ਼ਾਂ ਦੀਆਂ ਮੁਦਰਾਵਾਂ ਲਈ ਫਲੋਟਿੰਗ ਐਕਸਚੇਂਜ ਰੇਟਾਂ ਨੂੰ ਅਪਣਾਇਆ ਗਿਆ। ਕਿਸੇ ਦੇਸ਼ ਦੀ ਮੁਦਰਾ ਦਾ ਮੁੱਲ ਉਨ੍ਹਾਂ ਕੋਲ ਅਮਰੀਕੀ ਡਾਲਰ ਦੇ ਭੰਡਾਰ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਸਭ ਦੇਸ਼ਾ ਨੇ ਯੂ.ਐਸ ਅਮਰੀਕੀ ਖਜ਼ਾਨਾ ਬਾਂਡ ਵਿੱਚ ਨਿਵੇਸ਼ ਕਰਕੇ ਇਸਦੇ ਰਿਜ਼ਰਵ ਰੱਖਣੇ ਸ਼ੁਰੂ ਕਰ ਦਿੱਤੇ। ਇਸ ਨਾਲ ਅਮਰੀਕੀ ਡਾਲਰ ਦੇ ਅਧਾਰ 'ਤੇ ਅੰਤਰਰਾਸ਼ਟਰੀ ਵਪਾਰ ਪ੍ਰਣਾਲੀ ਚਲ ਰਹੀ ਹੈ। ਬਾਜ਼ਾਰ ਵਿਚ ਮਜ਼ਬੂਤੀ ਲਈ, ਇਹ ਪ੍ਰਣਾਲੀ ਨੁਕਸਦਾਇਕ ਵੀ ਸਾਬਿਤ ਰਹੀ।

ਸਮੇਂ ਦੇ ਨਾਲ ਪੈਟਰੋ-ਡਾਲਰ ਪ੍ਰਣਾਲੀ ਤੋਂ ਸੰਸਾਰ ਦੇ ਦੇਸ਼ਾਂ ਨੂੰ ਪ੍ਰੇਸ਼ਾਨੀ ਵੀ ਖੜ੍ਹੀ ਹੋਣੀ ਸ਼ੁਰੂ ਹੋਈ। ਇਸ ਦੀ ਸਭ ਤੋਂ ਵੱਡੀ ਕਮਜ਼ੋਰੀ ਅਮਰੀਕੀ ਡਾਲਰ ਮੁਦਰਾ ਜੋਕਿ ਸਿਰਫ਼ ਪੇਪਰ ਮਨੀ ਸੀ, ਦਾ ਵਧ ਛਪਣ ਨਾਲ ਫੈਲਾਅ ਹੈ। 2008 ਦੇ ਆਰਥਕ ਮੰਦਵਾੜੇ ਕਈ ਟ੍ਰਿਲੀਅਨ ਡਾਲਰ ਛਾਪ ਅਤੇ 2020 ਦੇ ਕੋਵਿਡ ਬੰਦੀ ਸੰਕਟ ਦੌਰਾਨ ਹੋਰ ਟ੍ਰਿਲੀਅਨ ਡਾਲਰ ਛਾਪਕੇ ਆਪਣੇ ਘਾਟੇ ਪੂਰੇ ਕੀਤੇ ਅਤੇ ਸਾਰੇ ਸੰਸਾਰ ਨੂੰ ਇਸ ਕਾਰਵਾਈ ਕਾਰਨ ਘਾਟਾ ਸਹਿਕੇ ਉਸਦੀ ਭਰਪਾਈ ਕਰਨੀ ਪਈ। ਅਮਰੀਕਾ ਨੇ ਚਾਹੇ ਇਸ ਦੀ ਮੁਦਰਾ ਅੰਤਰਰਾਸ਼ਟਰੀ ਵਪਾਰਕ ਮੁਦਰਾ ਦੀ ਤਰ੍ਹਾਂ ਵਿਵਹਾਰ ਕਰਦੀ ਹੈ ਪਰ ਅਮਰੀਕੀ ਡਾਲਰ ਦੀ ਛਪਾਈ ਪੂਰੀ ਤਰ੍ਹਾਂ ਅਮਰੀਕੀ ਸਰਕਾਰ ਦੇ ਕੰਟਰੋਲ ਵਿੱਚ ਹੈ। ਜਦੋਂ ਵੀ ਮਹਿੰਗਾਈ ਅਤੇ ਜ਼ਰੂਰਤ ਹੁੰਦੀ ਹੈ, ਯੂ.ਐਸ. ਸਰਕਾਰ ਵਧੇਰੇ ਕਾਗਜ਼ੀ ਪੈਸੇ ਛਾਪਦੀ ਹੈ। ਨਤੀਜੇ ਵਜੋਂ ਹਰ ਦੇਸ਼ ਨੂੰ ਕਰੰਸੀ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਉਹ ਸਮੱਸਿਆ ਹੈ ਜੋ ਹਰ ਦੇਸ਼ ਇਸ ਪ੍ਰਣਾਲੀ ਨਾਲ ਧੋਖਾ ਮਹਿਸੂਸ ਕਰਦਾ ਹੈ। ਕਈ ਦੇਸ਼ਾਂ ਨੇ ਇਹ ਇਤਰਾਜ਼ ਵੀ ਉਠਾਇਆ। ਇਸ ਪ੍ਰਣਾਲੀ ਦੀ ਦੂਜਾ ਨੁਕਸਾਨ ਅਮਰੀਕਾ ਦੀ ਅਥਾਹ ਆਰਥਿਕ ਅਤੇ ਵਪਾਰਕ ਤਾਕਤ ਪ੍ਰਾਪਤ ਕਰਨਾ ਹੈ। ਅਮਰੀਕਾ ਨੇ ਇਸ ਨੂੰ ਵਿੱਤੀ ਦਬਦਬੇ ਨੂੰ ਹਥਿਆਰ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਦੇਸ਼ਾਂ ਨੂੰ ਕੰਟਰੋਲ ਕਰਨ ਲਈ ਉਨ੍ਹਾਂ ਦੇ ਰਿਜ਼ਰਵ ਭੰਡਾਰ ਨੂੰ ਜ਼ਾਮ ਕਰਨਾ ਅਤੇ ਵਿੱਤੀ ਸੈਕਸ਼ਨ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਸੈਕਸ਼ਨ ਰੋਕਾਂ, ਸਿੱਧੀਆਂ ਜਾਂ ਅਸਿੱਧੀਆਂ ਵੀ ਹੋ ਸਕਦੀਆਂ ਹਨ। ਸਿੱਧੀ ਜਾਂ ਪ੍ਰਾਇਮਰੀ ਸੈਕਸ਼ਨ ਵਿੱਚ ਉਸ ਦੇਸ਼ ਨੂੰ ਸੰਸਾਰ ਮੁਦਰਾ ਪ੍ਰਣਾਲੀ ਅਤੇ ਵਪਾਰ ਤੋਂ ਬਾਹਰ ਕਰਨਾ ਹੈ। ਅਸਿੱਧੀ ਜਾਂ ਸੈਕੰਡਰੀ ਵਿੱਚ ਉਸ ਦੇਸ਼ ਨਾਲ ਵਪਾਰ ਕਰਨ ਵਾਲੇ ਦੂਸਰੇ ਦੇਸ਼ਾਂ ਨੂੰ ਆਰਥਿਕ ਧਮਕੀ ਵਰਜ਼ਿਤ ਕਰਨਾ ਹੁੰਦਾ ਹੈ।

ਬਾਜ਼ਾਰ ਵਿਚ ਮਜ਼ਬੂਤੀ ਲਈ, ਇਹ ਪ੍ਰਣਾਲੀ ਨੁਕਸਦਾਇਕ ਵੀ ਸਾਬਿਤ ਰਹੀ। ਪੈਟਰੋ-ਡਾਲਰ ਸਿਸਟਮ ਦਾ ਇੱਕ ਹੋਰ ਪਰੇਸ਼ਾਨੀ ਸੀ-ਅਟਕਲਾਂ ਵਾਲੀ ਸ਼ੇਅਰ ਮਾਰਕਿਟ। ਪੈਟਰੋ-ਡਾਲਰ ਹੁਣ ਤੇਲ ਪਦਾਰਥਾਂ ਦੇ ਅਸਲ ਉਤਪਾਦਨ ਦੇ ਨਾਲ ਨਾਲ ਸ਼ੇਅਰ ਮਾਰਕਿਟ ਵਿੱਚ ਸੰਸਾਰ ਮੰਡੀ ਦੀ ਮੰਗ-ਸਪਲਾਈ ਨਾਲ ਵੀ ਜੁੜਿਆ ਸੀ। ਤੇਲ ਬਾਜ਼ਾਰ ਦੇ ਉਤਾਰ ਚੜ੍ਹਾਅ ਨਾਲ ਜੁੜੇ ਹੋਣ ਕਾਰਣ, ਅਮਰੀਕਾ ਸਰਕਾਰ ਕੋਲ ਇਸ ਦੀ ਸ਼ੇਅਰ ਮਾਰਕਿਟ ਅਤੇ ਅਟਕਲਾਂ ਨੂੰ ਪ੍ਰਭਾਤਿਵ ਕਰਨ ਦੀ ਤਾਕਤ ਵੀ ਹਾਸਲ ਹੋ ਗਈ। ਇਸ ਨਾਲ ਸਿੱਧੇ ਅਸਿੱਧੇ ਰੂਪ ਵਿੱਚ ਅਮਰੀਕਨ ਸਰਕਾਰ ਦੇ ਫੈਸਲਿਆਂ ਦੀਆਂ ਖਬਰਾਂ ਨਾਲ ਸ਼ੇਅਰ ਮਾਰਕਿਟ ਦੇ ਰੇਟ

ਵੀ ਪ੍ਰਭਾਵਿਤ ਹੋਣ ਲੱਗੇ। ਇਸ ਤਰ੍ਹਾਂ ਡਾਲਰ ਨੂੰ ਅਸਲ ਪੈਦਾਵਾਰ ਮਾਰਕਿਟ ਨਾਲ ਜੁੜਣ ਤੋਂ ਇਲਾਵਾ ਸ਼ੇਅਰ ਮਾਰਕਿਟ ਦੀ ਪੋਰਟਫੋਲੀਓ ਨਿਵੇਸ਼ ਦੀ ਸਰਦਾਰੀ ਵੀ ਪ੍ਰਾਪਤ ਹੈ। ਜਿਸ ਦਾ ਅਸਰ ਦੇਸ਼ਾਂ ਕੋਲ ਰੱਖੇ ਯੂ ਐਸ ਖ਼ਜ਼ਾਨਾ ਬਾਂਡ ਰਿਜ਼ਰਵ ਤੇ ਵੀ ਪੈਂਦਾ ਹੈ ਮਤਲਬ ਉਨ੍ਹਾਂ ਦੇਸ਼ਾਂ ਦੀ ਕਰੰਸੀ ਦੀ ਕੀਮਤ ਵੀ ਇਸ ਦਾ ਸ਼ਿਕਾਰ ਹੋ ਜਾਂਦੀ ਹੈ।

ਪੈਟਰੋ-ਡਾਲਰ ਪ੍ਰਣਾਲੀ ਰਾਹੀਂ ਅਮਰੀਕਾ ਨੂੰ ਨਿਵੇਸ਼ ਕੀਤੇ ਖਜ਼ਾਨਾ ਬਾਂਡਾਂ ਨਾਲ ਭਾਰੀ ਮੁਨਾਫਾ ਮਿਲਿਆ ਅਤੇ ਇਨ੍ਹਾਂ ਮੁਨਾਫਿਆਂ ਦੀ ਵਰਤੋਂ ਰੱਖਿਆ ਖਰਚਿਆਂ ਲਈ ਬਹੁਤਾਤ ਨਿਵੇਸ਼ ਹਾਸਲ ਹੋ ਗਿਆ। ਪੈਟਰੋ-ਡਾਲਰ ਦੇ ਮੁਨਾਫੇ ਨਾਲ ਉਸ ਨੂੰ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਫ਼ੌਜੀ ਤਾਕਤ ਬਣਾ ਦਿੱਤਾ ਅਤੇ ਇਹ ਦੂਜੇ ਦੇਸ਼ਾਂ ਨੂੰ ਡਰਾਉਣ-ਧਮਕਾਉਣ ਲਈ ਇਸ ਦੀ ਦੁਰਵਰਤੋਂ ਕਰਦਾ ਹੈ। ਇੱਕ ਆਂਦਾਜ਼ੇ ਮੁਤਾਬਿਕ ਯੂ ਐਸ ਅਮਰੀਕਾ ਹਰ ਸਾਲ ਇੱਕ ਟ੍ਰਿਲੀਅਨ ਡਾਲਰ ਦਾ ਖ਼ਰਚਾ ਆਪਣੇ ਫੌਜ ਲਈ ਕਰਦਾ ਹੈ। ਇਸ ਕੋਲ 1.3 ਮਿਲੀਅਨ ਐਕਟਿਵ ਡਿਊਟੀ ਫੌਜੀ ਸਿਪਾਹੀ ਹਨ ਅਤੇ ਸ਼ਕਤੀਸ਼ਾਲੀ ਸਮੁੰਦਰੀ ਬੇੜਿਆਂ ਤੋਂ ਇਲਾਵਾ 13000 ਏਅਰ-ਕਰਾਫਟ ਹਨ। ਇਸ ਦੇ ਸੰਸਾਰ ਦੇ ਵੱਖ ਵੱਖ ਦੇਸ਼ਾਂ ਦੀ ਧਰਤੀ ਤੇ 750 ਫੌਜੀ ਅੱਡੇ ਹਨ। ਇਸ ਤਰ੍ਹਾਂ ਇਹ ਸਾਮਰਾਜੀ ਦੇਸ਼, ਸਭ ਤੋਂ ਸ਼ਕਤੀਸ਼ਾਲੀ ਫੌਜ ਅਤੇ ਸੰਸਾਰ ਦੇ ਹਰ ਕੋਨੇ ਵਿੱਚ ਫੌਰੀ ਤੇਜ਼ ਹਮਲਾਵਰ ਫੌਜੀ ਡਿਪਲਾਈਮੈਂਟ ਸ਼ਕਤੀ ਵਾਲਾ ਸਭ ਤੋਂ ਇੱਕ ਨੰਬਰ ਦੀ ਫੌਜੀ ਤਾਕਤ ਬਣਦਾ ਹੈ। ਇਸ ਅਥਾਹ ਫੌਜੀ ਤਾਕਤ ਕਰਕੇ ਅਮਰੀਕਾ ਦਾ ਇਹ ਹਮਲਾਵਰ ਦਬਦਬੇ ਵਾਲਾ ਵਿਵਹਾਰ ਅਸੀਂ ਦਹਾਕਿਆਂ ਤੋਂ ਦੇਖ ਰਹੇ ਹਾਂ। ਇਤਿਹਾਸ ਗਵਾਹ ਹੈ ਕਿ ਅਮਰੀਕਾ ਨੇ ਸਾਮਰਾਜੀ ਉਦੇਸ਼ਾ ਨਾਲ, ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ, ਤਖ਼ਤਾ-ਪਲਟੇ ਅਤੇ ਹਮਲਿਆਂ ਦੀ ਬਹੁਤਾਤ ਦਾ ਸਾਰੀ ਦੁਨੀਆ ਨੇ ਸਾਹਮਣਾ ਕੀਤਾ ਹੈ, ਐਲਸਲਵਾਡੋਰ (1980), ਲੀਬੀਆ (1981), ਲਿਬਿਆ (1989), ਇਰਾਕ (1998), ਅਫ਼ਗਾਨ ਜੰਗਾਂ ਆਦਿ। ਇਸ ਤੋਂ ਇਲਾਵਾ ਪ੍ਰਮੁਖ ਉਦਾਹਰਣਾਂ ਵੀਅਤਨਾਮ, ਕੋਰੀਆ, ਕੰਬੋਡੀਆ, ਇਰਾਕ, ਲੀਬੀਆ, ਪਨਾਮਾ, ਵੈਂਜ਼ੁਏਲਾ ਆਦਿ ਹਨ ਅਤੇ ਈਰਾਨ ਉੱਪਰ ਕੀਤਾ ਜਾ ਰਿਹਾ ਤਾਜ਼ਾ ਹਮਲਾ।

ਯ.ਐਸ.ਅਮਰੀਕਾ ਵੱਲੋਂ ਦੂਸਰੇ ਦੇਸ਼ਾਂ ਦੇ ਵਿੱਤੀ-ਏਸੈਟਸ ਯੂ.ਐਸ. ਖ਼ਜ਼ਾਨਾ ਬਾਂਡ ਰਿਜ਼ਰਵ ਸਰਮਾਇਆ ਜ਼ਬਤ ਕਰਨ ਦੀ ਲੜੀ ਵੀ ਲੰਬੀ ਹੈ। ਪਰ ਕੁਝ ਖ਼ਾਸ ਵਰਨਣਯੋਗ ਹਨ ਜਿਵੇਂ ਹਨ 1979 ਈਰਾਨ ਦੀ ਜ਼ਬਤ ਕੀਤਾ ਵਿੱਤੀ ਸਰਮਾਇਆ, ਸੰਨ 1990 ਵਿੱਚ ਇਰਾਕ, ਅਲੱਗ ਅਲੱਗ ਸਮੇਂ ਤੇ ਲਿਬੀਆ, ਵੈਂਜ਼ੁਏਲਾ, ਈਰਾਨ, ਕਿਊਬਾ ਆਦਿ ਦੀਆਂ ਰਿਜ਼ਰਵ ਜ਼ਬਤ ਕੀਤੀਆਂ ਗਈਆਂ ਰਕਮਾਂ ਹਨ। ਸੰਨ 2022 ਅਮਰੀਕਾ ਨੇ ਰੂਸ ਦਾ 300 ਬਿਲੀਅਨ ਡਾਲਰ ਦਾ ਰਿਜ਼ਰਵ ਰਾਤੋ ਰਾਤ ਫ਼ਰੀਜ਼ (ਜ਼ਬਤ) ਕਰਕੇ ਸਾਰੇ ਸੰਸਾਰ ਹੱਕਾ ਬੱਕਾ ਕਰ ਦਿੱਤਾ। ਇਨ੍ਹਾਂ ਜ਼ਬਤੀਆਂ ਨਾਲ ਡਾਲਰ ਨਿਵੇਸ਼ ਦੇ ਭੁਗਤਾਨ ਵਾਅਦੇ ਤੋਂ ਮੁਕਰਨ ਕਰਕੇ ਸਾਰੇ ਦੇਸ਼ਾਂ ਨੂੰ ਸਮਝ ਆ ਗਈ ਕਿ ਹੁਣ ਡਾਲਰ ਵਿੱਚ ਰਕਮ ਨਿਵੇਸ਼ ਸੁਰੱਖਿਅਤ ਨਹੀਂ ਰਹੀ। ਹੁਣ ਇਨ੍ਹਾਂ ਦੇਸ਼ਾਂ ਨੂੰ ਆਪਣੇ ਖ਼ਰੀਦੇ ਹੋਏ ਯੂ.ਐਸ. ਖ਼ਜ਼ਾਨਾ ਬਾਂਡ ਰਿਜ਼ਰਵਾਂ ਦਾ ਫ਼ਿਕਰ ਸਤਾਉਣ ਲਗ ਗਿਆ। ਇਕ ਰਿਪੋਰਟ ਮੁਤਾਬਿਕ ਅਮਰੀਕਾ ਸਿਰ, ਜਾਪਾਨ ਦਾ ਸਰਮਾਇਆ ਕਰਜ਼ੇ ਦੇ ਰੂਪ ਵਿੱਚ 1.1 ਟ੍ਰਿਲਿਅਨ ਡਾਲਰ, ਚੀਨ ਦਾ 759 ਬਿਲਿਅਨ, ਬਿਟ੍ਰਿਸ਼ ਯੂਕੇ ਦਾ 723 ਬਿਲਿਅਨ, ਲਕਸਮਬਰਗ ਦਾ 373, ਕੈਨੇਡਾ ਦਾ 328 ਬਿਲਿਅਨ ਡਾਲਰ ਹੈ। ਜਿਸ ਦੇ ਮੋੜਣ ਲਈ ਅਮਰੀਕਾ ਵੱਲੋਂ ਭੁਗਤਾਨ ਦਾ ਕਾਗਜ਼ੀ ਵਾਅਦਾ ਮਾਤਰ ਹੀ ਹੈ। ਇਸ ਤਰ੍ਹਾਂ ਅਮਰੀਕ ਸਿਰ ਸਾਰੇ ਸੰਸਾਰ ਦਾ ਕਰਜ਼ 39 ਟ੍ਰਿਲੀਅਨ ਹੈ ਅਤੇ ਸਾਲਾਨਾ 8% ਵੱਧ ਰਿਹਾ ਹੈ, ਜਿਸ ਦਾ ਵਿਆਜ ਮਾਤਰ ਹੀ ਸਾਲਾਨਾ ਇੱਕ ਟ੍ਰਿਲੀਅਨ ਡਾਲਰ ਹੈ। ਇਸੇ ਕਰਕੇ ਅਮਰੀਕਨ ਡਾਲਰ ਸਿਸਟਮ ਤੋਂ ਭਰੋਸਾ ਲਗਾਤਾਰ ਘਟਦਾ ਜਾ ਰਿਹਾ ਹੈ।

ਅਮਰੀਕਾ ਦੂਸਰੇ ਦੇਸ਼ਾਂ ਤੋਂ ਪ੍ਰਾਪਤ ਕਰਜ਼ੇ ਅਤੇ ਨਿਵੇਸ਼ਾਂ ਨੂੰ ਹੀ ਆਪਣੀਆਂ ਸ਼ਰਤਾਂ ਲਈ ਵਿੱਤੀ-ਹਥਿਆਰ ਬਣਾ ਰਿਹਾ ਹੈ। ਦੂਸਰੇ ਦੇਸ਼ਾਂ ਦੇ ਐਸੇਟਸ ਫਰੀਜ਼, ਸੈਕਸ਼ਨਾਂ, ਟੈਰਿਫਾਂ ਨੂੰ ਹਥਿਆਰ ਬਣਾਉਣ ਦੀਆਂ ਅਮਰੀਕੀ ਨੀਤੀਆਂ ਕਾਰਨ, ਬਹੁਤੇ ਦੇਸ਼ਾਂ ਨੇ ਆਪਣੇ ਰਿਜ਼ਰਵ ਸਰਮਾਏ ਘਟਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਸਮੇਂ ਡਾਲਰ ਪੂਰੇ ਦਬਾਅ ਵਿਚ ਹੈ। ਸੰਸਾਰ ਦੇ ਬਹੁਤੇ ਦੇਸ਼ ਹੁਣ ਡਾਲਰ ਸਿਸਟਮ ਤੋਂ ਬਾਹਰ ਹੋਣ ਲਈ ਬਦਲਵੀ ਸੰਸਾਰ-ਕਰੰਸੀ ਦੀ ਆਸ ਲਾਉਣ ਲੱਗ ਗਏ ਹਨ। ਦੂਸਰੀ ਸੰਸਾਰ ਕਰੰਸੀ ਅਪਣਾਉਣ ਦੇ ਰਾਹ ਵਿੱਚ ਸਭ ਤੋਂ ਵੱਡੀ ਮਜ਼ਬੂਰੀ ਹੈ ਕਿ ਅਮਰੀਕਾ ਨੂੰ ਦਿੱਤੇ ਕਰਜ਼ੇ ਨਿਵੇਸ਼ ਦੇ ਡੁੱਬਣ ਦਾ ਜੋਖ਼ਮ।

**ਡਿਜ਼ੀਟਲ ਕਰੰਸੀ ਬਿਟਕੋਇਨ/ਕ੍ਰਿਪਟੋ ਕਰੰਸੀ ਦਾ ਚਲਣ** :- ਸੱਚਾਈ ਇਹ ਹੈ ਕਿ ਡਾਲਰ ਸਿਸਟਮ ਤੋਂ ਇਲਾਵਾ ਡਿਜ਼ੀਟਲ ਕਰੰਸੀ ਬਿਟਕੋਇਨ/ਕ੍ਰਿਪਟੋ ਕਰੰਸੀ ਦਾ ਚਲਣ ਸੰਸਾਰ ਕਰੰਸੀ ਦੇ ਤੌਰ 'ਤੇ ਸ਼ੁਰੂ ਹੋ ਚੁੱਕਾ ਹੈ। ਈਰਾਨ 1979 ਤੋਂ ਅਮਰੀਕਨ ਪਾਬੰਦੀਆਂ ਕਾਰਨ ਡਾਲਰ ਸਿਸਟਮ ਤੋਂ ਅਲਗ ਹੈ। ਲੰਬੇ ਸਮੇਂ ਤੋਂ ਇਹ ਸੰਸਾਰ ਮੰਡੀ ਵਿੱਚ ਤੇਲ ਵੇਚਣ ਅਤੇ ਹੋਰ ਵਪਾਰ ਦਾ ਭੁਗਤਾਨ "ਸ਼ੈਡੋ ਬੈਂਕਿੰਗ" ਨੈਟਵਰਕ ਰਾਹੀਂ ਕਰ ਰਿਹਾ ਹੈ ਜਿਸ ਦਾ ਅੰਦਾਜ਼ਾ 9 ਬਿਲੀਅਨ ਡਾਲਰ ਦੇ ਕਰੀਬ ਲਗਾਇਆ ਜਾ ਰਿਹਾ ਹੈ। ਇਰਾਨ ਦੀ ਮਿਲਟਰੀ ਆਈ ਐਸ.ਜੀ.ਆਰ.ਸੀ ਦੀ ਅੰਦਰੂਨੀ ਆਰਥਿਕਤਾ ਵੀ ਕ੍ਰਿਪਟੋ ਡਾਲਰ ਵਿੱਚ ਹੈ ਜਿਸ ਦਾ ਅੰਦਾਜ਼ਾ 7.8 ਬਿਲੀਅਨ ਲਗਾਇਆ ਜਾ ਰਿਹਾ ਹੈ। ਵੈਂਜ਼ੁਏਲਾ ਦੁਆਰਾ ਕ੍ਰਿਪਟੋ ਡਾਲਰ ਰਾਹੀਂ ਸੰਸਾਰ ਮੰਡੀ ਵਿੱਚ ਕੀਤੇ ਗਏ ਵਪਾਰ ਦਾ ਅੰਦਾਜ਼ਾ 44.6 ਬਿਲੀਅਨ ਡਾਲਰ ਲਗਾਇਆ ਜਾ ਰਿਹਾ ਹੈ। ਸੰਨ 2025 ਵਿੱਚ ਕ੍ਰਿਪਟੋ ਆਰਥਿਕਤਾ ਵਿੱਚ ਰਾਜ ਦੁਆਰਾ ਸੰਚਾਲਿਤ ਲੈਣ-ਦੇਣ ਦੀ ਮਾਤਰਾ ਵਿੱਚ 694% ਵਾਧਾ ਸੀ। ਇਸ ਡਿਜ਼ੀਟਲ ਕਰੰਸੀ ਦਾ ਸਭ ਤੋਂ ਵੱਡਾ ਨੁਕਸਾਨ ਬੇਭਰੋਸਗੀ ਅਤੇ ਜ਼ੋਖ਼ਮ ਵਾਲੀ ਹੈ। ਸੋਨੇ ਨਾਲ ਲਿੰਕ ਨਾ ਹੋਣ ਕਾਰਣ, ਇਸ ਦਾ ਕਿਸੇ ਵੱਲੋਂ ਵੀ ਗਰੰਟੀ-ਬਗੈਰ ਹੈ ਅਤੇ ਸ਼ੇਅਰ ਮਾਰਕਿਟ ਦੀ ਡਾਂਵਾਡੋਲਤਾ ਨਾਲ ਜੁੜੀ ਹੈ। ਇਸ ਨੂੰ ਮਾਤਰ ਵਟਾਂਦਰੇ ਲਈ ਇਸਤੇਮਾਲ ਕਰਨ ਤੋਂ ਇਲਾਵਾ, ਠੋਸ ਅੰਤਰ-ਰਾਸ਼ਟਰੀ ਕਰੰਸੀ ਨਹੀਂ ਮੰਨਿਆ ਜਾ ਸਕਦਾ।

**ਚੀਨੀ ਕਰੰਸੀ ਯੁਆਨ ਦਾ ਚਲਣ**:- ਪਿਛਲੇ ਸਮੇਂ ਤੋਂ ਸੰਸਾਰ ਮੰਡੀ ਵਿੱਚ ਹੁਣ ਬਦਲਵੀਂ ਮੁਕਾਬਲੇ ਦੀ ਨਵੀਂ ਅੰਤਰ-ਰਾਸ਼ਟਰੀ ਕਰੰਸੀ ਦਾ ਵਰਤਾਰਾ ਹੌਲੀ ਹੌਲੀ ਤੋਂ ਸ਼ੁਰੂ ਹੋ ਚੁੱਕਾ ਹੈ। 2008 ਵਿੱਚ ਸੰਸਾਰ-ਮੰਦੀ ਦੇ ਦੌਰ ਵਿੱਚ ਚੀਨ ਨੇ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਕਾਫ਼ੀ ਭੂਮਿਕਾ ਨਿਭਾਈ ਅਤੇ ਆਰਥਿਕਤਾ ਨੂੰ ਅੱਗੇ ਵਧਾਇਆ। ਇਸ ਨਾਲ ਚੀਨ ਦੀ ਕਰੰਸੀ ਯੁਆਨ ਕਾਫ਼ੀ ਮਜ਼ਬੂਤੀ ਮਿਲੀ ਹੈ। ਲੰਬੇ ਸਮੇਂ ਤੋਂ ਚੀਨ ਨੇ ਸੋਨਾ ਦੀ ਖ਼ਰੀਦ ਕੇ ਇਕੱਠਾ ਕਰਨ ਅਤੇ ਅਮਰੀਕੀ ਡਾਲਰ ਦੇ ਭੰਡਾਰ ਨੂੰ ਛੱਡਣਾ ਦੀ ਨੀਤੀ ਅਪਣਾ ਰੱਖੀ ਹੈ। ਜਨਵਰੀ 2026 ਦੇ ਅੰਕੜਿਆਂ ਮੁਤਾਬਿਕ ਚੀਨ ਕੋਲ ਬਾਕੀ ਦੇਸ਼ਾਂ ਦੇ ਮੁਕਾਬਲਤਨ ਰਿਕਾਰਡ ਸਭ ਤੋਂ ਘੱਟ, ਸਿਰਫ਼ 280 ਬਿਲੀਅਨ ਡਾਲਰ ਦੇ ਯੂ.ਐਸ. ਖ਼ਜ਼ਾਨਾ ਬਾਂਡ ਹਨ। ਮਤਲਬ ਚੀਨ ਲਈ ਡਾਲਰ ਨੂੰ ਛੱਡਣਾ ਜੋਖ਼ਮ ਬਹੁਤ ਘੱਟ ਹੈ। ਇੱਕ ਅੰਦਾਜ਼ੇ ਮੁਤਬਿਕ 2025 ਤੱਕ, ਸੋਨੇ ਲਈ ਰਿਕਾਰਡ ਕੀਤਾ ਗਿਆ 2250 ਟਨ ਤੋਂ ਵੱਧ ਰਿਜ਼ਰਵ ਚੀਨ ਹੈ ਜੋਕਿ ਦੁੱਗਣੇ ਤੋਂ ਵੀ ਵੱਧ ਹੋ ਸਕਦਾ ਹੈ। ਪਿਛਲੇ ਦੋ ਸਾਲਾਂ ਵਿੱਚ ਚੀਨ ਹਰ ਸਾਲ 15 ਤੋਂ 20 ਟਨ ਦੀ ਖਰੀਦ ਕਰਦਾ ਹੈ। ਚੀਨ ਗਲੋਬਲ ਦੁਰਲਭ ਧਰਤੀ ਧਾਤ (ਰੇਅਰ ਅਰਥ ਮੀਨਰਲ) ਦੇ 90% ਦੀ ਪ੍ਰੋਸੈਸਿੰਗ ਕਰ ਰਿਹਾ ਹੈ। ਹੁਣ ਚੀਨ ਮਿਨਰਲਾਂ ਜਿਵੇਂਕਿ ਗੈਲੀਅਮ, ਜਰਮੇਨੀਅਮ ਅਤੇ ਐਂਟੀਮਨੀ ਵਰਗੇ ਦੁਰਲਭ ਧਾਤ ਦੇ ਐਕਸਪੋਰਟ ਬੰਦ ਕਰਕੇ ਰਿਜ਼ਰਵ ਰੱਖਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਸੋਨੇ ਦੇ ਵੱਡੇ ਰਿਜ਼ਰਵ ਅਤੇ ਵਿਸ਼ਾਲ ਮਜ਼ਬੂਤ ਆਰਥਿਕ ਢਾਂਚੇ ਕਰਕੇ ਚੀਨ ਦੀ ਕਰੰਸੀ, ਸੰਸਾਰ ਕਰੰਸੀ ਬਨਣ ਦੀਆਂ ਸ਼ਰਤਾਂ ਤੇ ਪੂਰੀ ਉਤਰਦੀ ਵਿਖਾਈ ਦੇ ਰਹੀ ਹੈ ਅਤੇ ਕਈ ਦੇਸ਼ਾਂ ਨੇ ਇਸ ਨੂੰ ਵਪਾਰ ਲਈ ਮਾਨਤਾ ਦੇ ਕੇ ਵਪਾਰ ਕਰ ਰਹੇ ਹਨ। ਚੀਨ 2015 ਤੋਂ ਬੈਂਕਿੰਗ ਸਿਸਟਮ ਲਈ ਸਵਿਫਟ ਦੇ ਮੁਕਾਬਲੇ ਸੀ.ਆਈ.ਪੀ.ਐਸ. (CIPS) ਕੋਡ ਸ਼ੁਰੂ ਕਰ ਦਿੱਤਾ ਹੈ। ਇਸ ਸਿਸਟਮ ਕੋਡ ਨਾਲ ਵਿਸ਼ਵ ਪੱਧਰ 'ਤੇ 100 ਤੋਂ ਵੱਧ ਦੇਸ਼ਾਂ ਅੰਦਰ 1000 ਤੋਂ ਵੱਧ ਵਿੱਤੀ ਸੰਸਥਾਵਾਂ ਜੁੜੀਆਂ ਹਨ।

ਅਮਰੀਕਨ ਆਰਥਿਕ ਪਾਬੰਦੀਆਂ ਦਾ ਸ਼ਿਕਾਰ ਇਰਾਨ ਅਤੇ ਤੇਲ ਉਤਪਾਦਕ ਵੈਂਜ਼ੁਏਲਾ ਹੁਣ ਯੁਆਨ ਕਰੰਸੀ ਵਿੱਚ ਤੇਲ ਵੇਚ ਰਿਹਾ ਹੈ। 2023 ਤੋਂ ਸਾਉਦੀ ਅਰਬ ਨੇ ਵੀ ਯੁਆਨ ਕਰੰਸੀ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ 15% ਦਾ ਤੇਲ ਇਸ ਨਾਲ ਵੇਚਣਾ ਸ਼ੁਰੂ ਕਰ ਦਿੱਤਾ ਹੈ। ਸੰਸਾਰ ਦੀ ਸਭ ਤੋਂ ਵੱਡੀ ਆਰਥਿਕਤਾ ਜਾਪਾਨ ਨੇ ਵੀ ਯੁਆਨ ਨਾਲ ਵਪਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਚਾਹੇ ਉਸ ਨੂੰ ਯੁਆਨ ਵੱਲ ਸ਼ਿਫਟ ਹੋਣ ਲਈ ਆਪਣੇ 1.1 ਟ੍ਰਿਲਿਅਨ ਡਾਲਰ ਅਮਰੀਕਾ ਕੋਲ ਡੁੱਬਣ ਦਾ ਖ਼ਤਰਾ ਹੈ। ਰੂਸ ਅਤੇ ਭਾਰਤ ਨੇ ਵੀ ਕੁਝ ਪ੍ਰਤੀਸ਼ਤ ਵਪਾਰ ਯੁਆਨ ਮੁਦਰਾ ਨਾਲ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਨਾਲ ਯੁਆਨ ਕਰੰਸੀ ਨੂੰ ਮਾਨਤਾ ਪ੍ਰਾਪਤ ਹੋਣੀ ਸ਼ੁਰੂ ਹੋ ਗਈ ਹੈ।

**ਬ੍ਰਿਕਸ (BRICS) ਰਾਸ਼ਟਰ ਮੁਦਰਾ ਦਾ ਚਲਣ**:- ਨਵੀਂ ਵਿਸ਼ਵ ਵਿਵਸਥਾ ਵਿੱਚ ਹੁਣ ਬ੍ਰਿਕਸ (BRICS) ਰਾਸ਼ਟਰ ਮੁਦਰਾ ਦਾ ਐਲਾਨ ਹੋ ਚੁੱਕਾ ਹੈ। 2009 ਵਿਚ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਦੇ ਸੰਸਥਾਪਕ ਦੇਸ਼ ਨਾਲ ਬਣੇ ਸੰਗਠਨ ਵਿੱਚ ਦੱਖਣੀ ਅਫਰੀਕਾ ਸਤੰਬਰ 2010 ਵਿੱਚ ਸ਼ਾਮਲ ਹੋਇਆ ਸੀ, ਜਿਸ ਦਾ ਨਾਮ ਬਦਲ ਕੇ ਬਰੀਕਸ ਰੱਖਿਆ ਗਿਆ ਸੀ। ਇਨ੍ਹਾਂ ਤੋਂ ਇਲਾਵਾ ਈਰਾਨ, ਮਿਸਰ, ਇਥੋਪੀਆ ਅਤੇ ਸੰਯੁਕਤ ਅਰਬ ਅਮੀਰਾਤ ਨੇ ਮੈਂਬਰ ਦੇਸ਼ ਵਜੋਂ ਇਸਦੇ ਪਹਿਲੇ ਸੰਮੇਲਨ ਵਿੱਚ ਹਿੱਸਾ ਲਿਆ। 2024 ਤੋਂ ਸੰਖੇਪ ਸ਼ਬਦ ਇਹ ਹੁਣ BRICS+ ਜਾਂ BRICS Plus ਨਵੀਂ ਮੈਂਬਰਸ਼ਿਪ ਨੂੰ ਦਰਸਾਉਣ ਲਈ ਗੈਰ ਰਸਮੀ ਤੌਰ 'ਤੇ ਵਰਤਿਆ ਜਾ ਰਿਹਾ ਹੈ। ਇੰਡੋਨੇਸ਼ੀਆ ਅਧਿਕਾਰਤ ਤੌਰ 'ਤੇ 2025 ਦੇ ਆਰੰਭ ਵਿੱਚ ਇਸ ਵਿੱਚ ਸ਼ਾਮਲ ਹੋਕੇ, ਇਸ ਦਾ ਪਹਿਲਾ ਦੱਖਣ-ਪੂਰਬੀ ਏਸ਼ੀਆਈ ਮੈਂਬਰ ਬਣ ਗਿਆ। ਸਮੂਹਿਕ ਤੌਰ 'ਤੇ ਬ੍ਰਿਕਸ ਸੰਗਠਨ ਗਲੋਬਲ ਅਰਥਵਿਵਸਥਾ ਦਾ 25% ਤੋਂ ਜ਼ਿਆਦਾ ਅਤੇ ਦੁਨੀਆ ਦੀ 25% ਜ਼ਮੀਨੀ ਹਿੱਸੇ ਨਾਲ ਵਿਸ਼ਵ ਦੀ ਅੱਧੀ ਆਬਾਦੀ ਦਾ ਹਿੱਸਾ ਹੈ। 2022 ਵਿੱਚ, ਇੰਟਰਾ-ਬ੍ਰਿਕਸ ਵਪਾਰ 614.8 ਬਿਲੀਅਨ ਅਮਰੀਕਨ ਡਾਲਰ ਦੇ ਬਰਾਬਰ ਸੀ। ਇਸ ਸਾਲ 87% ਤੋਂ ਵੱਧ ਰੂਸੀ ਡਿਜੀਟਲ ਭੁਗਤਾਨ ਦੀ ਵਰਤੋਂ ਕਰਦੇ ਹਨ, ਇਸ ਤੋਂ ਬਾਅਦ ਚੀਨ 86%, ਫਿਰ ਦੱਖਣੀ ਅਫਰੀਕਾ 81% ਅਤੇ ਬ੍ਰਾਜ਼ੀਲ 77% ਅਤੇ ਅੰਤ ਵਿੱਚ ਭਾਰਤ 35% ਇਸ ਰਾਹੀਂ ਡਿਜੀਟਲ ਭੁਗਤਾਨ ਕਰਦਾ ਹੈ। ਚੀਨ ਦੀ ਸੀ.ਆਈ.ਪੀ.ਐਸ (CIPS) ਪ੍ਰਣਾਲੀ ਦੇ ਲੈਣ-ਦੇਣ ਦਾ ਸਮਰਥਨ ਕਰਨ ਅਤੇ ਬ੍ਰਿਕਸ ਦੇਸ਼ਾਂ ਦੇ ਹੌਲੀ-ਹੌਲੀ ਡਾਲਰ ਤੋਂ ਦੂਰ ਹੋਣ ਦੇ ਨਾਲ, ਇੱਕ ਵੱਡੀ ਵਿਸ਼ਵਵਿਆਪੀ ਤਬਦੀਲੀ ਹੋ ਸਕਦੀ ਹੈ।

ਈਰਾਨ ਜੰਗ ਦੇ ਮਹਿੰਗੇ ਅਮਰੀਕੀ ਖ਼ਰਚਿਆਂ ਅਤੇ ਡਾਲਰ ਖਿਲਾਫ਼ ਇਰਾਨੀ-ਰਣਨੀਤਕ ਜੰਗ ਨੇ ਇਸ ਇਤਿਹਾਸਕ ਵਰਤਾਰੇ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਸ ਯੁੱਧ ਵਿੱਚ ਗੋਲਾ ਬਾਰੂਦ ਤੇ ਅਮਰੀਕਾ ਦਾ ਖਰਚਾ-ਹਰ 48 ਘੰਟਿਆਂ ਵਿੱਚ 5.6 ਬਿਲੀਅਨ ਡਾਲਰ ਦਾ ਹੋਣ ਦਾ ਅੰਦਾਜ਼ਾ ਹੈ। ਟੋਮਾਹਾਕ ਅਮਰੀਕੀ ਮਿਜ਼ਾਈਲ ਜਿਸ ਨੂੰ ਬਣਾਉਣ ਲਈ ਕਈ ਸਾਲ ਲਗੇ ਹਨ, ਪਰ 100 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਖ਼ਪਤ ਹੋ ਗਈ ਹੈ। 2026 ਵਿੱਚ, ਵੱਧ ਰਹੇ ਤਣਾਅ ਦੇ ਦੌਰਾਨ, ਈਰਾਨ ਨੇ ਹੋਰਮੁਜ਼ ਦੇ ਸਟ੍ਰੇਟ ਨੂੰ ਅੰਸ਼ਕ ਤੌਰ 'ਤੇ ਬੰਦ ਕਰ ਦਿੱਤਾ-ਜਿਸ ਨਾਲ ਤੇਲ ਅਤੇ ਐਲ.ਐਨ.ਜੀ. ਦਾ ਗਲੋਬਲ ਪ੍ਰਵਾਹ ਲਗਭਗ 20% ਪ੍ਰਭਾਵਤ ਹੋਇਆ। ਹਾਲਾਂਕਿ, ਯੁਆਨ-ਅਧਾਰਤ ਤੇਲ ਦੀ ਬਰਾਮਦ ਜਾਰੀ ਰਹੀ, ਲਗਭਗ 1 ਤੋਂ 1.5 ਮਿਲੀਅਨ ਬੈਰਲ ਪ੍ਰਤੀ ਦਿਨ ਬਦਲਵੇਂ ਰਸਤਿਆਂ ਰਾਹੀਂ ਚੀਨ ਨੂੰ ਜਾ ਰਿਹਾ ਹੈ। ਇਸ ਨਾਲ ਤੇਲ ਉਤਪਾਦਨ ਨਾਲ ਜੁੜੇ ਅਮਰੀਕਨ ਡਾਲਰ ਦੀ ਸੰਸਾਰ ਕੀਮਤ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ। ਇਹ ਤਾਂ ਸੰਸਾਰ ਦਾ ਭਵਿੱਖ ਹੀ ਦਸੇਗਾ ਕਿ ਇਹ ਪੈਟਰੋ-ਡਾਲਰ ਪ੍ਰਣਾਲੀ ਲਈ ਮੁਕੰਮਲ ਅੰਤਿਮ ਉਲਟੀ ਗਿਣਤੀ ਹੈ ਜਾਂ ਬਹੁ-ਧਰੁੱਵੀ ਸੰਸਾਰ ਪ੍ਰਣਾਲੀ ਵਾਲਾ ਅਸਥਾਈ ਵਰਤਾਰਾ ਹੈ। ਮੁਦਰਾ ਸਿਸਟਮ ਤਬਦੀਲੀ ਦੇ ਅਰਸੇ ਵਿੱਚ ਸੰਸਾਰ ਦੇ ਵਿੱਚ ਨਵੇਂ ਸਮੀਕਰਨ ਅਤੇ ਗਠਜੋੜ ਬਣਨ ਦਾ ਦੌਰ ਤੇਜ਼ ਹੋ ਰਿਹਾ ਹੈ। ਇਸ ਸਮੇਂ ਸਾਮਰਾਜੀ ਜੰਗਾਂ ਨਾਲ ਸੰਸਾਰ ਸ਼ਾਤੀ ਨੂੰ ਵੀ ਖ਼ਤਰਾ ਨਜ਼ਰ ਆ ਰਿਹਾ ਹੈ। ਸਰਮਾਏਦਾਰੀ ਦੀ ਇਸ ਪੜਾਅ ਵਿਚ ਸਰਮਾਏ ਦੇ ਵਿੱਤੀ ਸੰਕਟ ਕਰਕੇ, ਮੱਧ-ਵਰਗ ਮਿਹਨਤਕਸ਼ ਲੋਕਾਂ ਨੂੰ ਬੇ-ਰੁਜ਼ਗਾਰੀ ਅਤੇ ਮਹਿੰਗਾਈ ਕਾਰਣ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਕਨੇਡਾ ਦੀ ਹੋਣ ਵਾਲੀ ਮਰਦਮਸ਼ੁਮਾਰੀ



ਸਟੈਟਿਸਟਿਕਸ ਕੈਨੇਡਾ ਹਰ ਪੰਜ ਸਾਲਾਂ ਬਾਅਦ ਦੇਸ਼ ਭਰ ਵਿੱਚ ਮਰਦਮਸ਼ੁਮਾਰੀ (ਜਨਗਣਨਾ) ਕਰਦਾ ਹੈ। ਇਸ ਦੇ ਹਿੱਸੇ ਵਜੋਂ, ਕੈਨੇਡੀਅਨ ਪਰਿਵਾਰਾਂ ਨੂੰ ਘਰ ਵਿੱਚ ਰਹਿਣ ਵਾਲੇ ਹਰ ਇੱਕ ਮੈਂਬਰ ਬਾਰੇ ਢੁਕਵੇਂ ਜਨਗਣਨਾ ਫਾਰਮ ਭਰਨ ਦੀ ਲੋੜ ਹੁੰਦੀ ਹੈ। ਕੈਨੇਡਾ ਦੇ ਉੱਤਰੀ ਇਲਾਕੇ ਵਿੱਚ ਇਹ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਬਾਕੀ ਕੈਨੇਡਾ ਵਿੱਚ, ਇਹ 1 ਮਈ ਤੋਂ ਸ਼ੁਰੂ ਹੋ ਜਾਵੇਗੀ। ਮਰਦਮਸ਼ੁਮਾਰੀ ਦੀ ਪ੍ਰਸ਼ਨਾਵਲੀ ਕਾਫ਼ੀ ਵਿਸਥਾਰ ਵਾਲੀ ਹੈ। ਇਸ ਵਿੱਚ ਘਰ (ਹਾਊਸਹੋਲਡ) ਦੇ ਹਰੇਕ ਵਾਸੀ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਸਵਾਲ ਹਨ। ਜਨਗਣਨਾ ਫਾਰਮ – ਔਨਲਾਈਨ ਜਾਂ ਪ੍ਰਿੰਟ – ਭਰਨਾ ਅਤੇ ਵਾਪਸ ਕਰਨਾ ਸਾਡੀ ਨਾਗਰਿਕ ਜ਼ਿੰਮੇਵਾਰੀ ਹੈ। ਇਹ ਅੰਕੜਾ ਐਕਟ (ਸਟੈਟਿਸਟਕ ਐਕਟ) ਦੇ ਤਹਿਤ ਲਾਜ਼ਮੀ ਹੈ। ਕੈਨੇਡਾ ਦੇ ਸਾਰੇ ਵਸ਼ਿੰਦੇ – ਨਾਗਰਿਕ, ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟ), ਅਸਥਾਈ ਵਿਦੇਸ਼ੀ ਕਾਮੇ (ਟੈਂਪਰੇਰੀ ਫੌਰਨ ਵਰਕਰਜ਼) ਅਤੇ ਵਿਜ਼ਟਰ – ਨੂੰ ਇਸ ਗਿਣਤੀ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ। ਹਰੇਕ ਘਰ (ਹਾਊਸਹੋਲਡ) ਨੂੰ ਇਹ ਫਾਰਮ ਭਰਨ ਅਤੇ ਇਸਨੂੰ ਜਲਦੀ ਤੋਂ ਜਲਦੀ ਵਾਪਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਸਟੈਟਿਕਸ ਕੈਨੇਡਾ ਨੇ ਇਹਨਾਂ ਫਾਰਮਾਂ ਨੂੰ ਭਰਨ ਅਤੇ ਇਕੱਠਾ ਕਰਨ ਵਿੱਚ ਕੈਨੇਡੀਅਨਾਂ ਦੀ ਸਹਾਇਤਾ ਲਈ 32,000 ਕਰਮਚਾਰੀ ਨਿਯੁਕਤ ਕੀਤੇ ਹਨ।

2026 ਦੀ ਮਰਦਮਸ਼ੁਮਾਰੀ ਵਿੱਚ ਭਾਸ਼ਾ ਨਾਲ ਸਬੰਧਤ ਤਿੰਨ ਮਹੱਤਵਪੂਰਨ ਸਵਾਲ ਸ਼ਾਮਲ ਹਨ। ਇਹਨਾਂ ਸਵਾਲਾਂ ਵਿੱਚੋਂ ਇੱਕ ਸਵਾਲ, ਹਰ ਵਿਅਕਤੀ ਦੀ ਮਾਂ-ਬੋਲੀ ਜਾਂ ਮਾਤ-ਭਾਸ਼ਾ ਬਾਰੇ ਹੈ। ਦੂਜਾ ਸਵਾਲ, ਘਰ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਬਾਰੇ ਹੈ। ਤੀਜਾ ਸਵਾਲ, ਦੂਜੀਆਂ ਭਾਸ਼ਾਵਾਂ ਦੇ ਗਿਆਨ ਬਾਰੇ ਹੈ। ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (PLEA) ਵੱਲੋਂ ਅਸੀਂ ਸਾਰਿਆਂ ਨੂੰ ਸਮੇਂ ਸਿਰ ਮਰਦਮਸ਼ੁਮਾਰੀ ਦੇ ਫਾਰਮ ਭਰਨ ਅਤੇ ਇਸਨੂੰ ਸਹੀ ਪਤੇ ਜਾਂ ਕਰਮਚਾਰੀ ਨੂੰ ਵਾਪਸ ਕਰਨ ਦੀ ਬੇਨਤੀ ਕਰਨਾ ਚਾਹੁੰਦੇ ਹਾਂ। ਨਾਲ ਹੀ, ਅਸੀਂ ਪੰਜਾਬੀ ਭਾਸ਼ਾ ਦੇ ਬੁਲਾਰਿਆਂ, ਸਮਰਥਕਾਂ ਅਤੇ ਸ਼ੁਭਚਿੰਤਕਾਂ ਨੂੰ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਉਹ ਆਪਣੇ ਜਵਾਬਾਂ ਵਿੱਚ ਪੰਜਾਬੀ ਨੂੰ ਜ਼ਰੂਰ ਸ਼ਾਮਲ ਕਰਨ। ਬੋਲੀ ਸੰਬੰਧੀ ਇਨ੍ਹਾਂ ਸਵਾਲਾਂ ਦੇ ਜਵਾਬ ਕੈਨੇਡਾ ਵਿੱਚ ਵੱਖਰੀਆਂ ਵੱਖਰੀਆਂ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੀ ਵੱਖਰਤਾ ਜਾਂ ਵਿਭਿੰਨਤਾ ਨੂੰ ਨਿਰਧਾਰਤ ਕਰਦੇ ਹਨ। ਭਾਸ਼ਾ ਨਾਲ ਸਬੰਧਤ ਸਵਾਲਾਂ ਦੇ ਜਵਾਬ ਕੈਨੇਡਾ ਦੇ ਚਾਰਟਰ ਵਿੱਚ ਦਰਸਾਏ ਅਨੁਸਾਰ ਕੈਨੇਡਾ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਭਾਸ਼ਾਵਾਂ ਦੋਵਾਂ ਦਾ ਸਮਰਥਨ ਕਰਨ ਵਿੱਚ ਮਦਦਗਾਰ ਹੁੰਦੇ ਹਨ।

ਸਟੈਟਿਸਟਿਕਸ ਕੈਨੇਡਾ ਇੱਕ ਬਹੁਤ ਹੀ ਭਰੋਸੇਯੋਗ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸੰਸਥਾ ਹੈ। ਇਸ ਪ੍ਰਸ਼ਨਾਵਲੀ ਦੇ ਸਾਰੇ ਸਵਾਲਾਂ ਦੀ ਬਹੁਤ ਚੰਗੀ ਤਰ੍ਹਾਂ ਜਾਂਚ ਪੜਤਾਲ ਕੀਤੀ ਗਈ ਹੈ ਅਤੇ ਸੁਧਾਰ ਕੀਤਾ ਗਿਆ ਹੈ। ਉਦਾਹਰਨ ਲਈ, ਸਵਾਲ: ਕੀ ਇਹ ਵਿਅਕਤੀ ਬੋਲ ਸਕਦਾ ਹੈ ...? ਨੂੰ ਸੁਧਾਰ ਕੇ ਕੀਤਾ ਗਿਆ ਹੈ: ਕੀ ਇਹ ਵਿਅਕਤੀ ਬੋਲਦਾ ਹੈ ...? ਇਸੇ ਤਰ੍ਹਾਂ, ਹੋਰ ਭਾਸ਼ਾਵਾਂ ਵਿੱਚ ਸੰਕੇਤ ਭਾਸ਼ਾ (ਸਾਈਨ ਲੈਂਗੁਏਜ) ਵੀ ਸ਼ਾਮਲ ਕੀਤੀ ਗਈ ਹੈ। ਨਾਲ ਹੀ, 2026 ਦੀ ਜਨਗਣਨਾ ਵਿਚਲੇ ਸਵਾਲਾਂ ਨੂੰ ਅੰਤਿਮ ਰੂਪ ਦੇਣ ਲਈ ਦੇਸ਼ ਭਰ ਦੇ 222,000 ਘਰਾਂ ਨੂੰ ਜਨਗਣਨਾ ਟੈਸਟ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਸੀ। ਕੈਨੇਡਾ ਵਿੱਚ ਆਬਾਦੀ ਦੇ ਵਾਧੇ ਦੀ ਤੁਲਨਾ ਵਜੋਂ 2021 ਦੀ ਮਰਦਮਸ਼ੁਮਾਰੀ ਸਮੇਂ ਕੈਨੇਡਾ ਵਿੱਚ 36,991,981 ਵਿਅਕਤੀ ਸਨ। ਇਹ 2016 ਦੀ ਮਰਦਮਸ਼ੁਮਾਰੀ ਵਿਚਲੇ ਘਰਾਂ (ਹਾਊਸਹੋਲਡਜ਼) ਨਾਲੋਂ 5.2 ਵੱਧ ਸਨ। 2026 ਦੀ ਮਰਦਮਸ਼ੁਮਾਰੀ ਪਿਛਲੇ ਪੰਜ ਸਾਲਾਂ ਦੌਰਾਨ ਆਬਾਦੀ ਵਿੱਚ ਹੋਇਆ ਵਾਧਾ ਦਰਸਾਏਗੀ।

2021 ਦੀ ਮਰਦਮਸ਼ੁਮਾਰੀ ਵਿੱਚ, ਅੰਗਰੇਜ਼ੀ ਅਤੇ ਫਰਾਂਸੀਸੀ (ਫਰੈਂਚ) ਤੋਂ ਬਾਅਦ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਵਜੋਂ ਸਾਹਮਣੇ ਆਈ ਸੀ। ਉਸ ਵੇਲੇ 763,785 ਵਿਅਕਤੀਆਂ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਵਜੋਂ ਦਰਸਾਇਆ ਸੀ ਜਦੋਂ ਕਿ 827,150 ਵਿਅਕਤੀਆਂ ਨੇ ਪੰਜਾਬੀ ਨੂੰ ਘਰ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਵਜੋਂ ਦਰਸਾਇਆ। ਪਿਛਲੇ ਪੰਜਾਂ ਸਾਲਾਂ ਦੌਰਾਨ ਵਿਦਿਆਰਥੀਆਂ, ਸਥਾਈ ਨਿਵਾਸੀ (ਪੀਆਰਜ਼), ਅਸਥਾਈ ਵਿਦੇਸ਼ੀ ਕਾਮਿਆਂ ਅਤੇ ਵਿਜ਼ਟਰਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ ਜਿਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਹੋ ਸਕਦੀ ਹੈ। ਉਮੀਦ ਹੈ ਕਿ 2026 ਦੀ ਮਰਦਮਸ਼ੁਮਾਰੀ ਵਿੱਚ ਪੰਜਾਬੀ ਭਾਸ਼ਾ ਦਾ ਹਰ ਬੁਲਾਰਾ, ਸਮਰਥਕ ਅਤੇ ਸ਼ੁਭਚਿੰਤਕ ਇਸ ਨੂੰ ਆਪਣੀ ਮਾਂ-ਬੋਲੀ ਵਜੋਂ ਦਰਸਾਵੇਗਾ।

**ਬਲਵੰਤ ਸੰਘੇੜਾ**
**ਪ੍ਰਧਾਨ, ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (PLEA)**
**ਸਾਧੂ ਬਿਨਿੰਗ,**
**ਰੈਜ਼ੀਉਪ ਪ੍ਰਧਾਨ, ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (PLEA)**

# ਅਮਰੀਕਾ ਵਿਰੋਧੀ ਟਰੰਪ




ਰਾਮਚੰਦਰ ਗੁਹਾ

ਪੇਸ਼ੇਵਰ ਇਤਿਹਾਸਕਾਰਾਂ ਨੇ ਮਨੁੱਖ ਜਾਤੀ ਦੀ ਹੋਣੀ ਬਦਲਣ ਵਾਲੇ ਵਿਅਕਤੀਆਂ ਦੇ ਯੋਗਦਾਨ ਨੂੰ ਹਮੇਸ਼ਾ ਘਟਾ ਕੇ ਦੇਖਿਆ ਹੈ। ਸਾਲ 1961 ਵਿੱਚ ਪ੍ਰਕਾਸ਼ਿਤ ਆਪਣੀ ਪੁਸਤਕ 'ਇਤਿਹਾਸ ਕੀ ਹੈ?' ਵਿੱਚ ਈ ਐੱਚ ਕਾਰ ਨੇ ਇਤਿਹਾਸ ਲੇਖਣ ਦੀ ਇੱਕ ਖ਼ਾਸ ਵਿਚਾਰਧਾਰਾ ਦਾ ਮਜ਼ਾਕ ਉਡਾਇਆ ਸੀ, ਜਿਸ ਨੂੰ ਉਸ ਨੇ 'ਬੈਡ ਕਿੰਗ ਜੌਹਨ ਐਂਡ ਦਿ ਗੁੱਡ ਕੁਈਨ ਬੈੱਸ' ਦਾ ਨਾਂ ਦਿੱਤਾ ਸੀ। ਕਾਰਲ ਮਾਰਕਸ ਦਾ ਇਹ ਕਥਨ ਸੱਚ ਹੈ ਕਿ ਕੋਈ ਵਿਅਕਤੀ ਆਪਣੇ ਮਨਭਾਉਂਦੇ ਹਾਲਾਤ ਵਿੱਚ ਇਤਿਹਾਸ ਨਹੀਂ ਸਿਰਜਦਾ। ਉਸ ਦੇ ਕੰਮ 'ਤੇ ਉਸ ਵੇਲੇ ਦੇ ਆਰਥਿਕ ਅਤੇ ਸਮਾਜਿਕ ਹਾਲਾਤ, ਖ਼ਾਸਕਰ (ਜਿਵੇਂ ਮਾਰਕਸ ਨੇ ਤਰਕ ਦਿੱਤਾ ਸੀ) ਤਕਨਾਲੋਜੀ ਅਤੇ ਵਰਗ ਸਬੰਧਾਂ ਦਾ ਪ੍ਰਭਾਵ ਵੀ ਪੈਂਦਾ ਹੈ। ਫਿਰ ਵੀ ਕਈ ਵਾਰ ਵਿਅਕਤੀ ਚੰਗਾ ਅਤੇ ਖ਼ਾਸਕਰ ਮਾੜਾ ਇਤਿਹਾਸ ਰਚਣ 'ਚ ਮਹੱਤਵਪੂਰਨ ਅਤੇ ਨਿਰਣਾਇਕ ਭੂਮਿਕਾ ਨਿਭਾਅ ਸਕਦਾ ਹੈ; ਜਿਵੇਂ ਲੈਨਿਨ ਤੋਂ ਬਗ਼ੈਰ ਸੋਵੀਅਤ ਰਾਜ ਦੀ ਹੋਂਦ ਸੰਭਵ ਨਹੀਂ ਸੀ ਅਤੇ ਹਿਟਲਰ ਤੋਂ ਬਿਨਾਂ ਨਾਜ਼ੀ ਰਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ।

ਅੱਜ ਜਿਸ ਦੁਨੀਆ ਵਿੱਚ ਅਸੀਂ ਜਿਉਂ ਰਹੇ ਹਾਂ, ਉਸ ਵਿੱਚ ਮਾੜੇ ਬੰਦੇ ਇਤਿਹਾਸ ਰਚਦੇ ਹਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਸ ਦੀ ਸਭ ਤੋਂ ਉੱਘੜਵੀਂ ਉਦਾਹਰਨ ਹੈ। ਇਹ ਮੰਨਣਾ ਪਵੇਗਾ ਕਿ ਸੱਤਾ ਵਿੱਚ ਉਸ ਦੇ ਉਭਾਰ ਨੂੰ ਵਿਆਪਕ ਆਰਥਿਕ ਅਤੇ ਤਕਨੀਕੀ ਤਬਦੀਲੀਆਂ ਦੇ ਸੰਦਰਭ ਵਿੱਚ ਹੀ ਸਮਝਿਆ ਜਾ ਸਕਦਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਗੋਰੇ ਮਜ਼ਦੂਰ ਵਰਗ ਦੀ ਨਿਰਾਸ਼ਾ ਅਤੇ ਆਪਣੇ ਅਕਸ ਤੇ ਝੂਠ ਦੇ ਪਸਾਰ ਲਈ ਮੀਡੀਆ ਦੇ ਨਵੇਂ ਮਧਿਅਮਾਂ ਦੀ ਵਰਤੋਂ ਤੋਂ ਬਗ਼ੈਰ ਟਰੰਪ ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰਪਤੀ ਕਦੇ ਵੀ ਨਹੀਂ ਸੀ ਬਣ ਸਕਦਾ। ਜਦੋਂ ਤੋਂ ਉਸ ਨੇ ਅਹੁਦਾ ਸੰਭਾਲਿਆ ਹੈ, ਉਸ ਨੇ ਆਪਣੇ ਨਾਲ-ਨਾਲ ਲੱਖਾਂ ਲੋਕਾਂ ਦਾ ਜੀਵਨ ਅਤੇ ਹੋਣੀ ਬਦਲ ਦਿੱਤੀ ਹੈ।

ਉਦਾਹਰਣ ਵਜੋਂ ਜੇਕਰ 2026 ਵਿੱਚ ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰਪਤੀ ਕੋਈ ਹੋਰ ਬਣਿਆ ਹੁੰਦਾ ਤਾਂ ਇਜ਼ਰਾਈਲ ਦੇ ਉਕਸਾਉਣ 'ਤੇ ਇਰਾਨ ਖ਼ਿਲਾਫ਼ ਕਦੇ ਵੀ ਜੰਗ ਨਹੀਂ ਸੀ ਲੱਗਣੀ, ਜਿਸ ਨਾਲ ਪੱਛਮੀ ਏਸ਼ੀਆ ਦੇ ਦੇਸ਼ ਜਾਨੀ ਤੇ ਮਾਲੀ ਨੁਕਸਾਨ ਤੋਂ ਬਚ ਜਾਣੇ ਸਨ ਅਤੇ ਹੋਰ ਮੁਲਕਾਂ ਨੂੰ ਤੇਲ, ਗੈਸ ਤੇ ਖਾਦ ਦੀਆਂ ਵਧਦੀਆਂ ਕੀਮਤਾਂ ਕਾਰਨ ਸਮੱਸਿਆਵਾਂ ਦਾ ਸਾਹਮਣਾ ਨਹੀਂ ਸੀ ਕਰਨਾ ਪੈਣਾ।

ਇਸ ਲੇਖ ਵਿੱਚ ਮੈਂ ਟਰੰਪ ਦੀ ਇਰਾਨ ਖ਼ਿਲਾਫ਼ ਜੰਗ ਨਾਲ ਦੁਨੀਆ ਨੂੰ ਹੋ ਰਹੇ ਨੁਕਸਾਨ ਤੋਂ ਧਿਆਨ ਹਟਾ ਕੇ, ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਪਿਛਲੇ ਇੱਕ ਸਾਲ ਅਤੇ ਤਿੰਨ ਮਹੀਨਿਆਂ ਵਿੱਚ ਉਸ ਵੱਲੋਂ ਆਪਣੇ ਹੀ ਮੁਲਕ ਦੇ ਕੀਤੇ ਗਏ ਨੁਕਸਾਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹਾਂ। ਇਸ ਦੌਰਾਨ ਤਕਰੀਬਨ ਸੱਤ ਤਰੀਕਿਆਂ ਨਾਲ ਟਰੰਪ ਨੇ ਆਪਣੇ ਹੀ ਦੇਸ਼ ਅਮਰੀਕਾ ਨੂੰ ਕਮਜ਼ੋਰ ਕੀਤਾ ਹੈ, ਜਿਸ ਨੂੰ ਉਸ ਨੇ 'ਮੁੜ ਮਹਾਨ ਬਣਾਉਣ' ਦਾ ਵਾਅਦਾ ਕੀਤਾ ਸੀ।

ਡੋਨਲਡ ਟਰੰਪ ਵੱਲੋਂ ਆਪਣੇ ਦੇਸ਼ 'ਤੇ ਕੀਤੇ ਗਏ ਹਮਲਿਆਂ ਵਿੱਚ ਪਹਿਲਾ ਹੱਲਾ ਸਰਕਾਰ ਦੀ ਫ਼ੈਸਲੇ ਲੈਣ ਦੀ ਪ੍ਰਕਿਰਿਆ 'ਤੇ ਕੀਤਾ ਗਿਆ ਹੈ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਕੋਲ ਤਕਨੀਕੀ ਰੂਪ ਵਿੱਚ ਬਰਤਾਨਵੀ ਵੈਸਟਮਿੰਸਟਰ ਪ੍ਰਣਾਲੀ ਤਹਿਤ ਪ੍ਰਧਾਨ ਮੰਤਰੀ ਨਾਲੋਂ ਵਧੇਰੇ ਤਾਕਤ ਹੁੰਦੀ ਹੈ, ਪਰ ਫਿਰ ਵੀ ਉਹ ਦੂਜਿਆਂ ਨਾਲ ਸਰਗਰਮੀ ਨਾਲ ਸਲਾਹ-ਮਸ਼ਵਰਾ ਕਰਨ ਦਾ ਪਾਬੰਦ ਹੁੰਦਾ ਹੈ। ਹਾਲਾਂਕਿ ਟਰੰਪ ਨੇ ਅਮਰੀਕੀ ਕਾਂਗਰਸ ਅਤੇ ਅਕਸਰ ਆਪਣੀ ਹੀ ਕੈਬਨਿਟ ਨੂੰ ਉਲੰਘਦਿਆਂ ਆਪਣੇ ਤੌਰ 'ਤੇ ਇਕੱਲਿਆਂ ਕਾਰਵਾਈ ਕਰਨ ਨੂੰ ਤਰਜੀਹ ਦਿੱਤੀ ਹੈ। ਵੈਨੇਜ਼ੁਏਲਾ ਅਤੇ ਇਰਾਨ ਖ਼ਿਲਾਫ਼ ਜੰਗ ਦਾ ਐਲਾਨ ਬਸ ਇਸ ਦੀਆਂ ਸਭ ਤੋਂ ਉੱਘੜਵੀਆਂ ਉਦਾਹਰਨਾਂ ਸਨ। ਯਾਦ ਕਰੋ ਕਿ ਦੂਜੀ ਵਾਰ ਰਾਸ਼ਟਰਪਤੀ ਬਣਨ ਮਗਰੋਂ ਆਪਣੀ ਦੂਜੀ ਪਾਰੀ ਦੇ ਪਹਿਲੇ ਸਾਲ ਵਿੱਚ ਹੀ ਟਰੰਪ ਨੇ 225 ਕਾਰਜਕਾਰੀ ਹੁਕਮ ਪਾਸ ਕੀਤੇ। ਕੁਝ ਹੁਕਮਾਂ ਦੇ ਤਬਾਹਕੁੰਨ ਸਿੱਟੇ ਨਿਕਲੇ, ਜਿਵੇਂ ਅਹਿਮ ਸਰਕਾਰੀ ਵਿਭਾਗਾਂ ਨੂੰ ਬੰਦ ਕਰਨਾ ਅਤੇ ਆਪਹੁਦਰੇ ਢੰਗ ਨਾਲ ਟੈਰਿਫ ਦਰਾਂ ਵਧਾਉਣਾ-ਘਟਾਉਣਾ। 'ਫੈਡਰਲ ਸਰਕਾਰ ਵਿੱਚ ਵੋਕ ਏ ਆਈ ਦੀ ਰੋਕਥਾਮ' ਅਤੇ 'ਅਮਰੀਕੀ ਟਰੱਕ ਡਰਾਈਵਰਾਂ ਲਈ ਆਮ ਸੂਝ ਦੇ ਸੜਕੀ ਨਿਯਮ ਲਾਗੂ ਕਰਨ' ਜਿਹੇ ਹੁਕਮ ਹਾਸੋਹੀਣੇ ਹਨ।

ਟਰੰਪ ਵੱਲੋਂ ਦੂਜਾ ਹਮਲਾ ਅਮਰੀਕਾ ਵਿੱਚ ਨਿਰਪੱਖ ਕਾਰਜਪਾਲਿਕਾ ਦੇ ਸੰਕਲਪ 'ਤੇ ਹੋਇਆ ਹੈ। ਟਰੰਪ ਵੱਲੋਂ ਅਮਰੀਕੀ ਨਿਆਂ ਵਿਭਾਗ ਨੂੰ ਹਥਿਆਰ ਵਜੋਂ ਵਰਤਣ ਅਤੇ ਇਸ ਨੂੰ ਆਪਣੇ ਸਿਆਸੀ ਵਿਰੋਧੀਆਂ ਤੇ ਕਾਨੂੰਨ ਦੇ ਨਾਲ ਨਾਲ ਆਪਣੀ ਜ਼ਮੀਰ ਮੁਤਾਬਿਕ ਕੰਮ ਕਰਨ ਵਾਲੇ ਇਮਾਨਦਾਰ ਅਧਿਕਾਰੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਸੰਦਰਭ ਵਿੱਚ ਇਹ ਸੱਚ ਹੈ। ਇਸ ਦੇ ਨਾਲ ਹੀ ਡੈਮੋਕਰੈਟਸ ਦੇ ਸ਼ਾਸਨ ਵਾਲੇ ਸੂਬਿਆਂ ਵਿੱਚ ਟਰੰਪ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਰੱਖਣ ਵਾਲੇ ਨਾਗਰਿਕਾਂ ਨੂੰ ਡਰਾਉਣ ਧਮਕਾਉਣ ਲਈ 'ਆਈਸ' ਨੂੰ ਭੇਜਿਆ ਗਿਆ। ਇਨ੍ਹਾਂ ਸਭ ਮਾਮਲਿਆਂ ਵਿੱਚ ਇਮਾਨਦਾਰੀ ਤੇ ਨਿਆਂ ਦੀ ਬਜਾਏ ਪੱਖਪਾਤ ਤੇ ਬਦਲਾਖੋਰੀ ਭਾਰੂ ਜਾਪਦੀ ਹੈ।

ਟਰੰਪ ਨੇ ਤੀਜਾ ਹਮਲਾ ਅਮਰੀਕੀ ਫ਼ੌਜ 'ਤੇ ਕੀਤਾ ਹੈ। ਹਾਲਾਂਕਿ ਅਮਰੀਕੀ ਸੈਨਿਕ ਕਾਨੂੰਨ ਤਹਿਤ ਰਾਸ਼ਟਰਪਤੀ ਦੇ ਹੁਕਮ ਮੰਨਣ ਦੇ ਪਾਬੰਦ ਹਨ, ਪਰ ਫ਼ੌਜੀਆਂ ਦੇ ਕਿਸੇ ਖ਼ਾਸ ਸਿਆਸੀ ਪਾਰਟੀ ਪ੍ਰਤੀ ਝੁਕਾਅ ਰੱਖਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ, ਕਿਸੇ ਖ਼ਾਸ ਸਿਆਸਤਦਾਨ ਦੀ ਤਾਂ ਗੱਲ ਹੀ ਛੱਡੋ। ਜਾਪਦਾ ਹੈ ਕਿ ਪਿਛਲੇ ਸਾਲ ਟਰੰਪ ਦੇ ਜਨਮ ਦਿਨ ਮੌਕੇ ਅਮਰੀਕਾ ਦੀ ਰਾਜਧਾਨੀ 'ਚ ਹੋਈ ਫ਼ੌਜੀ ਪਰੇਡ ਦੌਰਾਨ ਇਹ ਰਵਾਇਤ ਭੁਲਾ ਦਿੱਤੀ ਗਈ। ਹਾਲ ਹੀ ਵਿੱਚ ਇਰਾਨ ਖ਼ਿਲਾਫ਼ ਜੰਗ ਦੌਰਾਨ ਟਰੰਪ ਨੇ ਆਪਣੇ ਰੱਖਿਆ ਮੰਤਰੀ ਪੀਟ ਹੈਗਸੈਥ ਰਾਹੀਂ ਆਰਮੀ ਚੀਫ ਔਫ ਸਟਾਫ ਜਿਹੇ ਸਤਿਕਾਰਤ ਅਧਿਕਾਰੀ ਨੂੰ ਇਸ ਲਈ ਬਰਤਰਫ਼ ਕਰਵਾ ਦਿੱਤਾ ਕਿਉਂਕਿ ਇਹ ਅਧਿਕਾਰੀ ਫ਼ੌਜ ਵਿੱਚ ਅਹੁਦੇ 'ਚ ਤਰੱਕੀ ਨੂੰ ਲਿੰਗ ਜਾਂ ਨਸਲ ਦੇ ਵਿਤਕਰੇ ਤੋਂ ਮੁਕਤ ਕਰਨਾ ਚਾਹੁੰਦਾ ਸੀ। ਤਕਨਾਲੋਜੀ ਪੱਖੋਂ ਅਮਰੀਕੀ ਫ਼ੌਜ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਿਕਸਿਤ ਹੈ, ਫਿਰ ਵੀ ਇਸ ਦੇ ਕੰਮਕਾਜ ਦੇ ਸਿਆਸੀਕਰਨ ਦੀਆਂ ਕੋਸ਼ਿਸ਼ਾਂ ਨੇ ਇਸ ਦੀ ਸੰਸਥਾਗਤ ਸਮਰੱਥਾ 'ਤੇ ਮਾੜਾ ਅਸਰ ਪਾਇਆ ਹੈ।

ਡੋਨਲਡ ਟਰੰਪ ਨੇ ਚੌਥਾ ਹਮਲਾ ਪ੍ਰੈੱਸ ਦੀ ਆਜ਼ਾਦੀ 'ਤੇ ਕੀਤਾ ਹੈ। ਉਸ ਨੇ ਕੁਝ ਮੀਡੀਆ ਅਦਾਰਿਆਂ ਦੇ ਮਾਲਕਾਂ ('ਵਾਸ਼ਿੰਗਟਨ ਪੋਸਟ' ਦੇ ਜੈੱਫ ਬੈਜ਼ੋਸ ਨੂੰ ਧਮਕੀ ਇਸ ਦੀ ਉੱਘੜਵੀਂ ਉਦਾਹਰਣ ਹੈ) ਨੂੰ ਧਮਕਾਇਆ ਹੈ ਤਾਂ ਜੋ ਉਨ੍ਹਾਂ ਦੇ ਮੀਡੀਆ ਅਦਾਰੇ ਟਰੰਪ ਅਤੇ ਉਸ ਦੇ ਪ੍ਰਸ਼ਾਸਨ ਦਾ ਪੱਖ ਪੂਰਨ ਵਾਲਾ ਰਵੱਈਆ ਅਪਣਾਉਣ। ਇਸ ਤੋਂ ਇਲਾਵਾ ਉਸ ਨੇ ਆਪਣੇ ਕੁਝ ਕਰੀਬੀ ਅਰਬਪਤੀਆਂ ਵੱਲੋਂ ਸਰਗਰਮ ਮੀਡੀਆ ਅਦਾਰਿਆਂ (ਉਦਾਹਰਣ ਵਜੋਂ ਸੀ ਬੀ ਐੱਸ) ਦੀ ਖ਼ਰੀਦ ਵਿੱਚ ਮਦਦ ਕੀਤੀ ਹੈ, ਜਿਸ ਸਦਕਾ ਟਰੰਪ ਖ਼ਿਲਾਫ਼ ਹੋਣ ਵਾਲੀ ਆਲੋਚਨਾਤਮਕ ਕਵਰੇਜ ਦਬਾਈ ਜਾ ਸਕੇ।




ਟਰੰਪ ਦਾ ਪੰਜਵਾਂ ਹਮਲਾ ਦੇਸ਼ ਦੀਆਂ ਬਹੁਤ ਸਲਾਹੀਆਂ ਜਾਣ ਵਾਲੀਆਂ ਯੂਨੀਵਰਸਿਟੀਆਂ 'ਤੇ ਹੈ। ਇਸ ਦੀ ਸ਼ੁਰੂਆਤ ਗਾਜ਼ਾ ਵਿੱਚ ਇਜ਼ਰਾਈਲ ਦੀਆਂ ਨਸਲਕੁਸ਼ੀ ਵਾਲੀਆਂ ਕਾਰਵਾਈਆਂ ਖ਼ਿਲਾਫ਼ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਵੱਲੋਂ ਕੀਤੇ ਸ਼ਾਂਤਮਈ ਪ੍ਰਦਰਸ਼ਨ ਨਾਲ ਹੋਈ। ਇਨ੍ਹਾਂ ਪ੍ਰਦਰਸ਼ਨਾਂ ਨੇ ਰਾਸ਼ਟਰਪਤੀ ਨੂੰ ਇੰਨਾ ਗੁੱਸਾ ਦਿਵਾਇਆ ਕਿ ਉਸ ਨੇ ਫੈਡਰਲ ਫੰਡਿੰਗ ਵਿੱਚ ਕਟੌਤੀ ਕਰਨ ਅਤੇ ਯੂਨੀਵਰਸਿਟੀ ਨੂੰ ਮਿਲਣ ਵਾਲੇ ਦਾਨ ਦੀ ਰਕਮ 'ਤੇ ਟੈਕਸ ਲਗਾਉਣ ਦੀ ਧਮਕੀ ਦਿੱਤੀ। ਟਰੰਪ ਅਮਰੀਕਾ ਦੀਆਂ ਬਿਹਤਰੀਨ ਯੂਨੀਵਰਸਿਟੀਆਂ ਨੂੰ ਆਪਣੀ ਸਿਆਸਤ ਅਤੇ ਆਪਣੇ ਪੱਖਪਾਤੀ ਨਜ਼ਰੀਏ ਮੁਤਾਬਿਕ ਢਾਲਣਾ ਚਾਹੁੰਦਾ ਹੈ, ਭਾਵੇਂ ਇਸ ਦਾ ਅਰਥ ਸੁਤੰਤਰ ਬੌਧਿਕ ਖੋਜ ਪ੍ਰਤੀ ਉਸ ਵਚਨਬੱਧਤਾ ਨੂੰ ਤਿਆਗਣਾ ਹੋਵੇ, ਜਿਨ੍ਹਾਂ ਸਦਕਾ ਇਨ੍ਹਾਂ ਯੂਨੀਵਰਸਿਟੀਆਂ ਨੂੰ ਇਹ ਰੁਤਬਾ ਹਾਸਲ ਹੋਇਆ ਹੈ।

(ਯੂਨੀਵਰਸਿਟੀਆਂ 'ਤੇ ਟਰੰਪ ਦੇ ਹਮਲੇ ਵਿਗਿਆਨ 'ਤੇ ਉਸ ਦੇ ਹਮਲਿਆਂ ਨਾਲ ਮੇਲ ਖਾਂਦੇ ਹਨ। ਆਪਣੇ ਪਹਿਲੇ ਕਾਰਜਕਾਲ ਵਿੱਚ ਉਸ ਨੇ ਨੈਸ਼ਨਲ ਇੰਸਟੀਚਿਊਟ ਔਫ ਅਲਰਜੀ ਐਂਡ ਇਨਫੈਕਸ਼ੀਅਸ ਡਿਜ਼ੀਜ਼ ਦੇ ਡਾਇਰੈਕਟਰ ਐਂਥਨੀ ਫਾਊਚੀ ਵੱਲੋਂ ਕੋਵਿਡ-19 ਮਹਾਮਾਰੀ ਨੂੰ ਰੋਕਣ ਦੇ ਯਤਨਾਂ ਨੂੰ ਲਗਾਤਾਰ ਕਮਜ਼ੋਰ ਕੀਤਾ। ਆਪਣੇ ਦੂਜੇ ਕਾਰਜਕਾਲ ਵਿੱਚ ਉਸ ਨੇ ਟੀਕਾਕਰਨ ਦੇ ਕੱਟੜ ਵਿਰੋਧੀ ਰੌਬਰਟ ਐੱਫ. ਕੈਨੇਡੀ ਜੂਨੀਅਰ ਨੂੰ ਆਪਣਾ ਸਿਹਤ ਸਕੱਤਰ ਨਿਯੁਕਤ ਕੀਤਾ ਹੈ।)

ਟਰੰਪ ਦੇ ਹਮਲਿਆਂ ਦਾ ਛੇਵਾਂ ਸ਼ਿਕਾਰ ਅਮਰੀਕਾ ਦੇ ਸਭ ਤੋਂ ਭਰੋਸੇਮੰਦ ਅਤੇ ਪੱਕੇ ਸਹਿਯੋਗੀ ਹੋਏ ਹਨ। ਗੁਆਂਢੀ ਦੇਸ਼ ਕੈਨੇਡਾ ਨਾਲ ਹਮੇਸ਼ਾ ਤੋਂ ਹੀ ਸੰਯੁਕਤ ਰਾਜ ਅਮਰੀਕਾ ਦੇ ਵਧੀਆ ਸਬੰਧ ਰਹੇ ਹਨ। ਕੈਨੇਡਾ ਨੂੰ ਟਰੰਪ ਨੇ ਇਸ 'ਤੇ ਕਬਜ਼ਾ ਕਰਨ ਤੇ ਇਸ ਖ਼ਿਲਾਫ਼ ਵਪਾਰਕ ਜੰਗ ਛੇੜਨ ਦੀਆਂ ਧਮਕੀਆਂ ਦਿੱਤੀਆਂ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਸੰਯੁਕਤ ਰਾਜ ਅਮਰੀਕਾ ਦੇ 51ਵੇਂ ਸੂਬੇ ਦਾ ਗਵਰਨਰ ਦੱਸਿਆ। ਹਾਲ ਦੀ ਘੜੀ ਟਰੰਪ ਨੇ ਕੈਨੇਡਾ ਦਾ ਮਜ਼ਾਕ ਉਡਾਉਣਾ ਬੰਦ ਕਰ ਦਿੱਤਾ ਹੈ, ਜਦੋਂਕਿ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਹੋਰਨਾਂ ਮੈਂਬਰਾਂ ਦਾ ਮਜ਼ਾਕ ਉਡਾਉਣਾ ਹਾਲੇ ਵੀ ਜਾਰੀ ਹੈ। ਸੰਨ 1949 ਵਿੱਚ ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਨਾਟੋ ਇੱਕਜੁੱਟ ਅਤੇ ਬਿਨਾਂ ਵਿਰੋਧ ਵਾਲਾ ਗੱਠਜੋੜ ਰਿਹਾ ਹੈ, ਜੋ ਪਿਛਲੇ ਇੱਕ ਸਾਲ ਦੌਰਾਨ ਟਰੰਪ ਵੱਲੋਂ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਜਾਂ ਖ਼ਰੀਦਣ ਦੀ ਧਮਕੀ ਅਤੇ ਹਾਲ ਹੀ 'ਚ ਇਰਾਨ ਵਿਰੁੱਧ ਜੰਗ ਵਿੱਚ ਯੂਰੋਪੀਅਨ ਸਹਿਯੋਗੀਆਂ ਦੇ ਸ਼ਾਮਲ ਨਾ ਹੋਣ 'ਤੇ ਉਸ ਦੇ ਗੁੱਸੇ ਕਾਰਨ ਗੰਭੀਰ ਤਣਾਅ ਵਿੱਚ ਹੈ। ਟਰੰਪ ਦਾ ਦੂਜਿਆਂ ਪ੍ਰਤੀ ਵੈਰ-ਭਾਵ ਵਿਅਕਤੀਗਤ ਰੂਪ ਧਾਰਦਾ ਜਾ ਰਿਹਾ ਹੈ, ਜਿਸ ਵਿੱਚ ਬਰਤਾਨੀਆ ਅਤੇ ਸਪੇਨ ਦੇ ਪ੍ਰਧਾਨ ਮੰਤਰੀਆਂ ਸਣੇ ਹੋਰਨਾਂ ਖ਼ਿਲਾਫ਼ ਬੇਲੋੜੀਆਂ ਅਪਮਾਨਜਨਕ ਟਿੱਪਣੀਆਂ ਸ਼ਾਮਿਲ ਹਨ।

ਟਰੰਪ ਵੱਲੋਂ ਜਾਣਬੁੱਝ ਕੇ ਰਾਸ਼ਟਰਪਤੀ ਦੇ ਅਹੁਦੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਇਹ ਉਸ ਵੱਲੋਂ ਸੋਸ਼ਲ ਮੀਡੀਆ 'ਤੇ ਪਾਈਆਂ ਪੋਸਟਾਂ ਵਿੱਚ ਵਰਤੀ ਗਈ ਅਪਮਾਨਜਨਕ ਭਾਸ਼ਾ ਅਤੇ ਹਰ ਵੇਲੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਫ਼ਾਇਦਾ ਕਰਵਾਉਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ ਲਈ ਤਿਆਰ ਰਹਿਣ ਵਾਲੇ ਰਵੱਈਏ ਤੋਂ ਪ੍ਰਤੱਖ ਹੈ। ਇਹ ਸੱਚ ਹੈ ਕਿ ਕੁਝ ਸਾਬਕਾ ਰਾਸ਼ਟਰਪਤੀਆਂ (ਲਿੰਡਨ ਜੌਹਨਸਨ ਅਤੇ ਰਿਚਰਡ ਨਿਕਸਨ) ਨੇ ਵੀ ਨਿੱਜੀ ਤੌਰ 'ਤੇ ਮਾੜੀ ਭਾਸ਼ਾ ਦੀ ਵਰਤੋਂ ਕੀਤੀ ਸੀ, ਜਦੋਂਕਿ ਹੋਰ ਕਈ ਰਾਸ਼ਟਰਪਤੀਆਂ ਨੇ ਅਹੁਦਾ ਛੱਡਣ ਮਗਰੋਂ ਪੈਸੇ ਲੈ ਕੇ ਭਾਸ਼ਣ ਦੇ ਕੇ ਅਤੇ ਕਿਤਾਬਾਂ ਲਿਖ ਕੇ ਆਪਣੇ ਰੁਤਬੇ ਦਾ ਲਾਹਾ ਲਿਆ, ਪਰ ਮੰਦੀ ਭਾਸ਼ਾ ਵਰਤਣ ਅਤੇ ਭ੍ਰਿਸ਼ਟਾਚਾਰ ਵਿੱਚ ਟਰੰਪ ਨੇ ਉਨ੍ਹਾਂ ਸਾਰਿਆਂ ਨੂੰ ਮਾਤ ਪਾ ਦਿੱਤੀ ਹੈ। ਉਸ ਨੇ ਆਪਣੇ ਅਹੁਦੇ ਦੀ ਸਾਖ ਨੂੰ ਇੰਨਾ ਖੋਰਾ ਲਾਇਆ ਹੈ, ਜਿੰਨਾ ਹੁਣ ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ ਕਿਸੇ ਵੀ ਹੋਰ ਆਗੂ ਨੇ ਨਹੀਂ ਲਗਾਇਆ।

ਰਾਸ਼ਟਰਪਤੀ ਵਜੋਂ ਆਪਣੇ ਦੂਜੇ ਕਾਰਜਕਾਲ ਦੌਰਾਨ ਟਰੰਪ ਵੱਲੋਂ ਆਪਣੇ ਹੀ ਦੇਸ਼ 'ਤੇ ਕੀਤੇ ਗਏ ਇਨ੍ਹਾਂ ਹਮਲਿਆਂ ਦੀ ਸੂਚੀ ਭਾਵੇਂ ਬਹੁਤੀ ਲੰਮੀ ਨਹੀਂ ਹੈ। ਫਿਰ ਵੀ ਇਸ ਤੋਂ ਕੁਝ ਹੱਦ ਤੱਕ ਇਹ ਅੰਦਾਜ਼ਾ ਲੱਗ ਜਾਂਦਾ ਹੈ ਕਿ ਟਰੰਪ ਨੇ ਆਪਣੇ ਉਸੇ ਦੇਸ਼ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਹੈ, ਜਿਸ ਨੂੰ ਉਹ ਪਿਆਰ ਕਰਨ ਅਤੇ ਮੁੜ ਮਹਾਨ ਬਣਾਉਣ ਦੇ ਦਾਅਵੇ ਕਰਦਾ ਹੈ। ਕੁੱਲ ਮਿਲਾ ਕੇ ਟਰੰਪ ਨੇ ਅਮਰੀਕਾ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਤੇ ਇਸ ਦੀ ਇੰਨੀ ਹੱਤਕ ਕਰਵਾ ਦਿੱਤੀ ਹੈ, ਜਿੰਨਾ ਕਮਜ਼ੋਰ ਇਹ ਅੱਜ ਤੱਕ ਕਦੇ ਵੀ ਨਹੀਂ ਸੀ ਜਾਪਿਆ।

ਮੈਂ ਇੱਕ ਆਖ਼ਰੀ ਨੁਕਤਾ ਵੀ ਤੁਹਾਡੀ ਨਜ਼ਰ ਕਰਨਾ ਚਾਹੁੰਦਾ ਹਾਂ। ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਵਿੱਚ ਡੋਨਲਡ ਟਰੰਪ ਨੇ ਹਠੀ ਤੇ ਖ਼ਬਤੀ ਢੰਗ ਨਾਲ ਵਿਹਾਰ ਕੀਤਾ। ਦੂਜੇ ਕਾਰਜਕਾਲ ਦੌਰਾਨ ਉਸ ਦੀਆਂ ਕਾਰਵਾਈਆਂ ਨੂੰ ਸਟੀਕ ਰੂਪ ਵਿੱਚ ਖ਼ਤਰਨਾਕ ਅਤੇ ਵੈਰਪੂਰਨ ਆਖਿਆ ਜਾ ਸਕਦਾ ਹੈ। ਮੇਰਾ ਮੰਨਣਾ ਹੈ ਕਿ ਇਹ ਫ਼ਰਕ ਇਸ ਕਰਕੇ ਹੈ ਕਿਉਂਕਿ ਇਸ ਸਮੇਂ ਦੌਰਾਨ ਟਰੰਪ ਅਤੇ ਉਸ ਦੇ ਸਲਾਹਕਾਰਾਂ ਨੇ ਹੋਰ ਜਮਹੂਰੀ ਮੁਲਕਾਂ ਦੇ ਨਿਰੰਕੁਸ਼ ਆਗੂਆਂ ਦੇ ਕੰਮ ਕਰਨ ਦੇ ਤੌਰ-ਤਰੀਕਿਆਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਅਤੇ ਸਿੱਧੇ ਤੌਰ 'ਤੇ ਉਨ੍ਹਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਹੰਗਰੀ ਵਿੱਚ ਵਿਕਟਰ ਓਰਬਨ, ਤੁਰਕੀ ਵਿੱਚ ਰੈਸੇਪ ਅਰਦੋਗਾਂ, ਇਜ਼ਰਾਈਲ ਵਿੱਚ ਬੈਂਜਾਮਿਨ ਨੇਤਨਯਾਹੂ ਅਤੇ ਭਾਰਤ ਵਿੱਚ ਨਰਿੰਦਰ ਮੋਦੀ ਮੀਡੀਆ ਨੂੰ ਧਮਕਾਉਣ, ਨਿਆਂ ਪ੍ਰਣਾਲੀ ਦੀ ਦੁਰਵਰਤੋਂ, ਫ਼ੌਜ ਦਾ ਸਿਆਸੀਕਰਨ ਅਤੇ ਯੂਨੀਵਰਸਿਟੀਆਂ 'ਤੇ ਕਬਜ਼ਾ ਕਰਨ ਲਈ ਅਣਥੱਕ ਕੋਸ਼ਿਸ਼ਾਂ ਕਰਦੇ ਰਹੇ ਹਨ। ਇਨ੍ਹਾਂ ਸਾਰੇ ਆਗੂਆਂ ਨੇ ਆਪੋ-ਆਪਣੇ ਮੁਲਕਾਂ ਦੀ ਜਮਹੂਰੀ ਸਵੈ-ਸੁਰਜੀਤੀ ਦੀ ਸਮਰੱਥਾ ਨੂੰ ਘਟਾਇਆ ਤੇ ਦੁਨੀਆ ਭਰ ਵਿੱਚ ਆਪਣੇ ਦੇਸ਼ਾਂ ਦੀ ਸਾਖ ਨੂੰ ਖੋਰਾ ਵੀ ਲਾਇਆ ਹੈ। ਫਿਰ ਵੀ ਇਤਿਹਾਸ ਸ਼ਾਇਦ ਟਰੰਪ ਨੂੰ ਹੀ ਸਭ ਤੋਂ ਵੱਧ ਨੁਕਸਾਨ ਪਹੁੰਚਾਉਣ ਵਾਲਾ ਨੇਤਾ ਮੰਨੇਗਾ ਕਿਉਂਕਿ ਦੁਨੀਆ ਦਾ ਸਭ ਤੋਂ ਵੱਧ ਅਮੀਰ, ਸਭ ਤੋਂ ਜ਼ਿਆਦਾ ਤਾਕਤਵਰ, ਵਿਗਿਆਨਕ ਪੱਖੋਂ ਸਭ ਤੋਂ ਵੱਧ ਉੱਨਤ ਅਤੇ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਦੇਸ਼ ਹੋਣ ਨਾਤੇ ਸੰਯੁਕਤ ਰਾਜ ਅਮਰੀਕਾ ਕੋਲ ਗੁਆਉਣ ਲਈ ਬਹੁਤ ਕੁਝ ਸੀ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

ramachandraguha@yahoo.in

# ਇਜ਼ਰਾਈਲ ਦੇ ਜੰਗ ਵਿਰੋਧੀ ਕਾਰਕੁੰਨ ਐਲਨ ਲੀ ਗ੍ਰੀਨ ਨਾਲ ਮੁਲਾਕਾਤ

***4 ਅਪ੍ਰੈਲ ਸਨਿੱਚਰਵਾਰ ਨੂੰ ਇਜ਼ਰਾਈਲ ਦੇ ਕਈ ਸ਼ਹਿਰਾਂ ਵਿੱਚ ਇਜ਼ਰਾਈਲ ਵਲੋਂ ਇਰਾਨ, ਗਾਜ਼ਾ ਅਤੇ ਲੈਬਨਾਨ ਵਿਰੁੱਧ ਲੜੀ ਜਾ ਰਹੀ ਜੰਗ ਦੇ ਵਿਰੋਧ ਵਿੱਚ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਸੰਬੰਧ ਵਿੱਚ ਡੈਮੋਕਰੇਸੀ ਨਾਓ ਦੀ ਪੱਤਰਕਾਰ ਏਮੀ ਗੁੱਡਮੈਨ ਨੇ ਇਜ਼ਰਾਈਲ ਦੇ ਜੰਗ ਵਿਰੋਧੀ ਕਾਰਕੁੰਨ ਅਤੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਦੇ ਸਾਂਝੇ ਗਰੁੱਪ 'ਸਟੈਂਡਿੰਗ ਟੂਗੈਦਰ' ਦੇ ਸਹਿ-ਡਾਇਰੈਕਟਰ ਐਲਨ ਲੀ ਗ੍ਰੀਨ ਨਾਲ ਇਕ ਮੁਲਾਕਾਤ ਕੀਤੀ ਹੈ, ਜਿਹੜੀ democracy.org ਦੇ ਸਾਈਟ 'ਤੇ 6 ਅਪ੍ਰੈਲ ਨੂੰ ਪ੍ਰਕਾਸ਼ਤ ਹੋਈ। ਪੰਜਾਬੀ ਪਾਠਕਾਂ ਲਈ ਇਸ ਮੁਲਾਕਾਤ ਦਾ ਪੰਜਾਬੀ ਵਿੱਚ ਅਨੁਵਾਦ ਪੇਸ਼ ਹੈ। - ਸੰਪਾਦਕ***

ਮੁਲਾਕਾਤੀ: ਏਮੀ ਗੁੱਡਮੈਨ, ਡੈਮੋਕਰੇਸੀ ਨਾਉ
ਅਨੁਵਾਦ: ਸੁਖਵੰਤ ਹੁੰਦਲ



**ਏਮੀ ਗੁਡਮੈਨ**: ਅਸੀਂ ਅੱਜ ਦੇ ਸ਼ੋਅ ਦੀ ਸ਼ੁਰੂਆਤ ਇਜ਼ਰਾਈਲ ਤੋਂ ਕਰ ਰਹੇ ਹਾਂ, ਜਿੱਥੇ ਸਨਿੱਚਰਵਾਰ ਨੂੰ ਤੇਲ ਅਵੀਵ ਵਿੱਚ ਇੱਕ ਜੰਗ-ਵਿਰੋਧੀ ਪ੍ਰਦਰਸ਼ਨ ਨੂੰ ਇਜ਼ਰਾਈਲੀ ਪੁਲੀਸ ਨੇ ਹਿੰਸਕ ਤਰੀਕੇ ਨਾਲ ਕੁਚਲਦਿਆਂ ਘੱਟੋ-ਘੱਟ 17 ਲੋਕਾਂ ਨੂੰ ਗ੍ਰਿਫਤਾਰ ਕੀਤਾ। ਇਸ ਇਕੱਠ ਵਿੱਚ ਇਕੱਤਰ ਹੋਏ ਸੈਂਕੜੇ ਲੋਕ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨ ਵਿਰੁੱਧ ਲੜੀ ਜਾ ਰਹੀ ਜੰਗ ਦੀ ਨਿੰਦਾ ਕਰ ਰਹੇ ਸਨ। ਇਹ ਗ੍ਰਿਫਤਾਰੀਆਂ ਇਜ਼ਰਾਈਲ ਦੀ ਸਿਖਰਲੀ ਅਦਾਲਤ ਦੇ ਉਸ ਆਦੇਸ਼ ਦੇ ਬਾਵਜੂਦ ਕੀਤੀਆਂ ਗਈਆਂ, ਜਿਸ ਵਿੱਚ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਜ਼ਰਾਈਲੀ ਪੁਲੀਸ ਨੇ ਫਿਰ ਵੀ ਇਰਾਨੀ ਮਿਜ਼ਾਈਲਾਂ ਦੇ ਖਤਰਿਆਂ ਦਾ ਹਵਾਲਾ ਦਿੰਦੇ ਹੋਏ ਪ੍ਰਦਰਸ਼ਨ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ। ਹਾਈਫਾ ਅਤੇ ਜੇਰੂਸਲਮ ਵਿੱਚ ਵੀ ਪ੍ਰਦਰਸ਼ਨ ਹੋਏ।

ਹਾਰੇਟਜ਼ ਅਖਬਾਰ ਦੀ ਇਕ ਰਿਪੋਰਟ ਅਨੁਸਾਰ ਪ੍ਰਦਰਸ਼ਨ ਦੇ ਸਮੇਂ ਦੇ ਕਰੀਬ ਯਮਨ ਦੇ ਹੂਥੀਆਂ ਵੱਲੋਂ ਦਾਗੀ ਗਈ ਇੱਕ ਮਿਜ਼ਾਈਲ ਕਾਰਨ ਤੇਲ ਅਵੀਵ ਵਿੱਚ ਸਾਇਰਨ ਵੱਜਣ ਲੱਗੇ, ਪਰ ਪੁਲੀਸ ਨੇ ਕਥਿਤ ਤੌਰ 'ਤੇ ਗ੍ਰਿਫਤਾਰ ਪ੍ਰਦਰਸ਼ਨਕਾਰੀਆਂ ਨੂੰ ਬੰਬਾਂ ਤੋਂ ਬਚਾਅ ਲਈ ਬਣੇ ਅੰਡਰਗ੍ਰਾਊਂਡ ਸ਼ੈਲਟਰ ਵਿੱਚ ਲਿਜਾਣ ਤੋਂ ਇਨਕਾਰ ਕਰ ਦਿੱਤਾ।

ਇਜ਼ਰਾਈਲ-ਫਲਸਤੀਨੀ ਗਰਾਸ ਰੂਟ ਗਰੁੱਪ 'ਸਟੈਂਡਿੰਗ ਟੂਗੈਦਰ' ਦਾ ਸਹਿ-ਡਾਇਰੈਕਟਰ ਅਤੇ ਤੇਲ ਅਵੀਵ ਵਿੱਚ ਸਨਿੱਚਰਵਾਰ ਦੇ ਜੰਗ-ਵਿਰੋਧੀ ਪ੍ਰਦਰਸ਼ਨ ਦਾ ਪ੍ਰਬੰਧਕ, ਐਲਨ-ਲੀ ਗ੍ਰੀਨ ਵੀ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਇੱਕ ਸੀ। ਗ੍ਰਿਫਤਾਰ ਕਰਨ ਤੋਂ ਬਾਅਦ ਉਸ ਨੂੰ ਲਗਭਗ ਸੱਤ ਘੰਟੇ ਬਾਅਦ ਰਿਹਾ ਕਰ ਦਿੱਤਾ ਗਿਆ। ਉਹ ਹੁਣ 'ਡੈਮੋਕਰੇਸੀ ਨਾਉ' 'ਤੇ ਸਾਡੇ ਨਾਲ ਗੱਲ ਕਰਨਗੇ।

**ਐਲਨ-ਲੀ** : ਅਸੀਂ ਤੁਹਾਡੇ ਨਾਲ ਪਹਿਲਾਂ ਗੱਲ ਕਰ ਰਹੇ ਹਾਂ ਕਿਉਂਕਿ ਇਸ ਇੰਟਰਵਿਊ ਤੋਂ ਤੁਰੰਤ ਬਾਅਦ ਤੁਸੀਂ ਅਦਾਲਤ ਵਿੱਚ ਪੇਸ਼ ਹੋਣਾ ਹੈ। ਪਹਿਲਾਂ, ਇਹ ਦੱਸੋ ਕਿ ਪਿਛਲੇ ਵੀਕ-ਇੰਡ 'ਤੇ ਸੈਂਕੜੇ ਇਜ਼ਰਾਈਲੀ, ਨਾ ਸਿਰਫ ਤੇਲ ਅਵੀਵ ਵਿੱਚ, ਸਗੋਂ ਹਾਈਫਾ ਅਤੇ ਜੇਰੂਸਲਮ ਵਿੱਚ ਵੀ, ਕਿਉਂ ਪ੍ਰਦਰਸ਼ਨ ਕਰ ਰਹੇ ਸਨ, ਤੁਸੀਂ ਉੱਥੇ ਕਿਉਂ ਸੀ, ਤੁਹਾਨੂੰ ਕਿਉਂ ਗ੍ਰਿਫਤਾਰ ਕੀਤਾ ਗਿਆ ਸੀ?

**ਐਲਨ-ਲੀ ਗ੍ਰੀਨ**: ਹਾਏ, ਏਮੀ। ਮੈਨੂੰ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਲਈ ਤੁਹਾਡਾ ਬਹੁਤ ਧੰਨਵਾਦ।

ਅਸਲ ਵਿੱਚ ਇਸ ਹਫਤੇ ਹਜ਼ਾਰਾਂ ਇਜ਼ਰਾਈਲੀ ਸੜਕਾਂ 'ਤੇ ਉਤਰ ਆਏ ਹਨ, ਅਤੇ ਇਹ ਇੱਕ ਅਜਿਹਾ ਰੋਸ ਹੈ ਜੋ ਇਜ਼ਰਾਈਲ ਵਿੱਚ ਵਧ ਰਿਹਾ ਹੈ। ਲੋਕ ਜਾਣਦੇ ਹਨ ਕਿ ਇਹ ਜੰਗ ਸਾਨੂੰ ਕੋਈ ਸੁਰੱਖਿਆ ਨਹੀਂ ਦੇਵੇਗੀ, ਕਿ ਇਹ ਜੰਗ ਸਿਰਫ ਮਿਡਲ ਈਸਟ ਦੇ ਲੋਕਾਂ- ਲੈਬਨਾਨੀਆਂ, ਫਲਸਤੀਨੀਆਂ, ਇਰਾਨੀਆਂ ਅਤੇ ਇਜ਼ਰਾਈਲੀਆਂ- ਨੂੰ ਨੁਕਸਾਨ ਪਹੁੰਚਾ ਰਹੀ ਹੈ। ਅਸੀਂ ਕੀਮਤ ਅਦਾ ਕਰ ਰਹੇ ਹਾਂ-ਟੁੱਟੇ ਪਰਿਵਾਰਾਂ, ਮਾਰੇ ਜਾ ਰਹੇ ਲੋਕਾਂ, ਢਾਹੇ ਜਾ ਰਹੇ ਘਰਾਂ ਨਾਲ। ਇਹ ਜੰਗ ਦੀ ਅਸਲੀਅਤ ਹੈ।

ਅਤੇ ਇਹ ਜੰਗ ਟਰੰਪ ਅਤੇ ਨੇਤਨਯਾਹੂ ਦੁਆਰਾ ਸ਼ੁਰੂ ਕੀਤੀ ਗਈ ਜੰਗ ਹੈ। ਅਸੀਂ ਇਸ ਜੰਗ ਦਾ ਵਿਰੋਧ ਕਰਦੇ ਹਾਂ ਕਿਉਂਕਿ ਇਹ ਇੱਕ ਅਣਮੁੱਕਣ ਵਾਲੀ ਜੰਗ ਹੈ। ਇਜ਼ਰਾਈਲ ਗਾਜ਼ਾ ਤੋਂ ਲੈਬਨਾਨ ਤੋਂ ਵੈਸਟ ਬੈਂਕ ਤੋਂ ਈਰਾਨ ਵੱਲ ਵਧ ਰਿਹਾ ਹੈ, ਅਤੇ ਫਿਰ ਉਹਨਾਂ ਹੀ ਮੋਰਚਿਆਂ 'ਤੇ ਵਾਪਸ ਆ ਜਾਂਦਾ ਹੈ। ਉਹ ਸਾਨੂੰ ਦੱਸਦੇ ਹਨ ਕਿ ਇਹ ਸਾਡੀ ਸੁਰੱਖਿਆ ਲਈ ਹੈ। ਪਰ ਅਸਲੀਅਤ ਵਿੱਚ, ਅਸੀਂ ਸਾਰੇ ਕੀਮਤ ਅਦਾ ਕਰ ਰਹੇ ਹਾਂ, ਅਤੇ ਅਸੀਂ ਸਾਰੇ ਇਸ ਜੰਗ ਵਿੱਚ ਹਾਰ ਰਹੇ ਹਾਂ।

**ਏਮੀ ਗੁਡਮੈਨ**: ਐਲਨ-ਲੀ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਬੱਚਿਆਂ ਦੀਆਂ ਤਸਵੀਰਾਂ ਫੜੀਆਂ ਹੋਈਆਂ ਸਨ ਜੋ ਇਰਾਨ, ਲੈਬਨਾਨ, ਇਜ਼ਰਾਈਲ, ਗਾਜ਼ਾ ਅਤੇ ਵੈਸਟ ਬੈਂਕ ਵਿੱਚ ਮਾਰੇ ਗਏ ਹਨ। ਕੀ ਤੁਸੀਂ ਇਰਾਨ ਵਿਰੁੱਧ ਇਜ਼ਰਾਈਲ ਦੀ ਜੰਗ ਅਤੇ ਲੈਬਨਾਨ ਉੱਤੇ ਹਮਲਿਆਂ ਦੇ ਨਾਲ-ਨਾਲ ਵੈਸਟ ਬੈਂਕ ਵਿੱਚ ਇਜ਼ਰਾਈਲ ਦੀਆਂ ਬਸਤੀਆਂ ਵਸਾਉਣ ਵਾਲਿਆਂ (ਇਜ਼ਰਾਈਲ ਦੇ ਸੈਟਲਰਾਂ) ਦੀ ਹਿੰਸਾ ਅਤੇ ਗਾਜ਼ਾ ਵਿੱਚ ਲਗਾਤਾਰ ਮਾਰੇ ਜਾ ਰਹੇ ਫਲਸਤੀਨੀਆਂ ਵਿਚਕਾਰ ਸਬੰਧਾਂ ਬਾਰੇ ਗੱਲ ਕਰ ਸਕਦੇ ਹੋ?

**ਐਲਨ-ਲੀ ਗ੍ਰੀਨ**: ਮੈਨੂੰ ਲਗਦਾ ਹੈ ਕਿ ਇਹ ਸਾਰੇ ਵੱਖ-ਵੱਖ ਮੋਰਚੇ, ਇਹ ਸਾਰੇ ਵੱਖ-ਵੱਖ ਦ੍ਰਿਸ਼ ਇੱਕ ਅਣਮੁੱਕਣ ਵਾਲੀ ਜੰਗ ਵਿੱਚ ਰਲ ਰਹੇ ਹਨ ਜਿਸ ਜੰਗ ਨੂੰ ਸਾਡੀ ਸਰਕਾਰ ਅਤੇ ਸਰਕਾਰਾਂ ਨੇ ਸੱਤਾ ਵਿੱਚ ਬਣੇ ਰਹਿਣ ਲਈ, ਸਾਡੇ ਸਮਾਜ ਵਿੱਚ ਲੋਕਾਂ ਨੂੰ ਕਾਲਪਨਿਕ ਦੁਸ਼ਮਣਾਂ ਵਿਰੁੱਧ ਭੜਕਾਉਣ ਲਈ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਜੇਕਰ ਉਹ ਗਾਜ਼ਾ ਵਿੱਚ ਲੋਕਾਂ ਨੂੰ ਮਾਰਨਗੇ ਅਤੇ ਫਿਰ ਸੈਟਲਰਾਂ (ਬਸਤੀਆਂ ਵਸਾਉਣ ਵਾਲਿਆਂ) ਨੂੰ ਵੈਸਟ ਬੈਂਕ ਵਿੱਚ ਲੋਕਾਂ ਦੀ ਹੱਤਿਆ ਕਰਨ ਦੀ ਇਜਾਜ਼ਤ ਦੇਣਗੇ ਅਤੇ ਫਿਰ ਇਰਾਨ ਅਤੇ ਲੈਬਨਾਨ ਉੱਤੇ ਹਮਲਾ ਕਰਨਗੇ, ਤਾਂ ਇਜ਼ਰਾਈਲੀ ਜਨਤਾ ਚੁੱਪ ਰਹੇਗੀ ਅਤੇ ਉਹ ਸੋਚੇਗੀ ਕਿ ਇਹ ਸਮਾਂ ਪ੍ਰਦਰਸ਼ਨ ਕਰਨ ਦਾ ਸਮਾਂ ਨਹੀਂ ਹੈ। ਪਰ ਮੇਰੇ ਖਿਆਲ ਵਿੱਚ ਇਜ਼ਰਾਈਲੀ ਜਨਤਾ ਜਾਗ ਰਹੀ ਹੈ। ਬਹੁਤ ਸਾਰੇ ਲੋਕ ਗੁੱਸੇ ਵਿੱਚ ਹਨ। ਜੰਗ ਨੂੰ ਚਲਦਿਆਂ ਤਿੰਨ ਸਾਲ ਹੋ ਗਏ ਹਨ। ਲੋਕ ਥੱਕ ਗਏ ਹਨ। ਲੋਕ ਆਪਣੇ ਪਰਿਵਾਰਾਂ ਲਈ ਵੱਖਰੀਆਂ ਹਕੀਕਤਾਂ ਚਾਹੁੰਦੇ ਹਨ। ਲੋਕ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਗੁਆ ਰਹੇ ਹਨ ਜੋ ਫੌਜ ਵਿੱਚ ਮਾਰਨ ਅਤੇ ਮਾਰੇ ਜਾਣ ਲਈ ਭੇਜੇ ਜਾਂਦੇ ਹਨ।

ਅਤੇ ਮੈਂ ਮੰਨਦਾ ਹਾਂ ਕਿ ਇਹ ਇਜ਼ਰਾਈਲ ਵਿੱਚ ਖੱਬੇ ਪੱਖੀਆਂ ਕੋਲ ਸੰਘਰਸ਼ ਨੂੰ ਫਲਸਤੀਨੀਆਂ, ਲੈਬਨਾਨੀਆਂ, ਮਿਡਲ ਈਸਟ ਦੇ ਲੋਕਾਂ ਦੇ ਹਿੱਤਾਂ, ਇਜ਼ਰਾਈਲੀ ਲੋਕਾਂ ਦੇ ਹਿੱਤਾਂ ਨਾਲ ਜੋੜਨ ਦਾ ਵੀ ਇੱਕ ਮੌਕਾ ਹੈ, ਕਿਉਂਕਿ ਲੋਕ ਜੋ ਕੀਮਤ ਅਦਾ ਕਰ ਰਹੇ ਹਨ, ਉਹ ਸਾਰਿਆਂ ਲਈ ਇੱਕੋ ਜਿਹੀ ਕੀਮਤ ਨਹੀਂ ਹੈ। ਮੈਂ ਜਾਣਦਾ ਹਾਂ ਕਿ ਇੱਕ ਇਜ਼ਰਾਈਲੀ ਨਾਗਰਿਕ ਹੋਣ ਦੇ ਨਾਤੇ, ਮੈਂ ਗਾਜ਼ਾ ਜਾਂ ਵੈਸਟ ਬੈਂਕ ਵਿੱਚ ਰਹਿ ਰਹੇ ਫਲਸਤੀਨੀ ਜਿੰਨੀ ਕੀਮਤ ਨਹੀਂ ਅਦਾ ਕਰ ਰਿਹਾ। ਪਰ ਵੱਖ-ਵੱਖ ਡਿਗਰੀਆਂ ਵਿੱਚ ਲੋਕਾਂ ਦਾ ਦੁੱਖ ਫਿਰ ਵੀ ਦੁੱਖ ਹੀ ਹੈ। ਅਤੇ ਗਾਜ਼ਾ, ਵੈਸਟ ਬੈਂਕ, ਲੈਬਨਾਨ, ਇਰਾਨ ਅਤੇ ਇਜ਼ਰਾਈਲ ਵਿੱਚ ਮਾਰੇ ਗਏ ਬੱਚਿਆਂ ਦੀਆਂ ਤਸਵੀਰਾਂ ਫੜਨਾ ਇਹ ਦਿਖਾਉਣ ਦਾ ਇੱਕ ਤਰੀਕਾ ਹੈ ਕਿ ਹਰ ਕੋਈ ਜੰਗ ਵਿੱਚ ਹਾਰ ਰਿਹਾ ਹੈ। ਜਿਨ੍ਹਾਂ ਲੋਕਾਂ ਨੂੰ ਕੁਝ ਫਾਇਦਾ ਹੋ ਰਿਹਾ ਹੈ, ਉਹ ਸਿਰਫ ਟਰੰਪ ਅਤੇ ਨੇਤਨਯਾਹੂ ਵਰਗੇ ਲੋਕ ਹਨ, ਹੋ ਸਕਦਾ ਹੈ ਕਿ ਫਾਇਦਾ ਉਠਾਉਣ ਵਾਲਿਆਂ ਵਿੱਚ ਕੁਝ ਤੇਲ ਕੰਪਨੀਆਂ ਹੋਣ ਜੋ ਇਨ੍ਹਾਂ ਜੰਗਾਂ ਤੋਂ ਬਹੁਤ ਮੁਨਾਫਾ ਕਮਾ ਰਹੀਆਂ ਹਨ।

**ਏਮੀ ਗੁਡਮੈਨ**: ਕੀ ਇਜ਼ਰਾਈਲ ਵਿੱਚ ਜੰਗ-ਵਿਰੋਧੀ ਲਹਿਰ ਵਧ ਰਹੀ ਹੈ?

**ਐਲਨ-ਲੀ ਗ੍ਰੀਨ**: ਹਾਂ। ਇਹ ਪਹਿਲੇ ਹਫਤੇ ਕੁਝ ਦਰਜਨ ਲੋਕਾਂ ਨਾਲ ਸ਼ੁਰੂ ਹੋਈ ਸੀ ਅਤੇ ਹੁਣ ਸਾਡੀ ਗਿਣਤੀ ਕੁਝ ਹਜ਼ਾਰ ਹੋ ਗਈ ਹੈ। ਪਹਿਲੇ ਹਫਤੇ, ਇਜ਼ਰਾਈਲੀ ਯਹੂਦੀ ਅਬਾਦੀ ਵਿੱਚ ਜੰਗ ਦਾ 90% ਸਮਰਥਨ ਸੀ, ਅਤੇ ਹੁਣ ਇਹ ਪੰਜ ਹਫਤਿਆਂ ਵਿੱਚ ਘਟ ਕੇ 60 ਪ੍ਰਤੀਸ਼ਤ ਦੇ ਕਰੀਬ ਆ ਗਿਆ ਹੈ। ਇਹ ਤੇਜ਼ੀ ਨਾਲ ਘਟ ਰਿਹਾ ਹੈ।

ਅਤੇ ਮੇਰਾ ਖਿਆਲ ਹੈ ਕਿ ਲੋਕ ਸਮਝ ਰਹੇ ਹਨ ਕਿ ਇਹ ਉਸ ਤਰ੍ਹਾਂ ਨਹੀਂ ਹੈ ਜਿਵੇਂ ਸਰਕਾਰ ਸਾਨੂੰ ਵੇਚਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਸਾਨੂੰ ਦੱਸਿਆ ਸੀ ਕਿ ਇਹ ਇੱਕ ਛੋਟੀ ਜੰਗ ਹੋਵੇਗੀ; ਅਸੀਂ ਲੋਕਤੰਤਰ ਪ੍ਰਾਪਤ ਕਰ ਲਵਾਂਗੇ ਜਾਂ ਇਰਾਨ ਦੀ ਸਰਕਾਰ ਦਾ ਡਿੱਗਣਾ ਪੱਕਾ ਕਰ ਲਵਾਂਗੇ। ਅਸੀਂ ਦੇਖ ਰਹੇ ਹਾਂ ਕਿ ਇਹ ਸੱਚ ਨਹੀਂ ਹੈ, ਨਾ ਸਿਰਫ ਇਹ ਕਿ ਉਹ ਨਹੀਂ ਜਿੱਤ ਰਹੇ, ਬਲਕਿ ਇਹ ਵੀ ਕਿ ਜੇਕਰ ਤੁਸੀਂ ਇਰਾਨੀ ਲੋਕਾਂ ਲਈ ਲੜਨ ਦਾ ਦਾਅਵਾ ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਦੇ ਤੇਲ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਸੀਂ ਉਨ੍ਹਾਂ ਦੇ ਬੁਨਿਆਦੀ ਢਾਂਚੇ, ਆਰਥਕਤਾ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਸੀਂ ਇਰਾਨ ਵਿੱਚ ਇੰਨੇ ਸਾਰੇ ਲੋਕ ਕਿਉਂ ਮਾਰ ਰਹੇ ਹੋ? ਤੁਸੀਂ 40 ਲੱਖ ਇਰਾਨੀਆਂ ਨੂੰ ਸ਼ਰਨਾਰਥੀ ਕਿਉਂ ਬਣਾ ਰਹੇ ਹੋ? ਮੇਰਾ ਖਿਆਲ ਹੈ ਕਿ ਇਹ ਝੂਠ ਹੌਲੀ-ਹੌਲੀ ਬੇਨਕਾਬ ਹੋ ਰਹੇ ਹਨ।

**ਏਮੀ ਗੁਡਮੈਨ**: ਕੀ ਬਹੁਤ ਸਾਰੇ ਇਜ਼ਰਾਈਲੀ ਫੌਜ ਵਿੱਚ ਸੇਵਾ ਕਰਨ ਤੋਂ ਇਨਕਾਰ ਕਰ ਰਹੇ ਹਨ?

**ਐਲਨ-ਲੀ ਗ੍ਰੀਨ**: ਇਸ ਜੰਗ ਵਿੱਚ, ਅਸੀਂ ਅਜੇ ਤੱਕ ਕਿਸੇ ਇਨਕਾਰੀ ਦਾ ਕੇਸ ਨਹੀਂ ਦੇਖਿਆ ਜੋ ਕਹਿੰਦਾ ਹੋਵੇ ਕਿ ਉਹ ਇਰਾਨੀ ਜੰਗ ਵਿੱਚ ਸੇਵਾ ਨਹੀਂ ਕਰੇਗਾ। ਪਰ ਤੁਸੀਂ ਰਿਜ਼ਰਵ ਫੌਜ ਵਿਚਲੇ ਬਹੁਤ ਸਾਰੇ ਲੋਕਾਂ ਨੂੰ ਇਹ ਕਹਿੰਦੇ ਦੇਖ ਸਕਦੇ ਹੋ ਕਿ ਬੱਸ ਹੋ ਗਿਆ। ਉਹ ਲੈਬਨਾਨ ਨਹੀਂ ਜਾ ਰਹੇ। ਉਹ ਗਾਜ਼ਾ ਵਾਪਸ ਨਹੀਂ ਜਾ ਰਹੇ। ਉਹ ਇਨਕਾਰ ਕਰ ਰਹੇ ਹਨ। ਸਾਡੀ ਲਹਿਰ ਨੇ ਰਿਜ਼ਰਵਿਸਟਾਂ ਅਤੇ ਸੈਨਿਕਾਂ ਨੂੰ ਮਨੁੱਖੀ ਜਾਨਾਂ, ਪਰਿਵਾਰਾਂ, ਗਾਜ਼ਾ, ਵੈਸਟ ਬੈਂਕ, ਲੈਬਨਾਨ ਵਿੱਚ ਬੱਚਿਆਂ ਦੀ ਸੁਰੱਖਿਆ ਦੀ ਨੈਤਿਕਤਾ ਅਪਨਾਉਣ ਲਈ ਕਿਹਾ ਹੈ।

ਮੇਰੇ ਵਿਚਾਰ ਵਿੱਚ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੰਗ ਦਾ ਵਿਰੋਧ ਕਰਨ ਵਾਲਾ ਇਜ਼ਰਾਈਲੀ ਹੋਣ ਲਈ ਇੱਕ ਔਖਾ ਮਾਹੌਲ ਹੈ। ਮੈਂ ਇਸ ਸਮੇਂ ਅਦਾਲਤ ਵਿੱਚ ਖੜ੍ਹਾ ਹਾਂ। ਮੇਰੇ ਸਾਹਮਣੇ, ਸੱਜੇ-ਪੱਖੀ ਭੀੜ ਦੇ ਕਾਰਕੁਨਾਂ ਦਾ ਇੱਕ ਸਮੂਹ ਹੈ ਜੋ ਮੈਨੂੰ ਗ੍ਰਿਫਤਾਰ ਕਰਨ ਲਈ ਇੱਥੇ ਆਇਆ ਹੈ, ਅਤੇ ਉਹ ਮੇਰਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਲੋਕ ਮੇਰੇ ਘਰ ਆਏ। ਸਾਨੂੰ ਗ੍ਰਿਫਤਾਰ ਕੀਤਾ ਗਿਆ। ਅਸੀਂ ਜੋ ਕਰ ਰਹੇ ਹਾਂ, ਉਹ ਕਰਨਾ ਅਸਾਨ ਨਹੀਂ ਹੈ, ਪਰ ਅਸੀਂ ਇਹ ਸੰਭਵ ਬਣਾਉਣ, ਇਸ ਨੂੰ ਆਮ ਬਣਾਉਣ, ਇਸ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਆਕੂਪੇਸ਼ਨ (ਕਬਜ਼ੇ) ਦਾ ਵਿਰੋਧ ਕਰਨਾ, ਇਜ਼ਰਾਈਲ-ਫਲਸਤੀਨੀ ਸ਼ਾਂਤੀ ਦਾ ਸਮਰਥਨ ਕਰਨਾ, ਲੈਬਨਾਨ ਜਾਂ ਇਰਾਨ ਜਾਂ ਵੈਸਟ ਬੈਂਕ ਵਿੱਚ ਇਸ ਅਣਮੁੱਕਣ ਵਾਲੀ ਜੰਗ ਦੇ ਅੰਤ ਦਾ ਸਮਰਥਨ ਕਰਨਾ ਦੇਸ਼ ਭਗਤੀ ਵਾਲਾ ਕੰਮ ਹੈ। ਅਤੇ ਮੈਨੂੰ ਲਗਦਾ ਹੈ ਕਿ ਅਸੀਂ ਸਫਲ ਹੋ ਰਹੇ ਹਾਂ ਅਤੇ ਵਧ ਰਹੇ ਹਾਂ।

**ਏਮੀ ਗੁਡਮੈਨ**: ਕਿਉਂਕਿ ਤੁਸੀਂ ਇਹ ਗੱਲ ਕੀਤੀ ਹੈ ਕਿ ਤੁਸੀਂ ਇਸ ਸਮੇਂ ਅਦਾਲਤ ਵਿੱਚ ਜਾਣ ਲਈ ਖੜ੍ਹੇ ਹੋ। ਅਸਲ ਵਿੱਚ ਇਹ ਕੇਸ ਇਸ ਵੀਕ-ਇੰਡ 'ਤੇ ਤੁਹਾਡੀ ਗ੍ਰਿਫਤਾਰੀ ਦੇ ਕੇਸ ਤੋਂ ਵੱਖਰਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਪਿਛਲੇ ਹਫਤੇ ਕੀ ਵਾਪਰਿਆ ਸੀ ਜਦੋਂ ਸੱਜੇ-ਪੱਖੀ ਕਾਰਕੁਨਾਂ ਦਾ ਇੱਕ ਸਮੂਹ ਤੁਹਾਡਾ ਪਿੱਛਾ ਕਰਦਾ ਹੋਇਆ ਤੁਹਾਡੇ ਘਰ ਤੱਕ ਪਹੁੰਚ ਗਿਆ ਸੀ, ਅਤੇ ਤੁਸੀਂ ਅੱਜ ਅਦਾਲਤ ਵਿੱਚ ਕਿਉਂ ਹੋ?

**ਐਲਨ-ਲੀ ਗ੍ਰੀਨ**: ਜ਼ਰੂਰ, ਸਾਡੇ ਉੱਤੇ ਜ਼ੁਲਮ ਕਰਨ ਅਤੇ ਸਾਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਨ ਵਾਲੀ ਰਾਜ ਦੀ ਇੱਕ ਹੋਰ ਬਾਂਹ ਸਿਰਫ ਪੁਲੀਸ ਹੀ ਨਹੀਂ ਹੈ ਜੋ ਬਹੁਤ ਹੀ ਹਿੰਸਕ ਅਤੇ ਧੱਕੜ ਤਰੀਕੇ ਨਾਲ ਸਾਨੂੰ ਖਿੰਡਾਉਂਦੀ ਹੈ। ਇਹ ਸੰਗਠਿਤ ਸੱਜੇ-ਪੱਖੀ ਸਮੂਹ ਵੀ ਹਨ ਜੋ ਸਾਡਾ ਪਿੱਛਾ ਕਰਦੇ ਹਨ, ਸਾਡੇ ਪਤੇ ਲੱਭਦੇ ਹਨ, ਸਾਡੇ ਘਰਾਂ ਵਿੱਚ ਆਉਂਦੇ ਹਨ, ਸਾਡੇ ਉੱਤੇ ਹਮਲਾ ਕਰਦੇ ਹਨ, ਅਚਾਨਕ ਅੱਧੀ ਰਾਤ ਨੂੰ, ਤੁਹਾਡੇ ਅਪਾਰਟਮੈਂਟ ਦੇ ਦਰਵਾਜ਼ੇ ਦੇ ਬਾਹਰ ਕੁਝ ਦਰਜਨ ਲੋਕਾਂ ਨੂੰ ਲੈ ਕੇ ਆਉਂਦੇ ਹਨ, ਆ ਕੇ ਤੁਹਾਡੀ ਕਾਰ ਨੂੰ ਰੋਕਦੇ ਹਨ, ਤੁਹਾਨੂੰ ਸੜਕ ਦੇ ਵਿਚਕਾਰ ਲੱਭ ਲੈਂਦੇ ਹਨ। ਅਤੇ ਇਹ ਇੱਕ ਹਕੀਕਤ ਹੈ ਜੋ ਵਧ ਰਹੀ ਹੈ। ਉਨ੍ਹਾਂ ਨੂੰ ਪੁਲਿਸ ਦਾ ਸਮਰਥਨ ਪ੍ਰਾਪਤ ਹੈ। ਉਨ੍ਹਾਂ ਨੂੰ ਕਦੇ ਗ੍ਰਿਫਤਾਰ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਕਦੇ—ਆਪਣੀਆਂ ਕਾਰਵਾਈਆਂ ਦੀ ਕੀਮਤ ਨਹੀਂ ਚੁਕਾਉਣੀ ਪੈਂਦੀ। ਇਸ ਲਈ, ਮੈਂ ਅਦਾਲਤ ਤੋਂ ਉਨ੍ਹਾਂ ਵਿੱਚੋਂ ਕੁਝ ਦੇ ਖਿਲਾਫ ਪਾਬੰਦੀ ਦਾ ਹੁਕਮ (ਰਿਸਟ੍ਰੇਨਿੰਗ ਆਰਡਰ) ਲੈਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਅਤੇ ਇਹ ਸ਼ਾਇਦ ਸੰਗਠਿਤ ਹੋਣ ਅਤੇ ਆਪਣੇ ਆਪ ਦੀ ਰੱਖਿਆ ਕਰਨ ਤੋਂ ਇਲਾਵਾ ਸਾਡੇ ਕੋਲ ਹੋਣ ਵਾਲੇ ਉਹਨਾਂ ਥੋੜ੍ਹੇ ਜਿਹੇ ਸਾਧਨਾਂ ਵਿੱਚੋਂ ਇੱਕ ਹੈ।

**ਏਮੀ ਗੁਡਮੈਨ**: ਮੈਨੂੰ ਦੱਸੋ, ਸਨਿੱਚਰਵਾਰ ਨੂੰ ਉਸ ਸਮੇਂ ਕੀ ਵਾਪਰਿਆ ਜਦੋਂ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੂੰ ਕਿਹਾ ਗਿਆ ਸੀ ਕਿ ਤੁਸੀਂ ਜਨਤਕ ਸੁਰੱਖਿਆ ਦੇ ਕਾਰਨ ਪ੍ਰਦਰਸ਼ਨ ਨਹੀਂ ਕਰ ਸਕਦੇ। ਪਰ ਜਦੋਂ ਸਾਇਰਨ ਵੱਜੇ, ਉਦੋਂ ਤੁਸੀਂ ਇੱਕ ਪੁਲੀਸ ਦੀ ਬੱਸ ਵਿੱਚ ਸੀ ਅਤੇ ਜਦੋਂ ਬਾਕੀ ਸਾਰੇ ਸ਼ੈਲਟਰਾਂ ਵੱਲ ਦੌੜ ਗਏ, ਤੁਸੀਂ ਉਹਨਾਂ ਵਿੱਚ ਨਹੀਂ ਜਾ ਸਕਦੇ ਸੀ ਕਿਉਂਕਿ ਪੁਲੀਸ ਨੇ ਤੁਹਾਨੂੰ ਬੱਸ ਵਿੱਚੋਂ ਬਾਹਰ ਨਹੀਂ ਜਾਣ ਦਿੱਤਾ?

**ਐਲਨ-ਲੀ ਗ੍ਰੀਨ**: ਸਾਨੂੰ ਜਾਣ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਲਈ ਗ੍ਰਿਫਤਾਰ ਕੀਤਾ ਗਿਆ ਸੀ ਕਿ ਅਸੀਂ ਹੋਮ ਫਰੰਟ ਕਮਾਂਡ ਦੇ ਐਮਰਜੈਂਸੀ ਉਪਾਵਾਂ ਦੀ ਉਲੰਘਣਾ ਕਰ ਰਹੇ ਸੀ ਅਤੇ ਅਸੀਂ ਖੁਦ ਆਪਣੇ ਆਪ ਨੂੰ ਖਤਰੇ ਵਿੱਚ ਪਾਇਆ ਸੀ। ਪਰ ਉਦੋਂ ਅਸੀਂ ਪੁਲੀਸ ਦੀ ਬੱਸ ਵਿੱਚ ਸੀ। ਸਾਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੈਨੂੰ ਹੱਥਕੜੀਆਂ ਲਾਈਆਂ ਗਈਆਂ ਸਨ। ਅਤੇ ਫਿਰ ਅਸੀਂ ਸਾਰਿਆਂ ਨੇ ਸਾਇਰਨ ਸੁਣੇ, ਅਤੇ ਅਸੀਂ ਪੁਲੀਸ ਨੂੰ ਕਿਹਾ, 'ਸਾਨੂੰ ਸ਼ੈਲਟਰਾਂ ਵਿੱਚ ਜਾਣ ਦਿਉ। ਅਸੀਂ ਤੇਲ ਅਵੀਵ ਦੇ ਸਭ ਤੋਂ ਵੱਡੇ ਸ਼ੈਲਟਰ ਦੇ ਉੱਪਰ ਹਾਂ। ਸਾਨੂੰ ਬੱਸ ਵਿੱਚੋਂ ਉਤਰਨ ਅਤੇ ਸ਼ੈਲਟਰ ਵਿੱਚ ਜਾਣ ਦਿਉ।' ਅਤੇ ਉਨ੍ਹਾਂ ਨੇ ਕਿਹਾ, 'ਇਹ ਤੁਹਾਡੀ ਸਮੱਸਿਆ ਹੈ। ਤੁਸੀਂ ਜੰਗ ਦੇ ਵਿਚਕਾਰ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।' ਅਤੇ ਅਸੀਂ ਉਨ੍ਹਾਂ 'ਤੇ ਚੀਕਣਾ ਸ਼ੁਰੂ ਕਰ ਦਿੱਤਾ ਅਤੇ ਮੰਗ ਕੀਤੀ ਕਿ ਸਾਨੂੰ ਮਿਜ਼ਾਈਲ ਤੋਂ ਬਚਾਇਆ ਜਾਵੇ ਜੋ ਸਾਡੇ 'ਤੇ ਡਿਗ ਸਕਦੀ ਸੀ। ਅਤੇ ਉਨ੍ਹਾਂ ਨੇ ਸੱਚਮੁੱਚ ਇਹ ਕਰਨ ਤੋਂ ਇਨਕਾਰ ਕਰ ਦਿੱਤਾ।

ਆਖਰਕਾਰ, ਜਦੋਂ ਸਾਇਰਨ ਵੱਜਣੋਂ ਹੱਟ ਗਿਆ—ਸ਼ਾਇਦ ਸਾਡੇ ਕੋਲ ਹਮਲੇ ਤੋਂ ਪਹਿਲਾਂ ਕੁਝ ਸਕਿੰਟ ਸਨ—ਉਨ੍ਹਾਂ ਨੇ ਸਾਨੂੰ ਸ਼ੀਸ਼ੇ ਦੀਆਂ ਖਿੜਕੀਆਂ ਵਾਲੀ ਇੱਕ ਇਮਾਰਤ ਦੀ ਲਾਬੀ ਵਿੱਚ ਜਾਣ ਦੀ ਇਜਾਜ਼ਤ ਦਿੱਤੀ, ਜੋ ਕਿ ਇੱਕ ਸੁਰੱਖਿਅਤ ਸਥਿਤੀ ਨਹੀਂ ਸੀ, ਅਤੇ ਉਨ੍ਹਾਂ ਨੇ ਸਾਨੂੰ ਜ਼ਮੀਨ 'ਤੇ ਲੇਟਣ ਲਈ ਕਿਹਾ ਤਾਂ ਜੋ ਸਾਡਾ ਬਚਾਅ ਹੋ ਸਕੇ। ਇਹ ਸਾਡੀਆਂ ਜਾਨਾਂ ਲਈ ਖਤਰਾ ਸੀ। ਇਹ ਕੁਝ ਅਜਿਹਾ ਹੈ ਜੋ ਕਾਨੂੰਨ ਨੂੰ ਵੀ ਤੋੜਦਾ ਹੈ। ਸਾਇਰਨ ਵੱਜਣ ਦੌਰਾਨ ਕਿਸੇ ਨੂੰ ਵੀ ਤੁਹਾਨੂੰ ਸ਼ੈਲਟਰ ਵਿੱਚ ਜਾਣ ਤੋਂ ਰੋਕਣ ਦੀ ਇਜਾਜ਼ਤ ਨਹੀਂ

ਹੈ। ਅਤੇ ਪੁਲੀਸ ਇਜ਼ਰਾਈਲ ਵਿੱਚ ਕਾਨੂੰਨ ਤੋੜ ਰਹੀ ਹੈ।

**ਏਮੀ ਗੁਡਮੈਨ**: ਐਤਵਾਰ ਨੂੰ, ਹਦਾਸ਼-ਤਾਅਲ ਦੇ ਚੇਅਰਮੈਨ, ਨੇਸੇਟ (ਇਜ਼ਰਾਈਲ ਦੀ ਪਾਰਲੀਮੈਂਟ) ਦੇ ਮੈਂਬਰ ਅਯਮਾਨ ਓਦੇਹ ਨੇ ਸੋਸ਼ਲ ਮੀਡੀਆ 'ਤੇ ਲਿਖਿਆ ÷ਕੱਲ੍ਹ ਜੰਗ-ਵਿਰੋਧੀ ਪ੍ਰਦਰਸ਼ਨ ਵਿੱਚ ਪੁਲੀਸ ਦਾ ਵਤੀਰਾ, ਹਾਈ ਕੋਰਟ ਆਫ਼ ਜਸਟਿਸ ਦੇ ਫੈਸਲੇ ਦੀ ਖੁੱਲ੍ਹੇਆਮ ਉਲੰਘਣਾ ਦੇ ਨਾਲ, ਇਸ ਗੱਲ ਦਾ ਇੱਕ ਹੋਰ ਸਬੂਤ ਹੈ ਕਿ ਅਸੀਂ ਇੱਕ ਇਤਿਹਾਸਕ ਮੋੜ 'ਤੇ ਹਾਂ। ਇਹ ਇੱਥੇ ਭਵਿੱਖ, ਬੋਲਣ ਦੀ ਆਜ਼ਾਦੀ, ਲੋਕਤਾਂਤਰਿਕ ਕਦਰਾਂ-ਕੀਮਤਾਂ, ਅਤੇ ਮਾਣ, ਸੁਰੱਖਿਆ ਅਤੇ ਸਮਾਨਤਾ ਨਾਲ ਜੀਉਣ ਦੇ ਅਧਿਕਾਰ, ਅਤੇ ਸਭ ਤੋਂ ਵੱਧ, ਤਲਵਾਰ ਨਾਲ ਜੀਉਣਾ ਬੰਦ ਕਰਨ ਅਤੇ ਸੱਚੀ ਸ਼ਾਂਤੀ ਲਈ ਯਤਨ ਕਰਨ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਹੈ। ਮੈਂ ਉਨ੍ਹਾਂ ਹਜ਼ਾਰਾਂ ਨਾਗਰਿਕਾਂ ਦੀ ਹਿੰਮਤ ਵਧਾਉਂਦਾ ਅਤੇ ਉਨ੍ਹਾਂ ਨਾਲ ਇੱਕਜੁੱਟਤਾ ਜ਼ਾਹਰ ਕਰਦਾ ਹਾਂ ਜੋ ਕੱਲ੍ਹ ਸਭ ਕੁਝ ਦੇ ਬਾਵਜੂਦ ਪ੍ਰਦਰਸ਼ਨ ਕਰਨ ਲਈ ਨਿਕਲੇ, ਅਤੇ ਜੋ ਫਾਸ਼ੀਵਾਦੀਆਂ ਦੇ ਸਾਹਮਣੇ ਡਟੇ ਰਹੇ। ਅਗਲੇ ਹਫਤੇ, ਸਾਡੀ ਗਿਣਤੀ ਦਹਿ-ਹਜ਼ਾਰਾਂ ਵਿੱਚ ਹੋਵੇਗੀ। ਕਿਉਂਕਿ ਉਹ ਸਾਨੂੰ ਜਿੰਨਾ ਦਬਾਉਣਗੇ ਅਤੇ ਚੁੱਪ ਕਰਾਉਣਗੇ ਉਨਾ ਹੀ ਸਾਡੀ ਗਿਣਤੀ ਵਧੇਗੀ ਅਤੇ ਉਨਾ ਹੀ ਜ਼ਿਆਦਾ ਅਸੀਂ ਸਫਲ ਹੋਵਾਂਗੇ। ਐਲਨ-ਲੀ ਕੀ ਤੁਸੀਂ ਦੱਸ ਸਕਦੇ ਹੋ ਕਿ ਹਦਾਸ਼-ਤਾਅਲ ਪਾਰਟੀ ਕੀ ਹੈ, ਅਯਮਾਨ ਉਦੇਹ ਕੌਣ ਹੈ—ਅਤੇ ਉਸ ਵਲੋਂ ਹਾਈ ਕੋਰਟ ਦਾ ਹਵਾਲਾ ਦੇਣ ਦਾ ਕੀ ਮਤਲਬ ਹੈ ਕਿ ਤੁਸੀਂ ਪ੍ਰਦਰਸ਼ਨ ਕਰ ਸਕਦੇ ਹੋ?

**ਐਲਨ-ਲੀ ਗ੍ਰੀਨ**: ਅਯਮਾਨ ਓਦੇਹ ਨੇਸੇਟ (ਪਾਰਲੀਮੈਂਟ) ਵਿੱਚ ਇਜ਼ਰਾਈਲ ਵਿੱਚ ਫਲਸਤੀਨੀ ਘੱਟ ਗਿਣਤੀ ਦੀ ਨੁਮਾਇੰਦਗੀ ਕਰਨ ਵਾਲੀ ਹਦਾਸ਼-ਤਾਅਲ ਪਾਰਟੀ ਦਾ ਮੁਖੀ ਹੈ। ਇਜ਼ਰਾਈਲ ਵਿੱਚ ਇਜ਼ਰਾਈਲ ਦੇ ਕੁੱਲ ਨਾਗਰਿਕਾਂ ਦਾ 20% ਫਲਸਤੀਨੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਲਗਭਗ ਚਾਰ ਰਾਜਨੀਤਿਕ ਪਾਰਟੀਆਂ ਹਨ, ਅਤੇ ਉਹ ਇਨ੍ਹਾਂ ਪਾਰਟੀਆਂ ਵਿੱਚੋਂ ਖੱਬੇ-ਪੱਖੀ ਪਾਰਟੀ ਦਾ ਆਗੂ ਹੈ।

ਅਤੇ ਉਹ ਇਜ਼ਰਾਈਲ ਦੀ ਸੁਪਰੀਮ ਕੋਰਟ ਵਿੱਚ ਇੱਕ ਸੁਣਵਾਈ ਦਾ ਹਵਾਲਾ ਦੇ ਰਿਹਾ ਹੈ—ਜਿੱਥੇ ਇਹ ਸਵਾਲ ਪੁੱਛਿਆ ਗਿਆ ਸੀ ਕਿ ਕੀ ਜੰਗ ਹੋਣ ਦੇ ਬਾਵਜੂਦ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੋਣਾ ਕਾਨੂੰਨੀ ਹੈ। ਅਸੀਂ ਸੁਪਰੀਮ ਕੋਰਟ ਵਿੱਚ ਗਏ, ਅਤੇ ਅਸੀਂ ਉਨ੍ਹਾਂ ਨੂੰ ਦੱਸਿਆ, 'ਇਜ਼ਰਾਈਲ ਵਿੱਚ ਹਮੇਸ਼ਾਂ ਜੰਗ ਰਹਿੰਦੀ ਹੈ। ਤੁਸੀਂ ਕਹਿੰਦੇ ਹੋ ਕਿ ਇਹ ਮਹੀਨਿਆਂ, ਸਾਲਾਂ ਤੱਕ ਰਹਿ ਸਕਦੀ ਹੈ। ਕੀ ਇਸ ਦਾ ਮਤਲਬ ਹੈ ਕਿ ਸਾਨੂੰ ਕਦੇ ਵੀ ਜੰਗ ਦੇ ਵਿਰੁੱਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਨਹੀਂ ਹੈ?' ਇਸ ਲਈ ਅਸੀਂ ਇਸ ਨੂੰ ਇੱਕ ਸੰਵਿਧਾਨਕ ਸਵਾਲ ਵਜੋਂ ਸੁਪਰੀਮ ਕੋਰਟ ਵਿੱਚ ਲੈ ਕੇ ਗਏ, ਅਤੇ ਸੁਪਰੀਮ ਕੋਰਟ ਹੁਣ ਇਸ 'ਤੇ ਵਿਚਾਰ ਕਰ ਰਹੀ ਹੈ। ਉਹ ਵੀਰਵਾਰ ਨੂੰ ਇਸ ਸਵਾਲ ਬਾਰੇ ਫੈਸਲਾ ਸੁਣਾਏਗੀ ਕਿ ਕੀ ਇਹ ਅਜੇ ਵੀ ਕਾਨੂੰਨੀ ਹੈ ਅਤੇ ਸਾਨੂੰ ਅਜੇ ਵੀ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ, ਭਾਵੇਂ ਕਿ ਇਜ਼ਰਾਈਲ ਵਿੱਚ ਹੋਮ ਫਰੰਟ ਕਮਾਂਡ ਦੇ ਵਿਸ਼ੇਸ਼ ਸੁਰੱਖਿਆ ਅਤੇ ਐਮਰਜੈਂਸੀ ਉਪਾਅ ਲਾਗੂ ਹਨ। ਉਨ੍ਹਾਂ ਨੇ ਪੁਲਿਸ ਨੂੰ ਕਿਹਾ ਕਿ ਜਦੋਂ ਤੱਕ ਵਿਚਾਰ ਚਰਚਾ ਨਹੀਂ ਹੁੰਦੀ, ਜਦੋਂ ਤੱਕ ਫੈਸਲਾ ਨਹੀਂ ਆ ਜਾਂਦਾ, ਉਦੋਂ ਤੱਕ ਉਹ ਸਾਨੂੰ ਖਿੰਡਾਉਣ ਦੇ ਹੱਕਦਾਰ ਨਹੀਂ ਹਨ। ਪਰ ਪੁਲੀਸ ਨੇ ਮੰਤਰੀ ਬੇਨ-ਗਵੀਰ ਦੀ ਮੰਗ 'ਤੇ ਅਮਲ ਕੀਤਾ, ਜਿਸ ਨੇ ਗ੍ਰਿਫਤਾਰੀਆਂ ਕਰਨ ਦੀ ਮੰਗ ਕੀਤੀ ਸੀ।

**ਏਮੀ ਗੁਡਮੈਨ**: ਕਿਉਂਕਿ ਤੁਸੀਂ ਅਦਾਲਤ ਵਿੱਚ ਜਾਣਾ ਹੈ, ਇਸ ਲਈ ਮੈਂ ਅੰਤ ਵਿੱਚ ਓਫਰ ਕੈਸਿਫ ਬਾਰੇ ਗੱਲ ਕਰਨਾ ਚਾਹੁੰਦੀ ਹਾਂ, ਜੋ ਅਯਮਾਨ ਓਦੇਹ ਵਾਂਗ, ਹਦਾਸ਼-ਤਾਅਲ ਗੱਠਜੋੜ ਨਾਲ ਸੰਬੰਧਿਤ ਇਜ਼ਰਾਈਲੀ ਨੇਸੇਟ (ਪਾਰਲੀਮੈਂਟ) ਦਾ ਇੱਕ ਮੈਂਬਰ ਹੈ। ਉਹ ਕਹਿੰਦਾ ਹੈ ਕਿ ਸ਼ਨੀਵਾਰ ਦੇ ਜੰਗ-ਵਿਰੋਧੀ ਪ੍ਰਦਰਸ਼ਨ ਨੂੰ ਖਿੰਡਾਉਣ ਦੌਰਾਨ ਪੁਲਿਸ ਨੇ ਉਸ ਨਾਲ ਕੁੱਟਮਾਰ ਕੀਤੀ। ਪਿਛਲੇ ਮਹੀਨੇ ਡੈਮੋਕਰੇਸੀ ਨਾਓ ਨਾਲ ਗੱਲ ਕਰਦਿਆਂ, ਉਸ ਨੇ ਜੰਗ ਦੇ ਵਿਰੋਧ ਵਿੱਚ ਇਹ ਕਿਹਾ ਸੀ:


**ਓਫਰ ਕੈਸਿਫ**: ਪਰ ਉਨ੍ਹਾਂ ਸਰਕਾਰਾਂ, ਉਨ੍ਹਾਂ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਭਾਈਵਾਲਾਂ ਦਾ ਅਸਲੀ ਹਿੱਤ-ਅਸਲ ਕਾਰਨ ਇਹ ਹੈ ਕਿ ਉਹ ਆਪਣੇ ਆਰਥਿਕ ਅਤੇ ਰਾਜਨੀਤਕ ਹਿਤਾਂ ਨੂੰ ਪ੍ਰਾਪਤ ਕਰਨ ਲਈ, ਲੋਕਾਂ ਦੀ ਕੀਮਤ 'ਤੇ ਜੋ ਕੁਝ ਵੀ ਕਰ ਸਕਦੇ ਹਨ, ਕਰਨਗੇ। ਇਹਨਾਂ ਲੋਕਾਂ ਵਿੱਚ ਇਰਾਨ ਦੇ ਲੋਕ ਅਤੇ ਇਜ਼ਰਾਈਲ ਦੇ ਲੋਕ ਵੀ ਸ਼ਾਮਲ ਹਨ। ਬਦਕਿਸਮਤੀ ਨਾਲ, ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਾਡੀ ਭਲਾਈ ਜਾਂ ਇਰਾਨ ਦੇ ਲੋਕਾਂ ਜਾਂ ਅਮਰੀਕੀ ਲੋਕਾਂ ਦੀ ਭਲਾਈ ਅਤੇ ਹਿੱਤ ਵਿੱਚ ਸੱਚੀ ਦਿਲਚਸਪੀ ਨਹੀਂ ਹੈ ਅਤੇ ਇਹ ਮੁੱਖ ਮਸਲਾ ਹੈ। ਇਹ ਇਰਾਨੀ ਲੋਕਾਂ ਦੇ ਵਿਰੁੱਧ ਇੱਕ ਸਾਮਰਾਜਵਾਦੀ ਹਮਲਾ ਹੈ। ਇਹ ਨਿਜ਼ਾਮ ਦੇ ਵਿਰੁੱਧ ਨਹੀਂ ਹੈ। ਉਹ ਚਾਹੁੰਦੇ ਹਨ ਕਿ ਅਸੀਂ ਵਿਸ਼ਵਾਸ ਕਰੀਏ ਕਿ ਇਹ ਨਿਜ਼ਾਮ ਦੇ ਵਿਰੁੱਧ ਹੈ। ਆਖਰਕਾਰ ਇਹ ਇਰਾਨ ਦੇ ਲੋਕਾਂ ਦੇ ਵਿਰੁੱਧ ਹੈ। ਅਤੇ ਇਤਿਹਾਸ ਇਹ ਸਾਬਤ ਕਰਦਾ ਹੈ।

ਅਤੇ ਅਸੀਂ, ਇਜ਼ਰਾਈਲ ਵਿੱਚ ਆਕੂਪੇਸ਼ਨ-ਵਿਰੋਧੀ, ਨਸਲਕੁਸ਼ੀ-ਵਿਰੋਧੀ, ਸ਼ਾਂਤੀ ਅੰਦੋਲਨ ਵਿੱਚ ਹੁੰਦੇ ਹੋਏ ਇਹ ਜਾਣਦੇ ਹਾਂ। ਇਸ ਸਮੇਂ ਮਿਜ਼ਾਈਲਾਂ ਦੇ ਕਾਰਨ ਅਤੇ ਐਮਰਜੈਂਸੀ ਸਥਿਤੀ ਦੀ ਆੜ ਵਿੱਚ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਕਾਰਨ ਸੜਕਾਂ 'ਤੇ ਉਤਰਨਾ ਅਤੇ ਪ੍ਰਦਰਸ਼ਨ ਕਰਨਾ ਬਹੁਤ ਮੁਸ਼ਕਲ ਹੈ। ਪਰ ਅਸੀਂ ਜਾਣਦੇ ਹਾਂ ਕਿ ਦਾਅ 'ਤੇ ਕੀ ਲੱਗਿਆ ਹੋਇਆ ਹੈ। ਅਸੀਂ ਜਾਣਦੇ ਹਾਂ ਕਿ ਸਰਕਾਰਾਂ ਦੇ ਅਸਲ ਹਿੱਤ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹਨ, ਅਤੇ ਅਸੀਂ ਵਿਰੋਧ ਕਰਨ ਅਤੇ ਇਸ ਖੂਨ-ਖਰਾਬੇ ਨੂੰ ਰੋਕਣ ਲਈ ਜੋ ਕੁਝ ਵੀ ਕਰ ਸਕਦੇ ਹਾਂ, ਕਰਦੇ ਹਾਂ।

**ਏਮੀ ਗੁਡਮੈਨ**: ਤਾਂ, ਇਹ ਸੀ ਓਫਰ ਕੈਸਿਫ, ਇਜ਼ਰਾਈਲੀ ਨੇਸੇਟ (ਪਾਰਲੀਮੈਂਟ) ਅਤੇ ਖੱਬੇ-ਪੱਖੀ ਹਦਾਸ਼-ਤਾਅਲ ਪਾਰਟੀ ਦਾ ਮੈਂਬਰ। ਉਹ ਵੀ ਪ੍ਰਦਰਸ਼ਨ ਵਿੱਚ ਸੀ ਅਤੇ ਕਹਿੰਦਾ ਹੈ ਕਿ ਉਸ ਨਾਲ ਕੁੱਟਮਾਰ ਕੀਤੀ ਗਈ ਸੀ। ਮੈਂ ਇਜ਼ਰਾਇਲੀ-ਫਲਸਤੀਨੀ ਗਰਾਸ ਰੂਟ ਗਰੁੱਪ 'ਸਟੈਂਡਿੰਗ ਟੂਗੈਦਰ' ਦੇ ਸਹਿ-ਡਾਇਰੈਕਟਰ, ਇਜ਼ਰਾਈਲ ਵਿੱਚ ਸਨਿੱਚਰਵਾਰ ਨੂੰ ਜੰਗ-ਵਿਰੋਧੀ ਪ੍ਰਦਰਸ਼ਨ ਦੇ ਪ੍ਰਬੰਧਕ ਅਤੇ ਤੇਲ ਅਵੀਵ ਵਿੱਚ ਜੰਗ ਵਿਰੋਧੀ ਪ੍ਰਦਰਸ਼ਨ ਵਿੱਚ ਗ੍ਰਿਫਤਾਰ ਕੀਤੇ ਗਏ ਐਲਨ-ਲੀ ਗ੍ਰੀਨ ਦਾ ਸਾਡੇ ਨਾਲ ਗੱਲਬਾਤ ਕਰਨ ਲਈ ਧੰਨਵਾਦ ਕਰਦੀ ਹਾਂ। ਇਕ ਹੋਰ ਕੇਸ ਦੇ ਸੰਬੰਧ ਵਿੱਚ ਇਸ ਸਮੇਂ ਉਹ ਅਦਾਲਤ ਵਿੱਚ ਹਾਜ਼ਰ ਹੈ।

# 'ਆਪ' ਦੇ ਸੱਤ ਸਿਤਾਰੇ ਭਾਜਪਾਈ ਬਣੇ - 'ਬਦਲਾਅ' ਦੇ ਖ਼ੇਮੇ 'ਚ ਖਲਬਲੀ

**ਨਵਕਿਰਨ ਸਿੰਘ ਪੱਤੀ**
98885-44001




ਪਿਛਲੇ ਕੁੱਝ ਦਿਨਾਂ ਤੋਂ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸੱਤ ਰਾਜ ਸਭਾ ਮੈਂਬਰਾਂ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਸਵਾਤੀ ਮਾਲੀਵਾਲ, ਹਰਭਜਨ ਸਿੰਘ, ਵਿਕਰਮਜੀਤ ਸਾਹਨੀ ਅਤੇ ਰਾਜਿੰਦਰ ਗੁਪਤਾ ਦਾ ਦਲ-ਬਦਲੀ ਕਾਂਡ ਸੁਰਖ਼ੀਆਂ 'ਚ ਹੈ। ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਵੱਲੋਂ ਇਹਨਾਂ ਸੱਤਾਂ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਰਲੇਵੇਂ ਨੂੰ ਅਧਿਕਾਰਤ ਤੌਰ 'ਤੇ ਪ੍ਰਵਾਨਗੀ ਦੇਣ ਨਾਲ ਭਾਵੇਂ ਭਾਜਪਾ ਨੂੰ ਅੰਕੜਿਆਂ ਦੇ ਵਾਧੇ ਨਾਲ ਤਸੱਲੀ ਹੋਈ ਹੋਵੇਗੀ ਪਰ ਲੋਕਾਂ ਖ਼ਾਸਕਰ ਪੰਜਾਬੀਆਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸਵਾਲਾਂ ਨੇ ਜਨਮ ਲੈ ਲਿਆ ਹੈ। ਇਸ ਫ਼ੈਸਲੇ ਨਾਲ 245 ਮੈਂਬਰੀ ਰਾਜ ਸਭਾ ਵਿੱਚ 'ਆਪ' ਦੀ ਗਿਣਤੀ 10 ਤੋਂ ਘਟ ਕੇ ਸਿਰਫ਼ 3 ਰਹਿ ਗਈ ਹੈ, ਜਦੋਂਕਿ ਭਾਜਪਾ ਦਾ ਅੰਕੜਾ 106 ਤੋਂ ਵਧ ਕੇ 113 ਹੋ ਗਿਆ ਹੈ। ਭਾਵੇਂ ਇਸ ਰਲੇਵੇਂ ਨੂੰ ਸੰਵਿਧਾਨ ਦੀ ਦਸਵੀਂ ਅਨੁਸੂਚੀ (ਦਲ-ਬਦਲੀ ਵਿਰੋਧੀ ਕਾਨੂੰਨ) ਤਹਿਤ ਜਾਇਜ਼ ਦੱਸਿਆ ਜਾ ਰਿਹਾ ਹੈ। ਜਿਸ ਤਹਿਤ ਦੋ-ਤਿਹਾਈ ਮੈਂਬਰਾਂ ਦੇ ਇਕੱਠੇ ਜਾਣ 'ਤੇ ਮੈਂਬਰਸ਼ਿਪ ਰੱਦ ਹੋਣ ਤੋਂ ਬਚ ਜਾਂਦੀ ਹੈ। ਪਰ ਸਾਡੇ ਲਈ ਅੰਕੜਿਆਂ ਦੀ ਖੇਡ ਜਾਂ ਇਸ ਤਰ੍ਹਾਂ ਦੀਆਂ ਸੰਵਿਧਾਨਿਕ ਮੱਦਾਂ ਤੋਂ ਅੱਗੇ ਰਾਜਨੀਤੀ ਦੇ ਨਿਘਾਰ ਨੂੰ ਸਮਝਣਾ ਬਹੁਤ ਅਹਿਮ ਹੈ। ਸਭ ਤੋਂ ਅਹਿਮ ਇਹ ਵੀ ਹੈ ਕਿ ਗੱਲ ਸਿਰਫ਼ ਕਾਨੂੰਨੀ ਨਹੀਂ, ਸਗੋਂ ਨੈਤਿਕਤਾ ਦੀ ਵੀ ਹੈ, ਲੋਕਾਂ ਲਈ ਭਰੋਸੇਯੋਗਤਾ ਦੀ ਵੀ ਹੈ।

ਭਾਜਪਾ ਵਿੱਚ ਸ਼ਾਮਲ ਹੋਏ 7 ਰਾਜ ਸਭਾ ਮੈਂਬਰਾਂ ਵਿੱਚੋਂ 6 ਪੰਜਾਬ ਤੋਂ ਭੇਜੇ ਗਏ ਸਨ ਪਰ ਇਹਨਾਂ ਵਿੱਚੋਂ ਜ਼ਿਆਦਾਤਰ ਧਨਾਢ ਕਾਰੋਬਾਰੀ ਹਨ, ਕੁੱਝ ਪੰਜਾਬ ਤੋਂ ਬਾਹਰਲੇ ਹਨ, ਜੋ ਪੰਜਾਬੀ ਹੈ ਵੀ ਉਹ ਕਦੇ ਵੀ ਪੰਜਾਬ ਪੱਖੀ ਨਹੀਂ ਰਿਹਾ ਹੈ। ਇਹਨਾਂ ਨੂੰ ਰਾਜ ਸਭਾ ਭੇਜਣ ਵੇਲੇ ਵੀ ਪੰਜਾਬ ਵਿੱਚ ਕਾਫ਼ੀ ਰੌਲਾ ਪਿਆ ਸੀ ਕਿਉਂਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਘਰਾਂ ਦੇ ਧੀਆਂ-ਪੁੱਤਾਂ ਨੂੰ ਟਿਕਟਾਂ ਦੇਣ ਦਾ ਵਾਅਦਾ ਕੀਤਾ ਸੀ। ਲੇਕਿਨ ਸੱਤਾ ਹਾਸਲ ਕਰਨ ਤੋਂ ਬਾਅਦ ਜਦ ਰਾਜ ਸਭਾ ਵਿਚ ਭੇਜਣ ਦੀ ਵਾਰੀ ਆਈ ਤਾਂ ਕਿਸੇ ਪੰਜਾਬ ਪੱਖੀ ਚਿਹਰੇ, ਚਿੰਤਕ, ਪਾਰਟੀ ਵਰਕਰ ਜਾਂ ਸਮਾਜਿਕ ਕਾਰਕੁੰਨ ਨੂੰ ਰਾਜ ਸਭਾ ਭੇਜਣ ਦੀ ਬਜਾਏ ਧਨਾਢਾਂ ਨੂੰ ਪੰਜਾਬ ਦੇ ਰਾਜ ਸਭਾ ਮੈਂਬਰ ਬਣਾ ਕੇ ਭੇਜਿਆ। ਅਰਵਿੰਦ ਕੇਜਰੀਵਾਲ ਨੂੰ ਪੁੱਛਿਆ ਜਾਣਾ ਚਾਹੀਦਾ ਹੈ: ਪੰਜਾਬ ਵਿੱਚ ਉਹਨਾਂ ਦੀ ਪਾਰਟੀ ਨੂੰ ਕੋਈ ਕਾਬਲ ਆਗੂ ਹੀ ਨਹੀਂ ਲੱਭਿਆ? ਪੰਜਾਬ ਤੋਂ ਬਾਹਰਲੇ ਰਾਘਵ ਚੱਢਾ ਤੇ ਸੰਦੀਪ ਪਾਠਕ ਦੀ ਕੀ ਯੋਗਤਾ ਸੀ ਕਿ ਪੰਜਾਬ ਦੇ ਕਾਰਕੁਨਾਂ ਤੇ ਬੁੱਧੀਜੀਵੀਆਂ ਨੂੰ ਪਾਸੇ ਕਰਕੇ ਇਨ੍ਹਾਂ ਦੋ ਸ਼ਖ਼ਸਾਂ ਨੂੰ ਵਾਇਆ ਪੰਜਾਬ ਰਾਜ ਸਭਾ ਭੇਜਣ ਨੂੰ ਪਹਿਲ ਦਿੱਤੀ ਗਈ। ਵਿਕਰਮਜੀਤ ਸਾਹਨੀ ਧਨਾਢ ਵਿਉਪਾਰੀ ਹੈ ਜਿਸਦਾ ਆਮ ਆਦਮੀ ਪਾਰਟੀ ਨਾਲ ਕੋਈ ਦੂਰ-ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ ਪਰ ਕੇਜਰੀਵਾਲ ਨੇ ਇਸਨੂੰ ਕਿਹੜੇ ਕਾਰਨ ਰਾਜ ਸਭਾ ਭੇਜਿਆ, ਉਹ 'ਕਾਰਨ' ਹਰ ਕੋਈ ਸਮਝ ਸਕਦਾ ਹੈ। 'ਆਪ' ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਦੀ ਗੱਲ ਕੀਤੀ ਗਈ ਸੀ ਤੇ ਲੋਕਾਂ ਨੂੰ ਲੱਗਿਆ ਸੀ ਕਿ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਿੱਖਿਆ ਸੰਸਥਾਵਾਂ ਨੂੰ ਉੱਚਾ ਚੁੱਕਿਆ ਜਾਵੇਗਾ ਪਰ ਕੇਜਰੀਵਾਲ ਵੱਲੋਂ ਪੰਜਾਬ ਦੀ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮਾਲਕ ਅਸ਼ੋਕ ਮਿੱਤਲ ਨੂੰ ਰਾਜ ਸਭਾ ਭੇਜਣ ਨਾਲ ਸਪੱਸ਼ਟ ਹੋ ਗਿਆ ਸੀ ਕਿ ਇਹ ਪਾਰਟੀ ਨਿੱਜੀਕਰਨ ਦੀ ਨੀਤੀ ਨੂੰ ਹੋਰ ਵੀ ਸ਼ਾਜਿਸ਼ੀ ਢੰਗ ਨਾਲ ਲਾਗੂ ਕਰਨ ਵਾਲੀ ਹੈ। ਪਹਿਲਾਂ ਸੰਜੀਵ ਅਰੋੜਾ ਤੇ ਹੁਣ ਉਸਦੀ ਥਾਂ ਰਾਜ ਸਭਾ ਭੇਜੇ ਗਏ ਰਾਜਿੰਦਰ ਗੁਪਤਾ ਦਾ ਪਿਛੋਕੜ ਲੋਕ ਪੱਖੀ ਨਹੀਂ ਰਿਹਾ ਹੈ ਤਾਂ ਇਹਨਾਂ ਨੇ ਕੇਜਰੀਵਾਲ-ਭਗਵੰਤ ਮਾਨ ਨੂੰ ਅਜਿਹਾ ਕਿਹੜਾ 'ਯੋਗਦਾਨ' ਦਿੱਤਾ ਕਿ ਇਹਨਾਂ ਨੂੰ ਰਾਜ ਸਭਾ ਭੇਜਣਾ ਪਿਆ। ਮਤਲਬ ਸਾਫ ਹੈ ਕਿ ਆਮ ਆਦਮੀ ਪਾਰਟੀ ਦੀ ਕੇਜਰੀਵਾਲ ਮਾਰਕਾ ਲੀਡਰਸ਼ਿਪ ਨੇ ਪੰਜਾਬੀ ਲੋਕਾਂ ਨਾਲ ਧ੍ਰੋਹ ਕਮਾਉਂਦਿਆਂ ਵਿਉਪਾਰੀਆਂ ਤੇ ਧਨਾਢਾਂ ਨੂੰ ਰਾਜ ਸਭਾ ਭੇਜਿਆ ਤੇ ਉਹ ਮੌਕਾ ਮਿਲਦਿਆਂ ਹੀ ਆਪਣੀ ਖ਼ਸਲਤ ਅਨੁਸਾਰ ਅੱਗੇ ਵਿਉਪਾਰ ਕਰ ਗਏ!

ਆਮ ਆਦਮੀ ਪਾਰਟੀ ਇਕ ਅਜਿਹੀ ਪਾਰਟੀ ਹੈ ਜਿਸਦੀ ਕੋਈ ਠੋਸ ਵਿਚਾਰਧਾਰਾ ਨਹੀਂ ਹੈ। ਇਸਦਾ ਜ਼ਿਆਦਾਤਰ ਮਾਮਲਿਆਂ ਉੱਪਰ ਕੋਈ ਠੋਸ ਸਟੈਂਡ ਨਹੀਂ ਹੈ। ਮੁਲਕ ਵਿੱਚ ਭ੍ਰਿਸ਼ਟਾਚਾਰ ਤੋਂ ਅੱਕੇ ਮੱਧਵਰਗੀਆਂ ਦੇ ਜਜ਼ਬਾਤਾਂ ਨਾਲ ਖੇਡ ਕੇ ਕੇਜਰੀਵਾਲ ਜੁੰਡਲੀ ਨੇ ਸ਼ੋਸ਼ਲ ਮੀਡੀਆ ਰਾਹੀਂ ਜਿਸ ਤੇਜ ਰਫ਼ਤਾਰ ਨਾਲ ਇਹ ਪਾਰਟੀ ਖੜ੍ਹੀ ਕੀਤੀ ਹੈ, ਉਸੇ ਤਰ੍ਹਾਂ ਇਹ ਪਾਰਟੀ ਖਿੰਡ ਰਹੀ ਹੈ।

ਜਿੱਥੇ ਆਮ ਆਦਮੀ ਪਾਰਟੀ ਨੇ ਧਨਾਢਾਂ ਨੂੰ ਰਾਜ ਸਭਾ ਭੇਜਣ ਵੇਲੇ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਿਆ, ਉਸੇ ਤਰ੍ਹਾਂ ਭਾਜਪਾ ਨੇ ਉਸਤੋਂ ਵੀ ਇਕ ਕਦਮ ਅੱਗੇ ਪੁੱਟਦਿਆਂ ਉਹਨਾਂ ਵਿੱਚੋਂ ਜੋ ਲਾਲਚ ਨਾਲ ਮੰਨਿਆਂ ਉਸਨੂੰ ਲਾਲਚ ਦੇ ਕੇ ਅਤੇ ਜੋ ਡਰ ਕੇ ਮੰਨਿਆਂ ਉਸਨੂੰ ਡਰਾ ਕੇ ਭਗਵਾ ਪਾਰਟੀ ਵਿੱਚ ਸ਼ਾਮਲ ਕਰ ਲਿਆ। ਕੇਜਰੀਵਾਲ ਨੂੰ ਜਦੋਂ ਕਨਸੋਅ ਮਿਲੀ ਕਿ ਰਾਘਵ ਚੱਢਾ ਭਾਜਪਾ ਵੱਲ ਜਾ ਸਕਦਾ ਹੈ ਤਾਂ ਉਸਨੇ ਰਾਘਵ ਨੂੰ ਰਾਜ ਸਭਾ 'ਚ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾ ਕੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਮਾਲਕ ਅਸ਼ੋਕ ਮਿੱਤਲ ਨੂੰ ਰਾਜ ਸਭਾ ਵਿੱਚ ਪਾਰਟੀ ਦਾ ਡਿਪਟੀ ਲੀਡਰ ਥਾਪ ਦਿੱਤਾ। 'ਲਵਲੀ ਸਵੀਟ ਸ਼ੌਪ' ਭਾਵ ਮਠਿਆਈਆਂ ਦੀ ਦੁਕਾਨ ਤੋਂ ਇਕ ਨਿੱਜੀ ਯੂਨੀਵਰਸਿਟੀ ਬਣਾਉਣ ਅਤੇ ਕਈ ਕਾਰੋਬਾਰ ਖੜ੍ਹੇ ਕਰਨ ਵਾਲੇ ਅਸ਼ੋਕ ਮਿੱਤਲ ਦੀ ਦੁਖਦੀ ਰਗ ਤੋਂ ਭਾਜਪਾ ਬਖ਼ੂਬੀ ਜਾਣੂ ਸੀ। ਹੋਇਆ ਇਹ ਕਿ ਰਾਜ ਸਭਾ ਵਿੱਚ ਡਿਪਟੀ ਲੀਡਰ ਬਣਨ ਦੇ ਤੀਜੇ ਦਿਨ ਹੀ ਅਸ਼ੋਕ ਮਿੱਤਲ ਦੇ ਘਰ ਕੇਂਦਰੀ ਏਜੰਸੀ ਈ.ਡੀ. ਛਾਪਾ ਮਾਰਨ ਪਹੁੰਚ ਗਈ। ਫਿਰ ਕੀ ਸੀ, ਹਫ਼ਤੇ ਦੇ ਅੰਦਰ-ਅੰਦਰ ਉਸ ਨੇ ਝਾੜੂ ਪਾਰਟੀ ਦਾ ਪੱਲਾ ਛੱਡਕੇ ਆਪਣੇ 6 ਹੋਰ ਸਾਥੀਆਂ ਸਮੇਤ ਕੇਂਦਰ 'ਚ ਸੱਤਾਧਾਰੀ ਭਗਵਾ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕਰ ਦਿੱਤੀ। ਕੀ ਹੁਣ ਕੋਈ ਸੋਚ ਸਕਦਾ ਹੈ ਕਿ ਕੇਂਦਰੀ ਏਜੰਸੀ ਈ.ਡੀ. ਕਦੇ ਲਵਲੀ ਵਾਲਿਆਂ ਦੇ ਗੇੜਾ ਮਾਰੇਗੀ? ਹੁਣ ਇਸ ਤਰ੍ਹਾਂ ਕਦੇ ਨਹੀਂ ਹੋਵੇਗਾ। ਇਸਤੋਂ ਸਾਬਤ ਹੁੰਦਾ ਹੈ ਕਿ ਕੇਂਦਰੀ ਏਜੰਸੀਆਂ ਦੇਸ਼ ਲਈ ਨਹੀਂ ਭਾਜਪਾ ਲਈ ਕੰਮ ਕਰ ਰਹੀਆਂ ਹਨ। ਭਾਜਪਾ ਵੱਲੋਂ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ/ਵਿਧਾਇਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦਾ ਇਹ ਢੰਗ ਭਾਰਤ ਦੀ ਚੋਣ ਪ੍ਰਣਾਲੀ ਦਾ ਦੀਵਾਲੀਆਪਣ ਸਾਹਮਣੇ ਲਿਆ ਰਿਹਾ ਹੈ। ਵੈਸੇ ਤਾਂ ਸਾਡੇ ਮੁਲਕ ਵਿੱਚ ਦਲ-ਬਦਲੀ ਕੋਈ ਨਵੀਂ ਗੱਲ ਨਹੀਂ ਹੈ ਕਿਉਂਕਿ ਇੱਥੇ 'ਆਯਾ ਰਾਮ, ਗਯਾ ਰਾਮ' ਵਰਗੇ ਕਈ ਕਿੱਸੇ ਮਸ਼ਹੂਰ ਹਨ। ਜਿਵੇਂ ਹਰਿਆਣੇ ਦੀ ਪਹਿਲੀ ਵਿਧਾਨ ਸਭਾ ਲਈ 1967 ਵਿੱਚ ਹੋਈਆਂ ਚੋਣਾਂ ਦੌਰਾਨ ਜਿੱਤੇ ਗਯਾ ਲਾਲ ਨੇ ਇਕ ਦਿਨ ਵਿੱਚ ਦੋ ਪਾਰਟੀਆਂ ਬਦਲੀਆਂ ਸਨ ਤੇ ਉਸਨੇ ਵਿਧਾਨ ਸਭਾ ਦੀ ਇੱਕੋ ਟਰਮ ਦੌਰਾਨ ਬਦਲ-ਬਦਲ ਕਈ ਪਾਰਟੀਆਂ ਦਾ ਪੱਲਾ ਫੜਿਆ ਸੀ ਜਿਸ ਕਾਰਨ 'ਆਯਾ ਰਾਮ, ਗਯਾ ਰਾਮ' ਦੀ ਕਹਾਵਤ ਮਸ਼ਹੂਰ ਹੋਈ ਸੀ। ਪਰ ਹਕੀਕਤ ਇਹ ਹੈ ਕਿ ਉਹ ਚੋਣ ਜਿੱਤਿਆ ਇਕ ਅਜ਼ਾਦ ਵਿਧਾਇਕ ਸੀ ਲੇਕਿਨ ਹੁਣ ਜਦ ਉਹੀ ਕੰਮ ਵੱਡੀਆਂ-ਵੱਡੀਆਂ ਨਸੀਹਤਾਂ ਦੇਣ ਵਾਲੀਆਂ ਤੇ ਖੁਦ ਨੂੰ ਦੁਨੀਆ ਦੀਆਂ ਵੱਡੀਆਂ ਪਾਰਟੀਆਂ ਕਹਾਉਣ ਵਾਲੀਆਂ ਕਰ ਰਹੀਆਂ ਹਨ ਤਾਂ ਇਹ ਰੁਝਾਨ ਜ਼ਿਆਦਾ ਖ਼ਤਰਨਾਕ ਹੈ। ਜਿਨ੍ਹਾਂ ਦੋ ਪਾਰਟੀਆਂ ਦੇ ਸੰਸਦਾਂ ਦੀ ਅਦਲਾ-ਬਦਲੀ ਹੋਈ ਹੈ ਉਹਨਾਂ ਵਿੱਚ ਇਕ ਪਾਸੇ ਖੁਦ ਨੂੰ 'ਵਿਸ਼ਵ ਗੁਰੂ' ਕਹਾਉਣ ਵਾਲਾ ਉਹ ਸ਼ਖ਼ਸ ਖੜ੍ਹਾ ਹੈ ਜੋ 'ਮਨ ਕੀ ਬਾਤ' ਰਾਹੀਂ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦਾ ਨਹੀਂ ਥੱਕਦਾ ਤੇ ਦੂਜੇ ਪਾਸੇ ਨੈਤਿਕਤਾ ਦੇ ਪਾਠ ਪੜ੍ਹਾਉਣ ਵਾਲਾ ਉਹ ਵਿਅਕਤੀ ਹੈ ਜੋ ਇਹ ਦਾਅਵੇ ਕਰਦਾ ਰਿਹਾ ਹੈ, 'ਅਸੀਂ ਰਾਜਨੀਤੀ ਕਰਨ ਨਹੀਂ, ਰਾਜਨੀਤੀ ਬਦਲਣ ਆਏ ਹਾਂ'।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਦਲ-ਬਦਲੀ ਤੇ ਸਿਆਸੀ ਮੌਕਾਪ੍ਰਸਤੀ ਪੁਰਾਣੀ ਖੇਡ ਹੈ, ਲੇਕਿਨ ਇਸ ਵਾਰ ਨਵਾਂ ਇਹ ਹੋਇਆ ਕਿ 'ਆਪ' ਲੀਡਰਸ਼ਿਪ ਨੇ ਭਾਜਪਾ ਵਿੱਚ ਸ਼ਾਮਲ ਹੋਏ ਉਪਰੋਕਤ ਰਾਜ ਸਭਾ ਮੈਂਬਰਾਂ ਨੂੰ 'ਗ਼ਦਾਰ' ਕਰਾਰ ਦੇ ਕੇ ਇਹ ਬਿਰਤਾਂਤ ਚਲਾਉਣ ਦੀ ਕੋਸ਼ਿਸ਼ ਕੀਤੀ। ਜੋਸ਼ ਵਿੱਚ ਆਏ ਕੁੱਝ 'ਆਪ' ਵਰਕਰ ਉਪਰੋਕਤ ਰਾਜ ਸਭਾ ਮੈਂਬਰਾਂ ਦੇ ਘਰਾਂ ਦੀਆਂ ਕੰਧਾਂ ਉੱਪਰ 'ਗ਼ਦਾਰ' ਲਿਖ ਵੀ ਆਏ। ਪਹਿਲੀ ਗੱਲ, ਇਸ ਤਰ੍ਹਾਂ ਕਰਨ ਵਾਲੇ 'ਆਪ' ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਉਹਨਾਂ ਨੂੰ ਪੁੱਛੀ ਜਾਣੀ ਚਾਹੀਦੀ ਹੈ ਕਿ ਭਾਈ ਤੁਸੀਂ ਉਦੋਂ ਕਿੱਥੇ ਸੀ ਜਦ ਤੁਹਾਡੀ ਲੀਡਰਸ਼ਿਪ ਨੇ 'ਦਰੀਆਂ ਵਿਛਾਉਣ' ਵਾਲੇ ਆਮ ਵਰਕਰਾਂ ਨੂੰ ਛੱਡ ਕੇ ਧਨਾਢਾਂ ਨੂੰ ਟਿਕਟਾਂ ਦਿੱਤੀਆਂ ਸਨ। ਦੂਜਾ ਸਵਾਲ 'ਆਪ' ਲੀਡਰਸ਼ਿਪ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੌਜੂਦਾ ਵਿਧਾਇਕ ਸੁਖਵਿੰਦਰ ਸੁੱਖੀ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਿਆ ਹੈ ਤਾਂ ਦਲ-ਬਦਲੀ ਦੇ ਸਵਾਲ ਉੱਪਰ ਤੁਹਾਡਾ ਹੋਰ ਪਾਰਟੀਆਂ ਨਾਲੋਂ ਕੀ ਫ਼ਰਕ ਹੈ। ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ/ਵਿਧਾਇਕਾਂ ਨੂੰ ਪੱਟ ਕੇ ਲਿਆਉਣ ਦੀ ਖੇਡ ਦੇ ਮੋਦੀ-ਸ਼ਾਹ ਚੈਂਪੀਅਨ ਕਹੇ ਜਾ ਸਕਦੇ ਹਨ ਤਾਂ ਕੇਜਰੀਵਾਲ-ਭਗਵੰਤ ਮਾਨ ਨੇ ਵੀ ਕਸਰ ਕੋਈ ਨਹੀਂ ਛੱਡੀ ਹੈ। ਕੇਜਰੀਵਾਲ-ਭਗਵੰਤ ਮਾਨ ਨੇ ਡਾ. ਸੁੱਖੀ, ਚੱਬੇਵਾਲ, ਡਿੰਪੀ ਢਿੱਲੋਂ, ਹਰਮੀਤ ਸੰਧੂ ਵਰਗੇ ਅਨੇਕਾਂ ਲੀਡਰ 'ਆਪ' ਵਿੱਚ ਸ਼ਾਮਲ ਕੀਤੇ ਹਨ।

'ਆਪ' ਤੇ ਭਾਜਪਾ ਦੀ ਸਿਆਸਤ ਸਮਝਣ ਲਈ ਸਾਨੂੰ ਇੱਕ ਝਾਤ ਜੁਲਾਈ 2024 ਵਿੱਚ ਜਲੰਧਰ ਪੱਛਮੀ ਦੀ ਹੋਈ ਜ਼ਿਮਨੀ ਚੋਣ ਉੱਪਰ ਝਾਤ ਮਾਰ ਲੈਣੀ ਚਾਹੀਦੀ ਹੈ। 2022 ਦੀ ਵਿਧਾਨ ਸਭਾ ਚੋਣ ਦਾ ਜੇਤੂ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ 2024 'ਚ ਭਾਜਪਾ ਨੇ ਉਮੀਦਵਾਰ ਐਲਾਨਿਆ ਸੀ ਅਤੇ 2022 ਦੀ ਉਸੇ ਚੋਣ ਦੌਰਾਨ ਭਾਜਪਾ ਦੀ ਟਿਕਟ ਉੱਪਰ ਚੋਣ ਲੜਿਆ ਮਹਿੰਦਰ ਭਗਤ 2024 ਵਿੱਚ 'ਆਪ' ਨੇ ਉਮੀਦਵਾਰ ਐਲਨਿਆ ਸੀ। ਭਾਜਪਾ ਦਾ ਕੰਮ-ਢੰਗ ਤਾਂ ਸਭ ਨੂੰ ਪਤਾ ਸੀ ਪਰ 'ਆਪ' ਲਈ ਇਹ ਮਾਮਲਾ ਖ਼ਾਸ ਤੌਰ 'ਤੇ ਇਸ ਮਹੱਤਵਪੂਰਨ ਹੈ ਕਿਉਂਕਿ ਇਸ ਦੀ ਬੁਨਿਆਦ ਹੀ ਰਵਾਇਤੀ ਪਾਰਟੀਆਂ ਤੋਂ ਵੱਖਰੀ ਦੱਸੀ ਜਾ ਰਹੀ ਸੀ। ਰਵਾਇਤੀ ਪਾਰਟੀਆਂ ਤੋਂ ਇਲਾਵਾ ਇਸ ਨੇ ਆਪਣੇ-ਆਪ ਨੂੰ ਇਕ ਅਜਿਹੇ ਰਾਜਨੀਤਕ ਮੰਚ ਵਜੋਂ ਪੇਸ਼ ਕੀਤਾ ਸੀ ਜਿੱਥੇ ਵਲੰਟੀਅਰ ਅਤੇ ਆਮ ਨਾਗਰਿਕ ਸਿੱਧੇ ਤੌਰ 'ਤੇ ਫ਼ੈਸਲੇ ਲੈਣ ਵਿਚ ਹਿੱਸਾ ਲੈਂਦੇ ਹਨ। 2022 ਦੀ ਵਿਧਾਨ ਸਭਾ ਚੋਣ ਦੌਰਾਨ ਪੰਜਾਬੀਆਂ ਨੇ ਅਕਾਲੀ ਦਲ, ਭਾਜਪਾ, ਕਾਂਗਰਸ ਵਰਗੀਆਂ ਪਾਰਟੀਆਂ ਨੂੰ ਨਕਾਰ ਕੇ ਇਸ ਭਰੋਸੇ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਸਨ ਕਿ ਇਹ ਪਾਰਟੀ ਇਹਨਾਂ ਤੋਂ ਚੰਗੀ ਹੈ ਪਰ ਹੁਣ ਇਸ ਪਾਰਟੀ ਤੋਂ ਵੀ ਅੱਕੇ ਲੋਕਾਂ ਦਾ ਇਕ ਹਿੱਸਾ ਖੁਦ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦਾ ਹੈ।

ਇਹ ਤਾਂ ਹਕੀਕਤ ਹੈ ਕਿ 'ਆਪ' ਦੇ ਸੱਤ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਰਲੇਵੇਂ ਲਈ ਭਾਜਪਾ ਦੀ ਮੌਕਾਪ੍ਰਸਤ ਸਿਆਸਤ ਦੀ ਵੱਡੀ ਭੂਮਿਕਾ ਹੈ। ਪਰ ਕੀ 'ਆਪ' ਸੱਚੀ-ਸੁੱਚੀ ਹੈ? ਜਿਵੇਂ ਅੱਜ ਇਹ ਹਾਲ-ਪਾਹਰਿਆ ਮਚਾ ਰਹੇ ਹਨ ਕਿ ਸਾਡੇ ਨਾਲ ਧੋਖਾ ਹੋਇਆ ਹੈ, ਇਸ ਨੂੰ ਭਾਜਪਾ ਦੀ ਸਤਾਈ 'ਪੀੜਤ' ਨਹੀਂ ਮੰਨਿਆ ਜਾ ਸਕਦਾ। ਇਹਨਾਂ ਵੱਲੋਂ ਆਪਣੇ ਕਾਰਕੁਨਾਂ ਨੂੰ ਠੁਕਰਾਕੇ ਅੰਦਰੂਨੀ ਸੌਦੇਬਾਜ਼ੀਆਂ ਦੇ ਤਹਿਤ ਧਨਾਢਾਂ ਨੂੰ ਰਾਜ ਸਭਾ ਭੇਜਣ ਲਈ ਚੁਣਿਆ। ਇਸ ਤੋਂ ਇਲਾਵਾ, ਇਹ 'ਬਦਲਾਅ' ਦਾ ਢੌਂਗ ਰਚ ਕੇ ਲੋਕਾਂ ਨੂੰ ਗੁੰਮਰਾਹ ਕਰਦੀ ਆ ਰਹੀ ਹੈ ਅਤੇ ਬਗੈਰ ਕਿਸੇ ਠੋਸ ਰਾਜਨੀਤਕ ਆਧਾਰ ਦੇ ਭਾਜਪਾ ਵਰਗੀ ਫਿਰਕੂ ਪਾਰਟੀ ਦੀ ਮੁੱਖ ਸਿਆਸੀ ਵਿਰੋਧੀ ਹੋਣ ਦਾ ਝੂਠਾ ਦਾਅਵਾ ਕਰਦੀ ਹੈ। ਇਸ ਖੋਖਲੇ 'ਬਦਲਾਅ' ਦਾ ਨਤੀਜਾ ਹੈ ਕਿ ਵਪਾਰੀਆਂ ਨੂੰ ਜਿੱਧਰ ਵੱਧ ਲਾਭ ਨਜ਼ਰ ਆਇਆ, ਉਹ ਉਸ ਪਾਰਟੀ ਵਿਚ ਚਲੇ ਗਏ। ਅਜੇ ਪਤਾ ਨਹੀਂ, ਹੋਰ ਕੌਣ-ਕੌਣ 'ਗ਼ਦਾਰ' ਬਣਨ ਦੀ ਤਿਆਰੀ 'ਚ ਹੈ। 'ਬਦਲਾਅ' ਵਾਲਿਆਂ ਨੂੰ ਹੁਣ ਆਪਣੇ ਵਿਧਾਇਕਾਂ ਨੂੰ ਬਚਾਉਣ ਲਈ ਹੱਥਾਂ-ਪੈਰਾਂ ਦੀ ਪਈ ਹੋਈ ਹੈ।

# ਮਈ ਦਿਵਸ ਦੀ ਇਨਕਲਾਬੀ ਵਿਰਾਸਤ



ਯਸ਼ ਪਾਲ
98145 35005

**ਸਾਂਝੇ ਜਮਾਤੀ ਸੰਘਰਸ਼ਾਂ ਦਾ ਝੰਡਾ ਬੁਲੰਦ ਕਰੋ!**

**ਹਾਕਮਾਂ ਦੇ ਫਿਰਕੂ-ਫਾਸ਼ੀ ਹੱਲੇ ਨੂੰ ਠੱਲ੍ਹਣ ਲਈ ਅੱਗੇ ਵਧੋ!!**

**ਅਮਰੀਕੀ-ਇਜ਼ਰਾਈਲੀ ਸਾਮਰਾਜੀ ਗੱਠ-ਜੋੜ ਦੀ ਧੌਂਸਗਿਰੀ ਦਾ ਵਿਰੋਧ ਕਰੋ!!!**

ਪਹਿਲੀ ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਮਜਦੂਰ ਜਮਾਤ ਵੱਲੋਂ ਮੁੱਖ ਤੌਰ 'ਤੇ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਬੇਮਿਸਾਲ ਹੜਤਾਲ ਕੀਤੀ ਗਈ। ਇਸ ਹੜਤਾਲ ਦੌਰਾਨ ਹੀ 3 ਤੇ 4 ਮਈ ਨੂੰ ਕੀਤੇ ਗਏ ਭਾਰੀ ਮੁਜਾਹਰਿਆਂ ਅੰਦਰ ਅਮਰੀਕੀ ਸਰਮਾਏਦਾਰੀ ਜਮਾਤ ਵੱਲੋਂ ਖੇਡੀ ਗਈ ਖੂਨੀ ਹੋਲੀ ਵਿਚ ਸੱਤ ਮਜਦੂਰ ਸ਼ਹੀਦ ਹੋਏ ਅਤੇ ਗ੍ਰਿਫਤਾਰ ਕੀਤੇ ਗਏ, ਚਾਰ ਮਜਦੂਰ ਆਗੂਆਂ ਸਪਾਈਸ, ਪਾਰਸਨਜ਼, ਈਸ਼ਰ ਤੇ ਏਂਜ਼ਲ ਨੂੰ ਝੂਠਾ ਮੁਕੱਦਮਾ ਚਲਾ ਕੇ ਝੂਠੀਆਂ ਗਵਾਹੀਆਂ ਦੇ ਆਧਾਰ ਤੇ 11 ਨਵੰਬਰ 1887 ਨੂੰ ਫਾਂਸੀ ਤੇ ਲਟਕਾਇਆ ਗਿਆ। ਹੋਰਨਾਂ ਅਨੇਕਾਂ ਆਗੂਆਂ ਨੂੰ ਲੰਬੀਆਂ ਸਜਾਵਾਂ ਸੁਣਾਈਆਂ ਗਈਆਂ। ਉਸ ਸਮੇਂ ਮਜਦੂਰ ਲਹਿਰ ਦੀ ਅਗਵਾਈ ਕਰਨ ਵਾਲੀ ਜਥੇਬੰਦੀ 'ਅਮਰੀਕੀ ਫੈਡਰੇਸ਼ਨ ਆਫ ਲੇਬਰ'ਵੱਲੋਂ 1 ਮਈ 1890 ਨੂੰ 'ਕੌਮਾਂਤਰੀ ਮੁਜ਼ਾਹਰੇ' ਦੇ ਦਿਹਾੜੇ ਵੱਜੋਂ ਮਨਾਉਣ ਦੇ ਫੈਸਲੇ ਤੋਂ ਬਾਅਦ 'ਪਹਿਲੀ ਮਈ ਦਾ ਦਿਹਾੜਾ' 'ਕੌਮਾਂਤਰੀ ਮਜਦੂਰ ਦਿਹਾੜੇ' ਵਜੋਂ ਦੁਨੀਆਂ ਭਰ ਦੀ ਮਜਦੂਰ ਜਮਾਤ ਤੇ ਦੱਬੇ-ਕੁਚਲੇ ਲੋਕਾਂ ਦਾ ਕੌਮਾਂਤਰੀ ਤਿਉਹਾਰ ਦਾ ਰੂਪ ਧਾਰਨ ਕਰ ਗਿਆ।

**8 ਘੰਟੇ ਕੰਮ-ਦਿਹਾੜੀ ਪੂੰਜੀਵਾਦੀ ਜੂਲੇ ਤੋਂ ਮੁਕਤੀ ਵੱਲ ਕਦਮ**

ਉਸ ਸਮੇਂ ਮਜਦੂਰ ਹੜਤਾਲ ਦੀ ਫੌਰੀ ਮੁੱਖ ਮੰਗ 8 ਘੰਟੇ ਦੀ ਕੰਮ ਦਿਹਾੜੀ ਹੋਣ ਕਾਰਨ ਇਸ 'ਕੌਮਾਂਤਰੀ ਮਜਦੂਰ ਦਿਵਸ' ਨੂੰ ਕੇਵਲ ਇਸੇ ਮੰਗ ਨਾਲ ਹੀ ਜੁੜੇ ਹੋਣ ਦੀ ਗਲਤ ਆਮ ਧਾਰਨਾ ਪਾਈ ਜਾਂਦੀ ਹੈ। ਸੰਸਾਰ ਪੱਧਰ 'ਤੇ ਰਸਮੀ ਕਾਨੂੰਨੀ ਤੌਰ ਤੇ ਇਸ ਮੰਗ ਦੇ ਸਵੀਕਾਰ ਹੋ ਜਾਣ ਉਪਰੰਤ ਇਸ ਦਿਹਾੜੇ ਨੂੰ ਸ਼ਿਕਾਗੋ ਦੇ ਉਨ੍ਹਾਂ ਸ਼ਹੀਦਾਂ ਦੀ ਯਾਦ 'ਚ ਕੀਤੇ ਜਾਂਦੇ ਸਮਾਗਮਾਂ/ ਝੰਡਾ ਝੁਲਾਉਣ ਰਸਮਾਂ ਤੱਕ ਹੀ ਸੀਮਿਤ ਸਮਝਿਆ ਜਾਂਦਾ ਹੈ। ਜਦਕਿ ਇਹ ਧਾਰਨਾ ਭਟਕਾਊ ਹੈ ਅਤੇ ਹਕੀਕਤ ਤੋਂ ਕੋਹਾਂ ਦੂਰ ਹੈ।

ਉਵੇਂ ਤਾਂ ਅਜੋਕੇ ਸਾਮਰਾਜੀ ਵਿਸ਼ਵੀਕਰਨ ਦੇ ਦੌਰ ਅੰਦਰ ਘੱਟ ਤੋਂ ਘੱਟ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਕਾਨੂਨੀ ਤੌਰ ਤੇ ਮੰਨੀ ਹੋਣ ਦੇ ਬਾਵਜੂਦ ਕਾਰਪੋਰੇਟ ਖੇਤਰ ਅਤੇ ਹੋਰਨਾਂ ਸੇਵਾਵਾਂ ਦੇ ਖੇਤਰਾਂ ਅੰਦਰ ਅਮਲੀ ਤੌਰ ਤੇ ਪੁੱਠਾ ਗੇੜ ਸ਼ੁਰੂ ਹੋ ਚੁੱਕਿਆ ਹੈ ਜਿਸ ਨੂੰ 'ਮੋਦੀ ਸਰਕਾਰ' ਦੇ 4 'ਲੇਬਰ ਕੋਡਾਂ' ਰਾਹੀਂ ਕਾਨੂੰਨੀ ਜਾਮਾ ਵੀ ਪਹਿਨਾਇਆ ਜਾ ਚੁੱਕਿਆ ਹੈ ਪਰੰਤੂ ਇਤਿਹਾਸਕ ਤੇ ਜਮਾਤੀ ਨਜ਼ਰੀਏ ਤੋਂ ਦੇਖਿਆਂ, ਇਹ ਦਿਹਾੜਾ ਕਿਸੇ ਇਕ ਮੰਗ, ਕਿਸੇ ਇਕ ਕਾਰਖਾਨੇ ਜਾਂ ਕਿਸੇ ਇਕ ਮੁਲਕ ਨਾਲ ਨਹੀਂ ਜੁੜਿਆ ਹੋਇਆ।



ਸਗੋਂ ਇਹ ਦਿਹਾੜਾ ਤਾਂ ਦੁਨੀਆ ਭਰ ਦੀ ਸਮੁੱਚੀ ਮਜ਼ਦੂਰ ਜਮਾਤ ਤੇ ਦੱਬੇ-ਕੁਚਲੇ ਲੋਕਾਂ ਵੱਲੋਂ ਸਾਮਰਾਜੀ-ਸਰਮਾਏਦਾਰੀ ਤੇ ਜਾਗੀਰੂ ਪ੍ਰਬੰਧ ਦੀ ਅੰਨ੍ਹੀ ਲੁੱਟ-ਖਸੁੱਟ ਅਤੇ ਜਮਾਤੀ ਵਿਤਕਰੇ ਤੋਂ ਮੁਕਤ ਸਮਾਜਿਕ-ਆਰਥਿਕ ਪ੍ਰਬੰਧ ਕਾਇਮ ਕਰਨ ਲਈ ਲੜੇ ਜਾ ਰਹੇ ਸੰਘਰਸ਼ਾਂ ਨੂੰ ਜਾਰੀ ਰੱਖਣ ਦਾ ਅਤੇ ਇਸ ਨੂੰ ਅੰਤਿਮ ਜਿੱਤ ਤੱਕ ਪਹੁੰਚਾਉਣ ਦੇ ਪ੍ਰਣ ਦੁਹਰਾਉਣ ਦਾ ਪ੍ਰਤੀਕ ਹੈ।

ਉਨ੍ਹੀਵੀਂ ਸਦੀ ਦੇ ਮਜਦੂਰ ਸੰਘਰਸ਼ 'ਚ ਵੀ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਨੂੰ ਇਸ ਲੰਬੀ ਲੜਾਈ ਦੀ ਇਕ ਕੜੀ ਵਜੋਂ ਹੀ ਦੇਖਿਆ ਜਾਂਦਾ ਸੀ। 'ਅਮਰੀਕੀ ਨੈਸ਼ਨਲ ਫੈਡਰੇਸ਼ਨ ਆਫ ਲੇਬਰ' ਵੱਲੋਂ ਵੀ ਇਸ ਨੂੰ ਇਉਂ ਬਿਆਨਿਆ ਗਿਆ ਸੀ- 'ਇਸ ਦੇਸ਼ ਦੇ ਮਜਦੂਰਾਂ ਨੂੰ ਪੂੰਜੀਵਾਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਅੱਜ ਵੀ ਪਹਿਲੀ ਤੇ ਜ਼ਰੂਰੀ ਗੱਲ ਇਹ ਹੈ ਕਿ ਅਜਿਹਾ ਕਾਨੂੰਨ ਬਣਾਇਆ ਜਾਵੇ ਜਿਸ ਨਾਲ ਅਮਰੀਕਾ ਦੇ ਹਰ ਸੂਬੇ ਵਿਚ ਆਮ ਤੌਰ ਤੇ 8 ਘੰਟੇ ਦਾ ਕੰਮ ਲਿਆ ਜਾਵੇ।' ਮਜਦੂਰ ਜਮਾਤ ਦੇ ਮਹਾਨ ਰਹਿਬਰ ਕਾਰਲ ਮਾਰਕਸ ਦੀ ਅਗਵਾਈ ਹੇਠ ਜਥੇਬੰਦ ਹੋਈ ਕੌਮਾਂਤਰੀ ਜਥੇਬੰਦੀ 'ਪਹਿਲੀ ਕੌਮਾਂਤਰੀ' ਨੇ ਵੀ ਇਸ ਮੰਗ ਦੀ ਵਿਆਖਿਆ ਇਸੇ ਸੰਦਰਭ 'ਚ ਹੀ ਕੀਤੀ ਸੀ ਕਿ 'ਜਦੋਂ ਤੱਕ ਕੰਮ ਕਰਨ ਦੇ ਘੰਟਿਆਂ ਦੀ ਕਾਨੂੰਨੀ ਤੌਰ ਤੇ ਹੱਦ ਨਹੀਂ ਮਿਥੀ ਜਾਂਦੀ ਉਦੋਂ ਤੱਕ ਮਜਦੂਰ ਜਮਾਤ ਦੀ ਬਿਹਤਰੀ ਤੇ ਮੁਕਤੀ ਲਈ ਹੋਣ ਵਾਲੀਆਂ ਸਾਰੀਆਂ ਕੋਸ਼ਿਸ਼ਾਂ ਅਧੂਰੀਆਂ ਰਹਿ ਜਾਣਗੀਆਂ।'

**ਫਾਂਸੀ ਦੇ ਤਖਤੇ ਤੋਂ ਸ਼ਹੀਦਾਂ ਦੀ ਵੰਗਾਰ!**

ਸੂਲੀ ਤੇ ਲਟਕ ਜਾਣ ਤੋਂ ਪਹਿਲਾਂ ਚਲਾਏ ਗਏ ਮੁੱਕਦਮੇ ਦੌਰਾਨ, ਮਜਦੂਰ ਲਹਿਰ ਦੇ ਸੂਰਬੀਰ ਯੋਧੇ ਸ਼ਹੀਦ 'ਸਪਾਈਸ' ਵਲੋਂ ਅਦਾਲਤ ਅੰਦਰ ਬੋਲੇ ਗਰਜਵੇਂ ਬੋਲ ਕਿ 'ਮੈਂ ਇਥੇ ਦੂਜੀਆਂ ਜਮਾਤਾਂ ਦੇ ਨੁਮਾਇੰਦਿਆਂ ਸਾਹਮਣੇ ਇਕ ਜਮਾਤ ਦੇ ਨੁਮਾਇੰਦੇ ਦੀ ਹੈਸੀਅਤ 'ਚ ਬੋਲ ਰਿਹਾ ਹਾਂ। ਜੇ ਤੁਸੀਂ ਸਮਝਦੇ ਹੋ ਕਿ ਸਾਨੂੰ ਫਾਹੇ ਲਾ ਕੇ ਮਜ਼ਦੂਰ ਲਹਿਰ ਦਾ ਗਲਾ ਘੁੱਟ ਸਕਦੇ ਹੋ ਤਾਂ ਲਾ ਦਿਓ ਫਾਹੇ, ਫਿਰ ਦੇਖਣਾ, ਤੁਸੀਂ ਚੰਗਿਆੜਿਆਂ ਉਪਰ ਚੱਲਦੇ ਹੋਵੋਂਗੇ, ਚੰਗਿਆੜੇ ਜਿਹੜੇ ਇਥੇ-ਉਥੇ, ਤੁਹਾਡੇ ਅੱਗੇ-ਪਿਛੇ, ਹਰ ਥਾਂ ਭਾਂਬੜ ਬਣ ਕੇ ਮੱਚਣਗੇ। ਇਹ ਜਵਾਲਾ ਹੈ, ਜਵਾਲਾ ਜਿਸਨੂੰ ਤੁਸੀਂ ਬੁਝਾ ਨਹੀਂ ਸਕਦੇ...!' ਵੀ ਇਸੇ ਸੱਚ ਨੂੰ ਉਜਾਗਰ ਕਰਦੇ ਹਨ। 'ਮਈ ਦਿਵਸ' ਦੇ ਦੂਜੇ ਅਮਰ ਸ਼ਹੀਦ 'ਪਾਰਸਨਜ਼' ਵੱਲੋਂ ਫਾਂਸੀ ਦੇ ਤਖਤੇ ਤੇ ਝੂਲ ਜਾਣ ਤੋਂ ਪਹਿਲਾਂ ਆਪਣੀ ਪਤਨੀ ਲੂਸੀ ਦੇ ਨਾਂ ਲਿਖੇ ਆਪਣੇ ਖਤ 'ਚ ਲਿਖੇ ਇਹ ਸ਼ਬਦ- 'ਕਾਸ਼! ਮੇਰਾ ਵੱਸ ਚਲਦਾ ਤਾਂ ਮੈਂ ਛਲ-ਕਪਟ ਤੇ ਜ਼ਬਰ-ਜ਼ੁਲਮ 'ਤੇ ਉਸਰੇ ਸੁਰੱਖਿਅਤ ਕਿਲ੍ਹਿਆਂ ਨੂੰ ਢਹਿ-ਢੇਰੀ ਕਰ ਦਿੰਦਾ ਤੇ ਉਨ੍ਹਾਂ ਖੰਡਰਾਂ ਉੱਪਰ ਮਨੁੱਖਤਾ ਦਾ ਝੰਡਾ ਗੱਡ ਦਿੰਦਾ..ਮੈਂ ਇਕ ਸਮਾਜਵਾਦੀ ਹਾਂ, ਸਮਾਜਵਾਦ! ਚੰਦ ਸ਼ਬਦਾਂ 'ਚ ਪੈਦਾਵਾਰ ਦੇ ਸਾਧਨਾਂ ਉੱਪਰ ਮਿਹਨਤਕਸ਼ ਲੋਕਾਂ ਦਾ ਆਜ਼ਾਦ ਹੱਕ ਹੈ, ਪੈਦਾਵਾਰ ਕਰਨ ਵਾਲਿਆਂ ਦਾ ਹੱਕ ਹੈ...।' ਵੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਭਾਵੇਂ 8 ਘੰਟੇ ਦੀ ਕੰਮ ਦਿਹਾੜੀ ਮੁੱਖ ਮੰਗ ਸੀ, ਪਰ ਮਜਦੂਰ ਜਮਾਤ ਦੀ ਲਹਿਰ ਦਾ ਚੇਤੰਨ ਉਦੇਸ਼ ਸਰਮਾਏਦਾਰੀ ਪ੍ਰਬੰਧ ਨੂੰ ਫ਼ਨਾਹ ਕਰਕੇ ਇਸ ਦੇ ਖੰਡਰਾਂ 'ਤੇ ਝੰਡਾ ਗੱਡ ਕੇ ਲੁੱਟ ਤੇ ਜ਼ਬਰ ਤੋਂ ਮੁਕਤ ਸਮਾਜ ਦੀ ਸਿਰਜਣਾ ਸੀ।

**'ਕੌਮਾਂਤਰੀ ਮਜਦੂਰ ਦਿਹਾੜੇ' ਦੀ ਇਨਕਲਾਬੀ ਵਿਰਾਸਤ!**

ਇਹੋ ਹੀ ਇਨਕਲਾਬੀ ਵਿਰਾਸਤ ਤੇ ਇਹੋ ਹੀ ਰੂਹ ਹੈ, ਕੌਮਾਂਤਰੀ ਮਜਦੂਰ ਦਿਹਾੜੇ 'ਮਈ ਦਿਵਸ' ਦੀ। ਪਰੰਤੂ ਜਿਥੇ ਸਰਮਾਏਦਾਰ 'ਮਈ ਦਿਹਾੜੇ' ਦੀ ਇਸ ਰੂਹ ਨੂੰ ਕਤਲ ਕਰਨ ਲਈ ਅਤੇ ਇਸ ਦੀ ਇਨਕਲਾਬੀ ਵਿਰਾਸਤ ਨੂੰ ਧੁੰਦਲਾ ਕਰਨ ਲਈ ਇਸ ਦਿਹਾੜੇ ਨੂੰ ਕਿਰਤੀਆਂ ਦੇ ਇਕ ਦਿਹਾੜੇ ਵਜੋਂ ਇਕ ਦਿਨ ਦੀ ਛੁੱਟੀ ਕਰਕੇ, ਮਜਦੂਰਾਂ ਨੂੰ ਤੁੱਛ ਤੋਹਫੇ ਆਦਿ ਭੇਟ ਕਰਕੇ ਜਾਂ ਅਜਿਹੇ ਹੋਰ ਕਈ ਖੇਖਣ ਕਰਕੇ, ਮਜ਼ਦੂਰ ਜਮਾਤ ਨੂੰ ਭਰਮਾਉਣ-ਭਟਕਾਉਣ ਦਾ ਯਤਨ ਕਰਦੀ ਹੈ, ਉੱਥੇ ਮਜ਼ਦੂਰਾਂ-ਮੁਲਾਜ਼ਮਾਂ ਦੇ ਹਿੱਤਾਂ ਦਾ ਦਮ ਭਰਨ ਵਾਲੀਆਂ ਬਹੁਤ ਸਾਰੀਆਂ ਜਥੇਬੰਦੀਆਂ/ਪਾਰਟੀਆਂ ਵੱਲੋਂ ਵੀ ਇਸ ਦਿਹਾੜੇ ਨਾਲ ਜੁੜੀ ਸਰਗਰਮੀ ਤੇ ਸਮਾਗਮਾਂ ਨੂੰ ਮਜਦੂਰਾਂ-ਮੁਲਾਜਮਾਂ ਦੀਆਂ ਰੋਜ਼-ਮਰ੍ਹਾ ਦੀਆਂ ਮੰਗਾਂ ਤੇ ਮਸਲਿਆਂ ਦੇ 'ਮੰਗ ਦਿਵਸ' ਵਜੋਂ ਮਨਾਉਣ ਤੱਕ ਹੀ ਸੀਮਿਤ ਕੀਤਾ ਜਾਂਦਾ ਹੈ। ਇਨ੍ਹਾਂ ਰੋਜ਼-ਮਰ੍ਹਾ ਦੀਆਂ ਮੰਗਾਂ ਨੂੰ ਤੇ ਸੰਘਰਸ਼ਾਂ ਨੂੰ ਬੁਨਿਆਦੀ ਸਮਾਜਿਕ ਤਬਦੀਲੀ ਦੇ ਅੰਤਿਮ ਨਿਸ਼ਾਨੇ ਦੇ ਸੰਦਰਭ 'ਚ ਰੱਖ ਕੇ ਨਹੀਂ ਦੇਖਿਆ ਜਾਂਦਾ ਤੇ ਇਉਂ ਉਨ੍ਹਾਂ ਵੱਲੋਂ ਵੀ ਇਸ ਕੌਮਾਂਤਰੀ ਮਜਦੂਰ ਦਿਹਾੜੇ ਦੀ ਇਨਕਲਾਬੀ ਵਿਰਾਸਤ ਨੂੰ ਖੋਰਾ ਲਾਇਆ ਜਾਂਦਾ ਹੈ। ਸਗੋਂ ਉਨ੍ਹਾਂ ਵਲੋਂ ਮਜ਼ਦੂਰ ਜਮਾਤ ਦੀ ਮੁਕਤੀ ਲਈ ਬੁਨਿਆਦੀ ਸਮਾਜਿਕ ਤਬਦੀਲੀ ਦੀ ਬਜਾਇ ਚੋਣਾਂ ਰਾਹੀਂ ਹਾਕਮ ਜਮਾਤੀ ਪਾਰਟੀਆਂ ਦੀ ਇਕ ਜਾਂ ਦੂਜੀ ਸਰਕਾਰ ਨੂੰ ਹਰਾਉਣਾ ਜਾਂ ਜਿਤਾਉਣਾ ਹੀ ਅੰਤਿਮ ਨਿਸ਼ਾਨਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਜਦ ਕਿ ਸਾਮਰਾਜੀ ਵਿਸ਼ਵੀਕਰਨ ਦੀ ਨੀਤੀ ਤਹਿਤ ਅੱਜ ਸਭਨਾਂ ਵੰਨਗੀ ਦੀਆਂ ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ, ਸਾਮਰਾਜੀ ਵਿੱਤੀ ਸੰਸਥਾਵਾਂ, 'ਸੰਸਾਰ ਬੈਂਕ-ਮੁਦਰਾ ਕੋਸ਼-ਵਿਸ਼ਵ ਵਪਾਰ ਸੰਸਥਾ' ਦੀ ਤਿੱਕੜੀ ਵੱਲੋਂ ਨਿਰਦੇਸ਼ਤ 'ਖੁਲ੍ਹੀ ਮੰਡੀ-ਖੁੱਲ੍ਹਾ ਵਪਾਰ' ਦੇ ਨਵ-ਉਦਾਰਵਾਦੀ ਏਜੰਡੇ ਨੂੰ ਲਾਗੂ ਕਰਨ ਤੇ ਇਕਮਤ ਹਨ। ਇਸੇ ਏਜੰਡੇ ਤਹਿਤ ਹੀ ਉਹ ਗਰੀਬ ਮਜਦੂਰਾਂ, ਕਿਸਾਨਾਂ, ਦਲਿਤਾਂ, ਆਦਿ-ਵਾਸੀਆਂ ਤੇ ਛੋਟੇ ਕਾਰੋਬਾਰੀਆਂ ਨੂੰ ਕੰਗਾਲ ਕਰਨ ਤੇ ਉਜਾੜਨ ਵਾਲੇ, ਰੁਜ਼ਗਾਰ ਦੇ ਵਸੀਲਿਆਂ ਨੂੰ ਖੋਹਣ ਵਾਲੇ, ਪੱਕੇ ਰੁਜਗਾਰ ਦੀ ਥਾਂ ਠੇਕਾ ਭਰਤੀ/ਆਊਟਸੋਰਸਿੰਗ ਪ੍ਰਣਾਲੀ ਵਾਲੇ, ਪੈਨਸ਼ਨ ਵਰਗੀਆਂ ਹਰ ਕਿਸਮ ਦੀਆਂ ਪਹਿਲਾਂ ਮਿਲ ਗਈਆਂ ਆਰਥਿਕ ਤੇ ਸਮਾਜਿਕ ਸਹੂਲਤਾਂ 'ਤੇ ਕੈਂਚੀ ਫੇਰਨ ਵਾਲੇ, ਸਰਕਾਰੀ ਤੇ ਪਬਲਿਕ ਸੈਕਟਰ ਦੇ ਸਮੂਹ ਅਦਾਰਿਆਂ ਦਾ ਭੋਗ ਪਾ ਕੇ, ਦੇਸੀ ਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੀਆਂ ਤਿਜੋਰੀਆਂ ਭਰਨ ਵਾਲੇ 'ਜੀ.ਡੀ.ਪੀ. ਮਾਰਕਾ' "ਆਰਥਿਕ ਵਿਕਾਸ ਮਾਡਲ" ਨੂੰ ਇਕ ਦੂਜੇ ਨਾਲੋਂ ਅੱਗੇ ਵੱਧ ਕੇ ਜ਼ੋਰ-ਸ਼ੋਰ ਨਾਲ ਲਾਗੂ ਕਰਨ ਲਈ ਤਹੂ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਕੇਂਦਰ ਦੀ ਮੋਦੀ ਸਰਕਾਰ ਦੇ ਇਸੇ ਨਕਸ਼-ਏ-ਕਦਮ 'ਤੇ ਹੀਚੱਲ ਰਹੀ ਹੈ। ਮੋਦੀ ਦੇ 'ਮੇਕਇਨ ਇੰਡੀਆ', 'ਸਮਾਰਟ ਇੰਡੀਆ', 'ਡਿਜੀਟਲ ਇੰਡੀਆ', 'ਕੈਸ਼ਲੈਸ ਇੰਡੀਆ', 'ਨੋਟਬੰਦੀ' 'ਅੰਮ੍ਰਿਤਕਾਲ' ਆਦਿ ਅਤੇ 2047 ਦੇ 10 ਖ਼ਰਬ ਜੀਡੀਪੀ ਵਾਲੇ 'ਵਿਕਸਤ ਭਾਰਤ' ਵਰਗੇ ਸ਼ਬਦੀ ਮਾਇਆ ਜਾਲ ਰਾਹੀਂ ਪ੍ਰਚਾਰੇ ਜਾ ਰਹੇ 'ਭਰਮਾਊ ਪ੍ਰਾਜੈਕਟ' ਵੀ ਇਸੇ ਕਾਰਪੋਰੇਟ ਵਿਕਾਸ ਮਾਡਲ ਦਾ ਹੀ ਹਿੱਸਾ ਹਨ।

ਕੇਂਦਰ/ਰਾਜ ਸਰਕਾਰਾਂ ਵੱਲੋਂ ਪਹਿਲਾਂ ਹੀ ਲਾਗੂ ਕੀਤੇ ਜਾ ਰਹੇ ਕਾਰਪੋਰੇਟ ਪੱਖੀ ਨਵ-ਉਦਾਰਵਾਦੀ ਏਜੰਡੇ ਨੂੰ, ਕੋਰੋਨਾ ਮਹਾਂ-ਮਾਰੀ ਸੰਕਟ ਦੀ ਆੜ 'ਚ ਹੋਰ ਅੱਗੇ ਵਧਾਇਆ ਗਿਆ। ਕੇਂਦਰ ਦੀ ਮੋਦੀ ਸਰਕਾਰ ਨੇ ਤਾਂ 'ਕਰੋਨਾ ਲਾਕਡਾਊਨ' ਦੇ ਸਹਾਰੇ ਕਾਰਪੋਰੇਟ ਏਜੰਡੇ ਤਹਿਤ ਹੀ, ਕਿਰਤ ਕਾਨੂੰਨਾਂ ਦੀ ਸੋਧ ਵੱਜੋਂ, ਮਈ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਰਾਹੀਂ ਹਾਸਿਲ ਕੀਤੀ 8 ਘੰਟੇ ਦੀ ਕੰਮ ਦਿਹਾੜੀ ਵਧਾ ਕੇ 12 ਘੰਟੇ ਕਰਨ ਅਤੇ 'ਇੰਡਸਟਰੀਅਲ ਡਿਸਪਿਊਟ ਐਕਟ' ਤਹਿਤ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦੇ ਮਿਲੇ ਅਧਿਕਾਰ ਉੱਪਰ ਸਾਲ-ਦੋ ਸਾਲ ਲਈ ਪਾਬੰਦੀ ਲਾਉਣ ਦੀਆਂ ਯੋਜਨਾ ਘੜੀ ਗਈ। ਦੂਜੇ ਪਾਸੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਨਾਲ ਦੀ ਨਾਲ ਹੀ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਦਲਿਤਾਂ, ਆਦਿਵਾਸੀਆਂ ਤੇ ਘੱਟ ਗਿਣਤੀਆਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਅਤੇ ਸਰਕਾਰ ਦੀਆਂ ਜ਼ਾਬਰ ਨੀਤੀਆਂ ਉੱਪਰ ਕਿੰਤੂ ਕਰਨ ਵਾਲੇ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ 'ਨਾਗਰਿਕਤਾ ਸੋਧ ਕਨੂੰਨ' ਅੰਦੋਲਨ ਦੀ ਅਗਵਾਈ ਕਰਨ ਵਾਲੇ ਨੌਜੁਆਨਾਂ ਵਿਦਿਆਰਥੀਆਂ ਨੂੰ "ਸ਼ਹਿਰੀ ਨਕਸਲੀ, "ਜਿਹਾਦੀ, "ਦੇਸ਼ ਧ੍ਰੋਹੀ" ਆਦਿ ਗਰਦਾਨ ਕੇ ਦੇਸ਼ ਧ੍ਰੋਹ ਦੇ ਝੂਠੇ ਕੇਸਾਂ 'ਚ ਫਸਾ ਕੇ ਜੇਲ੍ਹੀਂ 'ਸੁੱਟਿਆ ਗਿਆ। ਇਸੇ ਕਾਰਪੋਰੇਟ-ਫਿਰਕੂ-ਫਾਸ਼ੀਵਾਦ ਦੇ ਜੜੁੱਤ ਏਜੰਡੇ ਨੂੰ ਮੋਦੀ ਸਰਕਾਰ ਵੱਲੋਂ ਮੁਲਕ ਦੀਆਂ ਸਮੂਹ ਸੰਵਿਧਾਨਿਕ ਸੰਸਥਾਵਾਂ ਦੇ ਮੁਕੰਮਲ ਕੇਂਦਰੀਕਰਨ ਰਾਹੀਂ, ਰਾਜਾਂ ਦੇ ਸੰਵਿਧਾਨਿਕ-ਕਨੂੰਨੀ ਅਧਿਕਾਰਾਂ ਨੂੰ ਉਲੰਘ ਕੇ ਹੋਰ ਅੱਗੇ ਵਧਾਇਆ ਜਾ ਰਿਹਾ ਹੈ। ਮਜਦੂਰ ਵਿਰੋਧੀ 4 'ਲੇਬਰ ਕੋਡ', ਕਿਸਾਨ ਵਿਰੋਧੀ 'ਤਿੰਨ ਖੇਤੀ ਕਾਨੂੰਨਾਂ' ਦੀ ਵਾਪਸੀ ਦਾ ਕੌੜਾ ਅੱਕ ਚੱਬਣ ਤੋਂ ਬਾਅਦ, 'ਐਮ.ਐਸ.ਪੀ' ਦੀ ਕਾਨੂੰਨੀ ਗਰੰਟੀ ਤੇ ਹੋਰ ਲਟਕਦੀਆਂ ਮੰਗਾਂ ਮੰਨਣ ਤੋਂ ਇਨਕਾਰੀ ਹੋਣਾ, ਸਿੱਖਿਆ ਦੇ ਕਾਰਪੋਰੇਟੀਕਰਨ, ਕੇਂਦਰੀਕਰਨ ਤੇ ਫਿਰਕੂਕਰਨ ਵਾਲੀ 'ਕੌਮੀ ਸਿੱਖਿਆ ਨੀਤੀ-2020' ਨੂੰ ਸਮੁੱਚੇ ਮੁਲਕ ਉੱਪਰ ਮੜ੍ਹਨਾ, 'ਬਿਜਲੀ ਸੋਧ ਬਿੱਲ', 'ਜੰਗਲ ਸੋਧ ਬਿੱਲ', 'ਨਾਗਰਿਕਤਾ ਸੋਧ ਬਿੱਲ', 'ਇੱਕਸਾਰ ਸਿਵਲ ਕੋਡ', 'ਵਕਫ਼ ਸੋਧ ਬਿੱਲ' ਕੌਮੀ ਜਲ ਨੀਤੀ' ਆਦਿ ਲਾਗੂ ਕੀਤੇ ਜਾ ਰਹੇ ਕਾਨੂੰਨ ਉਸੇ ਕਾਰਪੋਰੇਟ-ਫਿਰਕੂ-ਫਾਸ਼ੀ ਏਜੰਡੇ ਦੀ ਪੂਰਤੀ ਦੇ ਸਾਧਨ ਹੀ ਹਨ। ਸੰਵਿਧਾਨਿਕ ਅਹੁਦਿਆਂ 'ਤੇ ਬਿਰਾਜਮਾਨ ਸਖ਼ਸ਼ੀਅਤਾਂ- ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਵੱਲੋਂ ਸੰਵਿਧਾਨ ਦੀ ਮੂਲ ਭਾਵਨਾ 'ਧਰਮ ਨਿਰਲੇਪਤਾ' ਦੀ ਉਲੰਘਣਾ ਕਰ ਕੇ ਇੱਕ ਧਰਮ ਵਿਸ਼ੇਸ਼ ਦੀ ਪੁਸ਼ਤ-ਪਨਾਹੀ ਕਰਨੀ ਵੀ ਉਕਤ ਏਜੰਡੇ ਦੀ ਦਿਸ਼ਾ- ਸੇਧ ਵੱਲ ਪੁੱਟੇ ਜਾ ਰਹੇ ਕਦਮ ਹਨ।



**ਸਾਮਰਾਜੀ ਨੀਤੀਆਂ ਵਿਰੁੱਧ ਝੰਡਾ ਬੁਲੰਦ ਰੱਖੋ!**

ਅੱਜ ਦਾ ਮਈ ਦਿਹਾੜਾ ਜਿਥੇ ਕੌਮੀ ਪੱਧਰ ਤੇ ਸਾਮਰਾਜੀ ਨੀਤੀਆਂ ਕਾਰਨ ਪੈਦਾ ਹੋਈਆਂ ਉਕਤ ਗੰਭੀਰ ਚੁਣੌਤੀਆਂ ਸੰਗ ਭਿੜਨ ਦਾ ਤਹੱਈਆ ਕਰਨ ਦਾ ਦਿਹਾੜਾ ਹੈ ਉਥੇ ਕੌਮਾਂਤਰੀ ਪੱਧਰ ਤੇ ਵੀ ਅਮਰੀਕਾ ਦੀ ਅਗਵਾਈ ਹੇਠ ਸਾਮਰਾਜੀ ਸ਼ਕਤੀਆਂ ਵੱਲੋਂ ਵੱਖ-ਵੱਖ ਮੁਲਕਾਂ ਦੀ ਖੁਦ-ਮੁਖਤਿਆਰੀ ਤੇ ਪ੍ਰਭੂਸਤਾ ਭੰਗ ਕਰਨ, ਉਨ੍ਹਾਂ ਅੰਦਰ ਸਿੱਧੀ ਫੌਜੀ ਦਖਲ ਅੰਦਾਜ਼ੀ ਰਾਹੀਂ (ਅਫਗਾਨਿਸਤਾਨ, ਇਰਾਕ, ਲਿਬੀਆ, ਸੀਰੀਆ ਤੋਂ ਬਾਅਦ ਇਜ਼ਰਾਈਲ ਰਾਹੀਂ ਫ਼ਲਸਤੀਨ/ਗਾਜਾ ਨਸਲਕੁਸ਼ੀ, ਤਾਜਾ ਵੈਂਜੂਏਲਾ ਅਤੇ ਈਰਾਨ ਉੱਪਰ ਕੀਤਾ ਹਮਲਾ, ਕਿਊਬਾ ਤੇ ਹੋਰ ਮੁਲਕਾਂ 'ਤੇ ਕਬਜ਼ਾ ਕਰਨ ਦੀਆਂ ਧਮਕੀਆਂ) ਅਤੇ ਅਸਿੱਧੇ ਨਵਉਦਾਰਵਾਦੀ ਏਜੰਡੇ ਰਾਹੀਂ ਸੱਤਾ ਪਲਟਣ ਜਾਂ ਨੀਤੀਆਂ ਨੂੰ ਸਾਮਰਾਜ ਪੱਖੀ ਮੋੜਾ ਦਿਵਾਉਣ ਦੇ ਕੀਤੇ ਜਾ ਰਹੇ ਕੁਕਰਮਾਂ ਵਿਰੁੱਧ ਵੀ ਆਵਾਜ ਬੁਲੰਦ ਕਰਨ ਦੀ ਮੰਗ ਕਰਦਾ ਹੈ।

ਅੱਜ ਦਾ ਮਈ ਦਿਹਾੜਾ ਇਸ ਮੌਕੇ ਮਨਾਇਆ ਜਾ ਰਿਹਾ ਹੈ ਜਦ ਕੇਂਦਰ ਦੀ ਮੋਦੀ ਸਰਕਾਰ ਅਤੇ ਉਸ ਦੀ ਛਤਰ-ਛਾਇਆ ਹੇਠ ਪਲ ਰਹੀਆਂ ਫਿਰਕੂ ਰੰਗਤ ਵਾਲੀਆਂ ਸੰਸਥਾਵਾਂ/ਜਥੇਬੰਦੀਆਂ ਵੱਲੋਂ, ਕਸ਼ਮੀਰ ਅੰਦਰ ਵਾਪਰੇ ਪਿਛਲੇ 'ਪੁਲਵਾਮਾ ਬੰਬ ਕਾਂਡ' ਵਾਂਗ ਹੀ 'ਪਹਿਲਗਾਮ ਗੋਲੀਕਾਂਡ' ਵਰਗੀਆਂ ਦਰਦਨਾਕ ਘਟਨਾਵਾਂ ਨੂੰ ਵੀ, ਆਪਣੇ ਚੋਣ ਰਣਨੀਤਕ ਏਜੰਡੇ 'ਚ ਫਿਟ ਕਰਨ ਲਈ, ਅੰਨ੍ਹੇ ਫਿਰਕੂ-ਰਾਸ਼ਟਰਵਾਦ ਨੂੰ ਹੱਥਾ ਬਣਾਇਆ ਜਾ ਰਿਹਾ ਹੈ। ਤੇ ਲੋਕਾਂ ਦੀ ਜਾਨ ਦੀ ਰਾਖੀ ਕਰਨ ਦੀ ਸਰਕਾਰ ਦੀ ਜ਼ਿੰਮੇਵਾਰੀ ਦੀ ਕੁਤਾਹੀ ਸੰਬੰਧੀ ਉਠ ਰਹੇ ਸਵਾਲਾਂ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਹੋਰ ਹਕੂਮਤੀ ਪਾਰਟੀਆਂ/ਰਾਜ ਸਰਕਾਰਾਂ ਵੀ ਇਸ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਲਈ ਅੱਜ ਦਾ ਇਹ 'ਕੌਮਾਂਤਰੀ ਮਈ ਦਿਹਾੜਾ', ਵਰਤੇ ਜਾ ਰਹੇ ਅਜਿਹੇ ਚੋਣ-ਹੱਥਕੰਡਿਆਂ ਦਾ ਪਰਦਾਫਾਸ਼ ਕਰਦੇ ਹੋਏ, ਸਮੂਹ ਪੀੜਤ ਵਰਗਾਂ ਦੀਆਂ ਸਾਂਝੀਆਂ ਮੰਗਾਂ/ਮਸਲਿਆਂ ਨੂੰ ਬੁਨਿਆਦੀ ਕਾਰਪੋਰੇਟ ਪੱਖੀ ਨੀਤੀਆਂ ਨਾਲ ਜੋੜਦਿਆਂ, ਲੁੱਟ-ਖਸੁੱਟ ਤੇ ਜਮਾਤੀ ਵਿਤਕਰੇ ਤੋਂ ਮੁਕਤ ਸਮਾਜ ਦੀ ਸਿਰਜਣਾ ਦੇ ਸੰਦਰਭ 'ਚ ਰੱਖ ਕੇ, ਸਾਂਝੇ ਜਮਾਤੀ ਸੰਘਰਸ਼ਾਂ ਨੂੰ ਵਿੱਢਣ ਤੇ ਜਾਰੀ ਰੱਖਣ ਦਾ ਪ੍ਰਣ ਕਰਨ ਦਾ ਦਿਹਾੜਾ ਹੈ।

*ਮਜ਼ਦੂਰ ਦਿਵਸ 'ਤੇ ਵਿਸ਼ੇਸ਼*

# ਭਾਰਤ ਵਿੱਚ ਮਜ਼ਦੂਰ ਸੰਘਰਸ਼ ਅਤੇ ਮੌਜੂਦਾ ਹਾਲਾਤ

ਸੁਰਜੀਤ ਗੱਗ

ਜਦੋਂ ਕਿਤੇ ਭਰਿੰਡਾਂ ਦਾ ਛੱਤਾ ਛਿੜ ਜਾਵੇ ਤਾਂ ਸਾਰੀਆਂ ਭਰਿੰਡਾਂ ਯੱਕਦਮ ਸਰਗਰਮ ਹੋ ਜਾਂਦੀਆਂ ਹਨ ਤੇ ਸੰਭਾਵੀ ਖ਼ਤਰੇ ਦੇ ਪੈਰ ਨਹੀਂ ਲੱਗਣ ਦਿੰਦੀਆਂ, ਉਹ ਭਾਵੇਂ ਹਾਥੀ ਹੋਵੇ ਜਾਂ ਕੋਈ ਮਨੁੱਖ ਹੋਵੇ, ਭਰਿੰਡਾਂ ਦਾ ਮੁਕਾਬਲਾ ਕਰਨਾ ਬਹੁਤ ਔਖਾ ਹੋ ਜਾਂਦਾ ਹੈ।

ਭਾਰਤ ਵਿੱਚ ਸਨਅਤੀ ਮਜ਼ਦੂਰਾਂ ਦਾ ਸੰਘਰਸ਼ ਏਸ ਵੇਲੇ ਮੁੜ ਜ਼ੋਰ ਫ਼ੜ ਰਿਹਾ ਹੈ ਤੇ ਇਸ ਸੰਘਰਸ਼ ਨੂੰ ਕੁਚਲਣ ਲਈ ਸਰਕਾਰੀ ਮਸ਼ੀਨਰੀ ਦਾ ਹਰ ਅੰਗ ਬਹੁਤ ਜ਼ਿੰਮੇਵਾਰੀ ਨਾਲ਼ ਅਪਣੀ ਭੂਮਿਕਾ ਨਿਭਾ ਰਿਹਾ ਹੈ। ਸਥਾਪਤੀ ਨੂੰ ਸਭ ਤੋਂ ਵੱਡਾ ਖ਼ਤਰਾ ਹੇਠ ?ਹਲੇ ਵਰਗ ਦੇ ਲੋਕਾਂ ਦਾ ਇੱਕਜੁੱਟ ਹੋ ਕੇ ਉੱਤੇ ਉੱਠਣ ਤੋਂ ਹੈ ਤੇ ਸਥਾਪਤੀ ਦੀਆਂ ਪੈਰੋਕਾਰ ਸਰਕਾਰਾਂ ਭਰਿੰਡਾਂ ਵਾਂਗ ਹਰ ਵਾਰ ਇਸ ਖ਼ਤਰੇ ਨੂੰ ਟਾਲਣ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਜਦੋਂ ਤੱਕ ਸਮਾਜ ਵਿੱਚ ਵਰਗ ਵੰਡ ਹੈ, ਊਚ-ਨੀਚ ਹੈ, ਇਹ ਸੰਘਰਸ਼ ਏਸੇ ਤਰ੍ਹਾਂ ਉੱਠਦੇ ਰਹਿਣਗੇ ਤੇ ਏਸੇ ਤਰ੍ਹਾਂ ਕੁਚਲਣ ਦੀਆਂ ਕੋਸ਼ਿਸ਼ਾਂ ਸਰਕਾਰ ਵਲੋਂ ਹੁੰਦੀਆਂ ਰਹਿਣਗੀਆਂ। ਏਥੇ ਇਹ ਸਵਾਲ ਮੁੱਖ ਰੂਪ ਵਿੱਚ ਉੱਭਰ ਕੇ ਸਾਹਮਣੇ ਆ ਖਲੋਂਦਾ ਹੈ ਕਿ ਆਖ਼ਿਰ ਸੰਘਰਸ਼ਾਂ ਦੀ ਰੂਪ ਰੇਖਾ ਕੀ ਹੋਵੇ ਤਾਂ ਜੋ ਕਿਸੇ ਅੰਸ਼ਕ ਜਿੱਤ ਵੱਲ੍ਹ ਵਧਿਆ ਜਾਵੇ। ਮੌਜੂਦਾ ਨਿਜ਼ਾਮ ਫ਼ਾਸ਼ੀਵਾਦੀ ਨਿਜ਼ਾਮ ਬਣ ਚੁੱਕਿਆ ਹੈ ਤੇ ਇਸ ਵਿੱਚ ਇਸ ਗੱਲ ਦੀ ਸੰਭਾਵਨਾ ਹੀ ਨਹੀਂ ਕਿ ਇਹ ਸੰਘਰਸ਼ ਕਿਸੇ ਦਿਸ਼ਾ ਵੱਲ੍ਹ ਸੇਧਿਤ ਹੋ ਸਕਣ। ਇਸ ਤੋਂ ਇਲਾਵਾ ਭਾਰਤ ਅਜੇ ਵੀ ਜਗੀਰੂ ਮਾਨਸਿਕਤਾ ਵਿੱਚੋਂ ਪੂਰੀ ਤਰ੍ਹਾਂ ਉੱਭਰ ਨਹੀਂ ਸਕਿਆ।

ਬਿਨਾਂ ਸ਼ੱਕ ਜਮਾਤਾਂ ਦੋ ਹੀ ਹਨ, ਇੱਕ ਲੁੱਟਣ ਵਾਲ਼ੀ ਤੇ ਦੂਸਰੀ ਉਹ ਜਿਸ ਦੀ ਲੁੱਟ ਕੀਤੀ ਜਾ ਰਹੀ ਹੈ। ਲੁੱਟੀ ਜਾ ਰਹੀ ਜਮਾਤ ਵੀ ਅੱਗੇ ਵਰਣਾਂ, ਵਰਗਾ ਵਿੱਚ ਵੰਡੀ ਹੋਈ ਹੈ ਤੇ ਭਾਰਤ ਵਿੱਚ ਸਮਰਪਿਤ ਅਤੇ ਈਮਾਨਦਾਰ ਆਗੂਆਂ ਦੀ ਅਣਹੋਂਦ ਇਸ ਸੰਕਟ ਨੂੰ ਹੋਰ ਡੂੰਘਾ ਕਰਦੀ ਹੈ, ਜਿਹਨਾਂ ਦੀ ਅਗਵਾਈ ਵਿੱਚ ਕੋਈ ਦੂਰਅੰਦੇਸ਼ੀ ਦਿਸ਼ਾ ਤੈਅ ਕੀਤੀ ਜਾ ਸਕੇ। ਮਾਰਕਫੈੱਡ, ਰੋਡਵੇਜ਼, ਬੀਐਸਐਨਐਲ, ਬੀਬੀਐਮਬੀ, ਜਲ ਸਿੰਚਾਈ ਵਿਭਾਗ ਤੇ ਹੋਰ ਅਜਿਹੇ ਬਹੁਤੇ ਸਰਕਾਰੀ ਅਦਾਰਿਆਂ ਦਾ ਭੋਗ ਪੈ ਚੁੱਕਿਆ ਹੈ ਤੇ ਜ਼ਿਕਰਯੋਗ ਹੈ ਕਿ ਇਹਨਾਂ ਅਦਾਰਿਆਂ ਵਿੱਚ ਮਜ਼ਬੂਤ ਜੱਥੇਬੰਦੀਆਂ ਹੋਇਆ ਕਰਦੀਆਂ ਸਨ। ਇਹ ਸਵਾਲ ਵੀ ਮੂਹਰੇ ਰੱਖਣਾ ਪਵੇਗਾ ਕਿ ਇਹਨਾਂ ਮਜ਼ਬੂਤ ਯੂਨਿਅਨਾਂ ਦੇ ਹੁੰਦਿਆਂ ਹੋਇਆਂ ਵੀ ਇਹ ਮਹਿਕਮੇ ਕਿਵੇਂ ਸਹਿਜੇ-ਸਹਿਜੇ ਮਿੱਟੀ ਵਿੱਚ ਮਿਲਾ ਦਿੱਤੇ ਗਏ। ਬਿਨਾਂ ਸ਼ੱਕ ਸਰਕਾਰ ਦੀਆਂ ਪੂੰਜੀਵਾਦੀ ਨੀਤੀਆਂ ਕਾਰਣ ਇਹ ਭਾਣਾ ਵਰਤਿਆ ਹੈ, ਪਰ ਸਰਕਾਰ ਦੇ ਮੁਕਾਬਲੇ ਦੀ ਵਿਰੋਧੀ ਧਿਰ ਦੀ ਅਣਹੋਂਦ ਨੂੰ ਕਟਹਿਰੇ ਵਿੱਚੋਂ ਲਾਂਭੇ ਨਹੀਂ ਕੀਤਾ ਜਾ ਸਕਦਾ। ਅੱਜ ਵੀ ਭਾਰਤ ਵਿੱਚ ਕਿਰਤੀ ਕਾਮਿਆਂ ਦੀਆਂ ਹਜ਼ਾਰਾਂ ਜੱਥੇਬੰਦੀਆਂ ਹਨ ਤੇ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇਹਨਾਂ ਜੱਥੇਬੰਦੀਆਂ ਦੀ ਕੋਈ ਕੇਂਦਰੀ ਕਮੇਟੀ ਨਹੀਂ, ਕੋਈ ਰਾਜਨੀਤਿਕ ਧਿਰ ਵੀ ਨਹੀਂ, ਤੇ ਕੋਈ ਸਾਂਝਾ ਮੋਰਚਾ ਉਸੱਰਨ ਦੇ ਆਸਾਰ ਵੀ ਅਜੇ ਨਜ਼ਰ ਨਹੀਂ ਆ ਰਹੇ। ਫ਼ਿਰ ਕਿਸ ਦੀ ਕਮਾਨ ਹੇਠ ਇਹ ਜੱਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ? ਸਿੱਧਾ ਜਿਹਾ ਜਵਾਬ ਹੈ ਪਾਸ਼ ਦੀ ਕਵਿਤਾ 'ਅਸੀਂ ਲੜਾਂਗੇ ਸਾਥੀ' ਵਿੱਚ





**ਜਦੋਂ ਬੰਦੂਕ ਨਾ ਹੋਈ, ਓਦੋਂ ਤਲਵਾਰ ਹੋਵੇਗੀ**
**ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ**
**ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ**
**ਤੇ ਅਸੀਂ ਲੜਾਂਗੇ ਸਾਥੀ...**

ਬਹੁਤੀਆਂ ਜੱਥੇਬੰਦੀਆਂ ਲੜਨ ਦੀ ਲੋੜ ਕਾਰਣ ਲੜ ਰਹੀਆਂ ਹਨ, ਏਨੀ ਸਮਰੱਥਾ ਨਹੀਂ ਕਿ ਪੂਰੀ ਤਰਾਂ ਜੱਥੇਬੰਦ ਅਤੇ ਹੁਕਮਬੱਧ ਸਰਕਾਰੀ ਮਸ਼ੀਨਰੀ ਦਾ ਚੱਕਾ ਜਾਮ ਕਰ ਸਕਣ, ਪਰ ਲੜੇ ਬਿਨਾਂ ਗੁਜ਼ਾਰਾ ਨਹੀਂ ਹੋਣਾ, ਇਸ ਲਈ ਲੜ ਰਹੀਆਂ ਹਨ।

ਇਹ ਵੀ ਯਕੀਨੀ ਨਹੀਂ ਕਿਹਾ ਜਾ ਸਕਦਾ ਕਿ ਇਹਨਾਂ ਜੱਥੇਬੰਦੀਆਂ ਵਿੱਚ ਬੇਈਮਾਨ, ਨਿੱਜਪ੍ਰਸਤ, ਚਾਲਬਾਜ਼ ਆਗੂ ਜਾਂ ਕਰਿੰਦੇ ਨਾ ਹੋਣ। ਸਨਅਤੀ ਮਜ਼ਦੂਰਾਂ ਦੇ ਬਹੁਤੇ ਸੰਘਰਸ਼ ਬੇਈਮਾਨ ਆਗੂਆਂ ਦੀ ਭੇਟ ਚੜ੍ਹ ਕੇ ਵੀ ਕੁਚਲੇ ਗਏ ਹਨ।

ਬੇਈਮਾਨੀ ਕਿੱਥੇ ਨਹੀਂ ਹੈ, ਭਾਰਤ ਵਾਸੀਆਂ ਦੀ ਰਗ-ਰਗ ਵਿੱਚ ਬੇਈਮਾਨੀ ਘਰ ਕਰ ਚੁੱਕੀ ਹੈ, ਝੂਠ ਬੋਲਣ ਨੂੰ ਅਸੀਂ ਗੁਨਾਹ ਸਮਝਦੇ ਹੀ ਨਹੀਂ, ਚਾਪਲੂਸੀ ਏਥੋਂ ਤੱਕ ਭਰੀ ਪਈ ਹੈ ਹਰ ਨਾਲ਼ਦੇ ਨੂੰ ਮਿੱਧ ਕੇ ਅੱਗੇ ਲੰਘ ਜਾਣਾ ਸਾਡੀ ਫ਼ਿਤਰਤ ਬਣ ਗਿਆ ਹੈ। ਅਤੇ ਇਸ ਸਭ ਕਾਸੇ ਵਿੱਚ ਕਸੂਰ ਇਸ ਦੇਸ਼ ਦੇ ਉਸ ਢਾਂਚੇ ਦਾ ਹੈ ਜਿਸ ਦੀ ਕਦੇ ਵਿਉਂਤਬੰਦੀ ਕੀਤੀ ਹੀ ਨਹੀਂ ਗਈ। ਧਰਮ, ਜਾਤ ਦੇ ਮੁੱਦੇ ਜਿਹੜੇ ਹੁਣ ਤੱਕ ਖ਼ਤਮ ਹੋ ਜਾਣੇ ਚਾਹੀਦੇ ਸੀ, ਉਹ ਸੁਪਰੀਮ ਕੋਰਟ ਦੀਆਂ ਬਰੂਹਾਂ ਤੱਕ ਵੀ ਜਾ ਅੱਪੜੇ ਹਨ। ਦੇਸ਼ ਵਿੱਚ ਅੱਠ ਘੰਟੇ ਦੀ ਮਜ਼ਦੂਰੀ ਦਾ ਕਾਨੂੰਨ ਬਣਿਆ ਪਿਆ ਹੈ ਤੇ ਕੋਇਲਾ ਖੇਤਰ ਦੇ ਮਜ਼ਦੂਰ 16-16 ਘੰਟੇ ਕੰਮ ਕਰਨ ਲਈ ਮਜ਼ਬੂਰ ਕਰ ਦਿੱਤੇ ਗਏ ਹਨ, ਸਨਅਤੀ ਖੇਤਰਾਂ ਵਿੱਚ 12 ਘੰਟੇ ਦਿਹਾੜੀ ਆਮ ਗੱਲ ਹੋ ਗਈ ਹੈ ਅਤੇ ਇਸ ਨੂੰ ਕਾਨੂੰਨੀ ਰੂਪ ਵੀ ਦਿੱਤਾ ਜਾਣ ਲੱਗ ਪਿਆ ਹੈ। ਇਸ ਦੇ ਨਾਲ਼ ਹੀ ਨਵੀਂ ਉੱਭਰੀ ਗੈਰ-ਜੱਥੇਬੰਦ ਮਜ਼ਦੂਰ ਜਮਾਤ Zomato, Swiggy, Uber ਅਤੇ Amazon ਵਿੱਚ ਕੰਮ ਕਰਨ ਵਾਲੇ ਲੱਖਾਂ ਨੌਜਵਾਨ ਵੀ ਮਜ਼ਦੂਰ ਸ਼੍ਰੇਣੀ ਦਾ ਹਿੱਸਾ ਹਨ, ਪਰ ਕਾਨੂੰਨੀ ਘੁੰਡੀਆਂ ਤੋਂ ਬਚਣ ਲਈ ਕੰਪਨੀ ਨਿਯਮਾਂ ਅਨੁਸਾਰ ਇਹਨਾਂ ਨੂੰ ਕਾਮਿਆਂ ਦੀ ਸ਼੍ਰੇਣੀ ਵਿੱਚੋਂ ਬਾਹਰ ਰੱਖਿਆ ਗਿਆ ਹੈ ਅਤੇ ਇਹਨਾਂ ਨੂੰ ਹਿੱਸੇਦਾਰ (Partner) ਵਜੋਂ ਭਰਤੀ ਕੀਤਾ ਗਿਆ ਹੈ, ਜਿਹਨਾਂ ਨੂੰ ਕੰਮ ਤੋਂ ਹਟਾਉਣ ਦੇ ਜਾਂ ਰੱਖਣ ਦੇ ਇੱਕ ਤਰਫ਼ਾ ਨਿਯਮ ਹਨ। ਕੋਈ ਇਹਨਾਂ ਟਰਮ/ਕੰਡੀਸ਼ਨਾਂ ਨਾਲ਼ ਸਹਿਮਤ ਹੋਣ ਮਗਰੋਂ ਹੀ ਹਿੱਸੇਦਾਰ ਬਣ ਸਕਦਾ ਹੈ, ਇਹਨਾਂ ਹਿੱਸੇਦਾਰਾਂ (ਗਿਗ ਵਰਕਰ) ਦਾ ਪੱਖ ਨਿਯਮਾਂ ਵਿੱਚ ਸਿਰਫ਼ ਏਨਾ ਕੁ ਹੀ ਹੈ ਕਿ ਉਹਨਾਂ ਨੂੰ ਕੀਤੇ ਗਏ ਕੰਮ ਦਾ ਤੈਅਸ਼ੁਦਾ ਮਿਹਨਤਾਨਾ ਮਿਲੇਗਾ। ਇਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ, ਜਦੋਂਕਿ ਚਾਹੀਦਾ ਤਾਂ ਇਹ ਸੀ ਕਿ ਇਹਨਾਂ ਕੰਪਨੀਆਂ ਨੂੰ ਸਰਕਾਰ ਵਲੋਂ ਇਜਾਜ਼ਤ ਦੇਣ ਵੇਲ਼ੇ ਸਾਰੇ ਪੱਖਾਂ ਦੀ ਪੜਚੋਲ ਕਰ ਲਈ ਜਾਂਦੀ ਤੇ ਕਾਮਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਯਮ ਬਣਾਏ ਜਾਂਦੇ। ਪਰ ਬੇਈਮਾਨ ਸਰਕਾਰ ਕਦੇ ਵੀ ਦੇਸ਼ਵਾਸੀਆਂ ਦੇ ਹਿੱਤ ਨਹੀਂ ਵੇਖਦੀ, ਮੁਨਾਫ਼ਾਖੋਰਾਂ ਦੇ ਹਿੱਤਾਂ ਨੂੰ ਪਹਿਲ ਦਿੰਦੀ ਹੈ। ਇਹ ਮਜ਼ਦੂਰ ਅਪਣੇ ਸਾਧਨਾਂ ਸਮੇਤ ਰਿਸਕ ਲੈ ਕੇ ਦਿਹਾੜੀਆਂ ਕਰਦੇ ਹਨ ਤੇ ਇਹ ਦਿਹਾੜੀਆਂ ਦਾ ਬੇਸ਼ੱਕ ਕੋਈ ਬੱਝਵਾਂ ਸਮਾਂ ਨਹੀਂ ਹੈ, ਪਰ ਰੋਜ਼ਾਨਾ ਜ਼ਿੰਦਗੀ ਦੇ ਆਮ ਖਰਚਿਆਂ ਦੀ ਪੂਰਤੀ ਲਈ ਇਹਨਾਂ ਨੂੰ ਅਪਣਾ ਚੈਨ, ਆਰਾਮ ਤਿਆਗ ਕੇ 12-12 ਘੰਟੇ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਹ ਕਾਮੇ ਕੰਪਨੀਆਂ ਦੇ ਕਰਮਚਾਰੀ ਨਹੀਂ, ਪਾਰਟਨਰ ਹਨ ਤੇ ਇਹ ਇੱਕ ਆਮ ਸਮਝ ਵਿੱਚ ਆਉਣ ਵਾਲ਼ੀ ਗੱਲ ਹੈ ਕਿ ਕੰਪਨੀ ਦੇ ਕੁੱਲ੍ਹ ਮੁਨਾਫ਼ੇ ਵਿੱਚੋਂ ਇਹਨਾਂ ਨੂੰ ਸਾਲਾਨਾ ਬੋਨਸ ਦਿੱਤਾ ਜਾਣਾ ਬਣਦਾ ਹੈ। ਇਹਨਾਂ ਦਰਪੇਸ਼ ਚੁਣੌਤੀਆਂ ਬਾਰੇ ਵੀ ਅਜੇ ਕੋਈ ਖ਼ਾਸ ਹਲਚਲ ਨਜ਼ਰ ਨਹੀਂ ਆ ਰਹੀ। ਦੇਸ਼ ਵਾਸੀਆਂ ਦੇ ਮੁੱਢਲੇ ਸੰਵਿਧਾਨਕ ਅਧਿਕਾਰਾਂ ਦਾ ਘਾਣ ਹੁੰਦਾ ਅਸੀਂ ਆਮ ਹੀ ਵੇਖਦੇ ਹਾਂ ਅਤੇ ਇਹ ਸਾਨੂੰ ਹੁਣ ਅਸਹਿਜ ਕਰਨੋਂ ਵੀ ਹਟ ਗਿਆ ਜਾਪਦਾ ਹੈ। ਪੰਜਾਬ ਦੇ ਸਾਢੇ 12 ਹਜ਼ਾਰ ਪਿੰਡਾਂ ਵਿੱਚੋਂ ਕੋਈ ਹੀ ਪਿੰਡ ਹੋਵੇਗਾ ਜਿੱਥੇ ਧਾਰਮਿਕ ਸਪੀਕਰਾਂ ਦੀ ਘੁਸਪੈਠ ਕੁਦਰਤੀ ਸ਼ਾਂਤੀ ਨੂੰ ਭੰਗ ਨਾ ਕਰਦੀ ਹੋਵੇ। ਇਸ ਸਭ ਦੇ ਕੇਂਦਰ ਵਿੱਚ ਘੁੰਮ-ਘੁਮਾ ਕਿ ਕਿਰਤੀ ਵਰਗ ਹੀ ਆਉਂਦਾ ਹੈ, ਜੋ ਪੀੜਿਤ ਵੀ ਹੈ, ਸ਼ੋਸ਼ਣ ਦਾ ਸ਼ਿਕਾਰ ਵੀ ਹੈ ਅਤੇ ਇਸ ਸਭ ਤੋਂ ਅਣਜਾਣ ਵੀ ਹੈ।

ਅਜਿਹੇ ਮਾਰੂ ਹਾਲਾਤ ਵਿੱਚ ਕਿਸੇ ਇਨਕਲਾਬੀ ਤਬਦੀਲੀ ਦੀ ਆਸ ਰੱਖਣਾ ਬੇਕਾਰ ਹੈ। ਰਾਜਨੀਤਿਕ ਸੂਝ ਦੀ ਘਾਟ ਕਾਰਣ ਹਰ ਵਾਰ ਮਜ਼ਦੂਰਾਂ ਦੀਆਂ ਵੋਟਾਂ ਭੰਗ ਦੇ ਭਾੜੇ ਜਾਂਦੀਆਂ ਹਨ, ਜਦੋਂ ਕਿ ਜੱਥੇਬੰਦਕ ਤਾਕਤ ਕਿਸੇ ਹੱਦ ਤੱਕ ਕੁੱਝ ਤਾਂ ਹਾਸਲ ਕਰਨ ਲਈ ਰਾਜਨੀਤਿਕ ਲੀਡਰਾਂ ਉੱਤੇ ਦਬਾਅ ਬਣਾ ਹੀ ਸਕਦੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਘੱਟੋ-ਘੱਟ ਇਹਨਾਂ ਜੱਥੇਬੰਦੀਆਂ ਦਾ ਕਾਡਰ ਵੋਟਾਂ ਦਾ ਬਾਈਕਾਟ ਤਾਂ ਕਰ ਹੀ ਸਕਦਾ ਹੈ। ਪਰ ਅਜਿਹਾ ਨਹੀਂ ਹੁੰਦਾ, ਅਜਿਹਾ ਇਸ ਲਈ ਨਹੀਂ ਹੁੰਦਾ ਕਿ ਅਗਵਾਈ ਸੁਚੱਜੀ ਨਹੀਂ ਹੈ, ਆਗੂ ਵਿਕ ਜਾਂਦੇ ਹਨ, ਜਾਂ ਝੁਕ ਜਾਂਦੇ ਹਨ ਜਾਂ ਲਾਪ੍ਰਵਾਹ ਹੋ ਜਾਂਦੇ ਹਨ ਜਾਂ ਵੋਟਾਂ ਵਿੱਚ ਦਖ਼ਲਅੰਦਾਜ਼ੀ ਅਪਣੇ ਅਧਿਕਾਰ ਖੇਤਰ ਤੋਂ ਬਾਹਰ ਸਮਝਦੇ ਹਨ।

ਇਸ ਸਮੇਂ ਸੋਸ਼ਲ ਮੀਡੀਆ ਹਰ ਇੱਕ ਦੀ ਪਹੁੰਚ ਵਿੱਚ ਹੈ ਤੇ ਮੁੱਖ ਧਾਰਾ ਦੇ ਮੀਡੀਆ ਚੈਨਲਾਂ ਨੂੰ ਤਾਂ ਪੂੰਜੀਪਤੀਆਂ ਦੀ ਸਿਉਂਕ ਚਿੰਬੜੀ ਹੋਈ ਹੈ, ਪਰ ਸੋਸ਼ਲ ਮੀਡੀਆ ਵੀ ਇਸ ਤੋਂ ਅਭਿੱਜ ਨਹੀਂ ਰਿਹਾ। ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲਈ ਸਰਕਾਰਾਂ ਨੇ ਸ਼ਿਕੰਜਾ ਕੱਸ ਦਿੱਤਾ ਹੈ, ਲੋਕਾਂ ਤੱਕ ਗੈਰਵਿਗਿਆਨਕ, ਅਸ਼ਲੀਲ, ਭਟਕਾਊ, ਭਰਮਾਊ ਸਮੱਗਰੀ ਤਾਂ ਵੱਡੀ ਗਿਣਤੀ ਵਿੱਚ ਆਰਾਮ ਨਾਲ਼ ਪਹੁੰਚ ਜਾਂਦੀ ਹੈ, ਪਰ ਲੋਕ ਹਿੱਤ, ਦੇਸ਼ ਹਿੱਤ ਬਾਰੇ ਸਮੱਗਰੀ ਉੱਤੇ ਪਾਬੰਦੀਆਂ ਮੜ ਦਿੱਤੀਆਂ ਜਾਂਦੀਆਂ ਹਨ। ਇਹੋ ਕਾਰਣ ਹੈ ਕਿ ਕਿਰਤੀ, ਕਾਮਿਆਂ ਦੇ ਨਿੱਕੇ-ਵੱਡੇ ਸੰਘਰਸ਼ ਲੋਕ ਚੇਤਨਾ ਦਾ ਹਿੱਸਾ ਨਹੀਂ ਬਣ ਪਾਉਂਦੇ। ਇਸ ਦੇ ਨਾਲ਼ ਹੀ ਸਰਕਾਰੀ ਟਟਪੂੰਜੀਏ, ਮੱਧਵਰਗੀ ਧਨਾਢ ਚੌਧਰੀ, ਧਾਰਮਿਕ ਆਗੂ, ਐਨਜੀ ਓ ਦੇ ਪ੍ਰਬੰਧਕ, ਵਿਕਾਊ ਪੱਤਰਕਾਰ, ਸੋਸ਼ਲ ਮੀਡੀਆ ਦੇ ਕੁੱਝ ਚਰਚਿਤ ਚਿਹਰੇ ਵਗੈਰਾ ਸਰਕਾਰੀ ਸਰਪ੍ਰਸਤੀ ਹੇਠ ਏਨੇ ਸਰਗਰਮ ਹੋ ਜਾਂਦੇ ਹਨ ਕਿ ਮਜ਼ਦੂਰਾਂ ਦੇ ਸੰਘਰਸ਼ ਦੀ ਆਵਾਜ਼ ਨੂੰ ਦਬਾ ਲਿਆ ਜਾਂਦਾ ਹੈ ਤੇ ਜੇ ਨਹੀਂ ਦੱਬਦੀ ਤਾਂ ਇਸ ਵਿਰੁੱਧ ਭੁਲੇਖਾ ਪਾਊ ਪ੍ਰਾਪੇਗੰਡਾ ਚਾਲੂ ਕਰ ਕੇ ਲੋਕਾਂ ਨੂੰ ਦੁਫ਼ਾੜ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ।

ਪਹਿਲੀ ਮਈ ਨੂੰ ਮਜ਼ਦੂਰ ਦਿਹਾੜਾ ਹੈ। ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ ਮਜ਼ਦੂਰ ਦਿਹਾੜਾ ਸਮੁੱਚੇ ਸੰਸਾਰ ਵਿੱਚ ਮਨਾਇਆ ਜਾਂਦਾ ਹੈ। ਜਦੋਂ 16-16 ਘੰਟੇ, 18-18 ਘੰਟੇ ਮਜ਼ਦੂਰਾਂ ਤੋਂ ਜ਼ਬਰੀ ਕੰਮ ਲਿਆ ਜਾਂਦਾ ਸੀ, ਉਦੋਂ 8 ਘੰਟੇ ਦਿਹਾੜੀ ਅਤੇ ਹਫ਼ਤਾਵਰੀ ਛੁੱਟੀ ਦੀ ਮੰਗ ਨੂੰ ਕਾਨੂੰਨੀ ਰੂਪ ਦਿਵਾਉਣ ਲਈ ਮਜ਼ਦੂਰਾਂ ਨੂੰ ਜਾਨ ਹੂਲਵੇਂ ਸੰਘਰਸ਼ ਲੜਨੇ ਪਏ, ਜਿਸ ਦਾ ਨਤੀਜਾ ਹੈ ਕਿ ਅੱਜ ਸਮੁੱਚੇ ਸੰਸਾਰ ਵਿੱਚ ਕਿਰਤੀ ਕਾਮਿਆਂ ਦੀ ਦਿਹਾੜੀ 8 ਘੰਟੇ ਦੀ ਹੈ। ਯੋਰਪੀ ਦੇਸ਼ ਫਿਨਲੈਂਡ ਵਿੱਚ ਤਾਂ ਕੰਮ ਦਿਹਾੜੀ ਘਟਾ ਕੇ 6 ਘੰਟੇ ਤੱਕ ਕਰਨ ਦੀਆਂ ਵੀ ਚਰਚਾਵਾਂ ਚੱਲਦੀਆਂ ਰਹੀਆਂ ਹਨ। ਪਰ ਭਾਰਤ ਵਿੱਚ ਮੁੜ ਸਰਕਾਰ ਨੇ ਪੁਰਾਣੇ 44 ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ 4 ਨਵੇਂ ਲੇਬਰ ਕੋਡ ਲਾਗੂ ਕਰ ਦਿੱਤੇ ਹਨ, ਜਿਹਨਾਂ ਅਨੁਸਾਰ ਮਜ਼ਦੂਰ ਨੂੰ ਕੰਮ 'ਤੇ ਰੱਖਣਾ ਜਾਂ ਕੱਢਣਾ ਬਹੁਤ ਆਸਾਨ ਕਰ ਦਿੱਤਾ ਗਿਆ ਹੈ। ਕੰਮ ਤੋਂ ਕੱਢਣਾ ਹੈ ਤਾਂ ਸਾਲਾਂ ਬੱਧੀ ਕੰਮ ਕਰਦੇ ਰਹੇ ਮਜ਼ਦੂਰ ਨੂੰ, ਜਿਸ ਨੇ ਕੰਪਨੀ ਦੇ ਮੁਨਾਫ਼ੇ ਵਿੱਚ ਅਹਿਮ ਯੋਗਦਾਨ ਪਾਇਆ ਹੈ, ਬਿਨਾਂ ਕੋਈ ਮੁਆਵਜ਼ਾ ਦਿੱਤੇ ਏਨਾ ਹੀ ਕਹਿਣਾ ਕਾਫ਼ੀ ਹੈ ਕਿ ਤੂੰ ਕੱਲ੍ਹ ਤੋਂ ਕੰਮ ਤੇ ਨਹੀਂ ਆਉਣਾ। ਮਜ਼ਦੂਰ ਨੂੰ ਕੰਮ 'ਤੇ ਰੱਖਣ ਵੇਲ਼ੇ ਜਿਹੜੇ ਨਿਯਮ, ਉਸ ਦੀ ਸਿਹਤ ਸਬੰਧੀ, ਤਨਖ਼ਾਹ ਸਬੰਧੀ, ਛੁੱਟੀਆਂ, ਸਹੂਲਤਾਂ ਸਬੰਧੀ ਕੰਮ ਤੋਂ ਹਟਾਉਣ ਦੀਆਂ ਸ਼ਰਤਾਂ ਸਬੰਧੀ, ਕੰਮ ਦੇ ਸਾਜ਼ਗਾਰ ਹਾਲਾਤ ਸਬੰਧੀ ਜੋ ਵੀ ਕਾਨੂੰਨ ਹੁੰਦੇ ਸੀ, ਸਭ ਹਟਾ ਕੇ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਗਏ ਹਨ, ਜਿਸ ਅਨੁਸਾਰ ਮਜ਼ਦੂਰ ਨੂੰ 12 ਘੰਟੇ ਤੱਕ ਵੀ ਦਿਹਾੜੀ ਲਗਾਉਣ ਲਈ ਕਾਨੂੰਨੀ ਰਾਹ ਖੋਲ੍ਹ ਦਿੱਤਾ ਗਿਆ ਹੈ।

ਕੰਮ ਵਾਲ਼ੀਆਂ ਥਾਵਾਂ 'ਤੇ ਔਰਤਾਂ ਅਤੇ ਬੱਚਿਆਂ ਦਾ ਸ਼ੋਸ਼ਣ ਕਿਸੇ ਤੋਂ ਲੁਕਿਆ ਨਹੀਂ। ਮਜ਼ਦੂਰ ਤੋਂ ਸਮਰੱਥਾ ਤੋਂ ਵੱਧ ਕੰਮ ਲਿਆ ਜਾਣਾ ਉਸ ਦਾ ਸ਼ਰੀਰਕ ਸ਼ੋਸ਼ਣ ਹੁੰਦਾ ਹੈ ਤੇ ਔਰਤ ਮਜ਼ਦੂਰਾਂ ਨੂੰ ਇਸ ਦੀ ਦੋਹਰੀ ਮਾਰ ਸਹਿਣੀ ਪੈਂਦੀ ਹੈ। ਮਾਹਵਾਰੀ ਦੇ ਦਿਨਾਂ ਵਿੱਚ ਵੀ ਹੱਡ-ਭੰਨਵੀਂ ਮਿਹਨਤ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ।

ਇਨ੍ਹਾਂ ਸਭ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਮਜ਼ਦੂਰ ਹੜਤਾਲ ਕਰਦੇ ਹਨ, ਬਗ਼ਾਵਤ ਦਾ ਝੰਡਾ ਚੁੱਕਦੇ ਹਨ। ਮਜ਼ਦੂਰਾਂ ਦੀ ਹੜਤਾਲ ਦਾ ਕੰਪਨੀਆਂ ਉੱਤੇ ਬਹੁਤ ਵੱਡਾ ਅਸਰ ਪੈਂਦਾ ਹੈ ਤੇ ਇਸ ਤੋਂ ਨਿਜਾਤ ਪਾਉਣ ਲਈ ਸਰਕਾਰ ਨੇ ਕੰਪਨੀਆਂ ਨੂੰ ਰਾਹਤ ਦੇਣ ਲਈ 4 ਨਵੇਂ ਲੇਬਰ ਕੋਡ ਲਾਗੂ ਕੀਤੇ ਹਨ ਕਿ ਜਿਹੜੇ ਜ਼ਿਆਦਾ ਚੀਂ-ਪੜਾਂ ਕਰਦੇ ਹਨ, ਚੁੱਕ ਕੇ ਬਾਹਰ ਮਾਰੇ ਜਾਣ। ਪਰ ਜਿੱਥੇ ਜੱਥੇਬੰਦੀਆਂ ਮਜ਼ਬੂਤ ਹੋਣ, ਉਹ ਕੱਢੇ ਗਏ ਕਾਮਿਆਂ ਨੂੰ ਵੀ ਮੁੜ ਕੰਮ 'ਤੇ ਵਾਪਸ ਲਿਆਉਣ ਲਕਈ ਦਬਾਅ ਪਾਉਂਦੀਆਂ ਹਨ, ਤੇ ਅੰਸ਼ਕ ਤੌਰ 'ਤੇ ਕੁੱਝ ਮੰਗਾਂ ਵੀ ਮਨਵਾ ਲੈਂਦੀਆਂ ਹਨ ਤੇ ਜਿੱਥੇ ਹਾਲਾਤ ਜ਼ਿਆਦਾ ਟਕਰਾਵੇਂ ਬਣ ਜਾਣ, ਉਥੇ ਸਰਕਾਰੀ ਜ਼ਬਰ ਦਾ ਕੁਹਾੜਾ ਚੱਲਦਾ ਹੈ, ਮਜ਼ਦੂਰਾਂ ਨੂੰ ਵਹਿਸ਼ੀ ਤਰੀਕੇ ਨਾਲ਼ ਪੁਲਿਸ ਕੋਲੋਂ ਕੁਟਵਾਇਆ ਜਾਂਦਾ ਹੈ, ਝੂਠੇ ਪਰਚੇ ਪਾ ਕੇ ਸਾਲਾਂਬੱਧੀ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਹੈ ਤੇ ਸਮਾਜ ਦੇ ਹਰ ਵਰਗ ਨਾਲੋਂ ਨਿਖੇੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਜਦੋਂ ਲੇਬਰ ਕਾਨੂੰਨ ਹੀ ਨਹੀਂ ਹਨ, ਜੱਥੇਬੰਦੀਆਂ ਕਮਜ਼ੋਰ ਹਨ ਤਾਂ ਲਾਜ਼ਮੀ ਹੈ ਕਿ ਮਜ਼ਦੂਰ ਮੈਨੇਜਮੈਂਟ ਵਿਰੁੱਧ ਲੜਦੇ-ਲੜਦੇ ਆਪਸੀ ਭਰਾਮਾਰੂ ਜੰਗ ਵਿੱਚ ਉਲਝ ਜਾਂਦੇ ਹਨ। ਕੰਪਨੀਆਂ ਵਲੋਂ ਕੁੱਝ ਕੁ ਨੂੰ ਲਾਲਚ ਦਿੱਤਾ ਜਾਂਦਾ ਹੈ, ਕੁੱਝ ਮਜ਼ਦੂਰਾਂ ਦੀ ਆਰਥਿਕ ਹਾਲਤ ਅਜਿਹੀ ਹੁੰਦੀ ਹੈ ਕਿ ਉਹ ਰੋਜ਼ਾਨਾ ਜੀਵਨ ਦੇ ਖ਼ਰਚੇ ਚੁੱਕਣ ਦੇ ਸਮਰੱਥ ਨਹੀਂ ਹੁੰਦੇ, ਉਹਨਾਂ ਨੂੰ ਮੁੜ ਪਹਿਲਾਂ ਵਾਲ਼ੇ ਹਾਲਾਤ ਵਿੱਚ ਕੰਮ 'ਤੇ ਮੁੜਨਾ ਪੈਂਦਾ ਹੈ ਤੇ ਜੇ ਨਹੀਂ ਮੁੜਦੇ ਤਾਂ ਉਹਨਾਂ ਦੀ ਜਗ ?ਹਾ ਬੇਰੁਜ਼ਗਾਰੀ ਦੇ ਝੰਬੇ ਹੋਏ ਨਵੇਂ ਮਜ਼ਦੂਰ ਬਗੈਰ ਸ਼ਰਤਾਂ ਤੋਂ ਭਰਤੀ ਹੋਣ ਲਈ ਕਤਾਰ ਵਿੱਚ ਲੱਗੇ ਹੁੰਦੇ ਹਨ। 8 ਘੰਟੇ ਤੋਂ ਜ਼ਿਆਦਾ ਦਿਹਾੜੀ ਦਾ ਮਤਲਬ ਹੀ ਇਹੋ ਹੈ ਕਿ ਕਿਸੇ ਹੋਰ ਦੇ ਰੁਜ਼ਗਾਰ ਉੱਤੇ ਡਾਕਾ ਮਾਰ ਕੇ ਕੁੱਝ ਪੈਸਿਆਂ ਦੇ ਲਾਲਚ ਨੂੰ ਅਪਣੇ ਆਪ ਦੇ ਵਿਰੁੱਧ ਹਾਲਾਤ ਪੈਦਾ ਕਰ ਲੈਣੇ।

ਜਦੋਂ ਕਰੋਨਾ ਕਾਲ ਦੇ ਲੋਕਡਾਊਨ ਵੇਲ਼ੇ ਵੱਡੀ ਆਰਥਿਕ ਮਾਰ ਨਾ ਝੱਲਦੇ ਹੋਏ ਪ੍ਰਵਾਸੀ ਮਜ਼ਦੂਰ ਪੈਦਲ ਹੀ ਅਪਣੇ ਪਿੰਡਾਂ ਵੱਲ੍ਹ ਨੂੰ ਨਿਕਲ ਗਏ ਸਨ ਤੇ ਪਾਬੰਦੀਆਂ ਖ਼ਤਮ ਹੋਣ 'ਤੇ ਇਹਨਾਂ ਮਜ਼ਦੂਰਾਂ ਦੀ ਪੁਰਜ਼ੋਰ ਮੰਗ ਉੱਠੀ। ਜਿਹੜੇ ਹਜ਼ਾਰਾਂ ਕਿਲੋਮੀਟਰ ਪੈਦਲ ਤੁਰ ਕੇ ਪਿੰਡਾਂ ਨੂੰ ਗਏ ਸਨ, ਉਹਨਾਂ ਦੀ ਵਾਪਸੀ ਲਈ ਕਾਰਾਂ, ਬੱਸਾਂ, ਰੇਲਾਂ ਤੇ ਏਥੋਂ ਤੱਕ ਕਿ ਜਹਾਜ਼ ਦੇ ਮੁਫ਼ਤ ਸਫ਼ਰ ਦਾ ਇੰਤਜ਼ਾਮ ਵੀ ਕੰਪਨੀ ਮਾਲਕਾਂ ਵਲੋਂ ਕੀਤਾ ਗਿਆ ਸੀ। ਇਸ ਦਾ ਮਤਲਬ ਹੈ ਕਿ ਜੇ ਮਜ਼ਦੂਰ ਚੱਕਾ ਜਾਮ ਕਰਨ ਉੱਤੇ ਆ ਜਾਣ ਤਾਂ ਚੱਕਾ ਖੜ੍ਹ ਸਕਦਾ ਹੈ, ਸਿਰਫ਼ ਖੜ੍ਹ ਹੀ ਨਹੀਂ ਸਕਦਾ, ਇਸ ਨੂੰ ਪੁੱਠਾ ਗੇੜਾ ਵੀ ਦਿੱਤਾ ਜਾ ਸਕਦਾ ਹੈ। ਪਰ ਇਹ ਹੋਵੇਗਾ ਤਦ ਹੀ ਜਦੋਂ ਦੇਸ਼ ਵਿੱਚ ਮਜ਼ਦੂਰ ਲਹਿਰ ਉੱਠੇਗੀ, ਖਿੱਲਰੀਆਂ ਹਈਆਂ ਜੱਥੇਬੰਦੀਆਂ ਕਿਸੇ ਇੱਕ ਝੰਡੇ ਹੇਠ ?ਹ ਸਾਂਝਾ ਮੋਰਚਾ ਉਸਾਰਨਗੀਆਂ, ਮਜ਼ਦੂਰਾਂ ਦੀ ਕੋਈ ਕੇਂਦਰੀ ਕਮੇਟੀ ਹੋਵੇਗੀ, ਅਪਣੀ ਰਾਜਨੀਤਿਕ ਧਿਰ ਹੋਵੇਗੀ। ਬੇਸ਼ੱਕ ਅਜੇ ਇੰਝ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਪਰ ਜਦੋਂ ਲਹਿਰਾਂ ਉੱਠਦੀਆਂ ਹਨ ਤਾਂ ਉਹਨਾਂ ਦਾ ਅਸਰ ਸਮੁੱਚੇ ਸੰਸਾਰ ਵਿੱਚ ਵੇਖਣ ਨੂੰ ਮਿਲ਼ਦਾ ਹੈ।


ਜਦੋਂ ਤੱਕ ਮਜ਼ਦੂਰ ਵਰਗ ਇੱਕਜੁੱਟ ਹੋ ਕੇ ਅਪਣੀ ਆਰਥਿਕ ਲੜਾਈ ਨੂੰ ਰਾਜਨੀਤਿਕ ਸੂਝ ਨਾਲ਼ ਨਹੀਂ ਜੋੜਦਾ, ਧਰਮ, ਜਾਤ ਦੀਆਂ ਵਲਗਣਾਂ ਨਹੀਂ ਉਲੰਘਦਾ, ਉਦੋਂ ਤੱਕ ਇਹ ਭਰਿੰਡਾਂ ਕਹਿਰ ਢਾਹੁੰਦੀਆਂ ਰਹਿਣਗੀਆਂ। ਹੱਲ ਸਿਰਫ਼ ਸੜਕਾਂ 'ਤੇ ਉੱਤਰਨ ਵਿੱਚ ਹੀ ਨਹੀਂ, ਸਗੋਂ ਅਪਣੀ ਚੇਤਨਾ ਦਾ ਪੱਧਰ ਉੱਚਾ ਕਰ ਕੇ ਅਪਣੀ ਜੱਥੇਬੰਦਕ ਤਾਕਤ ਪਹਿਚਾਣਨ ਵਿੱਚ ਹੈ, ਵੋਟ ਨੂੰ ਹਥਿਆਰ ਵਜੋਂ ਵਰਤਿਆ ਜਾ ਸਕਦਾ ਹੈ ਜੇ ਜੱਥੇਬੰਦੀਆਂ ਵਿੱਚ ਰਾਜਨੀਤਕ ਸੂਝ ਦੇ ਨਾਲ਼ ਰਣਨੀਤਕ ਦਾਅਪੇਚਾਂ ਦੀ ਸੂਝ ਵੀ ਹੋਵੇ।

surjitgag@gmail.com

## ਇਨਕਲਾਬੀ ਲਹਿਰ ਲਈ ਵੱਡਾ ਘਾਟਾ - ਕਾਮਰੇਡ ਸੁਰਿੰਦਰ ਤਿਵਾੜੀ ਨਹੀਂ ਰਹੇ

ਕੁਝ ਸਮਾਂ ਪਹਿਲਾਂ ਗੁਰਦਿਆਲ ਸਿੰਘ ਪਹਾੜਪੁਰੀ ਦੇ ਵਿਗੋਚੇ ਸਦਕਾ ਪਏ ਘਾਟੇ ਮਗਰੋਂ, ਸਾਡੀ ਜਥੇਬੰਦੀ ਦੇ ਇੱਕ ਹੋਰ ਮੁੱਲਵਾਨ ਅਤੇ ਤਜ਼ਰਬੇਕਾਰ ਕੇਂਦਰੀ ਆਗੂ ਸੁਰਿੰਦਰ ਤਿਵਾੜੀ ਨਹੀਂ ਰਹੇ। ਉਨ੍ਹਾਂ ਨੇ ਕੁਝ ਚਿਰ ਪਹਿਲਾਂ ਲੰਮੀ ਬਿਮਾਰੀ ਮਗਰੋਂ ਅੰਤਿਮ ਸਾਹ ਲਿਆ। ਉਹ ਸੰਨ 2009 ਤੋਂ ਸਾਡੀ ਜਥੇਬੰਦੀ ਦੀ ਸਰਵਉੱਚ ਕਮੇਟੀ ਦਾ ਹਿੱਸਾ ਸਨ। ਬਿਮਾਰੀ ਦੇ ਆਖਰੀ ਜੀਵਨ ਦੌਰ ਤੋਂ ਪਹਿਲਾਂ ਉਹ ਪੰਜਾਬ ਸੂਬੇ ਅੰਦਰ ਸਾਡੀ ਜਥੇਬੰਦੀ ਦੇ ਸਕੱਤਰ ਸਨ।

ਪੰਜਾਬ ਦੇ ਇੱਕ ਛੋਟੇ ਕਸਬੇ ਸਮਰਾਲਾ 'ਚ 1952 'ਚ ਜਨਮੇ ਕਾਮਰੇਡ ਸੁਰਿੰਦਰ ਨੇ ਸਮਰਪਤ ਪੇਸ਼ਾਵਰ ਕਮਿਊਨਿਸਟ ਇਨਕਲਾਬੀ ਵਜੋਂ ਆਪਣਾ ਜੀਵਨ ਸਫਰ ਮੁੱਢਲੀ ਜਵਾਨੀ ਦੇ ਦਿਨਾਂ



'ਚ ਸ਼ੁਰੂ ਕੀਤਾ। ਨਕਸਲਬਾੜੀ ਬਹਾਰ ਦੀ ਗਰਜ ਨੇ ਉਸ ਨੂੰ ਕਾਲਜ ਦੀ ਪੜ੍ਹਾਈ ਛੱਡ ਕੇ ਦੱਬੇ ਕੁਚਲਿਆਂ ਦੀ ਮੁਕਤੀ ਲਈ "ਮਰਜੀਵੜਿਆਂ" ਦੀਆਂ ਸਫਾ 'ਚ ਕੁੱਦ ਪੈਣ ਲਈ ਪ੍ਰੇਰਿਤ ਕੀਤਾ। ਆਲੇ ਦੁਆਲੇ ਦੇ ਕਾਲਜ 'ਚ ਨਕਸਲਬਾੜੀ ਦੀ ਚੰਗਿਆਤੀ ਦੇ ਸਮਰਥਕ ਆਪਣੇ ਹਮਜੋਲੀ ਵਿਦਿਆਰਥੀਆਂ ਦਰਮਿਆਨ ਉਹ ਇਸ ਲਹਿਰ ਦਾ ਸਿਰਕੱਢ ਮਸ਼ਾਲਚੀ ਬਣ ਕੇ ਉੱਭਰਿਆ। ਕਾਮਰੇਡ ਸੁਰਿੰਦਰ ਅਜੇ 18 ਸਾਲਾਂ ਦਾ ਨਹੀਂ ਸੀ ਹੋਇਆ ਜਦੋਂ ਸੀ. ਪੀ. ਆਈ. (ਐਮ. ਐਲ.) ਦੀ ਪੰਜਾਬ ਸੂਬਾਈ ਕਾਨਫਰੰਸ ਨੇ ਪਾਰਟੀ ਮੈਂਬਰਸ਼ਿਪ ਲਈ ਉਮਰ ਦੀ ਸ਼ਰਤ ਨੂੰ ਨਰਮ ਕਰਨ ਦਾ ਵਿਸ਼ੇਸ਼ ਫੈਸਲਾ ਕੀਤਾ ਤਾਂ ਜੋ ਉਸ ਦੀ ਕਾਨਫਰੰਸ 'ਚ ਸ਼ਮੂਲੀਅਤ ਯਕੀਨੀ ਹੋ ਸਕੇ।

ਮਗਰੋਂ ਉਸਨੇ ਭਾਰਤੀ ਇਨਕਲਾਬ ਦੀ ਲੀਹ ਬਾਰੇ ਬਹਿਸਾਂ 'ਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਜਲਦੀ ਹੀ ਕਾਮਰੇਡ ਹਰਭਜਨ ਸਿੰਘ ਸੋਹੀ ਦੀ ਅਗਵਾਈ ਵਾਲੀ ਪੰਜਾਬ ਕਮਿਊਨਿਸਟ ਇਨਕਲਾਬੀ ਕਮੇਟੀ 'ਚ ਸ਼ਾਮਲ ਹੋ ਗਿਆ। ਯੂ. ਸੀ. ਸੀ. ਆਰ. ਆਈ. (ਐਮ. ਐਲ.) ਅਤੇ ਸੀ. ਸੀ. ਆਰ. ਆਈ. ਦੇ ਸਮਿਆਂ 'ਚ ਵੀ ਉਸ ਨੇ ਲਗਾਤਾਰ ਸੂਬਾਈ ਪਾਰਟੀ ਜਥੇਬੰਦੀ ਦੇ ਮੋਹਰੀ ਕਾਡਰ ਵਜੋਂ ਸੇਵਾਵਾਂ ਨਿਭਾਈਆਂ। ਕੌਮਾਂਤਰੀ ਅਤੇ ਕੌਮੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਨਾਜ਼ੁਕ ਮੋੜਾਂ ਘੋੜਾਂ ਦਰਮਿਆਨ ਉਸਦੀ ਵਿਚਾਰਧਾਰਕ ਸਿਆਸੀ ਪ੍ਰਪੱਕਤਾ ਪਰਖ-ਕਸਵੱਟੀ 'ਤੇ ਪੂਰੀ ਉੱਤਰਦੀ ਰਹੀ। ਮਾਓ ਵਿਚਾਰਧਾਰਾ ਦੀਆਂ ਬੁਨਿਆਦਾਂ ਅਤੇ ਇਨਕਲਾਬੀ ਜਨਤਕ ਲੀਹ 'ਚ ਉਸਦੀ ਨਿਹਚਾ ਸਾਡੀ ਜਥੇਬੰਦੀ ਲਈ ਸਰਮਾਇਆ ਸੀ। ਉਸਦਾ ਵਿਗੋਚਾ ਨਾ ਸਿਰਫ਼ ਸਾਡੀ ਜਥੇਬੰਦੀ ਲਈ ਸਗੋਂ ਵਿਸ਼ਾਲ ਕਮਿਊਨਿਸਟ ਇਨਕਲਾਬੀ ਲਹਿਰ ਲਈ ਵੀ ਇੱਕ ਗੰਭੀਰ ਘਾਟਾ ਹੈ ਜਿਹੜੀ ਦਰੁਸਤ ਇਨਕਲਾਬੀ ਲੀਹ ਦੇ ਆਧਾਰ 'ਤੇ ਅਸੂਲੀ ਏਕਤਾ ਦਾ ਟੀਚਾ ਹਾਸਲ ਕਰਨ ਲਈ ਜੂਝ ਰਹੀ ਹੈ। ਉਸਦੀ ਅੰਤਮ ਵਿਦਾਇਗੀ ਸਮੇਂ ਕੇਂਦਰੀ ਕਮੇਟੀ ਦੇ ਨੁਮਾਇੰਦੇ ਅਤੇ ਪੰਜਾਬ ਸੂਬੇ ਦੇ ਕੁਝ ਆਗੂ ਕਾਰਕੁੰਨ ਸ਼ਾਮਲ ਹੋਏ। ਲਾਲ ਝੰਡੇ 'ਚ ਲਪੇਟੀ ਉਸਦੀ ਮ੍ਰਿਤਕ ਦੇਹ ਦੇ ਅੰਤਮ ਸੰਸਕਾਰ ਤੋਂ ਪਹਿਲਾਂ ਕਾਮਰੇਡ ਸੁਰਿੰਦਰ ਨੂੰ ਜਜਬਾਤ ਭਰੇ ਮਾਹੌਲ ਅੰਦਰ ਇਨਕਲਾਬੀ ਨਾਹਰਿਆਂ ਅਤੇ ਤਣੇ ਹੋਏ ਮੁੱਕਿਆਂ ਨਾਲ ਨਿੱਘੀ ਲਾਲ ਸਲਾਮ ਅਤੇ ਸ਼ਰਧਾਂਜਲੀ ਅਰਪਣ ਕੀਤੀ ਗਈ।

ਕੇਂਦਰੀ ਕਮੇਟੀ ਇਹ ਉਦਾਸ ਖਬਰ ਦੁੱਖ ਨਾਲ ਸਾਂਝੀ ਕਰ ਰਹੀ ਹੈ ਅਤੇ ਸੀ. ਪੀ. ਆਰ. ਸੀ. ਆਈ. (ਐਮ. ਐਲ.) ਦੀਆਂ ਸਮੁੱਚੀਆਂ ਸਫਾਂ ਨੂੰ ਕਾਮਰੇਡ ਸੁਰਿੰਦਰ ਦੀ ਵਿਰਾਸਤ ਨੂੰ ਗ੍ਰਹਿਣ ਕਰਨ ਅਤੇ ਬੁਲੰਦ ਕਰਨ ਲਈ ਸਾਡੀ ਮੁਹਿੰਮ ਅੰਦਰ ਸਰਗਰਮੀ ਨਾਲ ਭਾਗ ਲੈਣ ਦਾ ਸੱਦਾ ਦਿੰਦੀ ਹੈ। ਇਹ ਮੁਹਿੰਮ ਇਤਿਹਾਸਕ ਮਈ ਦਿਨ ਤੋਂ ਸ਼ੁਰੂ ਹੋਵੇਗੀ। ਇਸ ਸੰਖੇਪ ਸੰਦੇਸ਼ ਤੋਂ ਬਾਅਦ ਕਾਮਰੇਡ ਸੁਰਿੰਦਰ ਦੇ ਮੁੱਲਵਾਨ ਯੋਗਦਾਨ ਬਾਰੇ ਹੋਰ ਟਿੱਪਣੀਆਂ ਅਤੇ ਜਾਣਕਾਰੀ ਭੇਜੀ ਜਾਵੇਗੀ। ਇਨਕਲਾਬੀ ਸ਼ੁਭ ਇੱਛਾਵਾਂ ਨਾਲ

**ਨਿਸ਼ਾਂਤ, ਬੁਲਾਰਾ ਕੇਂਦਰੀ ਕਮੇਟੀ, ਸੀ. ਪੀ. ਆਰ.ਸੀ.ਆਈ. (ਐਮ.ਐਲ.)**
**ਅਪ੍ਰੈਲ 2026 (ਅੰਗਰੇਜ਼ੀ ਤੋਂ ਅਨੁਵਾਦਤ)**

*15 ਮਈ ਜਨਮ ਦਿਨ 'ਤੇ ਵਿਸ਼ੇਸ਼*

# ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰੋਕਣਾ ਚਾਹੁੰਦੇ ਸਨ ਸ਼ਹੀਦ ਸੁਖਦੇਵ, ਭਗਤ ਸਿੰਘ ਅਤੇ ਸਾਥੀ




ਸੁਖਵਿੰਦਰ ਲੀਲ੍ਹ
ਫੁੱਲਾਂਵਾਲ, ਲੁਧਿਆਣਾ
9888814227

ਭਾਰਤ ਦੇਸ਼ ਨੂੰ ਅੰਗਰੇਜ਼ੀ ਹਕੂਮਤ ਹੱਥੋਂ ਅਜ਼ਾਦ ਕਰਵਾਉਣ ਲਈ ਬਹੁਤ ਸਾਰੀਆਂ ਲਹਿਰਾਂ ਚੱਲੀਆਂ। ਜਿਨਾਂ ਵਿੱਚ ਗ਼ਦਰ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਕਿਰਤੀ ਲਹਿਰ, ਬੱਬਰ ਅਕਾਲੀ ਲਹਿਰ, ਹਿੰਦੋਸਤਾਨ ਪਰਜਾਤੰਤਰ ਸੈਨਾ, ਅਜ਼ਾਦ ਹਿੰਦ ਫੌਜ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਵਾਲੀ ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਐਸੋਸੀਏਸ਼ਨ ਵਰਗੀਆਂ ਹੋਰ ਕਿੰਨੀਆਂ ਹੀ ਲਹਿਰਾਂ ਦੌਰਾਨ ਅਨੇਕਾਂ ਸੂਰਬੀਰ ਯੋਧਿਆਂ ਨੇ ਆਪਣੀਆਂ ਜਾਨਾਂ ਦੇਸ਼ ਲਈ ਕੁਰਬਾਨ ਕੀਤੀਆਂ। ਇਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਵੱਲੋਂ ਦੇਸ਼ ਦੀ ਅਜਾਦੀ ਲਈ ਪਾਏ ਏ ਯੋਗਦਾਨ ਦੀ ਮਿਸਾਲ ਵੱਖਰੀ ਹੈ, ਉਨ੍ਹਾਂ ਦੀ ਇਹ ਲਹਿਰ ਭਾਵੇਂ ਦੇਸ਼ ਦੀ ਅਜਾਦੀ ਤੱਕ ਸਰੀਰਕ ਰੂਪ ਵਿੱਚ ਉਸ ਤਰ੍ਹਾਂ ਨਹੀਂ ਪਹੁੰਚ ਜਿਸ ਤਰਾਂ ਦਾ ਨਕਸ਼ਾ ਉਨ੍ਹਾਂ ਉਲੀਕਿਆ ਹੋਇਆ ਸੀ, ਪਰ ਵਿਚਾਰਧਾਰਕ ਤੌਰ ਤੇ ਉਹ ਅੱਜ ਵੀ ਆਪਣੀ ਗੱਲ ਕਹਿੰਦੇ ਆ ਰਹੇ ਹਨ। ਜਿਵੇਂਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਮੁੱਢਲਾ ਸੰਘਰਸ਼ ਭਾਰਤ ਦੇਸ਼ ਨੂੰ ਅੰਗਰੇਜ਼ੀ ਹਕੂਮਤ ਤੋਂ ਅਜ਼ਾਦ ਕਰਵਾਉਣਾ ਸੀ, ਪਰ ਦੇਸ਼ ਦੀ ਮੁਕੰਮਲ ਅਜ਼ਾਦੀ ਪਿੱਛੋਂ ਉਹ ਇਨਕਲਾਬੀ ਵਿਚਾਰਧਾਰਾ ਰਾਹੀਂ ਬਰਾਬਰਤਾ ਵਾਲਾ ਊਂਚ-ਨੀਚ ਰਹਿਤ, ਜਾਤਾਂ-ਪਾਤਾਂ ਤੋਂ ਮੁਕਤ ਸਮਾਜ ਸਿਰਜਣਾ ਚਾਹੁੰਦੇ ਸਨ।

ਦੂਸਰੇ ਪਾਸੇ ਇਸ ਸਮੇਂ ਦੌਰਾਨ ਭਾਰਤ ਅੰਦਰ ਮਹਾਤਮਾਂ ਗਾਂਧੀ ਵੱਲੋਂ ਆਦਰਸ਼ਵਾਦੀ ਅਹਿੰਸਾਵਾਦੀ ਵਿਚਾਰਧਾਰਾ ਦਾ ਵੀ ਆਪਣਾ ਵੱਖਰਾ ਪ੍ਰਭਾਵ ਹੋਣ ਕਰਕੇ ਇਨਾ ਨੌਜਵਾਨ ਆਗੂਆਂ ਦੀ ਵਿਗਿਆਨਕ ਇਨਕਲਾਬੀ ਵਿਚਾਰਧਾਰਾ ਨੂੰ ਬੰਬਾਂ-ਬਦੂੰਕਾਂ, ਕਤਲਾਂ ਵਾਲੀ ਅਤੇ ਸਿਰਫਿਰਿਆਂ ਦੀ ਵਿਚਾਰਧਾਰਾ ਕਹਿ ਕੇ ਵੀ ਪ੍ਰਚਾਰਿਆ ਜਾਂਦਾ ਰਿਹਾ। ਜਿਸ ਕਾਰਨ ਭਾਰਤੀ ਲੋਕ ਉਨਾ ਦੀ ਇਸ ਵਿਚਾਰਧਾਰਾ ਨੂੰ ਪੂਰੀ ਗੰਭੀਰਤਾ ਨਾਲ ਸੋਚਣ ਸਮਝਣ ਦੀ ਥਾਂ ਸਿਰਫ ਭਾਵਨਾਤਮਿਕ ਤੌਰ 'ਤੇ ਹੀ ਜੁੜੇ ਰਹੇ। ਬੇਸ਼ੱਕ ਇਹ ਨੌਜਵਾਨ ਲੋਕਾਂ ਵਿੱਚ ਕਾਫੀ ਹਰਮਨ ਪਿਆਰੇ ਅਤੇ ਚਰਚਿਤ ਤਾਂ ਬਣ ਗਏ ਸਨ ਪਰ ਉਹ ਇਸ ਲਹਿਰ ਦੀ ਵਿਚਾਰਧਾਰਾ ਨੂੰ ਆਮ ਲੋਕਾਂ ਦੇ ਘਰਾਂ ਤੱਕ ਲਿਜਾਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਨਾ ਹੋ ਸਕੇ।

ਸ਼ਹੀਦ ਸੁਖਦੇਵ ਦਾ ਜਨਮ ਲੁਧਿਆਣਾ ਸ਼ਹਿਰ ਦੇ ਚੌੜਾ ਬਜ਼ਾਰ ਨੇੜੇ ਨੌਘਰਾ ਮੁਹੱਲੇ ਵਿੱਚ 15 ਮਈ 1907 ਨੂੰ ਪਿਤਾ ਰਾਮ ਲਾਲ ਥਾਪਰ ਦੇ ਘਰ, ਮਾਤਾ ਰਲੀ ਦੇਈ ਦੀ ਕੁੱਖ ਤੋਂ ਹੋਇਆ। ਸੁਖਦੇਵ ਦੇ ਪਿਤਾ ਜੀ ਆਪਣੇ ਕੰਮਕਾਜ ਦੇ ਸਿਲਸਿਲੇ ਵਿੱਚ ਜ਼ਿਆਦਾ ਲਾਇਲਪੁਰ ਹੀ ਰਹਿੰਦੇ ਸਨ। ਸੁਖਦੇਵ ਦੇ ਜਨਮ ਤੋਂ ਪਿੱਛੋਂ ਸ੍ਰੀ ਰਾਮ ਲਾਲ ਥਾਪਰ ਨੇ ਆਪਣਾ ਪਰਿਵਾਰ ਲਾਇਲਪੁਰ ਬੁਲਾ ਲਿਆ ਸੀ। ਸੁਖਦੇਵ ਹਾਲੇ ਤਿੰਨ ਕੁ ਸਾਲ ਦੇ ਸਨ ਕਿ ਪਿਤਾ ਜੀ ਦੀ 1910 ਵਿੱਚ ਮੌਤ ਹੋ ਗਈ। ਪੂਰੇ ਪਰਿਵਾਰ ਦੀ ਸਾਂਭ ਸੰਭਾਲ ਅਤੇ ਦੇਖ-ਭਾਲ ਦੀ ਜਿੰਮੇਵਾਰੀ ਤਾਇਆ ਲਾਲਾ ਚਿੰਤਾ ਰਾਮ ਸਿਰ ਆਣ ਪਈ। ਤਾਇਆ ਲਾਲਾ ਚਿੰਤਾ ਰਾਮ ਨੇ ਸੁਖਦੇਵ ਨੂੰ ਬਾਪ ਦੀ ਕਦੇ ਵੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਲਾਲਾ ਜੀ ਆਪ ਵੀ ਉਸ ਸਮੇਂ ਦੇ ਉੱਘੇ ਸਮਾਜ



ਸੇਵੀ ਅਤੇ ਅਜ਼ਾਦੀ ਸੰਗਰਾਮ ਦੇ ਸੱਚੇ ਸਿਪਾਹੀਆਂ ਦੀ ਮੂਹਰਲੀ ਕਤਾਰ ਵਿੱਚ ਕੰਮ ਕਰਿਆ ਕਰਦੇ ਸਨ। ਘਰ ਵਿੱਚ ਦੇਸ਼ ਦੀ ਅਜ਼ਾਦੀ ਪ੍ਰਤੀ ਚੱਲਦੀਆਂ ਵਿਚਾਰਾਂ ਅਤੇ ਦੇਸ਼-ਭਗਤੀ ਵਾਲੇ ਮਾਹੌਲ ਦਾ ਅਸਰ ਨੰਨੇ ਬਾਲ ਸੁਖਦੇਵ ਉੱਪਰ ਪੈਣਾ ਲਾਜ਼ਮੀ ਸੀ ਅਤੇ ਇਸੇ ਅਸਰ ਦੇ ਚੱਲਦਿਆਂ ਸੁਖਦੇਵ ਨੇ 1918 ਵਿੱਚ ਦੇਸ਼ ਅੰਦਰ ਫੈਲੀ ਫਲੂ ਦੀ ਮਹਾਂਮਾਰੀ ਮੌਕੇ ਆਪਣੇ ਤਾਇਆ ਜੀ ਨਾਲ ਧਰਮਸ਼ਾਲਾ ਜਾਣ ਦੀ ਥਾਂ ਆਪਣੇ ਚਾਚਾ ਵਲੀ ਰਾਮ ਨਾਲ ਮਿਲ ਕੇ ਆਮ ਲੋਕਾਂ ਦੀ ਸਹਾਇਤਾ ਕਰਨ ਨੂੰ ਪਹਿਲ ਦਿੱਤੀ ਸੀ। ਸੁਖਦੇਵ ਦਾ ਸੁਭਾਅ ਬਚਪਨ ਤੋਂ ਹੀ ਬਾਕੀ ਦੋਸਤਾਂ ਮਿੱਤਰਾਂ ਵਿੱਚ ਕਾਫੀ ਗੰਭੀਰ ਅਤੇ ਘੱਟ ਬੋਲਣ ਵਾਲਾ ਗਿਣਿਆ ਜਾਂਦਾ ਸੀ।

ਸ਼ਹੀਦ ਸੁਖਦੇਵ ਨੇ ਆਪਣੀ ਮੁੱਢਲੀ ਦਸਵੀਂ ਤੱਕ ਦੀ ਪੜ੍ਹਾਈ ਸਨਾਤਨ ਧਰਮ ਹਾਈ ਸਕੂਲ ਲਾਇਲਪੁਰ ਤੋਂ ਕੀਤੀ। ਇੱਥੇ ਪੜ੍ਹਦੇ ਹੀ ਉਸਨੇ ਦੇਸ਼ ਭਗਤੀ ਦੀ ਲਗਨ ਦਾ ਅਸਰ ਅੰਗਰੇਜ਼ ਸਰਕਾਰ ਖਿਲਾਫ ਬਗਾਵਤ ਦਾ ਝੰਡਾ ਚੁੱਕ ਵਿਖਾ ਦਿੱਤਾ ਸੀ, ਜਦ 13 ਅਪ੍ਰੈਲ 1919 ਜਲ੍ਹਿਆਂ ਵਾਲੇ ਸਾਕੇ ਤੋਂ ਬਾਅਦ ਅੰਗਰੇਜ਼ ਹਕੂਮਤ ਨੇ ਦੇਸ਼ ਵਿੱਚ 'ਮਾਰਸ਼ਲ ਲਾਅ' ਲਗਾ ਕੇ ਭਾਰਤੀ ਲੋਕਾਂ ਅਤੇ ਸਕੂਲੀ ਵਿਦਿਆਰਥੀਆਂ ਨੂੰ ਮਾਨਸਿਕ ਤੌਰ 'ਤੇ ਗੁਲਾਮ ਰੱਖਣ ਲਈ ਸਕੂਲਾਂ ਦੇ ਅੰਦਰ ਸਵੇਰ ਦੀ ਸਭਾ ਵਿੱਚ ਅੰਗਰੇਜ਼ ਅਫ਼ਸਰ ਵੱਲੋਂ ਸਲਾਮੀ ਲਈ ਜਾਂਦੀ ਸੀ ਤਾਂ ਸੁਖਦੇਵ ਜਿਸਦੀ ਉਮਰ ਹਾਲੇ 12 ਕੁ ਸਾਲ ਦੀ, ਨੇ ਸਲਾਮੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਜੁਆਬ ਦੇ ਬਦਲੇ ਉਸਨੂੰ ਅੰਗਰੇਜ਼ ਅਫ਼ਸਰ ਅਤੇ ਆਪਣੇ ਅਧਿਆਪਕਾਂ ਤੋਂ ਮਾਰ ਖਾਣੀ ਮਨਜ਼ੂਰ ਸੀ, ਪਰ ਸਲਾਮੀ ਦੇਣਾ ਮਨਜ਼ੂਰ ਨਹੀਂ ਸੀ। ਬਾਲ ਸੁਖਦੇਵ ਨੇ ਆਪਣੀ ਕਹਿਣੀ ਤੇ ਕਰਨੀ ਵਿੱਚ ਫਰਕ ਨਾ ਆਉਣ ਦਿੱਤਾ। ਉਹ ਆਪਣੀ ਧੁਨ ਦਾ ਪੱਕਾ ਰਿਹਾ ਤੇ ਆਪਣੇ ਸਵੈਮਾਨ ਨੂੰ ਕਾਇਮ ਰੱਖਿਆ।

1922 ਵਿੱਚ ਸ਼ਹੀਦ ਸੁਖਦੇਵ ਨੂੰ ਉਚੇਰੀ ਪੜ੍ਹਾਈ ਪ੍ਰਾਪਤ ਕਰਨ ਲਈ ਨੈਸ਼ਨਲ ਕਾਲਜ ਲਾਹੌਰ ਵਿੱਚ ਦਾਖਲ ਕਰਵਾ ਦਿੱਤਾ। ਇੱਥੇ ਉਸਦੀ ਮੁਲਾਕਾਤ ਫਿਰ ਤੋਂ ਭਗਤ ਸਿੰਘ ਨਾਲ ਹੁੰਦੀ ਹੈ, ਉਦਾਂ ਉਨਾਂ ਦੀ ਮੁਲਾਕਾਤ ਭਾਵੇਂ ਬਚਪਨ ਵਿੱਚ ਵੀ ਹੁੰਦੀ ਰਹੀ ਸੀ, ਕਿਉਂਕਿ ਲਾਲਾ ਚਿੰਤਾ ਰਾਮ ਅਤੇ ਭਗਤ ਸਿੰਘ ਦੇ ਪਿਤਾ ਸ: ਕਿਸ਼ਨ ਸਿੰਘ ਦੀ ਇੱਕ ਦੂਸਰੇ ਦੇ ਘਰ ਆਉਣੀ ਜਾਣੀ ਪਹਿਲਾਂ ਤੋਂ ਹੀ ਸੀ। ਇੱਥੇ ਕਾਲਜ ਆ ਕੇ ਬਚਪਨ ਦੀਆਂ ਯਾਦਾਂ ਵਿਚਾਰ ਧਾਰਕ ਤੌਰ ਪ੍ਰਪੱਖ ਮੁਲਾਕਾਤਾਂ ਵਿੱਚ ਤਬਦੀਲ ਹੁੰਦੀਆਂ ਹਨ। ਇਸ ਕਾਲਜ ਦੀ ਲਾਇਬਰੇਰੀ ਵਿੱਚ ਇਨਕਲਾਬੀ ਸਾਹਿਤ ਕਾਫੀ ਮਾਤਰਾ ਵਿੱਚ ਮੌਜੂਦ ਸੀ। ਸੁਖਦੇਵ ਤੇ ਭਗਤ ਸਿੰਘ ਇਕ ਕਿਤਾਬ ਨੂੰ ਅਦਲ-ਬਦਲ ਕਰਕੇ ਪੜ੍ਹਿਆ ਕਰਦੇ ਸਨ ਅਤੇ ਫਿਰ ਉਸ ਉੱਪਰ ਆਪਸ ਵਿੱਚ ਚਰਚਾ ਕਰਦੇ ਸਨ। ਕੁਝ ਸਮੇਂ ਦੇ ਗੰਭੀਰ ਅਧਿਐਨ ਪਿੱਛੋਂ ਭਗਤ ਸਿੰਘ ਵਾਂਗ ਸੁਖਦੇਵ ਵੀ ਪੱਕਾ ਸ਼ੋਸਲਿਸਟ ਬਣ ਗਿਆ ਸੀ। ਇਸ ਤੋਂ ਬਾਅਦ ਹੀ ਦੋਵਾਂ ਨੇ ਰਲ ਕੇ 'ਮਿਲਵਰਤਨ ਪਰਜਾਤੰਤਰ ਸੰਘ' ਵਿੱਚ ਨਵਾਂ ਸ਼ਬਦ 'ਸ਼ੋਸ਼ਲਿਸਟ' ਜੋੜਿਆ ਅਤੇ ਭਾਰਤੀ ਲੋਕਾਂ ਵਿੱਚ ਆਪਣੇ ਇਨਕਲਾਬੀ ਪ੍ਰੋਗਰਾਮ ਦਾ ਨਿਸ਼ਾਨਾ ਵੀ ਸਾਫ ਕਰ ਦਿੱਤਾ। ਇੱਥੇ ਹੀ ਉਨਾਂ ਦੀ ਜਾਣ-ਪਛਾਣ ਇਤਿਹਾਸ ਦੇ ਪ੍ਰੋ: 'ਜੈ ਚੰਦਰ ਵਿੱਦਿਆ ਅਲੰਕਾਰ' ਨੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਕਰਵਾਈ ਸੀ।

1925 ਵਿੱਚ ਕਾਕੋਰੀ ਕਾਂਡ ਵਾਪਰਨ ਨਾਲ 'ਹਿੰਦੋਸਤਾਨ ਰੀਪਬਲੀਕਨ ਪਾਰਟੀ' ਦੇ ਪੁਰਾਣੇ ਸਾਰੇ ਆਗੂ ਫੜੇ ਗਏ ਤਾਂ 1926 ਵਿੱਚ ਸੁਖਦੇਵ, ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਨੇ ਸਾਥੀਆਂ ਨਾਲ ਮਿਲਕੇ 'ਨੌਜਵਾਨ ਭਾਰਤ ਸਭਾ' ਅਤੇ ਸਟੂਡੈਂਟ ਯੂਨੀਅਨ ਦੀ ਸਥਾਪਨਾ ਕੀਤੀ, ਜਿਸ ਦਾ ਮੁੱਖ ਮੰਤਵ ਭਾਰਤੀ ਆਮ ਲੋਕਾਂ ਨੂੰ ਇਨਕਲਾਬੀ ਵਿਚਾਰਾਂ ਦੀ ਖੁੱਲੀ ਜਾਣਕਾਰੀ ਤੋਂ ਜਾਣੂੰ ਕਰਵਾਉਣਾ ਸੀ।ਪਾਰਟੀ ਦਾ ਅੰਡਰਗਰਾਉਂਡ ਰਾਜਨੀਤਕ ਕੰਮ ਕਰਨ ਲਈ ਦਿੱਲੀ ਦੇ ਕੋਟਲਾ ਫਿਰੋਜ਼ਸ਼ਾਹ ਕਿਲੇ ਅੰਦਰ ਦੇਸ਼ ਦੇ ਬਾਕੀ ਇਨਕਲਾਬੀਆਂ ਦੀ ਇੱਕ ਵੱਖਰੀ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਵਿੱਚ ਕੇਂਦਰੀ ਕਮੇਟੀ ਬਣਾ ਕੇ ਉਸ ਪਾਰਟੀ ਦਾ ਨਾਮ 'ਹਿੰਦੋਸਤਾਨ ਸ਼ੋਸ਼ਲਿਸਟ ਰੀਪਬਲਿਕ ਆਰਮੀ' ਰੱਖਿਆ ਗਿਆ। ਇਸ ਪਾਰਟੀ ਦੀ ਦੇਖ ਰੇਖ ਅਤੇ ਪੂਰੇ ਪੰਜਾਬ ਦੇ ਕੰਮ-ਕਾਜ ਦੀ ਜਿੰਮੇਵਾਰੀ ਸੁਖਦੇਵ ਨੂੰ ਸੌਂਪੀ ਗਈ।

1928 ਵਿੱਚ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਅਤੇ ਦੇਸ਼ ਦੇ ਅਪਮਾਨ ਦਾ ਬਦਲਾ 17 ਦਸੰਬਰ 1928 ਨੂੰ 'ਸਾਂਡਰਸ' ਨੂੰ ਮਾਰ ਕੇ ਲਿਆ ਅਤੇ ਦੇਸ਼ ਦੇ ਲੋਕਾਂ ਅੰਦਰ ਫੈਲ ਰਹੀ ਨਿਰਾਸ਼ਤਾ ਤੋੜ ਕੇ ਨਵਾਂ ਉਤਸਾਹ ਭਰਿਆ। ਇਸ ਐਕਸ਼ਨ ਨਾਲ ਇਹਨਾਂ ਦੀ ਵਿਚਾਰਧਾਰਾ ਤਾਂ ਲੋਕਾਂ ਵਿੱਚ ਪਹੁੰਚ ਗਈ, ਪਰ ਨਾਲ ਹੀ ਅੰਗਰੇਜ਼ ਹਕੂਮਤ ਨੇ ਭਗਤ ਸਿੰਘ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ ਅਤੇ ਰਾਜਗੁਰੂ ਦੇ ਗ੍ਰਿਫਤਾਰੀ ਵਰੰਟ ਜਾਰੀ ਕਰ ਦਿੱਤੇ। 'ਸਾਂਡਰਸ' ਦੇ ਕਤਲ ਵਿੱਚ ਸੁਖਦੇਵ ਦਾ ਭਾਵੇਂ ਸਿੱਧੇ ਤੌਰ 'ਤੇ ਕੋਈ ਹੱਥ ਨਹੀਂ ਸੀ, ਪਰ ਪੰਜਾਬ ਪਾਰਟੀ ਦਾ ਮੁੱਖ ਪ੍ਰਬੰਧਕ ਹੋਣ ਕਰਕੇ ਮੁੱਖ ਦੋਸ਼ੀ ਸੁਖਦੇਵ ਨੂੰ ਹੀ ਬਣਾਇਆ ਗਿਆ।

ਇਨ੍ਹਾਂ ਇਨਕਲਾਬੀ ਜੱਥੇਬੰਦੀਆਂ ਦੀ ਦੇਸ਼ ਅੰਦਰ ਚੱਲੀ ਵੱਡੇ ਪੱਧਰ ਤੇ ਚਰਚਾ ਤੋਂ ਡਰੀ ਅੰਗਰੇਜ਼ੀ ਹਕੂਮਤ ਨੇ ਇਨਕਲਾਬੀ ਵਿਚਾਰਧਾਰਾ ਨੂੰ ਕੁਚਲਣ ਲਈ 1929 ਵਿੱਚ 'ਉਦਯੋਗਿਕ ਵਪਾਰ ਕਾਨੂੰਨ' ਅਤੇ 'ਲੋਕ ਸੁਰੱਖਿਆ ਕਾਨੂੰਨ' ਨਵੇਂ ਕਾਨੂੰਨ ਹੋਂਦ ਵਿੱਚ ਲਿਆਂਦੇ, ਪਰ ਇਸ ਤਰਾਂ ਦੇ ਲੋਕ ਮਾਰੂ ਕਾਨੂੰਨ ਵੀ ਇਨਾ ਦੇ ਇਨਕਲਾਬੀਆਂ ਦੇ ਇਰਾਦਿਆ ਨੂੰ ਰੋਕਣ ਵਿੱਚ ਨਾ-ਕਾਮਯਾਬ ਰਹੇ। ਅਗਲਾ ਪ੍ਰੋਗਰਾਮ 8 ਅਪ੍ਰੈਲ 1929 ਨੂੰ ਇੰਪੀਰੀਅਲ ਅਸੈਂਬਲੀ ਦਿੱਲੀ ਵਿੱਚ ਬੰਬ ਸੁੱਟ ਕੇ ਗ੍ਰਿਫਤਾਰੀ ਦੇਣ ਦਾ ਐਕਸ਼ਨ ਉਲੀਕਿਆ ਗਿਆ। ਇਸ ਵਿੱਚ ਕਾਫੀ ਬਹਿਸਾਂ ਤੋਂ ਬਾਅਦ ਸੁਖਦੇਵ ਦੀਆਂ ਦਲੀਲਾਂ ਅੱਗੇ ਝੁਕਦਿਆਂ ਪਾਰਟੀ ਨੇ ਇਸ ਕੰਮ ਲਈ ਭਗਤ ਸਿੰਘ ਤੇ ਬੀ.ਕੇ ਦੱਤ ਨੂੰ ਭੇਜਣ ਲਈ ਸਹਿਮਤੀ ਦੇ ਦਿੱਤੀ। ਇੱਥੇ ਸੁਖਦੇਵ ਦਾ ਤਰਕ ਸੀ ਕਿ ਅਸੈਂਬਲੀ ਅਤੇ ਅਦਾਲਤ 'ਚ ਜਾ ਕੇ ਸਾਡੇ ਇਨਕਲਾਬੀ ਸਬੰਧੀ ਪ੍ਰੋਗਰਾਮਾਂ ਦੀ ਸਹੀ ਵਿਆਖਿਆ ਅਤੇ ਪੱਖ ਭਗਤ ਸਿੰਘ ਤੋਂ ਇਲਾਵਾ ਹੋਰ ਕੋਈ ਨਹੀਂ ਕਰ ਸਕਦਾ। ਹਾਲਾਂ ਕਿ ਸੁਖਦੇਵ ਨੂੰ ਪਤਾ ਸੀ ਕਿ ਉਹ ਭਗਤ ਸਿੰਘ ਨੂੰ ਖੁਦ ਮੌਤ ਦੇ ਮੂੰਹ ਵਿੱਚ ਭੇਜ ਰਿਹਾ ਹੈ, ਕਿਉਂਕਿ 'ਸਾਂਡਰਸ' ਕਤਲ ਕੇਸ ਵਿੱਚ ਭਗਤ ਸਿੰਘ ਪਹਿਲਾ ਹੀ ਭਗੌੜਾ ਕਰਾਰ ਦਿੱਤਾ ਜਾ ਚੁੱਕਿਆ ਸੀ। ਦਿੱਤੇ ਪ੍ਰੋਗਰਾਮ ਅਨੁਸਾਰ 'ਬੋਲੇ ਕੰਨਾਂ ਨੂੰ ਸੁਨਾਉਣ' ਲਈ ਧਮਾਕੇ ਰਾਹੀਂ ਪਾਰਟੀ ਪ੍ਰੋਗਰਾਮ 'ਇਨਕਲਾਬ ਜਿੰਦਾਬਾਦ' ਦੇ ਨਾਹਰੇ ਮਾਰ ਕੇ ਗ੍ਰਿਫਤਾਰੀ ਦੇਣ ਨਾਲ ਪੂਰੇ ਦੇਸ਼ ਅੰਦਰ ਅੰਗਰੇਜ਼ ਹਕੂਮਤ ਦੀਆਂ ਜੜਾਂ ਹਿਲਾ ਕੇ ਰੱਖ ਦਿੱਤੀਆਂ।


15 ਅਪਰੈਲ 1929 ਨੂੰ 'ਕਸ਼ਮੀਰ ਬਿਲਡਿੰਗ' ਲਾਹੌਰ ਵਿੱਚ ਸੁਖਦੇਵ, ਕਿਸ਼ੋਰੀ ਲਾਲ ਅਤੇ ਜੈ ਗੋਪਾਲ ਨੂੰ ਗ੍ਰਿਫਤਾਰ ਕਰਕੇ ਲਾਹੌਰ ਜੇਲ ਭੇਜ ਦਿੱਤਾ ਗਿਆ। ਇਸੇ ਜੇਲ ਅੰਦਰ ਹੀ 24 ਇਨਕਲਾਬੀਆਂ ਉੱਪਰ 10 ਜੁਲਾਈ 1929 ਨੂੰ 'ਲਾਹੌਰ ਸਾਜਿਸ਼ ਕੇਸ਼' ਅਧੀਨ ਮੁਕੱਦਮਾ ਚਲਾਇਆ ਗਿਆ। ਉੱਧਰ 12 ਜੂਨ 1929 ਨੂੰ ਭਗਤ ਸਿੰਘ ਤੇ ਬੀ.ਕੇ.ਦੱਤ ਅਸੈਂਬਲੀ ਬੰਬ ਕਾਂਡ ਵਿੱਚ ਉਮਰ ਕੈਦ ਦੀ ਸਜਾ ਦਾ ਹੁਕਮ ਸੁਣਾ ਕੇ ਦਿੱਲੀ ਤੋਂ ਮਿਆਂਵਾਲੀ ਅਤੇ ਬਾਅਦ ਵਿੱਚ ਕੇਂਦਰੀ ਜੇਲ ਲਾਹੌਰ ਭੇਜਿਆ ਗਿਆ। ਇੱਥੇ ਇਨਕਲਾਬੀਆਂ ਵੱਲੋਂ ਜੇਲ ਵਿੱਚਲੇ ਕੈਦੀਆਂ ਦੀਆਂ ਮਾੜੀਆਂ ਹਾਲਤਾਂ ਨੂੰ ਵੇਖਦਿਆਂ ਉਸ ਵਿੱਚ ਸੁਧਾਰ ਕਰਨ ਲਈ ਸੰਘਰਸ਼ ਵਿੱਢ ਦਿੱਤਾ। ਸੰਘਰਸ਼ ਦੌਰਾਨ ਜੇਲ੍ਹ ਅੰਦਰ ਲੰਮੀਆਂ ਭੁੱਖ ਹੜਤਾਲਾਂ ਹੋਈਆਂ ਅਤੇ ਜਿਸ ਵਿੱਚ 13 ਨਵੰਬਰ 1929 ਨੂੰ 'ਜਤਿੰਦਰ ਨਾਥ ਸਨਿਆਲ' ਦੀ ਸਹਾਦਤ ਹੋ ਗਈ। ਬਾਅਦ ਕੁਝ ਮੰਗਾਂ ਮੰਨੀਆਂ ਗਈਆ। 2 ਫਰਵਰੀ 1931 ਨੂੰ 'ਭਾਰਤੀ ਇਨਕਲਾਬ ਦਾ ਪ੍ਰੋਗਰਾਮ' ਦਾ ਪੂਰਾ ਖਰੜਾ ਤਿਆਰ ਕਰਕੇ ਜੇਲ ਤੋਂ ਬਾਹਰਲੇ ਇਨਕਲਾਬੀ ਸਾਥੀਆਂ ਲਈ ਭੇਜਿਆ ਗਿਆ। ਉਨਾਂ ਆਪਣੀਆਂ ਚਿੱਠੀਆਂ ਅਤੇ ਲਿਖਤਾਂ ਰਾਹੀਂ ਗਾਂਧੀਵਾਦ ਤੇ ਕਾਂਗਰਸ ਦੀ ਕਮਜ਼ੋਰ ਰਾਜਨੀਤੀ ਵਾਰੇ ਖੁੱਲ ਕੇ ਗੱਲ ਕਰਦਿਆਂ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਨੂੰ ਖਤਮ ਕਰਨ ਲਈ ਇਨਕਲਾਬੀ ਵਿਚਾਰਾਂ ਉੱਪਰ ਪਹਿਰਾ ਦੇਣ ਦਾ ਸੁਨੇਹਾ ਦਿੱਤਾ।

ਅੰਤ 7 ਅਕਤੂਬਰ 1930 ਨੂੰ 'ਲਾਹੌਰ ਸਾਜਿਸ਼ ਕੇਸ' ਦਾ ਫੈਸਲਾ ਸੁਣਾ ਕੇ ਸੁਖਦੇਵ, ਭਗਤ ਸਿੰਘ ਅਤੇ ਰਾਜਗੁਰੂ ਨੂੰ ਫਾਂਸੀ ਅਤੇ ਬਾਕੀਆਂ ਨੂੰ 'ਕਾਲੇ ਪਾਣੀਆਂ' ਦੀ ਉਮਰ ਕੈਦ ਦੀ ਸਜਾ ਸੁਣਾ ਦਿੱਤੀ ਗਈ। ਭਾਵੇਂ ਕਿ ਇਸ ਸਜਾ ਦੇ ਵਿਰੋਧ ਵਿੱਚ ਪੂਰੇ ਭਾਰਤ ਅੰਦਰ ਹੜਤਾਲਾਂ, ਜਲੂਸ ਅਤੇ ਮੁਜਾਹਰੇ ਹੋਏ,ਪਰ ਅੰਗਰੇਜ਼ੀ ਸਰਕਾਰ ਨੇ ਲੋਕ ਅਵਾਜ਼ ਨੂੰ ਅਣ-ਸੁਣਿਆ ਕਰਕੇ ਇੱਕ ਗਿਣੀ-ਮਿੱਥੀ ਸਾਜਿਸ਼ ਅਧੀਨ 23 ਮਾਰਚ 1931 ਨੂੰ ਤਿੰਨਾਂ ਇਨਕਲਾਬੀਆਂ ਨੂੰ ਫਾਂਸੀ ਲਗਾ ਦਿੱਤਾ ਗਿਆ। ਅੱਜ ਭਾਵੇਂ ਉਹਨਾਂ ਇਨਕਲਾਬੀ ਯੋਧਿਆਂ ਵਿੱਚੋਂ ਕੋਈ ਵੀ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਮੌਜੂਦ ਨਹੀਂ, ਪਰ ਵਿਚਾਰਧਾਰਕ ਤੌਰ ਉਹ ਸਾਡੇ ਕੋਲ ਹੀ ਹਨ, ਜਿਹਨਾ ਦਾ ਸੁਨੇਹਾ ਅੱਜ ਵੀ ਮਨੁੱਖ ਹੱਥੋਂ ਹੋ ਰਹੀ ਮਨੁੱਖ ਦੀ ਲੁੱਟ ਨੂੰ ਖਤਮ ਕਰਨ ਲਈ ਸਾਨੂੰ ਪ੍ਰੇਰਣਾ ਦੇ ਰਿਹਾ ਹੈ।



ਸ਼ਹੀਦ ਸੁਖਦੇਵ ਯਾਦਗਾਰ ਕਮੇਟੀ ਵੱਲੋਂ ਲੁਧਿਆਣਾ ਵਿਖੇ ਜਨਮ ਸਥਾਨ ਨੌਘਰਾ ਮਹੱਲਾ ਵਿੱਚ ਸਥਾਪਤ ਬੁੱਤ ਅਤੇ ਸਮਾਰਕ

# ਸੇਵੇਵਾਲਾ ਧਰਮਸ਼ਾਲਾ ਦੀਆਂ ਕੰਧਾਂ ਬਣੀਆਂ ਸੂਹੇ ਇਤਿਹਾਸ ਦੇ ਵਰਕੇ



-ਅਮੋਲਕ ਸਿੰਘ
98778-68710

9 ਅਪ੍ਰੈਲ 1991 ਦੀ ਗੱਲ ਹੈ ਜਦੋਂ ਜੈਤੋ (ਫਰੀਦਕੋਟ) ਲਾਗੇ ਪਿੰਡ ਸੇਵੇਵਾਲਾ ਵਿਖੇ ਜਬਰ ਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਪੰਜਾਬ ਦੀ ਜੈਤੋ ਇਲਾਕਾ ਕਮੇਟੀ ਵੱਲੋਂ ਸਮਾਗਮ ਰੱਖਿਆ ਗਿਆ ਸੀ। ਪੰਜਾਬ ਨਾਟਕ ਕਲਾ ਕੇਂਦਰ ਦੀ ਟੀਮ ਨੂੰ ਪ੍ਰੋਫੈਸਰ ਅਜਮੇਰ ਸਿੰਘ ਔਲਖ ਦਾ ਲਿਖਿਆ ਨਾਟਕ 'ਅੰਨ੍ਹੇ ਨਿਸ਼ਾਨਚੀ' ਪੇਸ਼ ਕਰਨ ਅਤੇ ਜਬਰ ਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਦੇ ਕਨਵੀਨਰ ਹਥਲੀਆਂ ਸਤਰਾਂ ਦੇ ਲੇਖਕ ਨੂੰ ਵੀ ਤਕਰੀਰ ਲਈ ਬੁਲਾਇਆ ਗਿਆ ਸੀ।

ਇਹ ਉਹ ਵੇਲਾ ਸੀ ਜਦੋਂ ਪੰਜਾਬ ਅੰਦਰ ਦੁਪਹਿਰ ਵੇਲੇ, ਅੱਧੀ ਰਾਤ ਵਰਗਾ ਦਹਿਸ਼ਤ ਭਰਿਆ ਸਨਾਟਾ ਪਸਰ ਜਾਂਦਾ ਸੀ। ਜਦੋਂ ਬੱਸਾਂ ਦੀਆਂ ਸਵਾਰੀਆਂ ਨੂੰ ਮੂੰਹ ਹਨੇਰੇ ਹੀ ਹਿੰਦੂ ਅਤੇ ਸਿੱਖ ਦੇ ਹਿੰਦਸਿਆ ਨਾਲ ਤਕਸੀਮ ਕਰ ਦਿੱਤਾ ਜਾਂਦਾ ਸੀ। ਜਦੋਂ ਪਲਾਂ ਛਿਣਾਂ ਵਿੱਚ ਇੱਕ ਫਿਰਕੇ ਦੇ ਨਿਹੱਥੇ ਅਤੇ ਬੇਦੋਸ਼ੇ ਲੋਕਾਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਜਾਂਦਾ ਸੀ।

ਇਉਂ ਹੀ ਦੂਜੇ ਬੰਨੇ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੂੰ ਖੁੱਲੀ ਛੁੱਟੀ ਦੇ ਰੱਖੀ ਸੀ। ਉਹ ਸਿੱਖ ਭਾਈਚਾਰੇ ਦੇ ਗਭਰੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਲਈ ਚੋਣਵਾਂ ਨਿਸ਼ਾਨਾ ਬਣਾਉਂਦੇ ਸਨ। ਪੰਜਾਬ ਸਮੱਸਿਆ ਉਹਨਾਂ ਲਈ ਸੋਨੇ ਦੀ ਖਾਣ ਬਣ ਕੇ ਰਹਿ ਗਈ। ਕਬੀਰ, ਫਰੀਦ, ਬਾਬਾ ਨਾਨਕ, ਬਾਬਾ ਬੁੱਲੇ ਸ਼ਾਹ, ਬਾਬਾ ਰਵਿਦਾਸ, ਮਾਈ ਭਾਗੋ, ਗ਼ਦਰੀ, ਬਬਰ ਅਕਾਲੀ, ਕਿਰਤੀ ਲਹਿਰ ਅਤੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਗਲਵੱਕੜੀ ਪਾ ਕੇ ਸਿਰਜੀ ਲਹਿਰ ਅਤੇ ਅਮੀਰ ਵਿਰਾਸਤ ਨੂੰ ਘੱਟੇ ਰੋਲਿਆ ਜਾ ਰਿਹਾ ਸੀ। ਉਸ ਮੌਕੇ ਅਜਿਹੇ ਲੋਕ ਕਾਫ਼ਲੇ ਵੀ ਸੀਸ ਤਲੀ ਤੇ ਧਰ ਕੇ ਪੰਜਾਬ ਮੈਦਾਨ 'ਚ ਸਨ ਜਿਹੜੇ ਦੋ ਮੂੰਹੀਂ ਦਹਿਸ਼ਤਗਰਦੀ ਨੂੰ ਵੰਗਾਰਦੇ ਹਨ। ਜਿਹੜੇ ਇਸ ਨੂੰ ਪਛਾੜਨ ਲਈ ਅੱਗੇ ਆਏ। 9 ਅਪ੍ਰੈਲ 1991 ਦਾ ਸਮਾਗਮ ਇਸ ਲੋਕ ਕਾਫ਼ਲੇ ਦਾ ਹੀ ਸਮਾਗਮ ਸੀ। ਆਪਣੇ ਮਹਿਬੂਬ ਸੰਗੀ ਸਾਥੀਆਂ ਦੇ ਵਿਛੋੜੇ ਅਤੇ ਪਰਿਵਾਰਾਂ ਦੇ ਪਰਬਤੋਂ ਭਾਰੀ ਸਦਮੇਂ ਦੀ ਕਹਾਣੀ ਅੱਜ ਵੀ ਅੱਖੀਆਂ ਦੇ ਵਰਕਿਆਂ ਤੋਂ ਸਾਫ਼ ਪੜ੍ਹੀ ਜਾ ਸਕਦੀ ਹੈ। ਇਹ ਵਰਕੇ ਬੋਲਦੇ ਹਨ ਕਿ 9 ਅਪ੍ਰੈਲ 1991 ਨੂੰ ਜਦੋਂ ਅਸੀਂ ਬੱਸ ਰਾਹੀਂ ਜੈਤੋ ਬੱਸ ਅੱਡੇ ਪੁੱਜੇ ਤਾਂ ਜਬਰ ਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਪੰਜਾਬ ਦਾ ਕਨਵੀਨਰ ਜਗਪਾਲ ਸੇਲਬਰਾਹ ਸਾਨੂੰ ਇਥੋਂ ਜੀਪ ਰਾਹੀਂ ਸੇਵੇਵਾਲਾ ਲੈ ਕੇ ਗਿਆ। ਉਹ ਰਾਹ ਵਿੱਚ ਸਮਾਗਮ ਦੀ ਤਿਆਰੀ ਦੀਆਂ ਗੱਲਾਂ ਕਰਦਾ ਗਿਆ।

ਇਸ ਨਾਟਕ ਟੀਮ ਵਿੱਚ ਮਰਹੂਮ ਹੰਸਾ ਸਿੰਘ ਬਿਆਸ, ਹੰਸਾ ਸਿੰਘ ਦੇ ਨਾਲ ਬਿਆਸ ਤੋਂ ਹੀ ਭੈਣ ਭਰਾ ਰਾਣੀ ਅਤੇ ਦੇਵ, ਇਸਤੋਂ ਇਲਾਵਾ ਸੁਮਨ ਲਤਾ, ਹਰਮੇਸ਼ ਮਾਲੜੀ, ਅਮਰਜੀਤ ਮੱਲੀ, ਸੁਖਜਿੰਦਰ ਕੇਦਾਰ (ਦੋਵੇਂ ਹੁਸ਼ਿਆਰਪੁਰ) ਤੋਂ ਅਤੇ ਇਉ ਹੀ ਫਰੰਟ ਦੀ ਸ਼ਾਹਕੋਟ ਇਕਾਈ ਦੇ ਕਨਵੀਨਰ ਮਹਿੰਦਰ ਸ਼ਾਹਕੋਟ ਵੀ ਪਹੁੰਚੇ ਹੋਏ ਸਨ।

'ਅੰਨ੍ਹੇ ਨਿਸ਼ਾਨਚੀ' ਨਾਟਕ ਦੀ ਪੇਸ਼ਕਾਰੀ ਉਪਰੰਤ ਜਦੋਂ ਫਰੰਟ ਦਾ ਕਨਵੀਨਰ ਹਥਲੀਆਂ ਸਤਰਾਂ ਦਾ ਲੇਖਕ ਮੰਚ ਤੋਂ ਸੰਬੋਧਨ ਕਰ ਰਿਹਾ ਸੀ ਤਾਂ ਫੌਜੀ ਵਰਦੀਆਂ ਵਿੱਚ ਆਏ ਕਾਤਲੀ ਗਰੋਹ ਨੇ ਪੰਡਾਲ ਵਿੱਚ ਅਤੇ ਘਰਾਂ ਦੀਆਂ ਛੱਤਾਂ ਉੱਤੇ ਬੈਠੇ ਲੋਕਾਂ ਉੱਪਰ ਗਰਨੇਡ ਸੁੱਟੇ। ਅੰਨ੍ਹੇਵਾਹ ਫਾਇਰਿੰਗ ਕੀਤੀ। ਵਲੰਟੀਅਰਾਂ ਨੂੰ ਹਮਲੇ ਦਾ ਚੋਣਵਾਂ ਨਿਸ਼ਾਨਾ ਬਣਾਇਆ। ਅੰਨ੍ਹੇਵਾਹ ਫਾਇਰਿੰਗ ਮੌਕੇ ਮੰਚ ਤੇ ਲੱਗੇ ਪਰਦੇ ਪਿੱਛੇ ਰੰਗ ਮੰਚ ਦੇ ਗਰੀਨ ਰੂਮ ਰੂਪੀ ਕਮਰੇ ਵਿੱਚ ਸ਼ਹੀਦ ਮੇਘ ਰਾਜ ਭਗਤੂਵਾਣਾ ਦੀ ਜੀਵਨ ਸਾਥਣ ਰਾਜ ਰਾਣੀ 'ਰਾਜ' ਉਹਨਾਂ ਦੀ ਧੀ ਸ਼ਰਨਜੀਤ ਕਾਲੀ ਵੀ ਮੌਜੂਦ ਸਨ। ਪਲਾਂ ਛਿਣਾਂ ਵਿੱਚ 18 ਸਾਥੀਆਂ ਨੂੰ ਸ਼ਹੀਦ ਕਰ ਦਿੱਤਾ। ਜਿਨ੍ਹਾਂ ਵਿੱਚ ਮੇਘ ਰਾਜ ਭਗਤੂਆਣਾ, ਜਗਪਾਲ ਸੇਲਬਰਾਹ, ਮਾਤਾ ਸਦਾ ਕੌਰ, ਗੁਰਜੰਟ ਢਿਲਵਾਂ ਸਮੇਤ 18 ਸਾਥੀ ਸ਼ਹਾਦਤ ਪਾ ਗਏ। ਇਸ ਦਿਨ ਸਿਦਕ ਦਿਲੀ ਨਾਲ ਕਾਤਲਾਂ ਦਾ ਪਿੱਛਾ ਕਰਦਿਆਂ ਸ਼ਹੀਦ ਹੋਏ ਮੇਘ ਰਾਜ ਭਗਤੂਆਣਾ ਦੀ ਉਸ ਮੌਕੇ 14 ਵਰ੍ਹਿਆਂ ਦੀ ਧੀ, ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜਾਣੀ ਪਹਿਚਾਣੀ ਆਗੂ ਹਰਿੰਦਰ ਬਿੰਦੂ ਬਠਿੰਡਾ ਜਿਲੇ ਦੇ ਪਿੰਡ ਵਿਰਕ ਕਲਾਂ ਆਪਣੇ ਭੂਆ ਜੀ ਕੋਲ ਗਈ ਹੋਈ ਸੀ। ਉਹਨਾਂ ਕੋਲ ਬਿੰਦੂ ਦੇ ਚਾਚਾ ਲੱਛੂ ਨੇ ਜਾ ਕੇ ਦੱਸਿਆ ਕਿ ਮੇਘ ਰਾਜ ਭਗਤੂਆਣਾ ਦੇ ਗੋਲੀ ਵੱਜੀ ਹੈ ਉਹ ਹਸਪਤਾਲ ਦਾਖਲ ਹੈ। ਲੱਛੂ ਦੀਆਂ ਰੋ ਰੋ ਕੇ ਸੁੱਜੀਆਂ ਅੱਖਾਂ ਹਕੀਕੀ ਦਰਦ ਕਹਾਣੀ ਬਿਆਨ ਕਰ ਰਹੀਆਂ ਸਨ।

ਸ਼ਹੀਦ ਜਗਪਾਲ ਸੇਲਬਰਾਹ ਅਤੇ ਸ਼ਹੀਦ ਮੇਘ ਰਾਜ ਭਗਤੂਆਣਾ ਦੋਨਾਂ ਦੇ ਪਿਤਾ ਸਮੇਤ ਕਿੰਨਿਆਂ ਦੇ ਮਾਪੇ ਪੂਰੀ ਸਿਦਕ ਦਿਲੀ ਨਾਲ ਸ਼ਹੀਦੀ ਜਾਮ ਪੀਣ ਵਾਲਿਆਂ ਨੂੰ ਸਿਜਦਾ ਕਰ ਰਹੇ ਸਨ। ਧਰਮਸ਼ਾਲਾ ਦੀ ਲਹੂ ਦੇ ਚੁਬੱਚਿਆਂ ਵਿਚ ਬਦਲੀ ਸੇਵੇਵਾਲਾ ਦੀ ਮਜ਼ਦੂਰ ਧਰਮਸ਼ਾਲਾ ਜਲ੍ਹਿਆਂਵਾਲਾ ਦੀ ਖ਼ੂਨੀ ਵਿਸਾਖੀ ਦਾ ਲਹੂ ਭਿੱਜਾ ਇਤਿਹਾਸ ਯਾਦ ਕਰਵਾ ਰਹੀ ਸੀ। ਇਸ ਧਰਮਸ਼ਾਲਾ ਵਿੱਚੋਂ ਫੱਟੜਾਂ ਦੀਆਂ ਟਰਾਲੀਆਂ ਭਰ ਕੇ ਸਿਵਲ ਹਸਪਤਾਲ ਜੈਤੋ ਪੁੱਜਦੀਆਂ ਕੀਤੀਆਂ ਗਈਆਂ। ਜੈਤੋ ਦੇ ਉਸ ਕਵੀ ਪਰਿਵਾਰ ਨੂੰ ਵੀ ਹਮੇਸ਼ਾਂ ਯਾਦ ਰੱਖਿਆ ਜਾਏਗਾ ਜਿੱਥੇ ਦੇਰ ਰਾਤ ਪੰਜਾਬ ਨਾਟਕ ਕਲਾ ਕੇਂਦਰ ਦੀ ਟੀਮ ਨੂੰ ਖ਼ਤਰਿਆਂ ਭਰੇ ਉਸ ਦੌਰ ਵਿਚ ਪਰਿਵਾਰ ਵੱਲੋਂ ਸੰਭਾਲਿਆ ਗਿਆ। ਅਗਲੇ ਦਿਨਾਂ 'ਚ ਭਗਤੂਆਣਾ, ਸੇਵੇਵਾਲਾ, ਢਿੱਲਵਾਂ, ਸੇਲਬਰਾਹ, ਰਾਮਪੁਰਾ ਆਦਿ ਥਾਵਾਂ ਤੇ ਸਮਾਗਮ ਕੀਤੇ ਗਏ। ਪੰਜਾਬ ਦੀਆਂ ਕੰਧਾਂ ਤੇ ਪੋਸਟਰ ਲਗਾ ਕੇ ਬਕਾਇਦਾ ਐਲਾਨ ਕਰਕੇ ਜੈਤੋ ਵਿਖੇ ਜਬਰ ਵਿਰੋਧੀ ਸੂਬਾਈ ਸਮਾਗਮ ਕੀਤਾ ਗਿਆ। ਇਸ ਲਿਖਤ ਨਾਲ ਦਿਖਾਈ ਦਿੰਦਾ ਸ਼ਹੀਦਾਂ ਦੀਆਂ ਤਸਵੀਰਾਂ ਵਾਲਾ ਪੋਸਟਰ ਨਾਮਵਾਰ ਚਿਤਰਕਾਰ ਸਵਰਨਜੀਤ ਸਵੀ ਨੇ ਦਹਿਸ਼ਤਜ਼ਦਾ ਮੌਸਮ ਅੰਦਰ ਬੇਖੌਫ਼ ਹੋ ਕੇ ਤਿਆਰ ਕੀਤਾ। ਇਸ ਸਮਾਗਮ ਨੇ ਐਲਾਨ ਕੀਤਾ ਕਿ ਸੇਵੇਵਾਲਾ ਦੇ ਸ਼ਹੀਦਾਂ ਦਾ ਖ਼ੂਨ ਇਕ ਦਿਨ ਰੰਗ ਲਿਆਏਗਾ।

ਥੋੜ੍ਹੇ ਦਿਨਾਂ ਮਗਰੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਫਰੀਦਕੋਟ ਦੇ ਆਗੂ ਅਮੋਲਕ ਸਿੰਘ ਨੂੰ ਘਾਤ ਲਗਾ ਕੇ ਦਹਿਸ਼ਤਗਰਦਾਂ ਨੇ ਸ਼ਹੀਦ ਕਰ ਦਿੱਤਾ। ਉਥੇ ਸੁੱਟੀ ਚਿੱਠੀ ਤੇ ਲਿਖਿਆ ਗਿਆ ਕਿ ਅਮੋਲਕ ਸਾਡੇ ਕੋਲੋਂ ਸੇਵੇਵਾਲਾ ਬਚ ਗਿਆ ਅੱਜ ਉਸਨੂੰ ਮਾਰ ਮੁਕਾਇਆ ਹੈ। ਅੰਨ੍ਹੇ ਨਿਸ਼ਾਨਚੀਆਂ ਤੋਂ ਹੋਰ ਕੀ ਆਸ ਕੀਤੀ ਜਾ ਸਕਦੀ ਹੈ ਕਿ ਲੋਕਾਂ ਦੇ ਅਸਲੀ ਦੁਸ਼ਮਣ ਸਾਮਰਾਜੀਆਂ, ਜੰਗਬਾਜ਼ਾਂ, ਉਹਨਾਂ ਦੇ ਸੇਵਾਦਾਰ ਕਾਰਪੋਰੇਟ ਘਰਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਉਹ ਇਨਕਲਾਬੀਆਂ ਅਤੇ ਬੇਗੁਨਾਹ ਨਿਹੱਥੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਹੀ ਸੂਰਮਗਤੀ ਸਮਝਦੇ ਹਨ।

1991 ਤੋਂ ਅੱਜ 35 ਸਾਲ ਹੋ ਗਏ ਇਹਨਾਂ ਵਰ੍ਹਿਆਂ 'ਚ ਸ਼ਹੀਦਾਂ ਦੇ ਲਹੂ ਸੰਗ ਸਿੰਜੀ ਧਰਤੀ 'ਚੋ ਉੱਗੇ ਤਣੇ ਹੋਏ ਮੁੱਕਿਆਂ ਨੇ ਸੰਗਰਾਮੀ ਸਫ਼ਰ ਜਾਰੀ ਰੱਖਿਆ ਹੈ। ਅੱਜ ਪੰਜਾਬ, ਦਿੱਲੀ, ਹਰਿਆਣਾ, ਯੂਪੀ ਅਤੇ ਮੁਲਕ ਦੇ ਅਨੇਕਾਂ ਖੇਤਰਾਂ ਅੰਦਰ ਜੂਝਦੇ ਕਾਫ਼ਲਿਆਂ ਨੂੰ ਯੂਨੀਵਰਸਿਟੀਆਂ ਅਤੇ ਜੇਲ੍ਹਾਂ ਅੰਦਰ ਜੂਝਦੇ ਵਿਦਿਆਰਥੀਆਂ, ਬੁੱਧੀਜੀਵੀਆਂ, ਤਰਕਸ਼ੀਲਾਂ, ਜਮਹੂਰੀ ਕਾਮਿਆਂ ਨੂੰ ਪੰਜਾਬ ਦੀ ਧਰਤੀ ਤੇ ਮਾਣ ਹੈ ਕਿ ਇਹ ਹਰ ਖ਼ਤਰਨਾਕ ਮੋੜ ਉੱਪਰ ਹੱਕ, ਸੱਚ, ਇਨਸਾਫ ਦਾ ਪਰਚਮ ਉਠਾ ਕੇ ਤੁਰਨ ਦਾ ਇਤਿਹਾਸ ਰੱਖਦੀ ਹੈ।

ਅੱਜ ਦੀ ਮਜ਼ਦੂਰ, ਕਿਸਾਨ, ਜਮਹੂਰੀ, ਤਰਕਸ਼ੀਲ ਲਹਿਰ ਸਾਹਿਤ ਅਤੇ ਕਲਾ ਖੇਤਰ ਦੀ ਲਹਿਰ ਜਮਹੂਰੀ ਹੱਕਾਂ ਦੀ ਲਹਿਰ ਦੱਸ ਰਹੀ ਹੈ ਕਿ ਅੱਜ ਦੇ ਅੰਨ੍ਹੇ ਨਿਸਾਨਚੀਆਂ ਨੂੰ ਪਹਿਚਾਨਣ ਅਤੇ ਵੰਗਾਰਦੀ ਆਪਣੀ ਲਹੂ ਰੱਤੀ ਵਿਰਾਸਤ ਨੂੰ ਕਦੇ ਵੀ ਫਿੱਕੀ ਨਹੀਂ ਪੈਣ ਦਵੇਗੀ। ਅੱਜ ਜਦੋਂ 9 ਅਪ੍ਰੈਲ 2026 ਨੂੰ ਸੇਵੇਵਾਲਾ ਦੀ ਉਸੇ ਮਜ਼ਦੂਰ ਧਰਮਸ਼ਾਲਾ ਵਿੱਚ ਸਮਾਗਮ ਹੋ ਰਿਹਾ ਹੈ ਤਾਂ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਜੈਤੋ ਦੀ ਕਨਵੀਨਰ ਸ਼ਹੀਦ ਮੇਘ ਰਾਜ ਭਗਤੂਆਣਾ ਦੀ ਧੀ ਹਰਿੰਦਰ ਬਿੰਦੂ ਦਾ ਕਹਿਣਾ ਹੈ ਕਿ ਲੋਕ ਅਤੇ ਲੋਕਾਂ ਦਾ ਇਤਿਹਾਸ ਬਹੁਤ ਮਹਾਨ ਹੁੰਦਾ ਹੈ ਇਸ ਵਿੱਚ ਵਿਅਕਤੀਆਂ ਦਾ ਆਉਣਾ ਜਾਣਾ ਅਤੇ ਸਫ਼ਰ ਤੇ ਰਹਿਣਾ ਇਤਿਹਾਸ ਵਿੱਚ ਆਪਣੇ ਹਿੱਸੇ ਦੀ ਭੂਮਿਕਾ ਹੈ। ਸਭ ਤੋਂ ਵੱਡੀ ਸਲਾਮਤ ਇਸ ਧਰਤੀ ਅਤੇ ਇਸ ਧਰਤੀ ਦੇ ਲੋਕਾਂ ਨੂੰ ਹੈ ਜੋ ਸਮੇਂ-ਸਮੇਂ ਤੇ ਅਨੇਕਾਂ ਦੁਸ਼ਵਾਰੀਆਂ ਨਾਲ ਮੱਥਾ ਲਾਉਂਦੇ ਹੋਏ ਆਪਣੇ ਮਹਾਨ ਇਤਿਹਾਸਕ ਵਿਰਸੇ ਨੂੰ ਅੱਗੇ ਤੋਰਦੇ ਹੋਏ ਸੋਹਣਾ ਤੇ ਸੁਨੱਖਾ ਸਮਾਜ ਸਿਰਜਣ ਲਈ ਸਫ਼ਰ ਤੇ ਹਨ।

ਇਸ ਘਟਨਾ ਮੌਕੇ 19 ਵਰ੍ਹਿਆਂ ਦਾ ਸੀ ਲਛਮਣ ਸੇਵੇਵਾਲਾ ਜੋ ਆਪਣੀ ਪੜ੍ਹਾਈ ਅਧਵਾਟੇ ਛੱਡ ਕੇ ਵੱਡੀ ਲੋਕ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਅਤੇ ਲੋਕਾਂ ਦੀ ਮੁਕਤੀ ਦਾ ਸਿਲੇਬਸ ਅਪਨਾਉਣ ਦਾ ਫੈਸਲਾ ਲੈਂਦਾ ਹੈ। ਉਹ ਅੱਜ ਕੱਲ੍ਹ ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਇਨਕਲਾਬੀ ਜਮਹੂਰੀ ਲਹਿਰ ਅੰਦਰ ਇੱਕ ਜਾਣਿਆਂ ਪਹਿਚਾਣਿਆਂ ਨਾਮ ਹੈ।

ਸੇਵੇਵਾਲਾ ਖ਼ੂਨੀ ਕਾਂਡ ਨਾਲੋਂ ਇਹ ਹੱਲਾ ਹੋਰ ਵੀ ਘਾਤਕ ਸੀ ਜਿਹੜਾ ਮਜ਼ਦੂਰ ਕਿਸਾਨ ਵਰਗਾਂ ਨੂੰ ਸੇਵੇਵਾਲਾ ਕਾਂਡ ਦੇ ਹਵਾਲੇ ਨਾਲ ਗੁੰਮਰਾਹਕੁਨ ਜ਼ਹਿਰੀਲਾ ਪ੍ਰਚਾਰ ਕਰਕੇ ਮਜ਼ਦੂਰ ਕਿਸਾਨ ਸਾਂਝ ਨੂੰ ਤੋੜਨ ਲਈ ਬੋਲਿਆ ਗਿਆ। ਲੋਕਾਂ ਨੇ ਉਸ ਪ੍ਰਚਾਰ ਗਰਦਸ਼ ਵਗਾਹ ਮਾਰੀ। ਭਗਤੂਆਣਾ, ਸੇਵੇਵਾਲਾ ਸਮੇਤ ਸ਼ਹੀਦਾਂ ਦੇ ਪਿੰਡਾਂ ਅਤੇ ਪਰਿਵਾਰਾਂ ਨੇ ਮਜ਼ਦੂਰ ਕਿਸਾਨ ਜੋਟੀ ਨੂੰ ਮਜ਼ਬੂਤ ਕਰਦਿਆਂ ਅਗੇਰੇ ਕਦਮ ਵਧਾਏ ਹਨ।

ਇਹ ਲਹੂ ਹੈ ਕਿ ਇਹ ਦੁਨੀਆਂ ਦੇ ਵੱਡੇ ਤੋਂ ਵੱਡੇ ਨਾਢੂ ਖ਼ਾਂ ਕਹਾਉਂਦਿਆਂ ਤੋਂ ਬੇਪ੍ਰਵਾਹ ਹੋ ਕੇ ਲੋਕਤਾ ਦੇ ਗੀਤ ਗਾਉਂਦਾ ਹੈ।












*ਇਨਕਲਾਬੀ ਲੋਕ-ਕਵੀ ਸੰਤ ਰਾਮ ਉਦਾਸੀ ਨੂੰ ਯਾਦ ਕਰਦਿਆਂ*

# ਉਸਦੀ ਇਨਕਲਾਬੀ ਕਾਵਿ-ਰਚਨਾ ਨੂੰ ਬੁਲੰਦ ਕਰੋ

**ਗੁਰਤੇਜ ਸਿੰਘ ਖੋਖਰ**

ਕੰਮੀਆਂ ਅਤੇ ਲੁੱਟੇ-ਲਤਾੜਿਆਂ ਦੇ ਵਿਹੜਿਆਂ 'ਚੋਂ ਉੱਠੀ ਅਤੇ ਜ਼ਰਵਾਣੇ ਹਾਕਮਾਂ ਨੂੰ ਲਲਕਾਰਦੀ ਉਸਦੀ ਇਨਕਲਾਬੀ ਹੇਕ ਦੇ ਚੁੱਪ ਹੋਇਆਂ ਨੂੰ ਛੱਤੀ ਵਰ੍ਹੇ ਗੁਜਰ ਚੁੱਕੇ ਹਨ, ਪਰ ਇਸ ਹੇਕ ਨੂੰ ਅਰਥ ਮੁਹੱਈਆ ਕਰਦੀ ਉਸਦੀ ਰਚਨਾਤਮਿਕ ਕਲਾ ਦਾ ਖਜ਼ਾਨਾ ਗੀਤਾਂ, ਗਜ਼ਲਾਂ ਅਤੇ ਕਵਿਤਾਵਾਂ ਦੇ ਰੂਪ ਵਿੱਚ ਅੱਜ ਵੀ ਕਮਾਊ ਲੋਕਾਂ ਕੋਲ ਹੈ। ਅੱਜ ਵੀ ਜਦੋਂ ਕੋਈ ਸੁਹਿਰਦ ਕਲਾਕਾਰ ਗਾਇਕ ਉਸਦੇ ਗੀਤਾਂ ਨੂੰ ਸਟੇਜ ਤੋਂ ਆਵਾਜ਼ ਦਿੰਦਾ ਹੈ, ਜਦੋਂ ਉਸ ਗਾਉਣ ਵਾਲੇ ਰਾਹੀਂ ਗੀਤਾਂ ਦੇ ਬੋਲ ਸਰੋਤਿਆਂ ਦੀ ਸੁਰਤੀ ਦੀ ਸਰਦਲ 'ਤੇ ਦਸਤਕ ਦਿੰਦੇ ਹਨ ਤਾਂ ਸਰੋਤਿਆਂ ਨੂੰ ਉਹਨਾਂ 'ਚੋਂ ਸੰਤ ਰਾਮ ਉਦਾਸੀ ਦਾ ਝਾਉਲਾ ਪੈਂਦਾ ਹੈ। ਇਸ ਕਰਕੇ ਨਹੀਂ ਕਿ ਉਹ ਗਾਉਣ ਵਾਲੇ ਦੀ ਆਵਾਜ਼ ਸੰਤ ਰਾਮ ਉਦਾਸੀ ਵਾਂਗ ਉਹ ਦਮ, ਸ਼ਿੱਦਤ, ਤਾਕਤ, ਰਵਾਨਗੀ, ਲੈਅ-ਬੱਧਤਾ ਅਤੇ ਬੁਲੰਦੀ ਦੀ ਮਾਲਕ ਹੋਣ ਕਰਕੇ ਭੁਲੇਖਾ ਪਾਉਂਦੀ ਹੈ, ਇਸ ਕਰਕੇ ਕਿ ਉਦਾਸੀ ਦੀਆਂ ਕਾਵਿ-ਕਿਰਤਾਂ ਦੀ ਸੁਰ, ਸੀਰਤ ਅਤੇ ਮੁਹਾਂਦਰਾ ਨਿਵੇਕਲਾ ਹੋਣ ਕਰਕੇ, ਉਹ ਆਪਣੀ ਨਿਵੇਕਲੀ ਪਛਾਣ ਰੱਖਦੀਆਂ ਹਨ। ਪਾਸ਼ ਵਾਂਗੂ ਸੰਤ ਰਾਮ ਉਦਾਸੀ ਵੱਲੋਂ ਆਪਣੀਆਂ ਕਿਰਤਾਂ ਨੂੰ ਨਿਵੇਕਲਾ ਅਤੇ ਸੱਜਰਾ ਮੁਹਾਂਦਰਾ ਮੁਹੱਈਆ ਕਰਦਿਆਂ ਨਵੀਆਂ ਅਤੇ ਨਿਵੇਕਲੀਆਂ ਪੈੜਾਂ ਪਾਈਆਂ ਗਈਆਂ ਹਨ। ਇਹ ਵੱਖਰੀ ਗੱਲ ਹੈ ਕਿ ਜਿੱਥੇ ਪਾਸ਼ ਵੱਲੋਂ ਮੁੱਖ ਤੌਰ 'ਤੇ ਖੁੱਲੀ ਕਵਿਤਾ ਨੂੰ ਆਪਣੀ ਕਾਵਿ-ਸ਼ੈਲੀ ਵਜੋਂ ਅਪਣਾਇਆ ਗਿਆ, ਉੱਥੇ ਉਦਾਸੀ ਵੱਲੋਂ ਮੁੱਖ ਤੌਰ 'ਤੇ ਸਰੋਦੀ ਕਵਿਤਾ (ਗੀਤਾਂ) ਨੂੰ ਕਾਵਿ-ਸ਼ੈਲੀ ਵਜੋਂ ਅਪਣਾਇਆ ਗਿਆ।

ਸੰਤ ਰਾਮ ਉਦਾਸੀ ਚਾਹੇ ਪਹਿਲਾਂ ਵੀ ਲਿਖਦਾ ਹੁੰਦਾ ਸੀ, ਪਰ ਇੱਕ ਇਨਕਲਾਬੀ ਕਵੀ ਵਜੋਂ ਉਹ ਕਵੀਆਂ ਅਤੇ ਸਾਹਿਤਕ ਲੇਖਕਾਂ ਦੇ ਉਸ ਕਾਫਲੇ ਦਾ ਅੰਗ ਬਣ ਕੇ ਹੀ ਪ੍ਰਵਾਨ ਚੜ੍ਹਿਆ, ਜਿਹੜਾ ਕਾਫ਼ਲਾ 1969-70 ਵਿੱਚ ਮੁਲਕ ਭਰ ਅਤੇ ਪੰਜਾਬ ਵਿੱਚ ਉੱਠੀ ਨਕਸਲਬਾੜੀ ਲਹਿਰ ਦੀ ਸੋਚ ਅਤੇ ਅਕੀਦਿਆਂ ਨੂੰ ਆਤਮਸਾਤ ਕਰਦਿਆਂ, ਇਨਕਲਾਬੀ ਸਾਹਿਤ ਸਿਰਜਣਾ ਦੇ ਬਿਖੜੇ ਪੈਂਡੇ 'ਤੇ ਤੁਰਿਆ ਸੀ। ਇਸ ਕਾਫਲੇ ਵਿੱਚ ਸ਼ੁਮਾਰ ਦਰਜਨਾਂ ਸਾਹਿਤਕ ਕਾਮਿਆਂ ਵੱਲੋਂ ਕਵਿਤਾ, ਗੀਤ, ਨਾਵਲ, ਕਹਾਣੀ ਅਤੇ ਨਾਟਕ ਆਦਿ ਦੇ ਖੇਤਰ ਵਿੱਚ ਬਹੁਤ ਹੀ ਕਾਬਲੇ ਤਾਰੀਫ ਰਚਨਾਵਾਂ ਲਿਖੀਆਂ ਗਈਆਂ ਹਨ। ਉਹਨਾਂ ਦੀ ਰਚਨਾਤਮਿਕ ਘਾਲਣਾ ਨੇ ਪੰਜਾਬ ਦੇ ਇਨਕਲਾਬੀ ਸਾਹਿਤਕ ਖਜ਼ਾਨੇ ਨੂੰ ਬਹੁਤ ਅਮੀਰ ਬਣਾਇਆ ਹੈ। ਪਰ ਸੰਤ ਰਾਮ ਉਦਾਸੀ ਇਸ ਕਾਫਲੇ ਦਾ ਅਜਿਹਾ ਸਿਰਕੱਢ ਸਰੋਦੀ ਕਵੀ ਹੋਇਆ ਹੈ, ਜਿਹੜਾ ਪੰਜਾਬ ਦੇ ਕਿਰਤੀ ਲੋਕਾਂ ਅਤੇ ਸੰਘਰਸ਼ਸ਼ੀਲ ਜਨਤਾ ਅੰਦਰ ਸਭ ਤੋਂ ਵੱਧ ਉਵੇਂ ਮਕਬੂਲ ਹੋਇਆ ਹੋਇਆ ਹੈ, ਜਿਵੇਂ ਗੁਰਸ਼ਰਨ ਸਿੰਘ ਨਾਟਕ ਦੇ ਖੇਤਰ ਵਿੱਚ ਹੋਇਆ ਹੈ। ਜਿਵੇਂ ਗੁਰਸ਼ਰਨ ਸਿੰਘ ਆਪਣੀ ਨਾਟਕ ਕਲਾ ਰਾਹੀਂ ਲੋਕਾਂ ਨੂੰ ਕੀਲ ਲੈਂਦਾ ਸੀ, ਉਸੇ ਤਰਾਂ ਸੰਤ ਰਾਮ ਉਦਾਸੀ ਵੀ ਆਪਣੀ ਕਾਵ-ਤਾਕਤ ਰਾਹੀਂ ਸਰੋਤਿਆਂ ਨੂੰ ਕੀਲ ਕੇ ਬਿਠਾ ਦਿੰਦਾ ਸੀ। ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਤੋਂ ਲੈ ਕੇ ਪਿੰਡਾਂ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਤੱਕ ਸਭਨਾਂ ਵੱਲੋਂ ਸੰਤ ਰਾਮ ਉਦਾਸੀ ਨੂੰ ਮੰਤਰ ਮੁਗਧ ਹੋ ਕੇ ਸੁਣਿਆ ਜਾਂਦਾ ਸੀ।

ਅਸਲ ਵਿੱਚ ਸੰਤ ਰਾਮ ਉਦਾਸੀ ਐਨ ਸਹੀ ਅਰਥਾਂ ਵਿੱਚ ਇੱਕ ਸਿਰਕੱਢ ਇਨਕਲਾਬੀ ਲੋਕ-ਕਵੀ ਸੀ। ਉਸ ਵੱਲੋਂ ਆਪਣੀਆਂ ਕਾਵਿ-ਕਿਰਤਾਂ ਰਾਹੀਂ ਕਿਰਤੀ ਲੋਕਾਂ, ਵਿਸ਼ੇਸ਼ ਕਰਕੇ ਕਿਰਤੀਆਂ ਦੀ ਸਭ ਤੋਂ ਲਤਾੜੀ ਪਰਤ (ਦਲਿਤ ਕਾਮਿਆਂ) ਦੀ ਜ਼ਿੰਦਗੀ ਦੇ ਸਾਲਮ ਯਥਾਰਥ ਨੂੰ ਪੇਸ਼ ਕੀਤਾ ਗਿਆ। ਯਾਨੀ ਜਿੱਥੇ ਸਿਰੇ ਦੀ ਬੇਕਿਰਕ ਲੁੱਟ ਅਤੇ ਦਾਬੇ ਹੇਠ ਕਰਾਹ ਰਹੀ ਕਿਰਤੀ ਕਾਮਿਆਂ ਦੀ ਜ਼ਿੰਦਗੀ ਦੀ ਦੁਰਦਸ਼ਾ ਅਤੇ ਮੰਦਹਾਲੀ ਦੇ ਯਥਾਰਥ ਨੂੰ ਬੇਹੱਦ ਸਪੱਸ਼ਟਤਾ ਨਾਲ ਪੇਸ਼ ਕੀਤਾ ਗਿਆ, ਉੱਥੇ ਕਿਰਤੀ ਕਾਮਿਆਂ ਅੰਦਰ ਉੱਸਲਵੱਟੇ ਲੈਂਦੀ ਬਗਾਵਤ ਦੀ ਲਾਟ ਬਣਦੀ ਅਤੇ ਇਸ ਗਲੇ-ਸੜੇ ਨਿਜ਼ਾਮ ਨੂੰ ਤਹਿਸ਼-ਨਹਿਸ਼ ਕਰਨਾ ਲੋਚਦੀ ਅਤੇ ਪ੍ਰਚੰਡ ਹੋ ਰਹੀ ਜਮਾਤੀ ਨਫਰਤ ਅਤੇ ਜੁਝਾਰੂ ਤਾਂਘ ਨੂੰ ਵੀ ਮੂੰਹਾਂ ਦਿੱਤਾ ਗਿਆ ਹੈ। ਸਿਰਫ ਕਮਾਊ ਲੋਕਾਂ ਦੇ ਜੀਵਨ ਦੇ ਇਸ ਸਾਲਮ ਯਥਾਰਥ ਨੂੰ ਪੇਸ਼ ਹੀ ਨਹੀਂ ਕੀਤਾ ਗਿਆ, ਸਗੋਂ ਇਸ ਪੇਸ਼ਕਾਰੀ ਨੂੰ ਅਜਿਹੀ ਲੋਕ-ਸ਼ੈਲੀ, ਬਿੰਬਾਂ, ਲਫਾਜ਼ੀ, ਮੁਹਾਵਰੇ ਅਤੇ ਤਰਜ ਦੀ ਪੁਸ਼ਾਕ ਵਿੱਚ ਪੇਸ਼ ਕੀਤਾ ਗਿਆ ਹੈ, ਜਿਹੜੀ ਝੱਟ ਉਹਨਾਂ ਦੀ ਸੁਰਤੀ ਅਤੇ ਬੋਧ ਪ੍ਰਵਾਹ ਨੂੰ ਮੱਲ ਲੈਂਦੀ ਹੈ ਅਤੇ ਧੁਰ ਰੂਹ ਤੱਕ ਝੰਜੋੜੂ ਤਿਰੰਗਾਂ ਛੇੜ ਦਿੰਦੀ ਹੈ। ਉਸਦੀ ਇਹ ਕਾਵਿ-ਕਲਾ ਅੰਦਰ ਲੋਕਾਂ ਦੀ ਜ਼ਿੰਦਗੀ ਦੇ ਸਾਲਮ ਸੱਚ ਦੀ ਬਹੁਤ ਸਪੱਸ਼ਟ ਅਤੇ ਜ਼ੋਰਦਾਰ ਪੇਸ਼ਕਾਰੀ ਅਤੇ ਇਸ ਪੇਸ਼ਕਾਰੀ ਨੂੰ ਮੁਹੱਈਆ ਕੀਤਾ ਲੋਕ-ਭਾਉਂਦਾ ਰੂਪ ਹੀ ਉਸਦੀ ਕਾਵਿ-ਕਲਾ ਦੀਆਂ ਉਹ ਸਿਫਤਾਂ ਹਨ, ਜਿਹਨਾਂ ਨੇ ਉਸ ਨੂੰ ਸਹੀ ਅਰਥਾਂ ਵਿੱਚ ਇੱਕ ਮਕਬੂਲ ਇਨਕਲਾਬੀ ਲੋਕ ਕਵੀ ਵਜੋਂ ਉਭਾਰਿਆ ਅਤੇ ਸਥਾਪਤ ਕੀਤਾ ਹੈ।

ਉਸਦੀ ਤਰਜ਼ੇ-ਪੇਸ਼ਕਾਰੀ ਦੀਆਂ ਦੋ ਝਲਕਾਂ ਪੇਸ਼ ਹਨ:

**ਜਿੱਥੇ ਬੰਦਾ ਜੰਮਦਾ ਸੀਰੀ ਹੈ**
**ਟਕਿਆਂ ਦੀ ਮੀਰੀ-ਪੀਰੀ ਹੈ**
**ਜਿੱਥੇ ਕਰਜ਼ੇ ਹੇਠ ਪੰਜੀਰੀ ਹੈ**
**ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**

--

**ਐਪਰ ਜਬਰ ਅੱਗੇ ਕਿੱਦਾਂ ਸਬਰ ਸਰੀਏ**
**ਅਸੀਂ ਇਹੋ ਜੀ ਜ਼ਹਿਰ ਨਾ ਪੀ ਸਕਦੇ**
**ਨੱਕ ਮਾਰ ਕੇ ਡੰਗਰ ਵੀ ਜਿਊਣ ਜਿਸਨੂੰ**
**ਅਸੀਂ ਜੂਨ ਅਜਿਹੀ ਨਾ ਜੀ ਸਕਦੇ**

ਉਸ ਵੱਲੋਂ ਕਾਵਿ-ਕਲਾ ਦੀਆਂ ਇਹ ਸਿਫਤਾਂ ਹਾਸਲ ਕਰਨਾ ਕੋਈ ਇਤਫਾਕੀਆ ਗੱਲ ਨਹੀਂ ਸੀ, ਸਗੋਂ ਇਹ ਸਿਫਤਾਂ ਉਸਦੀ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਅਤੇ ਇਨਕਲਾਬ ਨਾਲ ਪ੍ਰਤੀਬੱਧਤਾ ਦੇ ਮਜਬੂਤ ਆਧਾਰ 'ਤੇ ਉਸਰੀਆਂ ਸਨ। ਉਸ ਅੰਦਰ ਲਟ ਲਟ ਬਲਦੀ ਜਮਾਤੀ ਨਫਰਤ ਅਤੇ ਨਿਜ਼ਾਮ ਨੂੰ ਬਦਲ ਸੁੱਟਣ ਦੀ ਧੂਹ ਉਸਦੀ ਇਨਕਲਾਬੀ ਸੰਵੇਦਨਾ, ਸੋਚ ਅਤੇ ਸੁਰਤੀ ਨੂੰ ਨਾ ਸਿਰਫ ਚੈਨ ਨਾਲ ਨਹੀਂ ਬੈਠਣ ਦਿੰਦੀ ਸੀ, ਸਗੋਂ ਉਸਦੀਆਂ ਰਚਨਾਵਾਂ ਨੂੰ ਲੈਅ-ਬੱਧ ਰਵਾਨਗੀ ਦੇ ਨਾਲ ਦਬੰਗਮਈ ਸੁਰਤਾਲ ਦਾ ਉਵੇਂ ਸੁਮੇਲ ਮੁਹੱਈਆ ਕਰਦੀ ਸੀ, ਜਿਵੇਂ ਪਹਾੜੋਂ ਉੱਤਰਦੇ ਅਤੇ ਵਲ-ਵਲੇਵੇਂ ਖਾਂਦੇ ਦਰਿਆ ਵੱਲੋਂ ਪੈਦਾ ਕੀਤੀ ਜਾਂਦੀ ਆਵਾਜ਼ ਵਿੱਚ ਲੈਅ ਅਤੇ ਗਰਜ



ਦਾ ਇੱਕ ਵਿਲੱਖਣ ਸੁਮੇਲ ਹੁੰਦਾ ਹੈ।

1969-70 ਤੋਂ ਬਾਅਦ ਰਚੀ ਗਈ ਉਸਦੀ ਸਮੁੱਚੀ ਕਾਵਿ-ਰਚਨਾ ਵਿੱਚੋਂ ਉਸਦੀ ਇਨਕਲਾਬੀ ਪ੍ਰਤੀਬੱਧਤਾ, ਉਸ ਅੰਦਰ ਲਟ ਲਟ ਬਲਦੀ ਜਮਾਤੀ ਨਫਰਤ ਅਤੇ ਇਸ ਪਿਛਾਖੜੀ ਨਿਜ਼ਾਮ ਨੂੰ ਬਦਲਣ ਦੀ ਜ਼ੋਰਦਾਰ ਧੂਹ ਦਾ ਮੂੰਹ-ਜ਼ੋਰ ਇਜ਼ਹਾਰ ਹੁੰਦਾ ਹੈ। ਇਸ ਲਈ, ਪੰਜਾਬੀ ਸਾਹਿਤਕ ਹਲਕਿਆਂ ਦੇ ਇੱਕ ਹਿੱਸੇ ਵੱਲੋਂ ਉਸਦੀ ਰਚਨਾ ਨੂੰ ਨਾਹਰੇਬਾਜ਼ੀ ਕਹਿੰਦਿਆਂ ਉਂਗਲਾਂ ਉਠਾਈਆਂ ਗਈਆਂ। ਪਰ ਉਹ ਆਪਣੀ ਮਸਤ ਚਾਲ ਤੁਰਿਆ ਗਿਆ। ਕਿਉਂਕਿ ਉਸ ਦੀ ਐਲਾਨੀਆ ਪ੍ਰਤੀਬੱਧਤਾ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਨਾਲ ਸੀ। ਇਹਨਾਂ ਲੋਕਾਂ ਦੀ ਲੁੱਟ ਅਤੇ ਦਾਬੇ ਦੇ ਜੂਲੇ ਤੋਂ ਇਨਕਲਾਬੀ ਬੰਦਖਲਾਸੀ ਨਾਲ ਸੀ। ਇਸ ਕਰਕੇ, ਉਸ ਵੱਲੋਂ ਅਜਿਹੀਆਂ ਸਭ ਬੇਹੂਦਗੀਆਂ ਨੂੰ ਟਿੱਚ ਜਾਣਦਿਆਂ, ਆਪਣੀ ਕਾਵਿ-ਸਿਰਜਣਾ ਨੂੰ ਲੋਕਾਂ ਦੀਆਂ ਦੁੱਖਾਂ-ਤਕਲੀਫਾਂ, ਲੋਕਾਂ ਦੀ ਜਮਾਤੀ ਨਫਰਤ, ਸਮਾਜਿਕ ਤਬਦੀਲੀ ਲਈ ਮਘਦੀ-ਭਖਦੀ ਤਾਂਘ, ਇਨਕਲਾਬੀ ਲਹਿਰ ਨੂੰ ਖ਼ੂਨ ਵਿੱਚ ਡੁਬੋਣ 'ਤੇ ਉਤਾਰੂ ਸਮੇਂ ਦੇ ਹਾਕਮਾਂ ਦੇ ਜਬਰ ਅਤੇ ਤਸ਼ੱਦਦ ਅਤੇ ਇਸ ਜਬਰ-ਜ਼ੁਲਮ ਖਿਲਾਫ ਲੋਕਾਂ ਵਿੱਚ ਉੱਸਲਵੱਟੇ ਲੈਂਦੀ ਨਾਬਰੀ ਦੇ ਪ੍ਰਤੀਕਰਮ ਨੂੰ ਬਿਨਾ ਰੱਖ-ਰਖਾਅ ਅਤੇ ਪੂਰੀ ਨਿੱਡਰਤਾ ਨਾਲ ਚਿਤਰਨ ਦੇ ਲੇਖੇ ਲਾਉਂਦਿਆਂ, ਉਹਨਾਂ ਲਿਖਾਰੀਆਂ ਨਾਲੋਂ ਲਕੀਰ ਖਿੱਚਵਾਂ ਨਿਖੇੜਾ ਕੀਤਾ ਗਿਆ, ਜਿਹੜੇ ਇੱਕ ਹੱਥ ਲੋਕ-ਹਿੱਤਾਂ ਅਤੇ ਇਨਕਲਾਬੀ ਲਹਿਰ ਨਾਲ ਪ੍ਰਤੀਬੱਧਤਾ ਦੀ ਪੁਸ਼ਾਕ ਵੀ ਸਜਾਈ ਫਿਰਦੇ ਸਨ ਪਰ ਦੂਜੇ ਹੱਥ ਆਪਣੇ 'ਰੁਜ਼ਗਾਰਵਾਦ ਦੇ ਛਕੜੇ' ਨੂੰ ਮੂਧਾ ਵੱਜਣ ਦੇ ਧੁੜਕੂ ਨਾਲ ਭੈਅ-ਭੀਤ ਹੁੰਦਿਆਂ, ਆਪਣੀਆਂ ਕਿਰਤਾਂ ਨੂੰ ਵੱਢ-ਤਰਾਸ਼ ਕੇ ਜਰਵਾਣੇ ਹਾਕਮਾਂ ਵੱਲੋਂ ਕਾਬਲੇ ਮਨਜੂਰ ਕਲਬੂਤ ਦੇ ਮੇਚਦੀਆਂ ਬਣਾ ਕੇ ਪੇਸ਼ ਕਰਨ ਦੇ ਆਹਰ ਲੱਗੇ ਹੋਏ ਸਨ ਅਤੇ ਉਸਦੀ ਕਾਵਿ-ਕਲਾ ਨੂੰ ਨਾਹਰੇਬਾਜ਼ੀ ਅਤੇ ਤੁੱਛ ਕਹਿ ਕੇ ਆਇਆ-ਗਿਆ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਸਨ। ਉਦਾਸੀ ਦੀ ਕਾਵਿ-ਰਚਨਾ ਦੀ ਇੱਕ ਕਾਬਲੇ-ਜ਼ਿਕਰ ਸਿਫਤ ਇਹ ਹੈ ਕਿ ਉਸ ਵੱਲੋਂ ਸਿੱਖ ਲਹਿਰ ਦੇ ਸੰਗਰਾਮੀ ਵਿਰਸੇ ਦੀਆਂ ਜੁਝਾਰੂ ਰਵਾਇਤਾਂ ਨੂੰ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਅੰਦਰ ਪਰੋਅ ਕੇ ਪੇਸ਼ ਕੀਤਾ ਗਿਆ ਹੈ। ਸਿੱਖ ਲਹਿਰ ਆਪਣੇ ਸਮਿਆਂ ਵਿੱਚ ਰਜਵਾੜਾਸ਼ਾਹੀ-ਜਾਗੀਰਦਾਰੀ ਦੀ ਲੁੱਟ, ਦਾਬੇ ਅਤੇ ਜ਼ੁਲਮਾਂ ਖਿਲਾਫ ਦੱਬੇ ਕੁਚਲੇ ਕਿਸਾਨਾਂ, ਕਾਮਿਆਂ ਅਤੇ ਛੋਟੇ ਮੋਟੇ ਕਾਰੋਬਾਰੀਆਂ ਦੀ ਜਮਾਤੀ ਜੱਦੋਜਹਿਦ ਦੀ ਇੱਕ ਸ਼ਾਨਦਾਰ ਵੀਰ-ਗਾਥਾ ਹੈ। ਚਾਹੇ ਅਧਿਆਤਮਿਕ ਵਿਚਾਰਧਾਰਾ ਸਿੱਖ ਲਹਿਰ ਦਾ ਇੱਕ ਪ੍ਰੇਰਨਾ ਸਰੋਤ ਸੀ। ਉਹਨਾਂ ਸਮਿਆਂ ਵਿੱਚ ਅਜਿਹਾ ਹੋਣਾ ਐਨ ਸੁਭਾਵਿਕ ਸੀ। ਪਰ ਸਿੱਖ ਲਹਿਰ ਵੱਲੋਂ ਹੱਕ-ਸੱਚ ਲਈ, ਮਿਸਾਲੀ ਦ੍ਰਿੜਤਾ, ਸਿਰੜ ਅਤੇ ਸਿਦਕਦਿਲੀ ਨਾਲ ਜਮਾਤੀ ਦੁਸ਼ਮਣਾਂ ਖਿਲਾਫ ਜੂਝਣ ਦੀਆਂ ਪਾਈਆਂ ਗਈਆਂ ਸੰਗਰਾਮੀ ਪਿਰਤਾਂ ਅੱਜ ਪੰਜਾਬੀ ਕੌਮ ਅਤੇ ਇਨਕਲਾਬੀ ਲਹਿਰ ਦੀ ਕਾਬਲੇ-ਫ਼ਖਰ ਵਿਰਾਸਤ ਦਾ ਅਨਮੋਲ ਹਿੱਸਾ ਹਨ। ਅੱਜ ਸਾਮਰਾਜੀ ਜੀ ਹਜ਼ੂਰੀਏ ਹਾਕਮਾਂ, ਉਹਨਾਂ ਦੇ ਜ਼ਰਖਰੀਦ ਬੁੱਧੀਜੀਵੀਆਂ ਅਤੇ ਉਹਨਾਂ ਦੇ ਢਹੇ ਚੜੇ ਕੁੱਝ ਸਿੱਖ ਫਿਰਕੂ ਜਨੂੰਨੀ ਅਨਸਰਾਂ ਵੱਲੋਂ ਇਹਨਾਂ ਸ਼ਾਨਾਂਮੱਤੀਆਂ ਜੁਝਾਰ ਪਿਰਤਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ ਜਾਂ ਉਹਨਾਂ ਨੂੰ ਪੰਜਾਬ ਦੇ ਇਤਿਹਾਸ ਦੇ ਸੰਗਰਾਮੀ ਪੱਤਰਿਆਂ 'ਚੋਂ ਖਾਰਜ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਲਈ, ਨਾ ਸਿਰਫ ਇਤਿਹਾਸਕ ਖੇਤਰ ਅੰਦਰ, ਸਗੋਂ ਸਾਹਿਤ-ਰਚਨਾ ਦੇ ਖੇਤਰ ਅੰਦਰ ਵੀ ਇਹਨਾਂ ਸੰਗਰਾਮੀ ਪਿਰਤਾਂ ਨੂੰ ਉਚਿਆਉਣ ਅਤੇ ਅਜੋਕੇ ਦੌਰ ਅੰਦਰ ਇਹਨਾਂ ਦੀ ਪ੍ਰਸੰਗਕਿਤਾ ਨੂੰ ਉਭਾਰਨ ਅਤੇ ਪੇਸ਼ ਕਰਨ ਦੀ ਜ਼ੁੰਮੇਵਾਰੀ ਵਿਸ਼ੇਸ਼ ਕਰਕੇ ਖਰੇ ਲੋਕ-ਹਿਤੈਸ਼ੀ, ਪੰਜਾਬੀ ਕੌਮਪ੍ਰਸਤ ਅਤੇ ਇਨਕਲਾਬੀ ਲੇਖਕਾਂ ਸਿਰ ਆਇਦ ਹੁੰਦੀ ਹੈ। ਸੰਤ ਰਾਮ ਉਦਾਸੀ ਵੱਲੋਂ ਇਸ ਜ਼ਿੰਮੇਵਾਰੀ ਨੂੰ ਹੁੰਗਾਰਾ ਦਿੱਤਾ ਗਿਆ ਅਤੇ ਸਿੱਖ ਲਹਿਰ ਦੀਆਂ ਸੰਗਰਾਮੀ ਪਿਰਤਾਂ ਨੂੰ ਆਪਣੀ ਕਾਵਿ-ਰਚਨਾ ਅੰਦਰ ਗੁੰਦ ਕੇ ਪੇਸ਼ ਕੀਤਾ ਗਿਆ।

ਉਸਦੀ ਕਵਿਤਾ ਦੀ ਇੱਕ ਹੋਰ ਉੱਭਰਵੀਂ ਸਿਫਤ ਇਹ ਹੈ ਕਿ ਉਸ ਵੱਲੋਂ ਆਪਣੀ ਕਾਵਿ-ਰਚਨਾ ਵਿੱਚ ਦੱਬੇ ਕੁਚਲੇ ਲੋਕਾਂ ਦੀ ਦੁਰਦਸ਼ਾ, ਇਸ ਦੁਰਦਸ਼ਾ ਖਿਲਾਫ ਉਹਨਾਂ ਅੰਦਰ ਉਬਾਲੇ ਖਾਂਦੀ ਨਫਰਤ ਅਤੇ ਵਿਦਰੋਹ ਦੀ ਭਾਵਨਾ ਅਤੇ ਇਸ ਤੋਂ ਮੁਕਤੀ ਲੋਚਦੀ ਜ਼ੋਰਦਾਰ ਤਾਂਘ ਦੀ ਹੀ ਪੇਸ਼ਕਾਰੀ ਨਹੀਂ ਕੀਤੀ ਗਈ, ਸਗੋਂ ਇਹਨਾਂ ਦੱਬੇ-ਕੁਚਲੇ ਲੋਕਾਂ ਦਾ ਅੱਧ ਬਣਦੀਆਂ ਔਰਤਾਂ ਦੀ ਹਾਲਤ-ਬਿਆਨੀ ਨੂੰ ਬਹੁਤ ਹੀ ਅਹਿਮ ਸਥਾਨ ਦਿੱਤਾ ਗਿਆ ਹੈ। ਉਸਦੀਆਂ ਕਈ ਰਚਨਾਵਾਂ ਔਰਤਾਂ ਦੀ ਦੂਹਰੀ ਗੁਲਾਮੀ (ਹਾਕਮ ਜਮਾਤੀ ਦਾਬੇ ਅਤੇ ਪਿਤਾਪੁਰਖੀ/ਮਰਦ ਪ੍ਰਧਾਨ ਸਮਾਜਿਕ ਦਾਬੇ) ਕਰਕੇ ਔਰਤਾਂ ਨਾਲ ਹੁੰਦੇ ਧੱਕੇ ਅਤੇ ਵਿਤਕਰੇ, ਇਹਨਾਂ ਦੋਵਾਂ ਦਾਬਿਆਂ 'ਚੋਂ ਪਹਿਲੇ ਦੀ ਭਾਰੂ ਹੈਸੀਅਤ ਕਰਕੇ ਔਰਤਾਂ 'ਤੇ ਹੁੰਦੇ ਜਿਨਸੀ ਅੱਤਿਆਚਾਰ, ਇਸ ਦੂਹਰੀ ਗੁਲਾਮੀ ਖਿਲਾਫ ਔਰਤਾਂ ਅੰਦਰ ਉੱਸਲਵੱਟੇ ਲੈਂਦੀ ਅਤੇ ਮੂੰਹਾਂ ਭਾਲਦੀ ਨਫਰਤ ਅਤੇ ਇਸ ਦੂਹਰੀ ਗੁਲਾਮੀ ਦੇ ਜੂਲੇ ਨੂੰ ਵਗਾਹ ਮਾਰਨ ਦੀ ਲੋਚਾ ਅਤੇ ਤਾਂਘ ਨੂੰ ਕਮਾਲ ਦੀ ਕਾਵਿਕ ਸੋਝੀ ਨਾਲ ਪੇਸ਼ ਕੀਤਾ ਗਿਆ ਹੈ। ਉਦਾਸੀ ਦੀ ਇਹ ਕਵਿਤਾ ਜਿੱਥੇ ਇਸ ਹਾਕਮ ਜਮਾਤੀ ਦਾਬੇ ਅਤੇ ਜਬਰੋ-ਜ਼ੁਲਮ ਅਤੇ ਪਿਤਾਪੁਰਖੀ ਮੱਧਯੁੱਗੀ-ਜਾਗੀਰੂ ਕਦਰਾਂ-ਕੀਮਤਾਂ ਦੇ ਦੂਹਰੀ ਗੁਲਾਮੀ ਦੇ ਸੰਗਲਾਂ ਨੂੰ ਤੋੜ ਦੇਣ ਲਈ ਔਰਤਾਂ ਨੂੰ ਵੰਗਾਰਦੀ ਹੈ, ਉੱਥੇ ਇਸ ਜ਼ੁਲਮ ਅਤੇ ਦਾਬੇ ਦੀਆਂ ਸਤਾਈਆਂ ਔਰਤਾਂ, ਵਿਸ਼ੇਸ਼ ਕਰਕੇ ਕਿਰਤੀ ਔਰਤਾਂ ਵੱਲੋਂ ਇਸ ਵੰਗਾਰ ਨੂੰ ਕਬੂਲਦਿਆਂ, ਮੁਕਤੀ ਲਈ ਅੰਗੜਾਈ ਲੈ ਰਹੀਆਂ ਔਰਤਾਂ ਦੀ ਹੇਕ ਬਣ ਗੂੰਜਦੀ ਹੈ।

ਸਮਾਜ ਦੇ ਸਭ ਤੋਂ ਵੱਧ ਨਪੀੜੇ ਅਤੇ ਲੁੱਟੇ-ਲਤਾੜਿਆਂ ਦੀ ਮੰਦਹਾਲੀ, ਉਹਨਾਂ ਦੀਆਂ ਆਸਾਂ-ਉਮੀਦਾਂ, ਉਹਨਾਂ ਦੇ ਵਲਵਲਿਆਂ, ਨਾਬਰੀ ਅਤੇ ਮੁਕਤੀ ਸੰਗਰਾਮ ਨੂੰ ਆਪਣੀ ਕਾਵਿ-ਕਲਾ ਰਾਹੀਂ ਗਾਉਣ ਅਤੇ ਜੀਣ ਵਾਲਾ ਇਹ ਇਨਕਲਾਬੀ ਲੋਕ-ਕਵੀ ਜਿਸ ਕਿਸਮ ਦੀ ਕਦਰ ਦਾ ਹੱਕਦਾਰ ਸੀ, ਪੰਜਾਬ ਦੀ ਇਨਕਲਾਬੀ ਲਹਿਰ ਅਤੇ ਇਨਕਲਾਬੀ ਸਾਹਿਤਕ ਹਲਕਿਆਂ ਵੱਲੋਂ ਉਸਦੀ ਉਹੋ ਜਿਹੀ ਕਦਰ ਨਹੀਂ ਪਾਈ ਗਈ। ਲੋਕਾਂ ਦੇ ਇੱਕ ਸਿਰਕੱਢ ਇਨਕਲਾਬੀ ਲੋਕ ਕਵੀ ਵਜੋਂ ਨਾ ਉਦਾਸੀ ਨੂੰ ਬਣਦੀ ਅਹਿਮੀਅਤ ਦਿੱਤੀ ਗਈ ਹੈ ਅਤੇ ਨਾ ਹੀ ਉਸਦੀ ਕਾਵਿ-ਰਚਨਾ ਨੂੰ ਬਣਦੀ ਅਹਿਮੀਅਤ ਦਿੱਤੀ ਗਈ ਹੈ। ਇਨਕਲਾਬੀ ਲਹਿਰ ਦੇ ਕੁੱਝ ਖੈਰ-ਖੁਆਹ ਅਤੇ ਉਦਾਸੀ ਅਤੇ ਉਸਦੀ ਕਾਵਿ-ਰਚਨਾ ਦੇ ਕਦਰਦਾਨ ਕੁੱਝ ਸੱਜਣਾਂ ਵੱਲੋਂ ਉਸ ਦੀਆਂ ਰਚਨਾਵਾਂ ਨੂੰ ਛਪਵਾਉਣ ਅਤੇ ਇਹਨਾਂ ਸਬੰਧੀ ਗੋਸ਼ਟੀਆਂ ਕਰਵਾਉਣ ਦੇ ਸਲਾਹੁਣਯੋਗ ਉਪਰਾਲੇ ਕੀਤੇ ਗਏ ਹਨ। ਇਹਨਾਂ ਉਸਾਰੂ ਉਪਰਾਲਿਆਂ ਦੇ ਅਮਲ ਨੂੰ ਅੱਗੇ ਤੋਰਨ ਅਤੇ ਹੋਰ ਸੁਚਾਰੂ ਸ਼ਕਲ ਦੇਣ ਦੀ ਲੋੜ ਸੀ। ਇਨਕਲਾਬੀ ਹਲਕਿਆਂ ਵੱਲੋਂ ਇਸ ਲੋੜ ਨੂੰ ਬਣਦਾ ਹੁੰਗਾਰਾ ਦਿੱਤਾ ਜਾਣਾ ਚਾਹੀਦਾ ਸੀ, ਜਿਹੜਾ ਨਹੀਂ ਦਿੱਤਾ ਗਿਆ।

ਅੱਜ ਵੀ ਸਮੇਂ ਦੀ ਲੋੜ ਹੈ ਕਿ ਉਦਾਸੀ ਅਤੇ ਉਸਦੇ ਇਸ ਇਨਕਲਾਬੀ ਲੋਕ-ਕਾਵਿ ਦੀ ਕਦਰ ਪਾਈ ਜਾਵੇ। ਉਸਦੀ ਕਾਵਿ-ਕਲਾ ਨੂੰ ਉਭਾਰਿਆ ਜਾਵੇ, ਇਨਕਲਾਬੀ ਲਹਿਰ ਦੀਆਂ ਸਟੇਜਾਂ ਦਾ ਅੰਗ ਬਣਾਇਆ ਜਾਵੇ। ਗੀਤ-ਸੰਗੀਤ ਅਤੇ ਕੋਰੀਓਗ੍ਰਾਫੀ ਦਾ ਵਿਸ਼ਾ ਬਣਾਇਆ ਜਾਵੇ। ਸਾਹਿਤ-ਗੋਸ਼ਟੀਆਂ ਰਾਹੀਂ ਇਸਦੀ ਇਨਕਲਾਬੀ ਲੋਕ-ਕਾਵਿ ਵਜੋਂ ਕਦਰ ਦੀ ਅਹਿਮੀਅਤ ਨੂੰ ਉਘਾੜਿਆ, ਪ੍ਰਚਾਰਿਆ ਜਾਵੇ। ਇਹਨਾਂ ਸੁਵੱਲੜੀਆਂ ਕੋਸ਼ਿਸ਼ਾਂ ਨੇ ਆਪਣਾ ਰੰਗ ਲਾਜ਼ਮੀ ਦਿਖਾਉਣਾ ਹੈ। ਉਦਾਸੀ ਦੀ ਕਾਵਿ-ਕਲਾ ਵਿੱਚ ਦੱਬੇ-ਕੁਚਲੇ ਲੋਕਾਂ ਦੇ ਅਨੁਭਵ ਅਤੇ ਰੂਹ ਨੂੰ ਝੰਜੋੜਨ, ਇਨਕਲਾਬੀ ਜਜ਼ਬਿਆਂ ਨੂੰ ਸਾਣ 'ਤੇ ਲਾਉਣ ਅਤੇ ਸਮਾਜਿਕ ਤਬਦੀਲੀ ਲਈ ਜੂਝ ਮਰਨ ਲਈ ਪ੍ਰੇਰਨਾ ਮੁਹੱਈਆ ਕਰਨ ਦੀ ਤਾਕਤ ਹੈ, ਬਸ਼ਰਤੇ ਇਸਦੀ ਸੁਚੇਤ ਅਤੇ ਸੁਚੱਜੀ ਵਰਤੋਂ ਕਰਨ ਦਾ ਬੀੜਾ ਚੁੱਕਿਆ ਜਾਵੇ।

(ਨੋਟ- ਸੰਤ ਰਾਮ ਉਦਾਸੀ ਦੀ ਸ਼ਾਨਦਾਰ ਅਤੇ ਕਾਬਲੇ-ਫ਼ਖ਼ਰ ਇਨਕਲਾਬੀ ਕਾਵਿ-ਰਚਨਾ ਸਬੰਧੀ ਉਪਰੋਕਤ ਅਤਿ ਸੰਖੇਪ ਅਤੇ ਚਲੰਤ ਟਿੱਪਣੀਆਂ ਨਾ ਉਸਦੀ ਕਾਵਿ-ਰਚਨਾ ਦੇ ਸਮੁੱਚੇ ਸਾਰਤੱਤ ਨੂੰ ਪੇਸ਼ ਕਰਦੀਆਂ ਹਨ ਅਤੇ ਨਾ ਹੀ ਉਸਦਾ ਮੁਲੰਕਣ ਬਣਦੀਆਂ ਹਨ। -ਲੇਖਕ)


GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London Sabzi Bazaar

LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON



ਹਰੀਪਾਲ
403-714-4816

# ਗਰੀਬੀ ਦਾ ਕਾਲ਼ ਚੱਕਰ



ਕਹਿੰਦੇ ਹਨ ਕਿ ਮਹਾਂ ਭਾਰਤ ਦੇ ਯੁੱਧ ਵੇਲੇ ਕੌਰਵਾਂ ਨੇ ਇਕ ਬੜੀ ਕੁਤਨੀਤਿਕ ਚਾਲ ਚੱਲੀ। ਉਹਨਾਂ ਨੇ ਅਰਜਣ ਦੇ ਪੁੱਤਰ ਅਭਿਮਨਿਊ ਨੂੰ ਕਤਲ ਕਰਨ ਲਈ ਲੜਾਕਿਆਂ ਦਾ ਇੱਕ ਚੱਕਰਵਿਊ ਬਣਾ ਲਿਆ। ਅਭਿਮਨਿਊ ਇਮਾਨਦਾਰੀ ਨਾਲ਼ ਲੜਦਾ ਲੜਦਾ ਜਦ ਅੱਗੇ ਵਧਦਾ ਗਿਆ ਤਾਂ ਉਸ ਚੱਕਰਵਿਊ ਵਿੱਚ ਫਸ ਗਿਆ, ਹੁਣ ਨਿਕਲਣ ਦਾ ਰਸਤਾ ਕੋਈ ਨਹੀਂ ਸੀ ਅਤੇ ਦੁਸ਼ਮਣਾਂ ਨੇ ਉਸ ਨੂੰ ਬਹੁਤ ਬੁਰੀ ਤਰਾਂ ਮਾਰ ਦਿੱਤਾ। ਇਹੀ ਕਾਲ਼ ਚੱਕਰ ਗਰੀਬਾਂ ਦੇ ਦੁਆਲ਼ੇ ਬੁਣਿਆ ਜਾਂਦਾ ਹੈ. ਆਮ ਪਿੰਡਾਂ ਜਾਂ ਕਸਬਿਆਂ ਵਿੱਚ ਥੋੜੇ ਬਹੁਤ ਪੈਸੇ ਵਾਲ਼ੇ ਇਹੋ ਜਿਹਾ ਚੱਕਰ ਗਰੀਬਾਂ ਦੇ ਦੁਆਲ਼ੇ ਬੁਣ ਲੈਂਦੇ ਹਨ, ਹੁਣ ਇਸ ਚੱਕਰਵਿਊ ਵਿੱਚ ਗਰੀਬ ਨੂੰ ਮਰਨ ਨਹੀਂ ਦਿੱਤਾ ਜਾਂਦਾ, ਨਾਂ ਹੀ ਨਿਕਲਣ ਦਿੱਤਾ ਜਾਂਦਾ ਹੈ, ਜਿੰਨਾ ਵੀ ਗਰੀਬ ਆਦਮੀ ਇਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਓਨੀ ਹੀ ਬੁਰੀ ਤਰਾਂ ਇਸ ਚੱਕਰਵਿਊ ਵਿੱਚ ਉਲਝਦਾ ਜਾਂਦਾ ਹੈ।

ਫਰਜ਼ ਕਰੋ ਕੋਈ ਬੰਦਾ ਬਹੁਤ ਵਧੀਆ ਕਾਮਾ ਹੈ, ਮਿਹਨਤੀ ਵੀ ਹੈ ਇਮਾਨਦਾਰ ਵੀ ਹੈ, ਇਹੋ ਜਿਹਾ ਕਾਮਾ ਜੇਕਰ ਕਿਸੇ ਨੂੰ ਮਿਲ਼ ਜਾਵੇ ਤਾਂ ਮਾਲਕ ਉਸ ਕਾਮੇ ਨੂੰ ਗੰਵਾਉਣਾ ਨਹੀਂ ਚਾਹੁੰਦਾ। ਹੁਣ ਇਹੋ ਜਿਹਾ ਕਾਮੇ ਨੂੰ ਹਮੇਸ਼ਾ ਲਈ ਰੱਖਣ ਲਈ, ਮਾਲਕ ਇਹੋ ਜਿਹਾ ਜਾਲ਼ ਬੁਣਦਾ ਹੈ ਕਿ ਕਾਮੇ ਨੂੰ ਵੀ ਪਤਾ ਨਹੀਂ ਲੱਗਦਾ। ਮਾਲਕ ਉਸ ਨਾਲ਼ ਬਹੁਤ ਵਧੀਆ ਸਲੂਕ ਕਰਦਾ ਹੈ, ਤਨਖਾਹ ਵੀ ਵਧੀਆ ਦਿੰਦਾ ਹੈ। ਪਰ ਇੱਕ ਗੱਲ ਮਾਲਕ ਦੇ ਦਿਮਾਗ ਵਿੱਚ ਜ਼ਰੂਰ ਰਹਿੰਦੀ ਹੈ ਕਿ ਕਾਮੇ ਨੇ ਜੇਕਰ ਪੈਸੇ ਜੋੜ ਲਏ ਤਾਂ ਉਹ ਮੇਰਾ ਕੰਮ ਛੱਡ ਕੇ ਕੋਈ ਹੋਰ ਕੰਮ ਕਰ ਲਵੇਗਾ ਅਤੇ ਮੈਂ ਐਨਾ ਵਧੀਆ ਕਾਮਾ ਗੁਆ ਲਵਾਂਗਾ। ਫਰਜ਼ ਕਰੋ ਕਾਮੇ ਦਾ ਨਾਂ ਰਾਮੂ ਹੈ ਅਤੇ ਮਾਲਕ ਦਾ ਨਾਮ ਸੇਠ ਧੰਨਪਤ ਹੈ। ਇੱਕ ਗੱਲ ਹੋਰ, ਅੱਜ ਕਲ੍ਹ ਕਾਮੇ ਚਾਹੇ ਫੈਕਟਰੀ ਵਿੱਚ ਹੋਣ ਚਾਹੇ ਖੇਤਾਂ ਵਿੱਚ ਕੰਮ ਕਰਦੇ ਹੋਣ, ਤਨਖਾਹ ਮਹੀਨਾਵਾਰ ਹੀ ਲੈਂਦੇ ਹਨ। ਸੇਠ ਧੰਨਪਦ ਨੂੰ ਪਤਾ ਹੈ ਕਿ ਘਰ ਦਾ ਖਰਚ ਅਤੇ ਕਿਰਾਇਆ ਕੱਢ ਕੇ ਰਾਮੂ ਨੂੰ ਦੋ ਢਾਈ ਹਜ਼ਾਰ ਬਚ ਜਾਂਦਾ ਹੈ। ਇਹ ਦੋ ਢਾਈ ਹਜ਼ਾਰ ਧੰਨਪਦ ਨੂੰ ਖੜਕਦਾ ਹੈ, ਉਸ ਨੂੰ ਲਗਦਾ ਹੈ ਇਸਤਰਾਂ ਤਾਂ ਰਾਮੂ ਦੋ ਚਾਰ ਸਾਲ ਤੱਕ ਪੈਸੇ ਜੋੜ ਕੇ ਸਕੂਟਰ ਰੇੜ੍ਹਾ ਲੈ ਲਵੇਗਾ ਅਤੇ ਉਹ (ਧੰਨਪਦ) ਇੱਕ ਇਮਾਨਦਾਰ ਕਾਮਾ ਗੁਆ ਲਵੇਗਾ, ਹੁਣ ਕਿਸੇ ਤਰੀਕੇ ਸੇਠ ਰਾਮੂ ਦੀ ਬੱਚਤ ਨੂੰ ਰੋਕਣਾ ਚਾਉਂਦਾ ਹੈ। ਧੰਨਪਦ ਦੇ ਦਿਮਾਗ ਵਿੱਚ ਇੱਕ ਸ਼ਰਾਰਤ ਸੁੱਝਦੀ ਹੈ, ਧੰਨਪਦ ਰਾਮੂ ਨੂੰ ਹੁਣ ਜਦ ਚਾਹ ਵਗੈਰਾ ਦਿੰਦਾ ਹੈ ਤਾਂ ਉਹ ਚਾਹ ਵਿੱਚ ਭੋਰਾ ਕੁ ਭੁੱਕੀ ਜਾਂ ਅਫੀਮ ਪਾ ਦਿੰਦਾ ਹੈ, ਕਿਓਂਕਿ ਰਾਮੂ ਨੇ ਪਹਿਲਾਂ ਕਦੇ ਨਸ਼ਾ ਪੱਤਾ ਨਹੀਂ ਸੀ ਕੀਤਾ ਅਤੇ ਸੇਠ ਧੰਨਪਦ ਦੀ ਚਾਹ ਪੀ ਕੇ ਉਸ ਨੂੰ ਇੰਜ ਖਾਸ ਤਰਾਂ ਦੀ ਤਾਕਤ ਮਿਲ਼ਦੀ ਹੈ ਤੇ ਰਾਮੂ ਉਸ ਤਾਕਤ ਨੁਮਾ ਨਸ਼ੇ ਦਾ ਆਦੀ ਹੋ ਜਾਂਦਾ ਹੈ। ਇਹ ਸਿਲਸਿਲਾ ਉਨ੍ਹਾਂ ਚਿਰ ਚੱਲਦਾ ਹੈ ਜਦ ਸੇਠ ਨੂੰ ਪੂਰਾ ਯਕੀਨ ਨਹੀਂ ਹੋ ਜਾਂਦਾ, ਫਿਰ ਇੱਕ ਦਿਨ ਅਜਿਹਾ ਆਉਂਦਾ ਹੈ ਕਿ ਸੇਠ ਰਾਮੂ ਦੀ ਚਾਹ ਵਿੱਚ ਅਫੀਮ ਨਹੀਂ ਪਾਉਂਦਾ। ਅੱਜ ਰਾਮੂ ਨੂੰ ਚਾਹ ਪੀ ਕੇ ਪਹਿਲਾਂ ਵਾਲ਼ਾ ਹੁਲਾਰਾ ਨਹੀਂ ਮਿਲ਼ਦਾ। ਰਾਮੂ ਸੇਠ ਪਹਿਲਾਂ ਵਾਲ਼ੀ ਚਾਹ ਦੀ ਮੰਗ ਕਰਦਾ ਹੈ ਤੇ ਸੇਠ ਧੰਨਪਦ ਰਾਮੂ ਨੂੰ ਕਹਿੰਦਾ ਹੈ ਕਿ ਜਿਹੜੀ ਚੀਜ ਮੈਂ ਚਾਹ ਵਿੱਚ ਪਾਉਂਦਾ ਸੀ ਉਸ ਤੇ 50 ਰੁਪਏ ਲੱਗਦੇ ਹਨ, ਰਾਮੂ ਜਿਹੜਾ ਕਿ ਅਫੀਮ ਦਾ ਆਦੀ ਹੋ ਗਿਆ ਸੀ ਸੇਠ ਨੂੰ ਕਹਿੰਦਾ ਹੈ ਕਿ ਕੋਈ ਗੱਲ ਨਹੀਂ 50 ਰੁਪਏ ਰੋਜ਼ ਦੇ ਮੇਰੀ ਦਿਹਾੜੀ ਵਿੱਚੋਂ ਕੱਟ ਲਿਆ ਕਰੋ ਪਰ ਮੈਨੂੰ ਪਹਿਲਾਂ ਵਾਲ਼ੀ ਚਾਹ ਦਿਆ ਕਰੋ, ਚਲੋ ਜੀ ਹੁਣ ਰਾਮੂ ਦੀ ਜਿਹੜੀ ਬੱਚਤ ਹੁੰਦੀ ਸੀ ਉਹ ਖ਼ਤਮ ਹੋ ਗਈ ਅਤੇ ਰਾਮੂ ਸਾਰੀ ਉਮਰ ਲਈ ਸੇਠ ਦਾ ਬੰਧੂਆਂ ਮਜ਼ਦੂਰ ਬਣ ਗਿਆ।

ਹੁਣ ਇੱਕ ਹੋਰ ਮਜ਼ਦੂਰ ਫੱਤੇ ਦੀ ਗੱਲ ਕਰਦੇ ਹਾਂ। ਫੱਤਾ ਵੀ ਬੇਹੱਦ ਇਮਾਨਦਾਰ ਅਤੇ ਮਿਹਨਤੀ ਮਜ਼ਦੂਰ ਹੈ। ਫੱਤੇ ਦਾ ਮਾਲਕ ਸ਼ਮਸ਼ੇਰ ਵੀ ਫੱਤੇ ਨੂੰ ਕਿਸੇ ਵੀ ਹਾਲਤ ਗੁਆਉਣਾ ਨਹੀਂ ਚਾਉਂਦਾ। ਨਸ਼ੇ ਪੱਤੇ ਦਾ ਕੋਈ ਚੱਕਰ ਫੱਤੇ ਤੇ ਨਹੀਂ ਚਲਦਾ। ਸ਼ਮਸ਼ੇਰ ਫੱਤੇ ਨੂੰ ਕਹਿੰਦਾ ਹੈ ਕਿ ਕਿਉਂ ਕਰਾਏ ਦੇ ਮਕਾਨ ਵਿੱਚ ਰਹਿੰਦਾ ਹੈਂ, ਆਪਦਾ ਘਰ ਲੈ ਲੈਣਾ ਚਾਹੀਦਾ ਹੈਂ। ਜਦ ਫੱਤਾ ਪੈਸੇ ਦੀ ਮਜ਼ਬੂਰੀ ਦੀ ਗੱਲ ਕਰਦਾ ਹੈਂ ਤਾਂ ਮਾਲਕ ਕਹਿੰਦਾ ਹੈਂ, ਪੈਸੇ ਦੀ ਕੋਈ ਗੱਲ ਨਹੀਂ ਪੈਸੇ ਦਾ ਇੰਤਜ਼ਾਮ ਮੈਂ ਕਰ ਦੇਵਾਂਗਾ। ਸ਼ਮਸ਼ੇਰ ਫੱਤੇ ਨੂੰ ਕਿਸੇ ਦਾ ਪੁਰਾਣਾ ਜਿਹਾ ਘਰ ਚਾਰ ਲੱਖ ਦਾ ਲੈ ਦਿੰਦਾ ਹੈਂ ਅਤੇ ਚਾਰ ਲੱਖ ਸ਼ਮਸ਼ੇਰ ਫੱਤੇ ਨੂੰ ਦੋ ਪਰਸੈਂਟ ਤੇ ਵਿਆਜੂ ਦੇ ਦਿੰਦਾ ਹੈਂ। ਇੱਕ ਲੱਖ ਦੇ ਨੇੜੇ ਇਸ ਪੈਸੇ ਤੇ ਸਲਾਨਾ ਵਿਆਜ਼ ਪੈ ਜਾਂਦਾ ਹੈ। ਹੁਣ ਫੱਤਾ ਅਜਿਹੇ ਚੱਕਰਵਿਊ ਵਿੱਚ ਫਸ ਗਿਆ ਜਿਸ ਵਿੱਚੋਂ ਨਿਕਲਣਾ ਨਾਮੁਮਕਿਨ ਹੈ। ਬਹੁਤਾ ਚਾਨਸ ਇਹੀ ਹੈ ਕਿ ਫੱਤੇ ਤੋਂ ਘਰ ਦੇ ਪੈਸੇ ਨਹੀਂ ਦਿੱਤੇ ਜਾਣੇ, ਉਹ ਕੁੱਝ ਸਾਲ ਵਿਆਜ਼ ਭਰ ਕੇ ਹੱਥ ਖੜੇ ਕਰ ਦੇਵੇਗਾ। ਘਰ ਉਸਦਾ ਮਾਲਕ ਨੇ ਵਿਕਣ ਨਹੀਂ ਦੇਣਾ ਅਤੇ ਫੱਤਾ ਸਾਰੀ ਉਮਰ ਲਈ ਘਰ ਅਤੇ ਸ਼ਮਸ਼ੇਰ ਦੇ ਚੱਕਰ ਵਿੱਚ ਫਸ ਜਾਵੇਗਾ।

ਹੁਣ ਨਾਜ਼ਰ ਰਮਦਾਸੀਏ ਦੀ ਗੱਲ ਕਰਦੇ ਹਾਂ। ਨਾਜ਼ਰ ਦਾ ਬਾਪ ਤਰਸੇਮ ਭੱਠੇ ਵਾਲ਼ੇ ਦੇ ਨੌਕਰ ਹੈ। ਜਦ ਨਾਜ਼ਰ ਵੱਡਾ ਹੋ ਗਿਆ ਤਾਂ ਤਰਸੇਮ ਨੇ ਨਾਜ਼ਰ ਨੂੰ ਵੀ ਕੰਮ ਤੇ ਰੱਖ ਲਿਆ। ਏਥੇ ਇੱਕ ਗੱਲ ਸਾਫ ਕਰੀਏ ਤਰਸੇਮ ਦਾ ਕਾਰੋਬਾਰ ਖੇਤੀ ਹੈ, ਭੱਠੇ ਵਾਲ਼ਾ ਤਾਂ ਉਸ ਨੂੰ ਇਸ ਕਰਕੇ ਕਿਹਾ ਜਾਂਦਾ ਹੈ ਕਿ ਪਹਿਲੇ ਸਮੇਂ ਵਿੱਚ ਉਸਦੇ ਬਾਪ ਦਾ ਭੱਠਾ ਹੁੰਦਾ ਸੀ ਜਿਹੜਾ ਕਿ ਹੁਣ ਬੰਦ ਹੈ, ਪਰ ਲੋਕ ਇਸ ਪਰਿਵਾਰ ਨੂੰ ਅਜੇ ਵੀ ਭੱਠੇ ਵਾਲ਼ੇ ਹੀ ਕਹਿੰਦੇ ਹਨ। ਨਾਜ਼ਰ ਕੰਮ ਕਰਨ ਨੂੰ ਬਹੁਤ ਤਕੜਾ ਹੈ। ਤਰਸੇਮ ਦਾ ਦਿਮਾਗ ਇਹ ਸੋਚਦਾ ਰਹਿੰਦਾ ਹੈ ਕਿ ਜੇਕਰ ਨਾਜ਼ਰ ਦਾ ਬਾਪ ਬੁੱਢਾ ਹੋਣ ਕਰਕੇ ਕੰਮ ਛੱਡ ਗਿਆ ਤਾਂ ਨਾਜ਼ਰ ਉਸ ਦੀ ਜਗਾਹ ਲੈ ਲਵੇ ਅਤੇ ਮੈਨੂੰ ਨਵਾਂ ਕਾਮਾ ਲੱਭਣ ਦੀ ਖੇਚਲ ਨਾਂ ਕਰਨੀ ਪਵੇ। ਇੱਕ ਦਿਨ ਨਾਜ਼ਰ ਦੇ ਬਾਪ ਨੂੰ ਤਰਸੇਮ ਕਹਿੰਦਾ ਹੈ ਕਿ ਨਾਜ਼ਰ ਵਿਆਹ ਦੇ ਕਾਬਲ ਹੋ ਗਿਆ ਹੈ, ਉਸਦਾ ਵਿਆਹ ਕਰ ਦੇਣਾ ਚਾਹੀਦਾ ਹੈ। ਜਦ ਨਾਜ਼ਰ ਦਾ ਬਾਪੂ ਪੈਸੇ ਦੀ ਤੰਗੀ ਦੀ ਗੱਲ ਕਰਦਾ ਹੈ ਤਾਂ ਤਰਸੇਮ ਕਹਿੰਦਾ ਹੈ, ਪੈਸੇ ਦੀ ਪਰਵਾਹ ਨਾਂ ਕਰੀਂ, ਨਾਜ਼ਰ ਸਾਡਾ ਵੀ ਕੁੱਝ ਲੱਗਦਾ ਹੈ। ਚਲੋ ਜੀ ਨਾਜ਼ਰ ਦਾ ਬਾਪ ਤਰਸੇਮ ਤੋਂ ਪੰਜ ਹਜ਼ਾਰ ਰੁਪਏ ਲੈ ਕੇ ਨਾਜ਼ਰ ਦਾ ਵਿਆਹ ਕਰ ਦਿੰਦਾ ਹੈ। ਹੁਣ ਤਰਸੇਮ ਨੇ ਮਨਮਰਜ਼ੀ ਦਾ ਵਿਆਜ਼ ਲਾ ਕੇ ਬਾਪ ਬੇਟੇ ਦੋਹਾਂ ਦਾ ਅੰਗੂਠਾ ਲਗਵਾ ਲਿਆ। ਵਿਆਜ਼ ਦਾ ਚੱਕਰ ਇਸ ਤਰਾਂ ਬੁਣ ਦਿੱਤਾ ਜਾਂਦਾ ਹੈ ਕਿ ਨਾਜ਼ਰ ਨੂੰ ਕਰਜ਼ਾ ਲਾਹੁੰਦੇ ਨੂੰ ਦਸ ਸਾਲ ਲੱਗ ਜਾਂਦੇ ਹਨ। ਐਨੇ ਚਿਰ ਵਿੱਚ ਨਾਜ਼ਰ ਦਾ ਬੇਟਾ ਵੀ ਅੱਠ ਨੌਂ ਸਾਲ ਦਾ ਹੋ ਜਾਂਦਾ ਹੈ, ਹੁਣ ਤਰਸੇਮ ਦੀ ਨਿਗਾਹ ਨਾਜ਼ਰ ਦੇ ਬੇਟੇ ਤੇ ਹੈ ਕਿ ਇਸ ਨੂੰ ਵੀ ਮੱਝਾਂ ਦਾ ਪਾਲ਼ੀ ਰੱਖਾਂ। ਇਸ ਚੱਕਰ ਵਿੱਚੋਂ ਨਾਂ ਨਾਜ਼ਰ ਦਾ ਬਾਪ ਨਿਕਲ ਸਕਿਆ ਨਾਂ ਹੀ ਨਾਜ਼ਰ ਤੇ ਹੁਣ ਇਸ ਚੱਕਰਵਿਊ ਦੀ ਸਾਜ਼ਿਸ਼ ਨਾਜ਼ਰ ਦੇ ਬੇਟੇ ਦੁਆਲ਼ੇ ਵੀ ਸ਼ੁਰੂ ਹੋ ਜਾਂਦੀ ਹੈ। ਹੋਰ ਪਤਾ ਨਹੀਂ ਕਿੰਨੇ ਨਾਜ਼ਰ ਵਰਗਿਆਂ ਤੇ ਤਰਸੇਮ ਵਰਗੇ ਇਹੋ ਜਾਲ਼ ਬੁਣ ਰਹੇ ਹੋਣਗੇ।

ਹੁਣ ਆਪਾਂ ਮਿਲ਼ਦੇ ਹਾਂ ਸਰਦਾਰ ਸਤਵੰਤ ਸਿੰਘ ਨੂੰ, ਜਿਹੜੇ ਕਿ ਪਿਛਲੇ ਦਸ ਸਾਲਾਂ ਵਿੱਚ ਬੇਹੱਦ ਅਮੀਰ ਹੋ ਗਏ ਹਨ। ਇਹ ਜਿਸ ਸ਼ਹਿਰ ਨੁਮਾਂ ਕਸਬੇ ਵਿੱਚ ਰਹਿੰਦੇ ਹਨ, ਇੱਥੇ ਮੇਨ ਰੋਡ ਤੇ ਬਹੁਤ ਸਾਰੇ ਰੇਹੜੀਆਂ ਵਾਲ਼ੇ ਹਨ। ਸਰਦਾਰ ਸਤਵੰਤ ਸਿੰਘ ਜੀ ਇਹਨਾਂ ਨੂੰ ਸਵੇਰੇ ਸੌਦਾ ਪੱਤਾ ਲਿਆਉਣ ਲਈ ਪੰਜ ਪੰਜ ਹਜ਼ਾਰ ਰੁਪਏ ਦੇ ਦਿੰਦੇ ਹਨ ਅਤੇ ਸ਼ਾਮ ਨੂੰ ਛੇ ਛੇ ਹਜ਼ਾਰ ਵਸੂਲ ਕਰ ਲੈਂਦੇ ਹਨ, ਜਾਣੀ ਇੱਕ ਦਿਨ ਦਾ 20 ਪਰਸੈਂਟ। ਸਤਵੰਤ ਸਿੰਘ ਹੋਰਾਂ ਦੀ ਕੋਠੀ ਹਰ ਸਾਲ ਉਪਰ ਨੂੰ ਹੀ ਨਹੀਂ ਪਾਸਿਆਂ ਨੂੰ ਵੀ ਫੈਲ ਰਹੀ ਹੈ। ਇਲਾਕੇ ਵਿੱਚ ਸਰਦਾਰ ਸਤਵੰਤ ਸਿੰਘ ਦੀ ਚੰਗੀ ਚਲਦੀ ਹੈ, ਰਾਜਨੀਤਿਕ ਲੋਕ ਸਤਵੰਤ ਸਿੰਘ ਦੇ ਖਾਣੇ ਦਾਣੇ ਦਾ ਖੂਬ ਆਨੰਦ ਮਾਣਦੇ ਰਹਿੰਦੇ ਹਨ।

ਪਿੰਡ ਵਿੱਚ ਗੁੱਜ਼ਰ ਸਿੰਘ ਅਧਿਆਰੇ ਤੇ ਮੱਝਾਂ ਦੇਣ ਲਈ ਬਹੁਤ ਮਸ਼ਹੂਰ ਹੈ। ਉਹ ਗਰੀਬਾਂ ਨੂੰ ਅਧਿਆਰੇ ਤੇ ਦੋ ਸਾਲ ਦੀ ਕੱਟੀ ਦੇ ਦਿੰਦਾ ਹੈ ਅਤੇ ਨਾਲ਼ ਹੀ ਪੰਜ ਸੌ ਰੁਪਏ ਵਿਆਜੂ ਦੇ ਦਿੰਦਾ ਹੈ। ਹੁਣ ਜਦ ਕੱਟੀ ਮੱਝ ਬਣਨ ਲਗਦੀ ਹੈ ਤਾਂ ਵਿਆਜ਼ ਤੇ ਦਿੱਤਾ ਪੰਜ ਸੌ ਰੁਪਏ ਵਧ ਕੇ ਮੱਝ ਦਾ ਮੁੱਲ ਬਣ ਜਾਂਦਾ ਹੈ। ਕਿਓਂਕਿ ਮਨਮਰਜ਼ੀ ਦਾ ਵਿਆਜ਼ ਗੁੱਜ਼ਰ ਸਿੰਘ ਨੇ ਲਾਉਣਾ ਹੈ ਅਤੇ ਮੱਝ ਦਾ ਮੁੱਲ ਵੀ ਗੁੱਜ਼ਰ ਸਿੰਘ ਦੇ ਸਾਥੀਆਂ ਨੇ ਪਾਉਣਾ ਹੈ ਅਤੇ ਪਲ਼ੀ ਪੱਲ੍ਹਾਈ ਮੱਝ ਗੁੱਜ਼ਰ ਖੋਲ ਕੇ ਲੈ ਜਾਂਦਾ ਹੈ। ਗਰੀਬ ਵਿਚਾਰਾਂ ਖ਼ੁਰ ਵਡਾਉਂਦਾ ਰਹਿ ਜਾਂਦਾ ਹੈ। ਮੱਝ ਨੂੰ ਅਧਿਆਰੇ ਤੇ ਲੈਣ ਵਾਲ਼ੇ ਸਿਰਫ ਦੋ ਸੌ ਰੁਪਏ ਦੀ ਥੋੜ ਦੇ ਮਾੜੇ ਪਤਾ ਨਹੀਂ ਕਿੰਨਾ ਚਿਰ ਇਸ ਕਾਲ਼ ਚੱਕਰ ਵਿੱਚ ਫਸੇ ਰਹਿਣਗੇ। ਚਲਾਕ ਲੋਕ ਜਾਣਦੇ ਹਨ ਕਿ ਸੱਭ ਤੋਂ ਸੌਖਾ ਕੰਮ ਹੈ ਗਰੀਬਾਂ ਨੂੰ ਲੁੱਟਣਾ। ਗਰੀਬ ਜਿਸ ਨੂੰ ਰਾਤ ਦੀ ਰੋਟੀ ਖਾ ਕੇ ਸਵੇਰ ਦੀ ਰੋਟੀ ਦਾ ਫਿਕਰ ਹੈ, ਛੇਤੀ ਕੀਤੇ ਇਸ ਕਾਲ਼ ਚੱਕਰ ਵਿੱਚੋਂ ਨਿੱਕਲ ਨਹੀਂ ਸਕਦੇ। ਉਹਨਾਂ ਦੀਆਂ ਪੀੜੀਆਂ ਦੀਆਂ ਪੀੜੀਆਂ ਇਸ ਚੱਕਰ ਵਿੱਚ ਫਸੀਆਂ ਰਹਿੰਦੀਆਂ ਹਨ। ਗਰੀਬਾਂ ਨੂੰ ਨਾਂ ਤਾਂ ਰਿਸ਼ਵਤ ਖੋਰ ਅਫਸਰ ਮਾਫ ਕਰਦੇ ਹਨ ਅਤੇ ਨਾਂ ਹੀ ਵਿਆਜ਼ ਖਾਣ ਵਾਲ਼ੇ, ਇਸ ਇਕੀਵੀਂ ਸਦੀ ਵਿੱਚ ਵੀ ਸਦੀਆਂ ਪੁਰਾਣਾ ਜੰਗਲ਼ ਦਾ ਕਨੂੰਨ ਚੱਲੀ ਜਾਂਦਾ ਹੈ। ਹੁਣ ਜੇਕਰ ਅਖੌਤੀ ਤਰੱਕੀ-ਯਾਫਤਾ ਮੁਲਕਾਂ ਦੀ ਗੱਲ ਕਰੀਏ ਤਾਂ ਇਹਨਾਂ ਮੁਲਕਾਂ ਵਿੱਚ ਵੀ ਬੰਦਾ ਘਰਾਂ ਦੀਆਂ ਕਾਰਾਂ ਦੀਆਂ, ਬੱਚਿਆਂ ਦੀ ਪੜ੍ਹਾਈ ਦੀਆਂ ਕਿਸ਼ਤਾਂ ਦਿੰਦਾ ਦਿੰਦਾ ਮਰ ਜਾਂਦਾ ਹੈ, ਪਰ ਇਸ ਕਾਲ਼ ਚੱਕਰ ਦੀਆਂ ਰੇਖਾਵਾਂ ਨੂੰ ਕਰੌਸ ਨਹੀਂ ਕਰ ਸਕਦਾ। ਜਦ ਕੋਈ ਇਹਨਾਂ ਪੱਛਮੀ ਮੁਲਕਾਂ ਵਿੱਚ ਆਉਂਦਾ ਤਾਂ ਸੋਚਦਾ ਹੈ ਬੱਸ ਪੰਜ ਦਸ ਸਾਲ ਲਾ ਕੇ ਐਨਾ ਪੈਸਾ ਕੰਮਾਂ ਲਵਾਂਗਾ ਤੇ ਬਾਕੀ ਜ਼ਿੰਦਗੀ ਬੈਠ ਕੇ ਖਾ ਸਕਾਂਗਾ। ਪਰ ਅਸਲੀਅਤ ਵਿੱਚ ਅਜਿਹਾ ਹੁੰਦਾ ਨਹੀਂ ਹੈ, ਕੰਮ ਕਰਦਾ ਕਰਦਾ ਬੰਦਾ ਹੌਲ਼ੀ-ਹੌਲ਼ੀ ਸਿਸਟਮ ਦਾ ਹਿੱਸਾ ਬਣ ਜਾਂਦਾ ਹੈ। ਹਵਾ ਵਿੱਚ ਉੱਡਣ ਦੀ ਤਮੰਨਾ ਮਰ ਜਾਂਦੀ ਹੈ ਅਤੇ ਬੰਦਾ ਇਸ ਕਾਲ਼ ਚੱਕਰ ਵਿੱਚ ਬੇਬੱਸ ਹੋ ਕੇ ਰਹਿ ਜਾਂਦਾ ਹੈ। ਇਸ ਕਾਲ਼ ਚੱਕਰ ਦੀ ਉਮਰ ਲੰਮੇਰੀ ਇਹ ਪੈਸੇ ਦੀ ਪ੍ਰਧਾਨਗੀ ਵਾਲ਼ਾ ਸਮਾਜ ਕਰਦਾ ਰਹੇਗਾ। ਇਹ ਜਿਹੜਾ ਪੂੰਜੀਵਾਦੀ ਸਿਸਟਮ ਹੈ, ਇਹ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾਂ ਪੈਦਾ ਕਰਦਾ ਹੈ, ਲੋਕਾਂ ਨੂੰ ਇਹ ਜਚਾਇਆ ਜਾਂਦਾ ਹੈ ਕਿ ਪੈਸਾ ਹੀ ਤੁਹਾਡੀਆਂ ਸਾਰਿਆਂ ਸਮੱਸਿਆਵਾਂ ਦਾ ਹੱਲ ਹੈ, ਇਹ ਪੈਸਾ ਕੱਠਾ ਕਰਨ ਦੀ ਦੌੜ ਹੀ ਸਭ ਕਦਰਾਂ ਕੀਮਤਾਂ ਦਾ ਫਾਹਾ ਵੱਢ ਦਿੰਦੀ ਹੈ। ਸਭ ਤਰ੍ਹਾਂ ਦੇ ਹੱਥ ਕੰਡੇ ਲੋਕ ਪੈਸਾ ਕੱਠਾ ਕਰਨ ਲਈ ਲਾ ਦਿੰਦੇ ਹਨ, ਭੈਣ ਭਰਾ ਮਾਂ ਬਾਪ ਦੇ ਰਿਸ਼ਤੇ ਇਸ ਪੂੰਜੀਵਾਦੀ ਸਿਸਟਮ ਵਿੱਚ ਕੋਈ ਮਾਨਾ ਨਹੀਂ ਰੱਖਦੇ। ਕਈ ਵਾਰ ਸਰਕਾਰਾਂ ਬਦਲਦੀਆਂ ਹਨ, ਲੱਗਦਾ ਹੈ ਗਰੀਬਾਂ ਨੂੰ ਕੋਈ ਰਾਹਤ ਮਿਲੇਗੀ ਪਰ ਫੇਰ ਸੱਭ ਕੁੱਝ ਉਵੇਂ ਜਿਵੇਂ ਚੱਲੀ ਜਾਂਦਾ ਹੈ। ਜੇਕਰ ਕੋਈ ਸਰਕਾਰ ਲੋਕਾਂ ਨੂੰ ਕੋਈ ਸਹੂਲਤ ਵੀ ਦਿੰਦੀ ਹੈ ਤਾਂ ਉਹ ਇਸ ਤਰ੍ਹਾਂ ਹੈ ਕਿ ਗਰੀਬ ਨੂੰ ਜਿਹੜੀ ਸੌ ਰੁਪਏ ਦੀ ਸਹੂਲਤ ਦਿੱਤੀ ਜਾਂਦੀ ਹੈ, ਉਹ ਸਹੂਲਤ ਦੇਣ ਲਈ ਉਸ ਗਰੀਬ ਦੀ ਜੇਬ ਵਿੱਚੋਂ ਦੁਗਣੇ ਪੈਸੇ ਟੇਢੇ ਢੰਗ ਨਾਲ਼ ਕੱਢ ਲਏ ਜਾਂਦੇ ਤੇ ਆਮ ਲੋਕਾਂ ਨੂੰ ਇਸਦਾ ਪਤਾ ਵੀ ਨਹੀਂ ਲੱਗਦਾ। ਹੁਣ ਚਾਹੇ ਰਾਮੂ ਹੋਵੇ, ਚਾਹੇ ਫੱਤਾ ਹੋਵੇ, ਚਾਹੇ ਪੱਛਮ ਵਿੱਚ ਰਹਿੰਦਾ ਜੌਹਨ ਜਾਂ ਰੌਨ ਹੋਵੇ ਇਸ ਚੱਕਰ ਵਿੱਚ ਫਸਿਆ ਰਹੇਗਾ ਜਦ ਤੱਕ ਇਹ ਸਿਸਟਮ ਜਿਹੜਾ ਕੇ ਲੁੱਟ ਤੇ ਅਧਾਰਤ ਹੈ ਇਸਦਾ ਖ਼ਾਤਮਾ ਨਹੀਂ ਹੋ ਜਾਂਦਾ।

**ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਮੁ.ਫਤ ਬਣਾਉਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ**

**ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ** 7788635911, **ਕਰਮਜੀਤ ਸਿੰਘ ਪੁਰਬਾ** 6047632435, **ਕੇਲਗਰੀ ਵਿੱਚ ਗੋਪਾਲ ਸਿੰਘ ਕਾਂਉਕੇ** +14039703588, **ਬਰੈਂਪਟਨ ਵਿੱਚ ਦੇਵਿੰਦਰ ਸਿੰਘ ਤੂਰ** (Sarokaran di awaz managing director) +14169029372, **ਬਲਵਿੰਦਰ ਸਿੰਘ** +16475338980
**ਐਬਟਸਫੋਰਡ ਵਿੱਚ ਹਰਦਿਆਲ ਸਿੰਘ** +17785526422

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਪੰਜਾਬੀ ਕਲਚਰਲ ਸੁਸਾਇਟੀ ਆਫ਼ ਟੋਰਾਂਟੋ ਵਲੋਂ ਵਿਸਾਖੀ ਦਿਹਾੜਾ-ਕਲਚਰਲ ਮੇਲਾ







ਟੋਰਾਂਟੋ : ਪੰਜਾਬੀ ਕਲਚਰਲ ਸੁਸਾਇਟੀ ਆਫ਼ ਟੋਰਾਂਟੋ ਵਲੋਂ ਮਿਲੀਕਨ ਮਿਲਜ਼ ਕਮਿਊਨਿਟੀ ਸੈਂਟਰ, ਮਾਰਖਮ ਵਿਖੇ, ਵਿਸਾਖੀ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ ਜਿਸ ਵਿਚ ਇਲਾਕੇ ਦੇ ਵਸਨੀਕਾਂ, ਬਜ਼ੁਰਗਾਂ, ਬੱਚਿਆਂ, ਨੌਜਵਾਨਾਂ ਅਤੇ ਬੀਬੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

ਪ੍ਰੋਗਰਾਮ ਦੇ ਆਰੰਭ ਵਿਚ ਅਮਰਜੀਤ ਸਿੰਘ ਚਾਹਲ ਨੇ ਵਿਸਾਖੀ ਦਿਵਸ ਦੀ ਮਹੱਤਤਾ ਬਾਰੇ ਦੋ ਸ਼ਬਦ ਕਹਿੰਦਿਆਂ ਸ੍ਰ. ਸੁਰਿੰਦਰ ਸਿੰਘ ਭੁੱਲਰ ਨੂੰ ਆਏ ਮਹਿਮਾਨਾਂ ਦੀ ਸੇਵਾ ਵਿਚ ਰਸਮੀ ਜੀ ਆਇਆ ਕਹਿਣ ਦੀ ਬੇਨਤੀ ਕੀਤੀ। ਉਪਰੰਤ ਭੁੱਲਰ ਸਾਹਿਬ ਨੇ ਵਿਸਾਖੀ ਸਮਾਗਮ ਤੇ ਉਤਸ਼ਾਹ ਪੂਰਵਕ ਕਵਿਤਾਵਾਂ ਪੇਸ਼ ਕੀਤੀਆਂ। ਇਸ ਤੋਂ ਬਾਅਦ ਪ੍ਰੇਮ ਸਿੰਘ ਪਵਿੱਤਰ ਸਿੰਘ ਦੀ ਜੋੜੀ ਨੇ ਆਪਣੇ ਗੀਤਾਂ ਰਾਹੀਂ ਖ਼ੂਬ ਰੰਗ ਜਮਾਇਆ। ਹੁਣ ਵਾਰੀ ਆਈ ਛੋਟੀ ਉਮਰ ਦੇ ਨੌਜਵਾਇ ਗਾਇਕ ਗੁਰ ਸਾਹਿਬ ਸਿੰਘ ਜੀ ਜਿਸ ਨੇ ਹਾਰਮੋਨੀਅਤ ਤੇ 'ਖਾਲਸਾ ਮੇਰੋ ਰੂਪ ਹੈ ਖਾਸ' ਬਹੁਤ ਖ਼ੂਬੀ ਨਾਲ ਨਿਭਾਇਆ। ਸ੍ਰੀ ਰਾਜ ਕੁਮਾਰ ਓਸ਼ਰਾਜ ਨੇ ਪੰਜਾਬੀ ਭਾਸ਼ਾ ਦੀ ਉਤਪਤੀ ਅਤੇ ਵਿਕਾਸ ਬਾਰੇ ਖੋਜ ਭਰਪੂਰ ਲੇਖ ਪੜ੍ਹਿਆ ਅਤੇ ਅੱਜ ਦੇ ਹਾਲਾਤ ਬਾਰੇ ਚਾਨਣ ਪਾਇਆ। ਅਮਰਜੀਤ ਸਿੰਘ ਚਾਹਲ, ਉਸਾਰੂ ਟਿੱਪਣੀਆਂ ਕਰਕੇ, ਬੁਲਾਰਿਆਂ ਨੂੰ ਉਤਸ਼ਾਹਿਤ ਕਰਦੇ ਰਹੇ। ਉਨ੍ਹਾਂ ਵਿਸਾਖੀ ਦਿਹਾੜੇ ਦੀ ਇਤਿਹਾਸਕ, ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਮਹੱਤਤਾ ਬਾਰੇ ਵਿਚਾਰ ਪੇਸ਼ ਕੀਤੇ। ਸੁਰਿੰਦਰ ਸਿੰਘ ਭੁੱਲਰ ਆਪਣੀਆਂ ਢੇਰ ਸਾਰੀਆਂ ਕਵਿਤਾਵਾਂ ਪੇਸ਼ ਕਰਨ ਵਿਚ ਕਾਮਯਾਬ ਰਹੇ। ਉਨ੍ਹਾਂ ਕਈ ਚੁਟਕਲੇ ਸੁਣਾਏ ਅਤੇ ਇਜ਼ਰਾਇਲ, ਈਰਾਨ ਜੰਗ ਦੀ ਨਿਖੇਧੀ ਕਰਦਿਆਂ ਇਹ ਜੰਗ ਤੁਰੰਤ ਬੰਦ ਕਰਨ ਦੇ ਹੱਕ ਵਿਚ ਬਾਹਾਂ ਖੜ੍ਹੀਆਂ ਕਰਵਾ ਕੇ ਨਾਅਰੇ ਲਗਵਾਏ। ਸੋਹਣ ਢੀਂਡਸਾ ਜੋ ਇਸ ਸਮੇਂ ਭਾਰਤ ਗਏ ਹੋਏ ਹਨ, ਨੇ ਵੀ ਫੋਨ ਰਾਹੀਂ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਆਪਣੀ ਹਾਜ਼ਰੀ ਦਰਸਾਈ। ਉਤਸਵ ਦੌਰਾਨ ਪ੍ਰੇਮ ਸਿੰਘ ਪਵਿੱਤਰ ਸਿੰਘ ਆਪਣੀ ਕਲਾ ਦੇ ਜੌਹਰ ਦਿਖਾਲਦੇ ਰਹੇ। ਸ੍ਰ. ਗੁਰਮੀਤ ਸਿੰਘ ਮੀਤ ਜੋ ਸੰਗੀਤ ਦੇ ਉਸਤਾਦ ਹਨ, ਨੇ ਸਾਹਿਤ ਅਤੇ ਸਭਿਆਚਾਰ ਸਬੰਧੀ ਭਾਵ ਪੂਰਕ ਗੀਤ ਗਾਏ 'ਜੇ ਜੱਗ ਅੰਦਰ ਪਿਆਰ ਨਾ ਹੁੰਦਾ, ਕੱਚੇ ਘੜੇ ਤੇ ਕੋਈ ਨਾ ਤੁਰਦਾ' ਆਦਿ। ਬਾਲਕ ਕਲਾਕਾਰ ਗੁਰ ਸਾਹਿਬ ਸਿੰਘ ਨੇ ਫਿਰ ਗੀਤ ਪੇਸ਼ ਕੀਤਾ 'ਜਾਗਤ ਜੋਤ ਜਪੈ ਨਿਸ ਬਾਸੁਰ'। ਅੰਤ ਵਿਚ ਰਾਜ ਕੁਮਾਰ ਓਸ਼ੋਰਾਜ ਵਲੋਂ ਸਮਾਗਮ ਵਿਚ ਭਾਗ ਲੈਣ ਵਾਲੇ ਕਲਾਕਾਰਾਂ, ਸਾਹਿਤਕਾਰਾਂ, ਸੰਗੀਤਕਾਰਾਂ ਦੁਆਰਾ ਕੀਤੀਆਂ ਪੇਸ਼ਕਾਰੀਆਂ ਬਾਰੇ ਉਸਾਰੂ ਟਿੱਪਣੀਆਂ ਕਰਦੇ ਹੋਏ, ਆਈ ਸੰਗਤ ਦਾ ਬਹੁਤ ਭਾਵਆਤਮਕ ਸ਼ਬਦਾਂ ਵਿਚ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿਚ ਸੁਰਿੰਦਰ ਸਿੰਘ ਭੁੱਲਰ ਦੀ ਰਚਨਾ 'ਖਾਲਸਾ ਪੰਥ' (ਸਿੱਖੀ ਦੇ ਗੀਤ) ਦਾ ਲੋਕ ਅਰਪਣ ਸਮਾਗਮ ਕੀਤਾ। ਸਮਾਰੋਹ ਦੇ ਆਰੰਭ ਤੋਂ ਲੈ ਕੇ ਅੰ ਤੱਕ ਚਾਹ ਪਾਣੀ ਅਤੇ ਸਨੈਕਸ ਦਾ ਪ੍ਰਬੰਧ ਸੀ ਅਤੇ ਜਾਣ ਵੇਲੇ ਮਹਿਮਾਨਾਂ ਲਈ ਲੰਗਰ ਵੀ ਉਪਲਬਧ ਕੀਤਾ ਗਿਆ ਸੀ।


HOMELIFE
HIGHER STANDARDS
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7





EXPERIOR
FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Insurance Advisor





MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com





SimpleX
MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
WE FINANCE TOO
York Authorized Dealer
YORK
WE DO INSTALL & SERVICE
ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca






WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
(604) 580-3275
www.westcoasttruss.ca | info@westcoasttruss.ca
(778) 896-7194





A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS






# ਹੋਰਮੁਜ਼ ਨਾਕਾਬੰਦੀ - ਦੁਨੀਆ ਭਰ 'ਚ ਭੁੱਖ ਅਤੇ ਗ਼ਰੀਬੀ ਵਧਣ ਦਾ ਖ਼ਤਰਾ

ਅਹਿਮਦ ਆਦੇਲ
ਅਨੁ.: ਬੂਟਾ ਸਿੰਘ ਮਹਿਮੂਦਪੁਰ

*ਕਾਹਿਰਾ ਆਧਾਰਤ ਅਹਿਮਦ ਆਦੇਲ ਜਿਓ-ਪਾਲਿਟਿਕਸ ਅਤੇ ਰਾਜਨੀਤਕ ਆਰਥਿਕਤਾ ਦੇ ਖੋਜਕਾਰ ਹਨ। ਉਨ੍ਹਾਂ ਦਾ ਇਹ ਵਿਸ਼ਲੇਸ਼ਣ ਈਰਾਨ ਵਿਰੁੱਧ ਲਗਾਤਾਰ ਜੰਗ ਨਾਲ ਬਣੇ ਚਿੰਤਾਜਨਕ ਹਾਲਾਤ ਅਤੇ ਇਨ੍ਹਾਂ ਦੇ ਦੁਨੀਆ ਉੱਪਰ ਪੈਣ ਵਾਲੇ ਪ੍ਰਭਾਵਾਂ ਦੀ ਚਰਚਾ ਕਰਦਾ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ*




ਆਰਜ਼ੀ ਜੰਗਬੰਦੀ ਦੇ ਬਾਵਜੂਦ, ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਵਿਰੁੱਧ ਜਾਰੀ ਹਮਲੇ ਨਾਲ ਦੁਨੀਆ ਭਰ ਦੇ 162 ਮੁਲਕਾਂ ਵਿੱਚ 3 ਕਰੋੜ 20 ਲੱਖ ਲੋਕਾਂ ਦੇ ਗ਼ਰੀਬੀ ਵਿੱਚ ਧੱਕੇ ਜਾਣ ਦਾ ਖ਼ਤਰਾ ਹੈ, ਜਿਵੇਂ ਕਿ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐੱਨ.ਡੀ.ਪੀ.) ਨੇ ਆਪਣੇ ਇੱਕ ਨੀਤੀ ਨੋਟ ਵਿੱਚ ਚੇਤਾਵਨੀ ਦਿੱਤੀ ਹੈ। ਹਾਲਾਂਕਿ ਇਹ ਜ਼ੋਖਮ ਲੜਾਈ ਤੋਂ ਸਿੱਧੇ ਪ੍ਰਭਾਵਿਤ ਮੁਲਕਾਂ ਅਤੇ ਆਯਾਤ ਕੀਤੀ ਜਾਂਦੀ ਊਰਜਾ 'ਤੇ ਨਿਰਭਰ ਮੁਲਕਾਂ ਵਿੱਚ ਕੇਂਦਰਿਤ ਹੈ, ਪਰ ਵਿਸ਼ਲੇਸ਼ਣ ਸਭ ਤੋਂ ਗ਼ਰੀਬ ਮੁਲਕਾਂ, ਇੱਥੋਂ ਤੱਕ ਕਿ ਜੰਗ ਤੋਂ ਸਭ ਤੋਂ ਦੂਰ ਦੇ ਮੁਲਕਾਂ 'ਤੇ ਵੀ ਲੰਮੇ ਸਮੇਂ ਦੇ ਨਾਂਪੱਖੀ ਪ੍ਰਭਾਵਾਂ ਦੀ ਭਵਿੱਖਬਾਣੀ ਕਰਦਾ ਹੈ।

ਦੋ ਹਫ਼ਤਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਜੰਗਬੰਦੀ ਦੇ ਬਾਵਜੂਦ ਲੜਾਈ ਦੇ ਪ੍ਰਭਾਵ ਤੀਬਰ ਪੜਾਅ ਤੋਂ ਲੰਮੇ ਸਮੇਂ ਵਾਲੇ ਪੜਾਅ ਵੱਲ ਵਧ ਰਹੇ ਹਨ। ਇਹ ਸਥਿਤੀ ਜਿੰਨੀ ਵੱਧ ਦੇਰ ਤੱਕ ਰਹੇਗੀ, ਸਭ ਤੋਂ ਕਮਜ਼ੋਰ ਮੁਲਕਾਂ ਵਿੱਚ ਗ਼ਰੀਬੀ ਵਿੱਚ ਤੇਜ਼ੀ ਨਾਲ ਵਾਧੇ ਦਾ ਖ਼ਤਰਾ ਓਨਾ ਹੀ ਵੱਧ ਹੋਵੇਗਾ, ਜਿਨ੍ਹਾਂ ਵਿੱਚ ਖਾੜੀ ਮੁਲਕ, ਏਸ਼ੀਆ, ਉਪ-ਸਹਾਰਾ ਅਫਰੀਕਾ ਅਤੇ ਛੋਟੇ ਟਾਪੂ ਵਿਕਾਸਸ਼ੀਲ ਸਟੇਟ ਸ਼ਾਮਲ ਹਨ।

ਯੂ.ਐੱਨ.ਡੀ.ਪੀ. ਪ੍ਰਸ਼ਾਸਕ ਅਲੈਗਜ਼ੈਂਡਰ ਡੀ ਕਰੋ ਕਹਿੰਦੇ ਹਨ, 'ਇਨ੍ਹਾਂ ਮੁਲਕਾਂ ਲਈ, ਇਹ ਸੰਕਟ ਅੱਜ ਕੀਮਤਾਂ ਨੂੰ ਸਥਿਰ ਕਰਨ ਅਤੇ ਕੱਲ੍ਹ ਸਿਹਤ, ਸਿੱਖਿਆ ਅਤੇ ਰੁਜ਼ਗਾਰ ਲਈ ਫੰਡ ਮੁਹੱਈਆ ਕਰਾਏ ਜਾਣ ਦਰਮਿਆਨ ਅਸੰਭਵ ਸਮਝੌਤਾ ਕਰਨ ਲਈ ਮਜਬੂਰ ਕਰਦਾ ਹੈ।'

ਇਸ ਨਜ਼ਰੀਏ ਵਿੱਚ ਇੱਕ ਹੋਰ ਅੰਦਾਜ਼ਾ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ.ਐੱਫ.ਪੀ.) ਦਾ ਜੁੜਦਾ ਹੈ: ਜੇਕਰ ਜੰਗ ਜੂਨ ਤੱਕ ਜਾਰੀ ਰਹਿੰਦੀ ਹੈ ਅਤੇ ਤੇਲ ਦੀਆਂ ਕੀਮਤਾਂ ਉੱਚੀਆਂ ਰਹਿੰਦੀਆਂ ਹਨ, ਤਾਂ 2026 ਵਿੱਚ ਸਾਢੇ ਚਾਰ ਕਰੋੜ ਹੋਰ ਲੋਕ ਗੰਭੀਰ ਖੁਰਾਕ ਅਸੁਰੱਖਿਆ ਦਾ ਸਾਹਮਣਾ ਕਰ ਸਕਦੇ ਹਨ, ਜਿਸ ਨਾਲ ਦੁਨੀਆ ਵਿਚ ਅਜਿਹੇ ਲੋਕਾਂ ਦੀ ਕੁੱਲ ਗਿਣਤੀ ਮੌਜੂਦਾ ਰਿਕਾਰਡ ਪੱਧਰ 67.3 ਕਰੋੜ ਤੋਂ ਉੱਪਰ ਜਾ ਸਕਦੀ ਹੈ।

ਰੋਮ-ਅਧਾਰਤ ਸੰਸਥਾ ਦੇ ਅਨੁਸਾਰ, ਹੋਰਮੁਜ਼ ਸਮੁੰਦਰੀ-ਮਾਰਗ (ਸਟ੍ਰੇਟ) ਦਾ ਬੰਦ ਹੋਣਾ ਸਪਲਾਈ ਚੇਨਾਂ ਅਤੇ ਮਾਨਵਤਾਵਾਦੀ ਕਾਰਜਾਂ ਨੂੰ ਕੋਵਿਡ-19 ਮਹਾਮਾਰੀ ਤੋਂ ਬਾਅਦ ਸਭ ਤੋਂ ਗੰਭੀਰ ਅੜਿੱਕਿਆਂ ਦੇ ਕੰਢੇ 'ਤੇ ਲੈ ਆਇਆ ਹੈ, ਜਦੋਂ ਅਜਿਹੇ ਅੜਿੱਕੇ ਪਏ ਜਿਨ੍ਹਾਂ ਦੀ ਪਹਿਲਾਂ ਕੋਈ ਮਿਸਾਲ ਨਹੀਂ ਰਹੀ, ਜਿਨ੍ਹਾਂ ਵਿੱਚ ਸਰਹੱਦਾਂ ਬੰਦ ਹੋਣਾ, ਹਵਾਈ ਆਵਾਜਾਈ ਦਾ ਠੱਪ ਹੋਣਾ ਅਤੇ ਸਪਲਾਈ ਚੇਨਾਂ ਦਾ ਟੁੱਟ ਜਾਣਾ ਸ਼ਾਮਲ ਸੀ।

ਇਸ ਗੰਭੀਰ ਸਥਿਤੀ ਦੀ ਵਿਆਖਿਆ ਸਭ ਤੋਂ ਪਹਿਲਾਂ ਭੂਗੋਲਿਕ ਸਥਾਨ ਤੋਂ ਸਮਝ ਆਉਂਦੀ ਹੈ ਜਿੱਥੇ ਇਸਲਾਮੀ ਗਣਰਾਜ ਈਰਾਨ ਵਿਰੁੱਧ ਅਮਰੀਕੀ-ਇਜ਼ਰਾਈਲੀ ਹਮਲਾ ਹੋ ਰਿਹਾ ਹੈ, ਜੋ ਤੇਲ ਵਰਗੇ ਮਹੱਤਵਪੂਰਨ ਊਰਜਾ ਸਰੋਤ ਦੀ ਆਵਾਜਾਈ ਦਾ ਕੇਂਦਰ ਹੈ, ਜਿਸ ਦੇ ਪ੍ਰਭਾਵ ਪੂਰੀ ਦੁਨੀਆ 'ਤੇ ਪੈਂਦੇ ਹਨ।

ਤੇਲ ਦੀਆਂ ਕੀਮਤਾਂ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਯਕੀਨਨ, ਇਹ ਉਨ੍ਹਾਂ ਮੁਲਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀਆਂ ਹਨ ਜੋ ਇਸ 'ਤੇ ਸਭ ਤੋਂ ਵੱਧ ਨਿਰਭਰ ਹਨ, ਨਾਲ ਹੀ ਇਹ ਘੱਟ ਆਮਦਨੀ ਜਾਂ ਘੱਟ ਵਿਕਾਸ ਵਾਲੇ ਮੁਲਕਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਅਜਿਹਾ ਇਸ ਲਈ ਹੈ ਕਿਉਂਕਿ ਜਦੋਂ ਕੱਚੇ ਤੇਲ ਦੀ ਕੀਮਤ ਵਧਦੀ ਹੈ, ਤਾਂ ਇਨ੍ਹਾਂ ਮੁਲਕਾਂ ਨੂੰ ਇਹ ਵਾਧਾ ਸਥਾਨਕ ਲਾਗਤਾਂ ਅਤੇ ਕੀਮਤਾਂ 'ਤੇ ਪਾਉਣਾ ਪੈਂਦਾ ਹੈ, ਜੋ ਲੋਕਾਂ ਦੇ ਜੀਵਨ ਪੱਧਰ ਅਤੇ ਆਮਦਨੀ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ, ਤੇਲ ਹੋਰ ਲਾਗਤਾਂ ਅਤੇ ਉਤਪੰਨ ਹੋਣ ਵਾਲੇ ਉਤਪਾਦਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ, ਜੋ ਬਹੁਤ ਸਾਰੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਉੱਪਰ ਵੀ ਅਸਰ-ਅੰਦਾਜ਼ ਹੁੰਦੇ ਹਨ।

ਉੱਨਤ ਮੁਲਕ ਵੀ ਇਨ੍ਹਾਂ ਉਤਰਾਅ-ਚੜ੍ਹਾਅ ਤੋਂ ਪ੍ਰਭਾਵਿਤ ਹੁੰਦੇ ਹਨ। ਹਾਲਾਂਕਿ, ਉਨ੍ਹਾਂ ਕੋਲ ਆਮ ਤੌਰ 'ਤੇ ਕੀਮਤਾਂ ਵਿੱਚ ਵਾਧੇ ਦਾ ਸਾਹਮਣਾ ਕਰਨ ਅਤੇ ਆਪਣੇ ਆਪ ਨੂੰ ਸਪਲਾਈ ਕਰਦੇ ਰਹਿਣ ਦੇ ਸਾਧਨ ਹੁੰਦੇ ਹਨ, ਭਾਵੇਂ ਵਾਧਾ ਬਹੁਤ ਜ਼ਿਆਦਾ ਹੀ ਕਿਉਂ ਨਾ ਹੋਵੇ। ਉੱਨਤ ਮੁਲਕਾਂ ਕੋਲ ਆਮ ਤੌਰ 'ਤੇ ਭੁਗਤਾਨ ਕਰਨ, ਵਧੀਆਂ ਲਾਗਤਾਂ ਨੂੰ ਬਿਨਾਂ ਸਮੱਸਿਆ ਦੇ ਸਹਿਣ ਲਈ ਬਦੇਸ਼ੀ ਮੁਦਰਾ ਖ਼ਰੀਦਣ, ਜਾਂ ਜੇਕਰ ਕੰਪਨੀਆਂ ਨੂੰ ਲੋੜ ਹੋਵੇ ਤਾਂ ਬਦੇਸ਼ੀ ਮੁਦਰਾ ਵਿੱਚ ਕਰਜ਼ਾ ਲੈਣ ਲਈ ਵਸੀਲੇ ਹੁੰਦੇ ਹਨ, ਮਿਸਾਲ ਲਈ, ਵਧੇਰੇ ਮਹਿੰਗੀਆਂ ਲਾਗਤ-ਵਸਤਾਂ ਹਾਸਲ ਕਰਨ ਲਈ।

ਹੋਰਮੁਜ਼ ਸਮੁੰਦਰੀ-ਮਾਰਗ ਦਾ ਬੰਦ ਹੋਣਾ ਮਾਲ ਦੀ ਆਵਾਜਾਈ ਨੂੰ ਪ੍ਰਭਾਵਿਤ ਕਰ ਰਿਹਾ ਹੈ, ਖ਼ਾਸ ਤੌਰ 'ਤੇ ਹਾਈਡਰੋਕਾਰਬਨ ਦੀ ਆਵਾਜਾਈ ਨੂੰ, ਜੋ ਨਾ ਸਿਰਫ਼ ਮਾਲ ਦੀ ਆਵਾਜਾਈ ਬਲਕਿ ਦੁਨੀਆ ਵਿੱਚ ਕਿਤੇ ਵੀ ਊਰਜਾ ਦੀ ਪੈਦਾਵਾਰ ਅਤੇ ਖ਼ਪਤ ਲਈ ਲਾਜ਼ਮੀ ਸਰੋਤ ਹੈ। ਜਦੋਂ ਪੈਦਾਵਾਰ ਇਸ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ ਅਤੇ ਹਾਈਡਰੋਕਾਰਬਨ ਵਰਗੀ ਮਹੱਤਵਪੂਰਨ ਵਸਤੂ ਵਧੇਰੇ ਮਹਿੰਗੀ ਹੋ ਜਾਂਦੀ ਹੈ, ਤਾਂ ਨਾ ਸਿਰਫ਼ ਇਸ ਵਸਤੂ ਦੀ ਕੀਮਤ 'ਤੇ, ਬਲਕਿ ਸਾਰੀਆਂ ਵਸਤਾਂ ਦੀ ਕੀਮਤ 'ਤੇ ਵੀ ਪ੍ਰਭਾਵ ਪੈਂਦਾ ਹੈ, ਭਾਵੇਂ ਇਹ ਆਪਣੇ ਆਪ ਪੈਦਾਵਾਰ ਦੇ ਕਾਰਨ ਹੋਵੇ ਜਾਂ ਆਵਾਜਾਈ ਦੀ ਲਾਗਤ ਦੇ ਕਾਰਨ।

ਇਸ ਤੋਂ ਇਲਾਵਾ, ਸਮੁੰਦਰੀ-ਮਾਰਗ ਦੇ ਬੰਦ ਹੋਣ ਕਰਕੇ ਪੈਦਾ ਹੋਈ ਲੌਜਿਸਟਿਕ ਜਟਿਲਤਾ ਇਨ੍ਹਾਂ ਸਮੁੰਦਰਾਂ ਤੋਂ ਆਵਾਜਾਈ ਲਈ ਜਾਂ ਸਮੁੰਦਰੀ ਰਸਤਿਓਂ ਵੱਖ-ਵੱਖ ਮੰਜ਼ਿਲਾਂ ਤੱਕ ਪਹੁੰਚਣ ਲਈ ਬਦਲਵੇਂ ਰਸਤਿਆਂ ਦੀ ਭਾਲ ਲਈ ਬੀਮੇ ਦੀ ਲਾਗਤ ਨੂੰ ਵਧਾਉਣ ਲਈ ਮਜਬੂਰ ਕਰਦੀ ਹੈ, ਜਿਸ ਨਾਲ ਇਹ ਹੋਰ ਵੀ ਮਹਿੰਗਾ ਹੋ ਜਾਂਦਾ ਹੈ। ਸਹਾਇਤਾ ਨੂੰ ਪਹੁੰਚਾਉਣ ਦੀ ਲਾਗਤ ਹੁਣ ਤੱਕ 18% ਵੱਧ ਗਈ ਹੈ, ਜਿਸ ਦਾ ਮਤਲਬ ਹੈ ਭੋਜਨ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਵਧਣਾ।

ਇਕ ਹੋਰ ਕਾਰਕ ਜੋ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਹ ਹੈ ਕੀਮਤਾਂ ਵਿੱਚ ਸੱਟੇਬਾਜ਼ੀ। ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸੋਸ਼ਲ ਟਰੁਥ 'ਤੇ ਕੁਝ ਵੀ ਐਲਾਨ ਕਰਦਾ ਹੈ, ਤਾਂ ਇਸ ਨਾਲ ਹਾਈਡਰੋਕਾਰਬਨ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਆਉਂਦਾ ਹੈ, ਜੋ ਸੱਟੇਬਾਜ਼ੀ ਪੈਦਾ ਕਰ ਸਕਦਾ ਹੈ ਅਤੇ ਕੁਝ ਸਮੂਹਾਂ ਲਈ ਮੁਨਾਫ਼ਾ ਪੈਦਾ ਕਰ ਸਕਦਾ ਹੈ ਜੋ ਲੜਾਈ ਤੋਂ ਲਾਭ ਲੈਣ ਦੀ ਸਥਿਤੀ 'ਚ ਹੁੰਦੇ ਹਨ।

ਆਮ ਤੌਰ 'ਤੇ ਹਾਈਡਰੋਕਾਰਬਨ ਵਪਾਰ ਉਨ੍ਹਾਂ ਇਕਰਾਰਨਾਮਿਆਂ ਦੁਆਰਾ ਕੀਤਾ ਜਾਂਦਾ ਹੈ ਜੋ ਇੱਕ ਖ਼ਾਸ ਮਿਆਦ ਲਈ ਕੀਮਤ ਤੈਅ ਕਰਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਤੇਲ ਵਰਗੀਆਂ ਵਸਤਾਂ ਵਿੱਚ ਕੀਮਤ ਵਿੱਚ ਉਤਰਾਅ-ਚੜ੍ਹਾਅ ਅੰਦਰੂਨੀ ਤੌਰ 'ਤੇ ਮੌਜੂਦ ਹੁੰਦਾ ਹੈ। ਪ੍ਰਭਾਵੀ ਤੌਰ 'ਤੇ, ਤੇਲ ਕੰਪਨੀਆਂ ਇੱਕ ਖ਼ਾਸ ਕੀਮਤ 'ਤੇ ਸਹਿਮਤ ਹੁੰਦੀਆਂ ਹਨ ਅਤੇ ਉਸ ਦੇ ਆਧਾਰ 'ਤੇ ਆਪਣੇ ਲਾਭ ਦਾ ਅੰਦਾਜ਼ਾ ਲਾਉਂਦੀਆਂ ਹਨ।

ਇਸ ਤਰ੍ਹਾਂ ਜਦੋਂ ਹੋਰਮੁਜ਼ ਸਮੁੰਦਰੀ-ਮਾਰਗ ਦੇ ਬੰਦ ਹੋਣ ਵਰਗੀਆਂ ਘਟਨਾਵਾਂ ਵਾਪਦੀਆਂ ਹਨ, ਤਾਂ ਇਹ ਕੰਪਨੀਆਂ, ਖ਼ਾਸ ਤੌਰ 'ਤੇ ਵਿਚੋਲੇ, ਵਾਧੂ ਮੁਨਾਫ਼ਾ ਬਣਾਉਂਦੇ ਹਨ - ਉਨ੍ਹਾਂ ਦੀ ਤਾਂ ਕੀਮਤ ਉੱਪਰ ਪਹਿਲਾਂ ਤੋਂ ਸਹਿਮਤੀ ਬਣੀ ਹੁੰਦੀ ਹੈ ਅਤੇ ਵਾਧੇ ਦੀ ਦਲੀਲ ਦੇ ਕੇ ਅੰਤਮ ਖ਼ਪਤਕਾਰ ਲਈ ਉਤਪਾਦ ਦੀ ਕੀਮਤ ਵਧਾਉਣ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ। ਓੜਕ ਇਸਦਾ ਭੁਗਤਾਨ ਆਮ ਆਦਮੀ ਨੂੰ ਕਰਨਾ ਪੈਂਦਾ ਹੈ, ਭਾਵੇਂ ਉਸ ਨੂੰ ਸਿੱਧੇ ਤੌਰ 'ਤੇ ਉੱਚੀਆਂ ਹਾਈਡਰੋਕਾਰਬਨ ਲਾਗਤਾਂ ਰਾਹੀਂ ਕਰਨਾ ਪਵੇ ਜਾਂ ਅਸਿੱਧੇ ਤੌਰ 'ਤੇ ਚੀਜ਼ਾਂ ਦੀਆਂ ਵਧੀਆਂ ਕੀਮਤਾਂ ਰਾਹੀਂ ਕਰਨਾ ਪਵੇ।

ਇਸ ਤੋਂ ਇਲਾਵਾ ਕੁਝ ਚੀਜ਼ਾਂ ਕੀਮਤ ਦੇ ਫ਼ਰਕਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ, ਜਿਵੇਂ ਕਿ ਭੋਜਨ ਅਤੇ ਬੁਨਿਆਦੀ ਉਤਪਾਦ, ਜਿਨ੍ਹਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਵੱਧ ਜਾਂਦੀਆਂ ਹਨ, ਇਹ ਫਿਰ ਘੱਟ ਆਮਦਨੀ ਵਾਲੇ ਲੋਕਾਂ ਨੂੰ ਹੀ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੀਆਂ ਹਨ।

ਪ੍ਰਮੁੱਖ ਖੇਤੀ-ਖੁਰਾਕ ਲਾਗਤ ਦੇ ਨਿਰਯਾਤ ਦਾ 20 ਤੋਂ 45 ਪ੍ਰਤੀਸ਼ਤ ਹਿੱਸਾ ਹੋਰਮੁਜ਼ ਸਮੁੰਦਰੀ ਲਾਂਘੇ ਰਾਹੀਂ ਸਮੁੰਦਰੀ ਮਾਰਗ 'ਤੇ ਨਿਰਭਰ ਕਰਦਾ ਹੈ। ਜੇਕਰ ਕਿਸਾਨ ਘੱਟ ਲਾਗਤ ਦੀ ਵਰਤੋਂ ਕਰਦੇ ਹਨ, ਤਾਂ 2026 ਦੇ ਅੰਤ ਅਤੇ 2027 ਦੇ ਸ਼ੁਰੂ ਤੱਕ ਪੈਦਾਵਾਰ ਘੱਟ ਹੋਵੇਗੀ। ਸੰਯੁਕਤ ਰਾਸ਼ਟਰ ਦੇ ਅਨੁਸਾਰ, ਇਸ ਨਾਲ ਅਗਲੇ ਕੁਝ ਸਾਲਾਂ ਲਈ ਚੀਜ਼ਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ ਅਤੇ ਖਾਣ-ਪੀਣ ਦੀਆਂ ਵਸਤਾਂ ਮਹਿੰਗੀਆਂ ਹੋ ਸਕਦੀਆਂ ਹਨ।

ਇਨ੍ਹਾਂ ਪ੍ਰਮੁੱਖ ਨਾਂਪੱਖੀ ਘਟਨਾਵਾਂ ਦੇ ਮੱਦੇਨਜ਼ਰ, ਘੱਟ ਵਿਕਸਤ ਮੁਲਕਾਂ ਦੁਆਰਾ ਸੰਚਰਨਾਤਮਕ ਮੁਸ਼ਕਲਾਂ ਦੇ ਬਾਵਜੂਦ ਹਾਸਲ ਕੀਤੀ ਗਈ ਤਰੱਕੀ ਖ਼ਤਰੇ ਵਿੱਚ ਪੈ ਸਕਦੀ ਹੈ, ਅਤੇ ਅੱਜ ਵੀ, ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਆਰਥਿਕਤਾਵਾਂ ਸਰੋਤਾਂ ਅਤੇ ਬਦੇਸ਼ੀ ਮੁਦਰਾ ਹਾਸਲ ਕਰਨ ਲਈ ਦੋ ਪਰਿਵਰਤਨਾਂ 'ਤੇ ਨਿਰਭਰ ਕਰਦੀਆਂ ਹਨ: ਜਾਂ ਤਾਂ ਬਦੇਸ਼ੀ ਨਿਵੇਸ਼ ਦੀ ਇੱਕ ਵੱਡੀ ਮਾਤਰਾ ਉਨ੍ਹਾਂ ਦੇ ਵਸੀਲਿਆਂ ਦੀ ਲੁੱਟ ਲਈ ਆਉਂਦੀ ਹੈ ਜਾਂ ਪ੍ਰਾਇਮਰੀ ਵਸਤਾਂ ਦਾ ਨਿਰਯਾਤ ਕਰਨਾ ਪੈਂਦਾ ਹੈ।

ਹਾਲਾਂਕਿ, ਦੋਵਾਂ ਹੀ ਮਾਮਲਿਆਂ ਵਿੱਚ ਨੁਕਸਾਨ, ਮੁੱਖ ਤੌਰ 'ਤੇ ਪ੍ਰਾਇਮਰੀ ਵਸਤਾਂ 'ਤੇ ਨਿਰਭਰਤਾ ਹੈ, ਕਿਉਂਕਿ ਇਹ ਅੰਤਰਰਾਸ਼ਟਰੀ ਕੀਮਤਾਂ 'ਤੇ ਨਿਰਭਰ ਕਰਦੀਆਂ ਹਨ। ਜਿਸ ਦਾ ਮਤਲਬ ਹੈ ਕਿ ਜਦੋਂ ਇਹ ਕੀਮਤਾਂ ਵੱਧਦੀਆਂ ਹਨ ਤਾਂ ਬਿਨਾਂ ਕਿਸੇ ਸੰਰਚਨਾਤਮਕ ਤਬਦੀਲੀ ਦੇ ਹੀ ਹਾਲਤ ਚੰਗੀ ਹੋ ਜਾਂਦੀ ਹੈ।

# ਧੂਰੀ ਦੇ ਪਿੰਡ ਬਰੜਵਾਲ ਵਿਖੇ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦਾ ਆਯੋਜਨ





ਧੂਰੀ (ਬਲਜਿੰਦਰ ਸਿੰਘ ਪਟਿਆਲਾ) : ਜ਼ਿਲਾ ਸੰਗਰੂਰ ਅਤੇ ਮੁੱਖ ਮੰਤਰੀ ਪੰਜਾਬ ਦੇ ਹਲਕੇ ਧੂਰੀ ਦੇ ਪਿੰਡ ਬਰੜਵਾਲ ਦੀ ਲੰਮਾ ਪੱਤੀ ਵਾਲੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਪਿਛਲੇ ਦਿਨੀ ਕੈਂਸਰ ਵਿਰੁੱਧ ਲੜਾਈ ਹਾਰ ਚੁੱਕੀ ਮਰਹੂਮ ਭੈਣ ਪਰਨੀਤ ਕੌਰ ਜੀ ਦੀ ਯਾਦ ਨੂੰ ਸਮਰਪਿਤ ਇਸ ਕੈਂਪ ਵਿੱਚ ਟਾਟਾ ਮੈਮੋਰੀਅਲ ਦੇ ਸੰਗਰੂਰ ਸਥਿਤ ਹੋਮੀ ਭਾਵਾ ਕੈਂਸਰ ਹਸਪਤਾਲ ਦੀ ਟੀਮ ਵੱਲੋਂ ਤਕਰੀਬਨ 200 ਵਿਆਕਤੀਆਂ ਦੀ ਮਢਲੀ ਜਾਂਚ ਕੀਤੀ ਗਈ। ਜਿਨ੍ਹਾਂ ਵਿੱਚੋ ਸ਼ੱਕੀ ਮਰੀਜ਼ਾਂ ਨੂੰ ਹੋਮੀ ਭਾਵਾ ਹਸਪਤਾਲ ਸੰਗਰੂਰ ਵਿਖੇ ਅਗਲੇਰੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਗਈ। ਮਰਹੂਮ ਬੇਟੀ ਦੇ ਦੋਵੇਂ ਪਰਿਵਾਰਾਂ ਧਾਲੀਵਾਲ ਤੇ ਢੀਂਡਸਾ ਪਰਿਵਾਰ ਦੇ ਨਿੱਗਰ ਉਪਰਾਲੇ ਸਦਕਾ ਅਤੇ ਪਿੰਡ ਵਾਲਿਆਂ ਦੇ ਪੂਰਨ ਸਹਿਯੋਗ ਨਾਲ ਇਹ ਕੈਂਪ ਸਫਲ ਹੋ ਨਿਬੜਿਆ। ਇਸ ਮੌਕੇ ਡਾਕਟਰ ਸਾਹਿਬਾਨ ਅਤੇ ਕੁੱਝ ਚੋਣਵੇਂ ਬੁਲਾਰਿਆਂ ਨੇ ਜਿੱਥੇ ਭੈਣ ਪਰਨੀਤ ਕੌਰ ਜੀ ਨੂੰ ਯਾਦ ਕੀਤਾ ਉੱਥੇ ਕੈਂਸਰ ਦੀ ਬੀਮਾਰੀ ਤੋਂ ਬਚਾਓ ਬਾਰੇ ਨੁਕਤੇ ਸਾਂਝੇ ਕੀਤੇ। ਇਸ ਮੌਕੇ ਹੋਮੀ ਭਾਵਾ ਕੈਂਸਰ ਹਸਪਤਾਲ ਸਟਾਫ ਦੇ ਮੁੱਖ ਡਾ. ਦਿਲਰਾਜ ਸਿੰਘ ਬਾਜਵਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਕੈਂਪ ਵਿੱਚ ਪਹੁੰਚੇ ਵੱਡੀ ਗਿਣਤੀ ਵਿੱਚ ਸਕੂਲਾਂ ਦੇ ਵਿਦਿਆਰਥੀ ਵੀ ਆਏ ਹੋਏ ਸਨ। ਡਾ. ਬਾਜਵਾ ਜਿੱਥੇ ਵਿਦਿਆਰਥੀਆਂ ਨੂੰ ਕੈਂਸਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਉੱਥੇ ਆਪਣੀ ਜਾਂਚ ਕਰਵਾਉਣ ਆਏ ਲੋਕਾਂ ਨੂੰ ਕਿਹਾ ਕਿ ਕੈਂਸਰ ਦੀ ਅਗੇਤੀ ਪਹਿਚਾਣ ਹੀ ਇਸਦਾ ਸਹੀ ਇਲਾਜ ਹੈ। ਸਾਨੂੰ ਬਿਨਾਂ ਡਰ ਅਤੇ ਝਿਜਕ ਦੇ ਕੈਂਸਰ ਬਾਰੇ ਖੁੱਲ੍ਹ ਕੇ ਜਾਣਨਾ ਚਾਹੀਦਾ ਹੈ। ਡਾ. ਅਵਤਾਰ ਸਿੰਘ ਢੀਂਡਸਾ ਨੇ ਮੀਡੀਆ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਬੇਟੀ ਪ੍ਰਨੀਤ ਕੌਰ ਨੂੰ ਦੋਵੇਂ ਪੇਕਾ ਅਤੇ ਸਹੁਰਾ ਪਰਿਵਾਰ ਵੱਲੋਂ ਬੇਟੀ ਨੂੰ ਸੱਚੀ ਸਰਧਾਂਜਲੀ ਦੇਣ ਲਈ ਇਹ ਕੈਂਪ ਲਗਾਇਆ ਗਿਆ। ਐਨਆਰਈ ਸੋਹਣ ਸਿੰਘ ਢੀਂਡਸਾ ਕੈਨੇਡਾ ਨੇ ਕਿਹਾ ਕਿ ਕੈਂਸਰ ਕਹਿਣ ਨਾਲ ਕੈਂਸਰ ਨਹੀਂ ਹੁੰਦਾ। ਲੋਕ ਕੈਂਸਰ ਨੂੰ ਕੈਂਸਰ ਨਾ ਕਹਿ ਕੇ 'ਦੂਜਾ' ਕਹਿ ਕੇ ਆਪਣੇ ਡਰ ਦਾ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਲੋੜੀਂਦੇ ਟੈਸਟ ਬਿਲਕੁਲ ਮੁਫਤ ਕੀਤੇ ਗਏ ਹਨ। ਢੀਂਡਸਾ ਨੇ ਕਿਹਾ ਕਿ ਪੰਜਾਬ ਦੇ ਹਰ ਇੱਕ ਪਿੰਡ ਵਿੱਚ ਅਜਿਹੇ ਮੁਫਤ ਜਾਂਚ ਅਤੇ ਜਾਗਰੂਕਤਾ ਕੈਂਪ ਨਿਰੰਤਰ ਲੱਗਣੇ ਚਾਹੀਦੇ ਹਨ। ਇਸ ਮੌਕੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਕੈਂਪ 'ਚ ਆਏ ਲੋਕਾਂ ਲਈ ਚਾਹ ਪਾਣੀ ਆਦਿ ਦਾ ਪ੍ਰਬੰਧ ਵਿਸੇਸ ਤੌਰ 'ਤੇ ਕੀਤਾ ਹੋਇਆ ਸੀ। ਇਸ ਕੈਂਪ ਵਿੱਚ ਜਗਤਾਰ ਸਿੰਘ ਸਿੱਧੂ ਹੈਲਥ ਇੰਸਪੈਕਟਰ ਕਮਿਊਨਟੀ ਹੈਲਥ ਸੈਂਟਰ ਅਮਰਗੜ੍ਹ (ਮਲੇਰਕੋਟਲਾ) ਨੇ ਵੀ ਕੈਂਪ ਵਿੱਚ ਹਾਜ਼ਰੀ ਲਵਾਈ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 29

# ਮਾਨਸਿਕ ਗੁਲਾਮੀ ਤੇ ਮਨੋਰੋਗੀਆਂ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿੱਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤਾਂ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਅਸਲੀ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਤੇ ਅਸਲੀ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ, ਸਾਇੰਸਦਾਨਾਂ, ਆਧੁਨਿਕਵਾਦੀਆਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿੱਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ, ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਇਸ ਤੋਂ ਪਹਿਲਾਂ ਕਿ ਅਸੀਂ ਮਨੋਰੋਗੀਆਂ ਜਾਂ ਮਾਨਸਿਕ ਗੁਲਾਮੀ ਅਧਾਰਿਤ ਨਕਲੀ ਧਰਮ ਦੀ ਗੱਲ ਕਰੀਏ, ਸਾਨੂੰ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਮਨੋਰੋਗ ਕੀ ਹਨ ਤੇ ਇਹ ਕਿਉਂ ਹੁੰਦੇ ਹਨ। ਜੇ ਮਨੁੱਖੀ ਸਰੀਰ ਨੂੰ ਲੱਗਣ ਵਾਲੀਆਂ ਬੀਮਾਰੀਆਂ ਬਾਰੇ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਸਮਝ ਆਉਂਦੀ ਹੈ ਕਿ ਸਰੀਰਕ ਬੀਮਾਰੀਆਂ ਵਿਚੋਂ ਥੋੜ੍ਹੀਆਂ ਬੀਮਾਰੀਆਂ ਹੀ ਅਜਿਹੀਆਂ ਹੁੰਦੀਆਂ ਹਨ, ਜੋ ਸਾਨੂੰ ਬਾਹਰੋਂ ਲਗਦੀਆਂ ਹਨ, ਜ਼ਿਆਦਾਤਰ ਬੀਮਾਰੀਆਂ ਮਾਨਸਿਕ ਹੀ ਹੁੰਦੀਆਂ ਹਨ। ਬਾਹਰੋਂ ਸਾਨੂੰ ਕਿਸੇ ਐਕਸੀਡੈਂਟ ਰਾਹੀਂ ਸੱਟ ਲੱਗ ਸਕਦੀ ਹੈ ਜਾਂ ਸੱਟ ਦਾ ਜ਼ਖਮ ਜਲਦੀ ਠੀਕ ਨਾ ਹੋਣ ਤੇ ਇਨਫੈਕਸ਼ਨ ਹੋ ਸਕਦੀ ਹੈ ? ਜਾਂ ਬਾਹਰੋਂ ਆਈ ਕਿਸੇ ਵਾਇਰਸ ਕਾਰਨ ਸਾਨੂੰ ਕੋਈ ਬੀਮਾਰੀ ਲੱਗ ਸਕਦੀ ਹੈ। ਪਰ ਇਸ ਤੋਂ ਇਲਾਵਾ ਸਾਡੀਆਂ ਜ਼ਿਆਦਾ ਬੀਮਾਰੀਆਂ ਮਾਨਸਿਕ ਹੀ ਹੁੰਦੀਆਂ ਹਨ ਤੇ ਉਪਜਦੀਆਂ ਵੀ ਸਾਡੇ ਅੰਦਰੋਂ ਹੀ ਹਨ ਜਾਂ ਸਾਨੂੰ ਇਹ ਬੀਮਾਰੀਆਂ ਆਪਣੇ ਮਾਪਿਆਂ ਤੋਂ ਮਿਲੇ ਜੀਨਜ਼ ਰਾਹੀਂ ਵੀ ਮਿਲ ਜਾਂਦੀਆਂ ਹਨ। ਸਰੀਰਕ ਬੀਮਾਰੀਆਂ ਦਾ ਇਲਾਜ ਅਕਸਰ ਬਾਹਰੋਂ ਦਿੱਤੀਆਂ ਦਵਾਈਆਂ ਨਾਲ ਹੋ ਜਾਂਦਾ ਹੈ, ਪਰ ਮਾਨਸਿਕ ਬੀਮਾਰੀਆਂ ਦੀ ਜੜ੍ਹ ਸਾਡੇ ਜੀਨਜ਼ ਜਾਂ ਮਨ ਵਿੱਚ ਪਈ ਹੁੰਦੀ ਹੈ, ਇਸ ਲਈ ਇਸਦਾ ਇਲਾਜ ਬਾਹਰੋਂ ਘੱਟ ਤੇ ਅੰਦਰੋਂ ਵੱਧ ਕਰਨਾ ਪੈਂਦਾ ਹੈ। ਮਾਨਸਿਕ ਬੀਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਹੀ ਆਮ ਤੌਰ 'ਤੇ ਮਾਨਸਿਕ ਰੋਗੀ (ਮਨੋਰੋਗੀ) ਕਿਹਾ ਜਾਂਦਾ ਹੈ। ਬਹੁਤ ਸਾਰੀਆਂ ਮਾਨਸਿਕ ਬੀਮਾਰੀਆਂ ਸ਼ੁਰੂ ਵਿੱਚ ਮਾਨਸਿਕ ਹੁੰਦੀਆਂ ਹਨ, ਫਿਰ ਹੌਲੀ-ਹੌਲੀ ਉਸ ਤੋਂ ਸਰੀਰਕ ਬੀਮਾਰੀਆਂ ਬਣ ਜਾਂਦੀਆਂ ਹਨ। ਜਿਸ ਤਰ੍ਹਾਂ ਚਿੰਤਾ ਜਾਂ ਟੈਨਸ਼ਨ ਵਿੱਚ ਰਹਿਣ ਨਾਲ ਬਲੱਡ ਪ੍ਰੈਸ਼ਰ ਵਧ ਸਕਦਾ ਹੈ, ਜੋ ਬਾਅਦ ਵਿੱਚ ਦਿਲ ਦੇ ਰੋਗਾਂ ਨੂੰ ਜਨਮ ਦਿੰਦਾ ਹੈ। ਕਿਸੇ ਵਿਅਕਤੀ ਦੇ ਮਾਨਸਿਕ ਰੋਗੀ ਹੋਣ ਦੀ ਨਿਸ਼ਾਨੀ ਇਹੀ ਹੈ ਕਿ ਉਹ ਮਾਨਸਿਕ ਤੌਰ 'ਤੇ ਕਿਤਨਾ ਗੁਲਾਮ ਹੈ, ਉਹ ਗੁਲਾਮੀ ਭਾਵੇਂ ਕਿਸੇ ਵਲੋਂ ਉਸ ਤੇ ਪਾਈ ਗਈ ਹੋਵੇ ਜਾਂ ਉਹ ਆਪਣੀਆਂ ਆਦਤਾਂ ਅਧੀਨ ਮਾਨਸਿਕ ਗੁਲਾਮ ਹੋਵੇ। ਦੋਨਾਂ ਹਾਲਾਤਾਂ ਵਿੱਚ ਮਾਨਸਿਕ ਗੁਲਾਮ ਮਨੁੱਖ ਹੀ ਮਾਨਸਿਕ ਰੋਗ ਸਹੇੜਦੇ ਹਨ। ਨਕਲੀ ਧਰਮਾਂ ਦਾ ਖਾਸਾ ਹੀ ਇਹ ਹੁੰਦਾ ਹੈ ਕਿ ਮਨੁੱਖ ਨੂੰ ਕਿਸ ਤਰ੍ਹਾਂ ਮਾਨਸਿਕ ਗੁਲਾਮ ਬਣਾਉਣਾ ਹੈ ਤੇ ਬਣਾ ਕੇ ਰੱਖਣਾ ਹੈ। ਮਾਨਸਿਕ ਗੁਲਾਮੀ ਵਿਚੋਂ ਹੀ ਰਾਜਨੀਤਕ, ਸਮਾਜਿਕ, ਆਰਥਿਕ ਤੇ ਹੋਰ ਕਈ ਤਰ੍ਹਾਂ ਦੀ ਗੁਲਾਮੀ ਨਿਕਲਦੀ ਹੈ।

ਹੁਣ ਜਦੋਂ ਅਸੀਂ ਨਕਲੀ ਧਰਮਾਂ ਦੀ ਚਰਚਾ ਕਰ ਰਹੇ ਤਾਂ ਇਸ ਵਿੱਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਦੋਂ ਤੋਂ ਕੁਦਰਤ ਨੇ ਮਨੁੱਖ ਦੀ ਘਾੜਤ ਘੜੀ ਹੈ, ਇਸ ਵਿੱਚ ਕੁੱਝ ਬੁਨਿਆਦੀ ਗੁਣ ਔਗੁਣ ਪਾਏ ਹੋਏ ਹਨ। ਜਿਨ੍ਹਾਂ ਕਰਕੇ ਹੀ ਮਨੁੱਖ ਚੰਗਾ ਤੇ ਮਾੜਾ ਬਣਦਾ ਹੈ। ਜਿਨ੍ਹਾਂ ਵਿੱਚ ਧਰਮ ਨੇ ਮਨੁੱਖ ਦੇ ਕੁੱਝ ਬਨਿਆਦੀ ਔਗੁਣ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਮਿਥੇ ਹਨ। ਬੇਸ਼ੱਕ ਇਨ੍ਹਾਂ ਨੂੰ ਤਕਰੀਬਨ ਸਾਰੇ ਧਰਮਾਂ ਨੇ ਔਗੁਣ ਕਿਹਾ ਹੈ, ਪਰ ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਚੱਲ ਵੀ ਨਹੀਂ ਸਕਦਾ। ਜਿਸ ਤਰ੍ਹਾਂ ਕਾਮ ਦੀ ਪ੍ਰਵਿਰਤੀ ਹੀ ਮਨੁੱਖੀ ਨਸਲ ਨੂੰ ਅੱਗੇ ਵਧਾਉਂਦੀ ਹੈ ਜਾਂ ਲੋਭ ਹੀ ਹੁੰਦਾ ਜੋ ਮਨੁੱਖ ਨੂੰ ਕੁੱਝ ਕਰਨ ਲਈ ਪ੍ਰੇਰਦਾ ਹੈ। ਇਸੇ ਤਰ੍ਹਾਂ ਡਰ ਤੇ ਲਾਲਚ ਮਨੁੱਖ ਲਈ ਜਿਥੇ ਵਰਦਾਨ ਵੀ ਹਨ, ਉਥੇ ਇਹ ਮਨੁੱਖ ਲਈ ਘਾਤਕ ਵੀ ਸਾਬਿਤ ਹੁੰਦੇ ਹਨ। ਜੇ ਮਨੁੱਖ ਵਿੱਚ ਡਰ ਦੀ ਭਾਵਨਾ ਨਾ ਹੋਵੇ ਤਾਂ ਸ਼ਾਇਦ ਉਹ ਕਦੇ ਵੀ ਆਪਣੇ ਆਪ ਨੂੰ ਬਚਾਉਣ ਲਈ ਯਤਮ ਨਹੀਂ ਕਰੇਗਾ। ਇਹ ਉਸ ਕੋਲ ਆਪਣੀ ਰੱਖਿਆ ਲਈ ਹਥਿਆਰ ਹੈ, ਪਰ ਇਹੀ ਡਰ ਉਸ ਲਈ ਹਮੇਸ਼ਾਂ ਅਨੇਕਾਂ ਸਮੱਸਿਆਵਾਂ ਵੀ ਖੜ੍ਹੀਆਂ ਕਰਦਾ ਹੈ। ਨਕਲੀ ਧਰਮਾਂ ਦੇ ਪੁਜਾਰੀ ਮਨੁੱਖ ਦੀ ਡਰੂ ਬਿਰਤੀ ਦਾ ਲਾਭ ਉਠਾ ਕੇ ਸਾਰੀ ਉਮਰ ਉਸਦਾ ਸੋਸ਼ਣ ਕਰਦੇ ਹਨ। ਡਰ ਸਿਰਫ ਮੌਤ ਦਾ ਜਾਂ ਸਰੀਰਕ ਹਮਲੇ ਦਾ ਹੀ ਨਹੀਂ ਹੁੰਦਾ, ਡਰ ਕੁੱਝ ਖੁਸ ਜਾਣ ਜਾਂ ਭਵਿੱਖ ਦੀ ਚਿੰਤਾ ਦਾ ਵੀ ਹੁੰਦਾ ਹੈ। ਇਸੇ ਤਰ੍ਹਾਂ ਲਾਲਚ ਸਿਰਫ ਇਹੀ ਨਹੀਂ ਹੁੰਦਾ ਕਿ ਵਿਅਕਤੀ ਕਿਤੇ ਭੁੱਖਾ ਨਾ ਮਰ ਜਾਵੇ, ਇਸ ਲਈ ਉਹ ਕੱਲ ਵਾਸਤੇ ਵੀ ਕੁੱਝ ਇਕੱਠਾ ਕਰ ਲਵੇ, ਸਗੋਂ ਲਾਲਚੀ ਬਿਰਤੀ ਅਧੀਨ ਮਨੁੱਖ ਆਪਣੇ ਕੱਲ ਲਈ ਇਕੱਠਾ ਕਰਦਾ, ਫਿਰ ਆਪਣੀਆਂ ਅਗਲੀਆਂ ਨਸਲਾਂ ਵਾਸਤੇ ਕੁੱਝ ਕਰਨ ਦੇ ਲਾਲਚ ਵਿੱਚ ਨਕਲੀ ਧਰਮ ਵਿੱਚ ਹੀ ਨਹੀਂ ਫਸਦਾ ਸਗੋਂ ਹੋਰ ਵੀ ਅਨੇਕਾਂ ਗਲਤ ਕੰਮ ਕਰਨ ਦੇ ਰਾਹੇ ਪੈ ਜਾਂਦਾ ਹੈ। ਅਜਿਹੇ ਵਿੱਚ ਹੀ ਉਹ ਕਈ ਤਰ੍ਹਾਂ ਦੇ ਮਾਨਸਿਕ ਰੋਗ ਸਹੇੜਦਾ ਹੈ। ਇਨ੍ਹਾਂ ਸਾਰੇ ਰੋਗਾਂ ਵਿਚੋਂ ਸਭ ਤੋਂ ਖਤਰਨਾਕ ਮਾਨਸਿਕ ਗੁਲਾਮੀ ਹੁੰਦੀ ਹੈ। ਦੁਨੀਆਂ ਵਿੱਚ ਪ੍ਰਚਲਤ ਸਾਰੇ ਜਥੇਬੰਧਕ ਧਾਰਮਿਕ ਫਿਰਕੇ ਮਾਨਸਿਕ ਤੌਰ 'ਤੇ ਗੁਲਾਮ ਮਨੁੱਖਾਂ ਸਿਰ ਤੇ ਹੀ ਚਲਦੇ ਤੇ ਵਧਦੇ ਫੁੱਲਦੇ ਹਨ। ਜਿਤਨਾ ਕੋਈ ਵੱਧ ਮਾਨਸਿਕ ਗੁਲਾਮ ਹੈ, ਉਤਨਾ ਹੀ ਉਹ ਸਭ ਤੋਂ ਵੱਡਾ ਧਰਮੀ ਜਾਂ ਧਾਰਮਿਕ ਸ਼ਰਧਾਲੂ ਮੰਨਿਆ ਜਾਂਦਾ ਹੈ। ਮਾਨਸਿਕ ਤੌਰ ਤੇ ਚੇਤੰਨ ਜਾਂ ਆਜ਼ਾਦ ਸੋਚ ਵਾਲੇ ਲੋਕ ਕਦੇ ਵੀ ਇਨ੍ਹਾਂ ਨਕਲੀ ਧਰਮਾਂ ਜਾਂ ਇਨ੍ਹਾਂ ਦੇ ਪੁਾਜਾਰੀਆਂ ਦੇ ਮਾਇਆਜ਼ਾਲ ਵਿੱਚ ਨਹੀਂ ਫਸਦੇ। ਇਸੇ ਲਈ ਅਜਿਹੇ ਲੋਕ ਨਕਲੀ ਧਰਮਾਂ ਦੇ ਪੁਜਾਰੀਆਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਲਈ ਬੜੇ ਖਤਰਨਾਕ ਹੁੰਦੇ ਹਨ। ਸਾਰੇ ਜਥੇਬੰਧਕ ਧਾਰਮਿਕ ਫਿਰਕਿਆਂ ਦਾ ਇਤਿਹਾਸ ਪੜ੍ਹ ਕੇ ਦੇਖੋ ਤਾਂ ਪਤਾ ਚਲਦਾ ਹੈ ਕਿ ਧਰਮ ਆਗੂ ਤੇ ਰਾਜਨੀਤਕ ਲੋਕ ਹਮੇਸ਼ਾਂ ਇੱਕ ਦੂਜੇ ਦੇ ਪੂਰਕ ਹੋ ਕੇ ਚਲਦੇ ਹਨ। ਦੋਨਾਂ ਦੀ ਖੇਡ ਲੋਕਾਂ ਤੇ ਰਾਜ ਕਰਨ ਲਈ ਹੀ ਸਦੀਆਂ ਤੋਂ ਚੱਲ ਰਹੀ ਹੈ। ਮਨੁੱਖੀ ਇਤਿਹਾਸ ਦੇ ਸ਼ੁਰੂਆਤੀ ਦੌਰ ਵਿੱਚ ਜਦੋਂ ਮਨੁੱਖ ਨੇ ਜੰਗਲੀ ਜੀਵਨ ਤੋਂ ਨਿਕਲ ਕੇ ਪਹਿਲਾਂ ਝੁੰਡਾਂ ਵਿੱਚ ਤੇ ਫਿਰ ਕਬੀਲਿਆਂ ਵਿੱਚ ਰਹਿਣਾ ਸ਼ੁਰੂ ਕੀਤਾ ਤਾਂ ਸਰੀਰਕ ਤੌਰ 'ਤੇ ਤਾਕਤਵਰ ਲੋਕ ਹੀ ਕਬੀਲਾ ਮੁੱਖੀ ਬਣੇ, ਜੋ ਆਪਣੇ ਕਬੀਲੇ ਦੀ ਰਾਖੀ ਲਈ ਜ਼ਿੰਮੇਵਾਰੀ ਲੈਂਦੇ ਸਨ ਤੇ ਇਹ ਹੀ ਬਾਅਦ ਵਿੱਚ ਰਾਜੇ ਜਾਂ ਰਾਜਨੀਤਕ ਲੋਕ ਬਣੇ। ਜਿਸ ਤਰ੍ਹਾਂ ਕਬੀਲੇ ਵੱਡੇ ਹੁੰਦੇ ਗਏ ਤੇ ਦੂਜੇ ਕਬੀਲਿਆਂ ਨੂੰ ਆਪਣੇ ਵਿੱਚ ਮਿਲਾਉਣ ਜਾਂ ਉਨ੍ਹਾਂ ਤੇ ਆਪਣਾ ਅਧਿਕਾਰ ਜਮਾਉਣ ਦੀ ਦੌੜ ਸ਼ੁਰੂ ਹੋਈ ਤਾਂ ਇਨ੍ਹਾਂ ਮੁੱਖੀਆਂ (ਰਾਜਨੀਤਕਾਂ) ਵਲੋਂ ਆਪਣੇ ਸਾਥੀਆਂ ਦੀਆਂ ਫੌਜਾਂ ਬਣਾਈਆਂ ਤੇ ਸਾਰੇ ਕਬੀਲੇ ਦੇ ਸਾਧਨਾਂ ਤੇ ਕਬਜ਼ੇ ਕਰਨੇ ਸ਼ੁਰੂ ਕੀਤੇ ਤਾਂ ਕਿ ਉਨ੍ਹਾਂ ਦੇ ਸਾਂਝੇ ਸਾਧਨਾਂ ਤੇ ਕੰਟਰੋਲ ਕਰਕੇ ਰਾਜ ਕਰ ਸਕਣ। ਅੱਜ ਵੀ ਇਹ ਇਸੇ ਤਰ੍ਹਾਂ ਚੱਲ ਰਿਹਾ ਹੈ। ਦੁਨੀਆਂ ਦੇ ਵੱਖ-ਵੱਖ ਖਿਤਿਆਂ ਦੀ ਰਾਜਨੀਤੀ ਦਾ ਤਰੀਕਾ ਜੋ ਮਰਜ਼ੀ ਹੋਵੇ, ਪਰ ਸਭ ਜਗ੍ਹਾ 5% ਤੋਂ ਘੱਟ ਲੋਕ ਹਨ, ਜੋ ਸਾਰੇ ਮਨੁੱਖੀ ਸਾਧਨਾਂ ਤੇ ਰਾਜਨੀਤਕ ਤਾਕਤ ਨਾਲ ਕਾਬਿਜ਼ ਹਨ। ਪੁਰਾਣੇ ਸਮਿਆਂ ਦੇ ਉਸ ਦੌਰ ਵਿੱਚ ਹੀ ਜਦੋਂ ਇੱਕ ਜਮਾਤ ਨੇ ਤਾਕਤ ਨਾਲ ਸਾਧਨਾਂ ਤੇ ਕੰਟਰੋਲ ਕਰ ਲਿਆ ਤਾਂ ਦੂਜੀ ਧਿਰ ਨੇ ਮਨੁੱਖੀ ਮਨ ਦੀਆਂ ਬੁਨਿਆਦੀ ਕਮਜ਼ੋਰੀਆਂ ਦਾ ਲਾਭ ਉਠਾਉਂਦੇ ਹੋਏ, ਮਨੁੱਖ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾ ਕੇ ਆਪਣੀ ਸਰਦਾਰੀ ਕਾਇਮ ਕੀਤੀ, ਜਿਸਨੂੰ ਉਸਨੇ ਧਰਮ ਦਾ ਨਾਮ ਦਿੱਤਾ। ਮਨੁੱਖੀ ਇਤਿਹਾਸ ਦੇ ਮੁਢਲੇ ਦੌਰ ਵਿੱਚ ਰਾਜਸੀ ਤੇ ਧਾਰਮਿਕ ਲੋਕਾਂ ਦੀ ਹੀ ਸਰਦਾਰੀ ਰਹੀ। ਜੇ ਇੱਕ ਧਿਰ (ਰਾਜਨੀਤਕ ਲੀਡਰ) ਲੋਕਾਂ ਤੇ ਤਾਕਤ ਨਾਲ ਰਾਜ ਕਰਦੀ ਸੀ ਤੇ ਦੂਜੀ ਧਿਰ (ਧਾਰਮਿਕ ਲੀਡਰ) ਲੋਕਾਂ ਨੂੰ ਮਾਨਸਿਕ ਗੁਲਾਮ ਬਣਾ ਕੇ ਰਾਜ ਕਰਦੀ ਸੀ। ਇਸ ਸਾਰੇ ਵਰਤਾਰੇ ਵਿੱਚੋਂ ਸਮਾਂ ਪਾ ਕੇ ਇੱਕ ਤੀਜੀ ਧਿਰ ਨਿਕਲੀ ਜੋ ਸਰਾਮਏ ਦੇ ਸਿਰ ਰਾਜ ਕਰਨ ਲੱਗੀ। ਇਸ ਤਰ੍ਹਾਂ ਸਾਰੇ ਮਨੁੱਖੀ ਇਤਿਹਾਸ ਵਿੱਚ ਇਹ ਤਿੰਨੇ ਧਿਰਾਂ (ਸਾਰੀ ਦੁਨੀਆਂ ਵਿੱਚ 10% ਤੋਂ ਵੀ ਘੱਟ ਲੋਕ 90% ਲੋਕਾਂ ਤੇ ਰਾਜ ਕਰਦੇ ਹਨ ਤੇ ਹਰ ਤਰ੍ਹਾਂ ਦੇ ਸਾਧਨਾਂ ਤੇ ਵੀ ਇਨ੍ਹਾਂ 10% ਲੋਕਾਂ ਦਾ 90% ਕੰਟਰੋਲ ਹੈ) ਸਾਰੇ ਮਨੁੱਖੀ ਸਾਧਨਾਂ ਤੇ ਹੀ ਕਾਬਿਜ਼ ਨਹੀਂ ਰਹੇ, ਸਗੋਂ ਮਨੁੱਖੀ ਮਨ ਤੇ ਵੀ ਕਾਬਿਜ਼ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸਰੀਰਕ ਤੌਰ ਗੁਲਾਮ ਮਨੁੱਖ ਨੂੰ ਬਹੁਤਾ ਚਿਰ ਗੁਲਾਮ ਬਣਾ ਕੇ ਨਹੀਂ ਰੱਖਿਆ ਜਾ ਸਕਦਾ, ਜਿਤਨਾ ਚਿਰ ਉਸਨੂੰ ਮਾਨਸਿਕ ਗੁਲਾਮ ਨਹੀਂ ਬਣਾਇਆ ਜਾਂਦਾ। ਨਕਲੀ ਧਰਮ ਆਗੂ (ਪੁਜਾਰੀ) ਇਨ੍ਹਾਂ ਵਿਚੋਂ ਅਹਿਮ ਰੋਲ ਅਦਾ ਕਰਦਾ ਹੈ ਕਿਉਂਕਿ ਉਹ ਮਨੁੱਖ ਨੂੰ ਮਾਨਸਿਕ ਤੌਰ 'ਤੇ ਗੁਲਾਮ ਰੱਖ ਕੇ ਜਿਥੇ ਆਪਣੀ ਸਰਦਾਰੀ ਕਾਇਮ ਰੱਖਦਾ ਹੈ, ਉਥੇ ਆਪਣੇ ਸਾਥੀਆਂ ਲਈ ਮਨੁੱਖ ਦੀ ਰਾਜਸੀ ਤੇ ਸਰਮਾਏਦਾਰੀ ਦੀ ਗੁਲਾਮੀ ਵੀ ਪੱਕੀ ਕਰਦਾ ਹੈ। ਜੇ ਅਸੀਂ ਧਰਮ ਦੇ ਇਤਿਹਾਸ ਵਿੱਚ ਧਰਮ ਗੁਰੂਆਂ ਜਾਂ ਪੈਗੰਬਰਾਂ ਦਾ ਇਤਿਹਾਸ ਦੇਖਦੇ ਹਾਂ ਤਾਂ ਉਹ ਮਨੁੱਖ ਨੂੰ ਮਾਨਸਿਕ ਗੁਲਾਮੀ ਵਿਚੋਂ ਕੱਢ ਕੇ ਆਜ਼ਾਦ ਮਨੁੱਖ ਬਣਾਉਣ ਲਈ ਯਤਨ ਕਰਦੇ ਹਨ, ਇਸੇ ਲਈ ਅਨੇਕਾਂ ਪੈਗੰਬਰੀ ਮਹਾਂਪੁਰਖਾਂ ਦੀ ਆਪਣੇ ਸਮੇਂ ਦੀਆਂ ਹਕੂਮਤਾਂ, ਸਾਰਮਏਦਾਰਾਂ ਤੇ ਧਰਮ ਪੁਜਾਰੀਆਂ ਨਾਲ ਟੱਕਰ ਰਹੀ ਹੈ। ਅਨੇਕਾਂ ਵਾਰ ਇਤਿਹਾਸ ਵਿੱਚ ਅਜਿਹੇ ਸੱਚੇ ਸੁੱਚੇ ਇਨਕਲਾਬੀ ਮਹਾਂਪੁਰਸ਼ਾਂ ਨੂੰ ਆਪਣੀ ਜਾਨ ਦੀ ਕੁਰਬਾਨੀ ਵੀ ਦੇਣੀ ਪਈ। ਪਰ ਸਾਰੇ ਇਤਿਹਾਸ ਵਿੱਚ ਇਹ ਤਿੰਨੇ ਧਿਰਾਂ ਇਤਨੀਆਂ ਤਾਕਤਵਰ ਰਹੀਆਂ ਹਨ ਕਿ ਇਨ੍ਹਾਂ ਦਾ ਸਮੁੱਚਾ ਕਿਲ੍ਹਾ ਕੋਈ ਨਹੀਂ ਢਾਹ ਸਕਿਆ, ਜੇ ਕੋਈ ਇਨਕਲਾਬੀ ਪੁਰਸ਼ ਕਿਸੇ ਖਾਸ ਖਿਤੇ ਵਿੱਚ ਕੁੱਝ ਸਮੇਂ ਲਈ ਕਾਮਯਾਬ ਵੀ ਹੋਇਆ ਤਾਂ ਉਸਦਾ ਮਿਸ਼ਨ ਲੰਬੇ ਸਮੇਂ ਲਈ ਸਹੀ ਰੂਪ ਵਿੱਚ ਅੱਗੇ ਨਹੀਂ ਚੱਲ ਸਕਿਆ। ਤਰਾਸਦੀ ਹਮੇਸ਼ਾਂ ਇਹ ਰਹੀ ਹੈ ਕਿ ਇਹ ਤਿੰਨੇ ਧਿਰਾਂ ਨਵੇਂ ਰੂਪ ਵਿੱਚ ਨਵੇਂ ਧਾਰਮਿਕ ਸਿਸਟਮ 'ਤੇ ਕਾਬਿਜ਼ ਹੋ ਜਾਂਦੀਆਂ ਰਹੀਆਂ ਹਨ। ਇਸਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਜਿਥੇ ਰਾਜਨੀਤਕ ਤੇ ਸਰਮਾਏਦਾਰੀ ਦੀ ਗੁਲਾਮੀ ਆਰਜ਼ੀ ਹੁੰਦੀ ਹੈ, ਇਸਨੂੰ ਸੰਘਰਸ਼ ਕਰਕੇ ਜਾਂ ਲੋਕਾਂ ਨੂੰ ਲਾਮਬੰਦ ਕਰਕੇ ਜਿੱਤਿਆ ਜਾ ਸਕਦਾ ਹੈ, ਵਿਵਸਥਾ ਨੂੰ ਬਦਲਿਆ ਜਾ ਸਕਦਾ ਹੈ, ਦੁਨੀਆਂ ਵਿੱਚ ਰਾਜਨੀਤਕ, ਸਮਾਜਿਕ ਤੇ ਹੋਰ ਕਈ ਕ੍ਰਾਂਤੀਆਂ ਅਕਸਰ ਵਾਪਰਦੀਆਂ ਰਹੀਆਂ ਹਨ। ਲੋਕ ਇੱਕ ਵਿਵਸਥਾ ਬਦਲ ਕੇ ਨਵੀਂ ਖੜ੍ਹੀ ਕਰਦੇ ਰਹੇ ਹਨ। ਪਰ ਮਾਨਸਿਕ ਗੁਲਾਮੀ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ, ਜਿਸ ਤਰ੍ਹਾਂ ਹੋਰ ਔਗੁਣ ਸਾਨੂੰ ਵਿਰਸੇ ਵਿੱਚ ਜੀਨਜ਼ ਰਾਹੀਂ ਮਿਲਦੇ ਹਨ, ਮਾਨਸਿਕ ਗੁਲਾਮੀ ਵੀ ਸਾਨੂੰ ਵਿਰਸੇ ਵਿੱਚ ਮਿਲਦੀ ਹੈ, ਇਸ ਲਈ ਇਸ ਵਿਚੋਂ ਨਿਕਲਣ ਵਾਲੇ ਲੋਕ ਹਮੇਸ਼ਾਂ ਬੜੇ ਥੋੜ੍ਹੇ ਹੁੰਦੇ ਹਨ। ਕਾਬਿਜ਼ ਧਿਰਾਂ ਅਸਲੀ ਧਰਮ ਗੁਰੂਆਂ ਦੇ ਸੰਸਾਰ ਸੀਨ ਤੋਂ ਅਲੋਪ ਹੋਣ ਬਾਅਦ ਨਵੇਂ ਢੰਗ ਨਾਲ ਲੋਕਾਂ ਨੂੰ ਮਾਨਸਿਕ ਗੁਲਾਮ ਬਣਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ। ਧਰਮ ਪੁਜਾਰੀਆਂ ਕੋਲ ਲੋਕਾਂ ਨੂੰ ਮਾਨਸਿਕ ਗੁਲਾਮ ਬਣਾਉਣ ਤੇ ਬਣਾਈ ਰੱਖਣ ਦੀ ਕਲਾ ਹੁੰਦੀ ਹੈ। ਇਸ ਕਲਾ ਨਾਲ ਹੀ ਪੁਜਾਰੀਆਂ ਨੇ ਮਨੁੱਖ ਨੂੰ ਧਰਮ ਦੇ ਨਾਮ ਤੇ ਸਦੀਆਂ ਤੋਂ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ, ਮਾਨਸਿਕ ਤੌਰ 'ਤੇ ਗੁਲਾਮ ਸ਼ਰਧਾਲੂਆਂ ਤੋਂ ਪੁਜਾਰੀ ਧਰਮ ਯੁੱਧਾਂ ਦੇ ਨਾਮ ਤੇ ਸਦੀਆਂ ਤੋਂ ਮਨੁੱਖਤਾ ਦਾ ਘਾਣ ਕਰਾਉਂਦੇ ਰਹੇ ਹਨ ਤੇ ਕਰਾ ਰਹੇ ਹਨ।

ਹੁਣ ਵਿਚਾਰਨ ਵਾਲਾ ਇੱਕ ਮੁੱਦਾ ਇਹ ਹੈ ਕਿ ਨਕਲੀ ਧਰਮ ਪੁਜਾਰੀ ਮਨੁੱਖ ਨੂੰ ਮਾਨਸਿਕ ਗੁਲਾਮ ਬਣਾ ਕੇ ਕਿਉਂ ਰੱਖਣਾ ਚਾਹੁੰਦੇ ਹਨ ਤੇ ਕਿਵੇਂ ਗੁਲਾਮ ਬਣਾ ਕੇ ਰੱਖਦੇ ਹਨ ? ਪੁਜਾਰੀ ਮਨੁੱਖ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾ ਕੇ ਇਸ ਲਈ ਰੱਖਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦਾ ਪੀੜ੍ਹੀ-ਦਰ-ਪੀੜ੍ਹੀ ਸੋਸ਼ਣ ਕਰ ਸਕਣ, ਉਨ੍ਹਾਂ ਨੂੰ ਪਤਾ ਹੈ ਕਿ ਜਾਗੇ ਹੋਏ ਮਨੁੱਖ ਨੂੰ ਲੁੱਟਣਾ ਬੜਾ ਔਖਾ ਹੁੰਦਾ ਹੈ। ਇਸੇ ਲਈ ਪੁਜਾਰੀ ਬਚਪਨ ਤੋਂ ਹੀ ਆਪਣੇ ਸ਼ਰਧਾਲੂਆਂ ਵਿੱਚ ਆਪ ਤੇ ਉਸਦੇ ਮਾਪਿਆਂ ਰਾਹੀਂ ਅਜਿਹੇ ਸੰਸਕਾਰ ਜਾਂ ਵਿਚਾਰਧਾਰਾ ਭਰਦੇ ਹਨ ਕਿ ਮਨੁੱਖ ਧਰਮ ਦੀ ਕਿਸੇ ਮਰਿਯਾਦਾ, ਪ੍ਰੰਪਰਾ, ਵਿਸ਼ਵਾਸ਼ ਤੇ ਕਿੰਤੂ ਪ੍ਰੰਤੂ ਨਾ ਕਰ ਸਕੇ। ਉਸਨੂੰ ਅਜਿਹੀ ਸਿੱਖਿਆ ਦਿੰਦੇ ਹਨ ਕਿ ਧਰਮ ਸ਼ਰਧਾ ਨਾਲ ਮੰਨਣ ਦਾ ਵਿਸ਼ਾ ਹੁੰਦਾ ਹੈ, ਧਰਮ ਜਾਨਣ ਜਾਂ ਵਿਚਾਰਨ ਦਾ ਵਿਸ਼ਾ ਨਹੀਂ, ਧਰਮ ਕਿਸੇ ਖੋਜ ਦਾ ਮੁਹਤਾਜ ਨਹੀਂ, ਜੋ ਖੋਜਾਂ ਕੀਤੀਆਂ ਜਾਣੀਆਂ ਸਨ, ਜਿਨ੍ਹਾਂ ਖੋਜਾਂ ਦੀ ਲੋੜ ਸੀ, ਉਹ ਖੋਜਾਂ ਹਜ਼ਾਰਾਂ ਸਾਲ ਪਹਿਲਾਂ ਹੀ ਧਰਮ ਗੁਰੂਆਂ ਨੇ ਕਰਕੇ ਧਰਮ ਗ੍ਰੰਥਾਂ ਰਾਹੀਂ ਮਨੁੱਖਤਾ ਦੀ ਝੋਲੀ ਵਿੱਚ ਪਾ ਦਿੱਤੀਆਂ ਸਨ, ਹੁਣ ਸਿਰਫ ਇਨ੍ਹਾਂ ਨੂੰ ਬਿਨਾਂ ਕਿਸੇ ਪੁਣ-ਛਾਣ, ਵਿਚਾਰ-ਚਰਚਾ, ਖੋਜ ਦੇ ਮੰਨ ਲੈਣਾ ਹੀ ਧਰਮ ਹੈ। ਧਰਮ ਦੀ ਕਿਸੇ ਮਰਿਯਾਦਾ ਜਾਂ ਪ੍ਰੰਪਰਾ ਤੇ ਸਵਾਲ ਖੜ੍ਹਾ ਕਰਨਾ, ਕਿੰਤੂ ਪ੍ਰੰਤੂ ਕਰਨਾ, ਧਰਮ ਦਾ ਹੀ ਨਹੀਂ, ਸਗੋਂ ਧਰਮ ਗੁਰੂਆਂ ਦਾ ਵੀ ਅਪਮਾਨ ਹੁੰਦਾ ਹੈ ਕਿਉਂਕਿ ਧਰਮ ਦੀ ਜੋ ਵੀ ਮਰਿਯਾਦਾ ਜਾਂ ਵਿਚਾਰਧਾਰਾ ਗੁਰੂਆਂ, ਪੈਗੰਬਰਾਂ ਨੇ ਆਪਣੇ ਗ੍ਰੰਥਾਂ ਵਿੱਚ ਦੇ ਦਿੱਤੀ ਹੈ, ਇਹ ਉਨ੍ਹਾਂ ਦੀ ਆਪਣੀ ਦਿਮਾਗ ਨਾਲ ਨਾਲ ਬਣਾਈ ਜਾਂ ਲਿਖੀ ਵਿਚਾਰਧਾਰਾ ਨਹੀਂ ਸੀ, ਇਹ ਤਾਂ ਰੱਬ ਨੇ ਉਨ੍ਹਾਂ ਤੱਕ ਸਿੱਧੀ ਅਕਾਸ਼ਬਾਣੀ ਕਰਕੇ ਪਹੁੰਚਾਈ ਸੀ, ਹੁਣ ਰੱਬ ਦੇ ਹੁਕਮ ਨੂੰ ਕੋਈ ਮਨੁੱਖ ਕਿਵੇਂ ਝੁਠਲਾ ਸਕਦਾ ਹੈ ? ਕਿਵੇਂ ਕੋਈ ਕਿੰਤੂ ਕਰ ਸਕਦਾ ਹੈ ? ਆਮ ਬੰਦੇ ਦੀ ਕੀ ਤਾਕਤ ਕਿ ਉਹ ਰੱਬ ਦੇ ਹੁਕਮਾਂ ਦੀ ਅਵੱਗਿਆ ਕਰ ਸਕੇ ? ਸ਼ਰਧਾਲੂ ਦਾ ਕੰਮ ਹੈ, ਰੱਬ ਵਲੋਂ ਦਿੱਤੇ ਗਿਆਨ ਨੂੰ ਪੜ੍ਹੇ ਜਾਂ ਸੁਣੇ, ਇਸ ਨਾਲ ਹੀ ਉਸਦਾ ਇਹ ਜਨਮ ਹੀ ਨਹੀਂ ਅਗਲਾ ਜਨਮ ਵੀ ਸਫਲਾ ਹੋਵੇਗਾ, ਉਸਨੂੰ ਗਿਆਨ ਬਾਰੇ ਵਿਚਾਰ ਕਰਨ ਦੀ ਵੀ ਲੋੜ ਨਹੀਂ, ਇਸ ਬਾਰੇ ਸੋਚਣ ਦੀ ਵੀ ਲੋੜ ਨਹੀਂ ਕਿਉਂਕਿ ਇਸਦੇ ਕਿਸੇ ਵੀ ਹਾਲਤ ਵਿੱਚ ਗਲਤ ਹੋਣ ਦੀ ਕੋਈ ਸੰਭਾਵਨਾ ਨਹੀਂ, ਦੂਜਾ ਇਹ ਗਿਆਨ ਕਿਸੇ ਸਮੇਂ ਦਾ ਪਾਬੰਧ ਨਹੀਂ, ਇਹ ਸਾਰੀ ਮਨੁੱਖਤਾ ਲਈ, ਸਦੀਵੀ ਗਿਆਨ ਹੈ, ਇਹ ਅਜਿਹਾ ਗਿਆਨ ਹੈ, ਜਿਸ ਵਿੱਚ ਤਬਦੀਲੀ ਦੀ ਵੀ ਕੋਈ ਸੰਭਾਵਨਾ ਨਹੀਂ ਹੈ। ਪੁਜਾਰੀ ਅਜਿਹੇ ਧਰਮ ਗਿਆਨ ਨਾਲ ਮਨੁੱਖ ਦੀ ਸੋਚ ਨੂੰ ਖਤਮ ਕਰ ਦਿੰਦਾ ਹੈ, ਉਸਦੀ ਕਿਸੇ ਧਾਰਮਿਕ ਵਿਚਾਰਧਾਰਾ ਬਾਰੇ ਗੰਭੀਰਤਾ ਨਾਲ ਸੋਚਣ, ਵਿਚਾਰਨ ਦਾ ਰਾਹ ਬੰਦ ਕਰ ਦਿੰਦਾ ਹੈ। ਮਨੁੱਖ ਨੂੰ ਬਚਪਨ ਵਿੱਚ ਦਿੱਤੀ ਅਜਿਹੀ ਗੁੜ੍ਹਤੀ ਨਾਲ ਮਾਨਸਿਕ ਗੁਲਾਮ ਬਣਾ ਲੈਂਦਾ ਹੈ, ਇਹੀ ਵਜ੍ਹਾ ਹੈ ਕਿ ਅਕਾਦਮਿਕ ਖੇਤਰ ਵਿੱਚ ਕਿਤਾਬੀ ਗਿਆਨ ਨੂੰ ਯਾਦ ਕਰਕੇ ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਜਾਂ ਇਥੋਂ ਤੱਕ ਕਿ ਸਾਇੰਸ ਦੇ ਖੇਤਰ ਵਿੱਚ ਮੈਟਰ ਦੀਆਂ ਖੋਜਾਂ ਕਰਕੇ ਨਾਮਣਾ ਖੱਟਣ ਵਾਲੇ ਸਾਇੰਸਦਾਨ ਤੇ ਡਾਕਟਰ ਵੀ ਧਾਰਮਿਕ ਖੇਤਰ ਵਿੱਚ ਵਿਚਾਰਧਾਰਾ ਦੇ ਪੱਧਰ ਤੇ ਨਿਪੁੰਸਕ ਹੁੰਦੇ ਹਨ। ਕਿਸੇ ਕਿਤਾਬ ਵਿਚਲੇ ਮੈਟਰ ਨੂੰ ਯਾਦ ਕਰਕੇ, ਉਸਦਾ ਇਮਤਿਹਾਨ ਦੇ ਕੇ ਡਿਗਰੀ ਲੈ ਲੈਣੀ ਹੋਰ ਗੱਲ ਹੈ ਤੇ ਕਿਸੇ ਕਿਤਾਬ ਜਾਂ ਗ੍ਰੰਥ ਵਿਚਲੇ ਗਿਆਨ ਨੂੰ ਪੜ੍ਹ ਕੇ, ਵਿਚਾਰ ਕੇ, ਉਸਨੂੰ ਤਰਕ, ਦਲੀਲ, ਵਿਸ਼ਲੇਸ਼ਣ, ਸਾਇੰਸ ਦੀ ਕਸਵੱਟੀ ਤੇ ਪਰਖ ਕੇ ਸੱਚ ਤੇ ਝੂਠ ਦਾ ਨਿਤਾਰਾ ਕਰਨਾ ਹੋਰ ਗੱਲ ਹੈ ? ਪੁਜਾਰੀ ਮਨੁੱਖ ਨੂੰ ਕਦੇ ਵੀ ਇਸ ਲੈਵਲ ਤੇ ਜਾਣ ਨਹੀਂ ਦੇਣਾ ਚਾਹੁੰਦੇ, ਇਸੇ ਲਈ ਉਹ ਸ਼ਰਧਾ ਤੇ ਵਿਸ਼ਵਾਸ਼ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੂੰ ਸਭ ਪਤਾ ਹੈ ਕਿ ਜੇ ਲੋਕ ਧਰਮ ਗ੍ਰੰਥਾਂ ਜਾਂ ਧਾਰਮਿਕ ਮਰਿਯਾਦਾਵਾਂ ਨੂੰ ਪੜ੍ਹਨ, ਵਿਚਾਰਨ, ਤਰਕ, ਦਲੀਲ ਦੀ ਕਸਵੱਟੀ ਤੇ

ਸਾਇੰਟਿਫਿਕ ਨਜ਼ਰੀਏ ਨਾਲ ਸੋਚਣ ਲੱਗ ਪਏ ਤਾਂ ਉਨ੍ਹਾਂ ਦਾ ਨਕਲੀ ਜਥੇਬੰਧਕ ਧਾਰਮਿਕ ਫਿਰਕਿਆਂ ਦਾ ਰੇਤ ਦਾ ਮਹੱਲ ਢਹਿ ਢੇਰੀ ਹੋਣ ਲੱਗਿਆਂ ਮਿੰਟ ਨਹੀਂ ਲੱਗਣਾ। ਇਸੇ ਲਈ ਉਨ੍ਹਾਂ ਨੂੰ ਵਾਰ-ਵਾਰ ਆਪਣੇ ਸ਼ਰਧਾਲੂਆਂ ਦੇ ਮਨਾਂ ਵਿੱਚ ਇਹ ਪੱਕਾ ਕਰਨਾ ਪੈਂਦਾ ਹੈ ਕਿ ਧਰਮ ਜਾਨਣ, ਵਿਚਾਰਨ ਜਾਂ ਖੋਜਣ ਦਾ ਵਿਸ਼ਾ ਨਹੀਂ, ਸਿਰਫ ਤੇ ਸਿਰਫ ਸ਼ਰਧਾ ਨਾਲ ਅੱਖਾਂ ਮੀਟ ਕੇ, ਸਿਰ ਸੁੱਟ ਕੇ ਮੰਨਣ ਦਾ ਵਿਸ਼ਾ ਹੈ। ਇਥੋਂ ਤੱਕ ਕਿ ਹਰ ਧਾਰਮਿਕ ਫਿਰਕਾ ਇਹ ਵੀ ਕੋਸ਼ਿਸ਼ ਕਰਦਾ ਹੈ ਕਿ ਉਨ੍ਹਾਂ ਦਾ ਸ਼ਰਧਾਲੂ ਕਿਸੇ ਦੂਜੇ ਫਿਰਕੇ ਦੇ ਗ੍ਰੰਥ ਜਾਂ ਮਰਿਯਾਦਾ ਨੂੰ ਵੀ ਪੜ੍ਹੇ ਜਾਂ ਵਿਚਾਰੇ ਨਾ, ਤੇ ਅਜਿਹਾ ਪ੍ਰਚਾਰ ਵੀ ਕਰਦੇ ਹਨ ਕਿ ਸਾਰੇ ਧਰਮ ਇੱਕ ਹੀ ਹਨ, ਸਾਰੇ ਰੱਬ ਦੇ ਘਰ ਹੀ ਲਿਜਾਂਦੇ ਹਨ, ਰੱਬ ਦੇ ਘਰ ਜਾਣ ਲਈ ਵੱਖਰਾ ਰਸਤਾ ਹੀ ਦੱਸਦੇ ਹਨ। ਭਲਾ ਉਨ੍ਹਾਂ ਨੂੰ ਪੁੱਛੇ ਕਿ ਜੇ ਸਾਰੇ ਨਕਲੀ ਧਰਮ ਰੱਬ ਦੀ ਹੀ ਗੱਲ ਕਰਦੇ ਹਨ ਤੇ ਰੱਬ ਦੇ ਘਰ ਜਾਣ ਦੇ ਵੱਖ-ਵੱਖ ਰਸਤੇ ਹਨ ਤਾਂ ਫਿਰ ਜਦੋਂ ਕੋਈ ਸ਼ਰਧਾਲੂ ਕਿਸੇ ਇੱਕ ਧਾਰਮਿਕ ਫਿਰਕੇ ਨੂੰ ਛੱਡ ਕੇ ਨਵਾਂ ਫਿਰਕਾ ਅਪਨਾ ਲੈਂਦਾ ਹੈ ਤਾਂ ਫਿਰ ਧਰਮ ਤਬਦੀਲੀ ਦਾ ਇਤਨਾ ਰੌਲਾ ਕਿਉਂ ਪਾਇਆ ਜਾਂਦਾ ਹੈ? ਇੱਕ ਧਰਮ ਵਲੋਂ ਦੂਜੇ ਧਰਮ ਵਿੱਚ ਦਖਲ-ਅੰਦਾਜ਼ੀ ਲਈ ਕੋਰਟਾਂ ਕਚਹਿਰੀਆਂ ਵਿੱਚ ਵੀ ਕੇਸ ਜਾਂਦੇ ਹਨ, ਧਰਮ ਦੇ ਨਾਮ ਤੇ ਦੰਗੇ ਵੀ ਹੁੰਦੇ ਹਨ। ਫਿਰ ਇਸ ਵਿੱਚ ਕੀ ਫਰਕ ਹੈ ਕਿ ਕੌਣ ਕਿਸ ਮਰਿਯਾਦਾ ਨੂੰ ਮੰਨਦਾ ਹੈ ਤੇ ਕੌਣ ਕਿਸ ਰੱਬ ਨੂੰ ਮੰਨਦਾ ਹੈ? ਜਦੋਂ ਕਿ ਰੱਬ ਇੱਕ ਹੈ ਤੇ ਉਸੇ ਇੱਕ ਰੱਬ ਦਾ ਅਕਾਸ਼ਬਾਣੀ ਕਰਕੇ ਸਿੱਧਾ ਗਿਆਨ ਸਾਰੇ ਧਰਮ ਗ੍ਰੰਥਾਂ ਵਿੱਚ ਲਿਖਿਆ ਹੋਇਆ ਹੈ? ਅਸਲ ਵਿੱਚ ਇਹ ਸਭ ਧਰਮ ਦੇ ਨਾਮ ਤੇ ਪੁਜਾਰੀਆਂ ਵਲੋਂ ਬਣਾਏ ਹੋਏ ਫਿਰਕਿਆਂ ਵਿੱਚ ਲੋਕਾਂ ਦੀ ਸੋਚ ਨੂੰ ਬੰਦ ਕਰਕੇ ਰੱਖਣ ਦਾ ਤਰੀਕਾ ਹੈ, ਜਿਸ ਤਹਿਤ ਉਹ ਅਜਿਹਾ ਪ੍ਰਚਾਰ ਕਰਦੇ ਹਨ ਕਿ ਸ਼ਰਧਾਲੂ ਆਪਣੀ ਸੋਚ ਨੂੰ ਜਿੰਦਰਾ ਮਾਰੀ ਰੱਖਣ ਤੇ ਕਿਸੇ ਮਸਲੇ ਤੇ ਸੋਚ ਵਿਚਾਰ ਨਾ ਕਰਨ। ਇਹ ਸੋਚ ਸਿਰਫ ਪੁਜਾਰੀਆਂ ਦੇ ਹੀ ਰਾਸ ਨਹੀਂ ਆਉਂਦੀ, ਸਗੋਂ ਰਾਜਨੀਤਕਾਂ ਤੇ ਸਰਮਾਏਦਾਰਾਂ ਦੇ ਵੀ ਉਤਨੀ ਹੀ ਫਿੱਟ ਬੈਠਦੀ ਹੈ। ਜੇ ਲੋਕ ਰਾਜਨੀਤੀ ਬਾਰੇ ਜਾਗਰੂਕ ਹੋਣਗੇ ਤਾਂ ਫਿਰ ਆਮ ਆਦਮੀ ਵੀ ਸਤ੍ਹਾ ਵਿੱਚ ਭਾਈਵਾਲੀ ਭਾਲੇਗਾ ਤੇ ਇਸੇ ਤਰ੍ਹਾਂ ਲੋਕਾਂ ਦੀ ਸਰਮਾਏਦਾਰਾਂ ਬਾਰੇ ਵੀ ਸੋਚ ਬਦਲੇਗੀ ਕਿ ਸਮਾਜ ਦੇ ਸਾਰੇ ਸਾਧਨਾਂ ਤੇ ਇਨ੍ਹਾਂ ਦੇ ਕੰਟਰੋਲ ਦਾ ਕਾਰਨ ਇਨ੍ਹਾਂ ਵਲੋਂ ਪਿਛਲੇ ਜਨਮਾਂ ਵਿੱਚ ਕੀਤੇ ਚੰਗੇ ਕਰਮ ਨਹੀਂ, ਜਿਹਾ ਕਿ ਪੁਜਾਰੀਆਂ ਵਲੋਂ ਉਨ੍ਹਾਂ ਨੂੰ ਸਦੀਆਂ ਤੋਂ ਪੜ੍ਹਾਇਆ ਜਾਂਦਾ ਹੈ, ਸਗੋਂ ਇਹ ਉਨ੍ਹਾਂ ਵਲੋਂ ਪੁਜਾਰੀਆਂ, ਰਾਜਨੀਤਕਾਂ ਤੇ ਸਰਮਾਏਦਾਰੀ ਵਲੋਂ ਤਾਕਤ ਤੇ ਪੈਸੇ ਨਾਲ ਲੋਕ ਹੱਕ ਕੁਚਲ ਕੇ ਚਾਲਬਾਜ਼ੀ ਢੰਗ ਨਾਲ ਖੜ੍ਹੀ ਕੀਤੀ ਵਿਵਸਥਾ ਕਰਕੇ ਹੈ। ਫਿਰ ਉਨ੍ਹਾਂ ਨੂੰ ਸਮਝ ਆਵੇਗੀ ਕਿ ਅਜਿਹਾ ਕੋਈ ਰੱਬ ਨਹੀਂ, ਜਿਹੜਾ ਇਸ ਤਿਕੜੀ ਨੂੰ ਤੇ ਬਿਨਾਂ ਮੰਗਿਆਂ ਦਿੰਦਾ ਤੁਰੀ ਜਾਂਦਾ ਹੈ ਤੇ ਇਹ ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਰਾਜ ਕਰ ਰਹੇ ਹਨ ਅਤੇ ਆਮ ਸ਼ਰਧਾਲੂ ਧਰਮ ਮੰਦਰਾਂ ਵਿੱਚ ਨਕਲੀ ਭਗਵਾਨਾਂ ਅੱਗੇ ਮੱਥੇ ਰਗੜਦਾ, ਅਰਦਾਸਾਂ ਕਰਦਾ, ਭਜਨ ਬੰਦਗੀਆਂ ਕਰਦਾ ਇਹ ਵਡਮੁੱਲਾ ਜੀਵਨ ਨਰਕ ਭਰਿਆ ਬਤੀਤ ਕਰਕੇ ਤੁਰਦਾ ਬਣਦਾ ਹੈ।

ਨਕਲੀ ਧਰਮਾਂ ਦੇ ਪੁਜਾਰੀਆਂ ਵਲੋਂ ਸਦੀਆਂ ਤੋਂ ਕੀਤੇ ਜਾ ਰਹੇ ਪ੍ਰਚਾਰ ਸਦਕਾ ਆਮ ਆਦਮੀ ਮਾਨਸਿਕ ਤੌਰ ਇਤਨਾ ਹੀਣਾ ਬਣਾ ਦਿੱਤਾ ਗਿਆ ਹੈ ਕਿ ਉਸਨੂੰ ਆਪਣੀ ਸਮਰੱਥਾ ਦੀ ਤਾਕਤ ਹੀ ਭੁੱਲ ਚੁੱਕੀ ਹੈ। ਉਸਨੂੰ ਨਹੀਂ ਪਤਾ ਕਿ ਰਾਜਨੀਤਕਾਂ, ਸਰਮਾਏਦਾਰਾਂ ਤੇ ਪੁਜਾਰੀਆਂ ਦੀ ਤਿੱਕੜੀ ਦੀ ਸਾਰੀ ਤਾਕਤ ਆਮ ਆਦਮੀ ਕਰਕੇ ਹੈ। ਨਕਲੀ ਧਰਮਾਂ ਨੇ ਇਹੀ ਸਭ ਤੋਂ ਵੱਡਾ ਧੋਖਾ ਆਮ ਆਦਮੀ ਨਾਲ ਕੀਤਾ ਹੈ ਕਿ ਉਸ ਵਿਚੋਂ ਆਪਣੇ ਹੱਕਾਂ ਲਈ ਲੜਨ, ਆਪਣੇ ਹੱਕਾਂ ਲਈ ਖੜ੍ਹਨ, ਆਪਣੇ ਹੱਕਾਂ ਲਈ ਸੰਘਰਸ਼ ਕਰਨ ਤੋਂ ਰੋਕਣ ਲਈ ਸ਼ਰਧਾ, ਵਿਸ਼ਵਾਸ਼, ਅਰਦਾਸ ਦਾ ਅਜਿਹਾ ਝੂਠਾ ਝਾਂਸਾ ਦਿੱਤਾ ਹੋਇਆ ਹੈ ਕਿ ਉਹ ਸਦੀਆਂ ਤੋਂ ਲੁੱਟ ਦਾ ਸ਼ਿਕਾਰ ਹੁੰਦਾ ਆਇਆ ਹੈ। ਉਸਨੂੰ ਆਪਣੀ ਤਾਕਤ ਦਾ ਅੰਦਾਜ਼ਾ ਹੀ ਭੁੱਲ ਗਿਆ ਹੈ, ਜਿਸ ਤਰ੍ਹਾਂ ਇੱਕ ਬਹੁਤ ਵੱਡੇ ਹਾਥੀ ਦੇ ਪੈਰ ਵਿੱਚ ਬਚਪਨ ਵਿੱਚ ਹੀ ਇੱਕ ਛੋਟੀ ਜਿਹੀ ਸੰਗਲੀ ਪਾ ਦਿੱਤੀ ਜਾਂਦੀ ਹੈ, ਜਿਸ ਨਾਲ ਬੱਝਾ ਉਹ ਆਪਣੀ ਤਾਕਤ ਤੇ ਸਮਰੱਥਾ ਗੁਆ ਕੇ, ਕਿਸੇ ਇੱਕ ਵਿਅਕਤੀ ਦੀ ਸਾਰੀ ਉਮਰ ਗੁਲਾਮੀ ਕਰਦਾ ਹੈ, ਜਦੋਂ ਕਿ ਅਗਰ ਉਸਨੂੰ ਆਪਣੀ ਤਾਕਤ ਦਾ ਅੰਦਾਜ਼ਾ ਹੋਵੇ ਤਾਂ ਇਕੱਲਾ ਹਜ਼ਾਰਾਂ ਵਿਅਕਤੀਆਂ 'ਤੇ ਭਾਰੂ ਹੋ ਸਕਦਾ ਹੈ। ਠੀਕ ਇਸੇ ਤਰ੍ਹਾਂ ਨਕਲੀ ਧਰਮ ਪੁਜਾਰੀਆਂ ਨੇ ਮਰਿਯਾਦਾ, ਪ੍ਰੰਪਰਾ, ਸ਼ਰਧਾ, ਵਿਸ਼ਵਾਸ਼ ਆਦਿ ਅਜਿਹੇ ਸੰਗਲ ਸਾਡੇ ਗਲ਼ਾਂ ਵਿੱਚ ਪਾਏ ਹੋਏ ਹਨ ਕਿ ਅਸੀਂ ਇਨ੍ਹਾਂ ਨੂੰ ਤੋੜਨ ਦੀ ਹਿੰਮਤ ਨਹੀਂ ਕਰਦੇ ਤੇ ਨਕਲੀ ਧਰਮ ਪੁਜਾਰੀਆਂ ਦੇ ਬਣੇ ਹੋਏ ਨਕਲੀ ਧਰਮ ਮੰਦਰਾਂ ਵਿੱਚ ਨਕਲੀ ਭਗਵਾਨਾਂ ਅੱਗੇ ਅਰਦਾਸਾਂ ਕਰਦੇ, ਮੱਥੇ ਰਗੜਦੇ, ਇਸ ਦੁਰਲਭ ਜੀਵਨ ਨੂੰ ਕੌਡੀਆਂ ਭਾਅ ਰੋਲ ਦਿੰਦੇ ਹਾਂ, ਤੇ ਪੁਜਾਰੀਆਂ ਦੇ ਕਲਪਿਤ ਅਗਲੇ ਜਨਮਾਂ, ਸਵਰਗਾਂ ਦੇ ਲੁਭਾਵਣੇ ਲਾਰਿਆਂ ਤੇ ਨਰਕਾਂ ਦੇ ਝੂਠੇ ਡਰਾਵਿਆਂ ਦੇ ਚੱਕਰ ਵਿੱਚ ਫਸੇ ਰਹਿੰਦੇ ਹਾਂ। ਲੋੜ ਸਾਨੂੰ ਇਸ ਮਾਨਸਿਕ ਗੁਲਾਮੀ ਦੇ ਸੰਗਲਾਂ ਨੂੰ ਤੋੜ ਕੇ ਕੁਦਰਤ ਦੀ ਸਾਜੀ ਇਸ ਸ੍ਰਿਸ਼ਟੀ ਵਿੱਚ ਖੁੱਲੇ ਮਨ ਨਾਲ ਬਿਨਾਂ ਕਿਸੇ ਬੰਦਨਾਂ ਤੋਂ ਆਜ਼ਾਦ ਸੋਚ ਨਾਲ ਵਿਚਰਨ ਦੀ ਹੈ। ਫਿਰ ਸਾਨੂੰ ਸਮਝ ਆ ਸਕਦੀ ਹੈ ਕਿ ਕਿਸ ਤਰ੍ਹਾਂ ਇਹ ਪੁਜਾਰੀ ਸਾਡੀ ਸੋਚ ਨੂੰ ਖੁੰਡਾ ਕਰਕੇ ਆਪਣੇ ਤੇ ਆਪਣੇ ਪ੍ਰਭੂਆਂ (ਰਾਜਨੀਤਕਾਂ ਤੇ ਸਰਮਾਏਦਾਰਾਂ) ਦੇ ਹਿੱਤਾਂ ਲਈ ਸਾਡਾ ਸਦੀਆਂ ਤੋਂ ਸੋਸ਼ਣ ਕਰ ਰਹੇ ਹਨ। ਇਸ ਗੁਲਾਮ ਮਾਨਸਿਕਤਾ ਕਾਰਨ ਹੀ ਅੱਜ ਦੁਨੀਆਂ ਭਰ ਵਿੱਚ ਮਾਨਸਿਕ ਰੋਗੀਆਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ। ਲੋਕ ਨਕਲੀ ਧਰਮਾਂ ਦੀਆਂ ਫੋਕਟ ਕਰਮਕਾਂਡੀ ਮਰਿਯਾਦਾਵਾਂ ਤੇ ਉਨ੍ਹਾਂ ਦੇ ਦਿਖਾਵਿਆਂ ਪਹਿਰਾਵਿਆਂ ਦੇ ਬੰਦਨਾਂ ਤੋਂ ਆਜ਼ਾਦ ਹੋ ਕੇ ਇੱਕ ਆਮ ਇਨਸਾਨ ਵਾਂਗ ਵਿਚਰਨਾ ਚਾਹੁੰਦੇ ਹਨ, ਜਿਥੇ ਉਨ੍ਹਾਂ ਦੀ ਸੋਚ ਤੇ ਕੋਈ ਬੰਦਨ ਨਾ ਹੋਣ, ਪਰ ਪੁਜਾਰੀ ਮਨੁੱਖ ਨੂੰ ਇਸ ਵਿਚੋਂ ਨਿਕਲਣ ਨਹੀਂ ਦੇਣਾ ਚਾਹੁੰਦੇ ਤੇ ਮਾਨਸਿਕ ਤੌਰ 'ਤੇ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਹਨ। ਜਿਸ ਨਾਲ ਅੱਜ ਦੁਨੀਆਂ ਭਰ ਵਿੱਚ ਵੱਡੀ ਪੱਧਰ ਤੇ ਲੋਕ ਜਾਂ ਤੇ ਇਨ੍ਹਾਂ ਅਖੌਤੀ ਨਕਲੀ ਧਰਮਾਂ ਤੋਂ ਬਾਗੀ ਹੋ ਕੇ ਗਲਤ ਰਸਤੇ ਆਪਨਾ ਰਹੇ ਹਨ, ਜੋ ਨਾ ਉਨ੍ਹਾਂ ਲਈ ਨਾ ਹੀ ਸਮਾਜ ਲਈ ਸਹੀ ਹਨ ਤੇ ਜਾਂ ਫਿਰ ਦੁਬਿਧਾ ਵਾਲਾ ਤੇ ਦੋਹਰੇ ਮਾਪਦੰਡਾਂ ਵਾਲਾ (ਬਾਹਰੋਂ ਦਿਖਾਵੇ ਵਾਲੇ ਧਰਮੀ ਤੇ ਅੰਦਰੋਂ ਕੁੱਝ ਹੋਰ) ਜੀਵਨ ਬਤੀਤ ਕਰ ਰਹੇ ਹਨ, ਜਿਸ ਨਾਲ ਮਾਨਸਿਕ ਰੋਗੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਪੁਜਾਰੀਆਂ ਦੀਆਂ ਨਕਲੀ ਮਰਿਯਾਦਾਵਾਂ, ਨਕਲੀ ਪੂਜਾ ਪਾਠਾਂ, ਨਕਲੀ ਪ੍ਰੰਪਰਾਵਾਂ ਤੇ ਨਕਲੀ ਭਗਵਾਨਾਂ ਦੇ ਬੰਧਨਾਂ ਨੂੰ ਤੋੜ ਕੇ ਸੱਚੇ ਧਰਮ ਨੂੰ ਜਾਨਣ, ਖੋਜਣ ਦੇ ਰਾਹ ਪਈਏ। ਅਸੀਂ ਇਹ ਪੱਕੀ ਧਾਰਨਾ ਬਣਾਈਏ ਕਿ ਧਰਮ ਜਾਨਣ ਤੇ ਖੋਜਣ ਦਾ ਵਿਸ਼ਾ ਹੈ, ਨਾ ਕਿ ਅੱਖਾਂ ਮੀਟ ਕੇ ਸਿਰ ਸੁੱਟ ਕੇ ਸ਼ਰਧਾ ਨਾਲ ਰੀਤਾਂ ਰਸਮਾਂ ਮਰਿਯਾਦਾਵਾਂ ਨੂੰ ਮੰਨਣ ਦਾ। ਮਾਨਸਿਕ ਤੌਰ 'ਤੇ ਆਜ਼ਾਦ ਮਨੁੱਖ ਹੀ ਆਪਣੇ ਤੇ ਦੂਜਿਆਂ ਹੱਕਾਂ ਦੇ ਪ੍ਰਤੀ ਸੁਚੇਤ ਹੋ ਕੇ ਸਰਬੱਤ ਦੇ ਭਲੇ ਦੀ ਧਾਰਨਾ ਅਧੀਨ ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਸਹਿਜ ਵਾਲਾ ਜੀਵਨ ਬਤੀਤ ਕਰ ਸਕਦਾ ਹੈ ਤੇ ਅਜਿਹੇ ਸਮਾਜ ਦੀ ਸਿਰਜਨਾ ਕਰ ਸਕਦਾ ਹੈ, ਜਿਥੇ ਸਾਰੀ ਮਨੁੱਖਤਾ ਭਾਈ-ਭਾਈ ਹੋਵੇ, ਨਾ ਕਿ ਨਕਲੀ ਧਾਰਮਿਕ ਫਿਰਕਿਆਂ ਦੇ ਬੰਧਨਾਂ ਵਿੱਚ ਫਸੀ ਇੱਕ ਦੂਜੇ ਨੂੰ ਨਫਰਤ ਕਰੇ। ਆਉ ਖੁੱਲੇ ਮਨ ਨਾਲ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਈਏ ਤੇ ਮਾਨਸਿਕ ਰੋਗਾਂ ਤੋਂ ਰਹਿਤ ਜੀਵਨ ਬਤੀਤ ਕਰੀਏ।

# ਪੱਛਮੀ ਦੇਸ਼ ਬਹੁ-ਧਰੁਵੀ ਸੰਸਾਰ ਦੀ ਸਚਾਈ ਮੰਨਣ ਨੂੰ ਤਿਆਰ ਨਹੀਂ

**-ਡਾ. ਸਵਰਾਜ ਸਿੰਘ**

ਅੱਜ-ਕੱਲ੍ਹ ਸੰਸਾਰ ਵਿਚ ਬਹੁਤ ਉੱਥਲ-ਪੁੱਥਲ ਹੋ ਰਹੀ ਹੈ। ਸੰਸਾਰ ਵਿੱਚ ਦੋ ਵੱਡੇ ਯੁੱਧ ਚਲ ਰਹੇ ਹਨ। ਇੱਕ ਮੱਧ ਪੂਰਬ ਵਿੱਚ ਅਮਰੀਕਾ ਤੇ ਇਜ਼ਰਾਈਲ ਦਾ ਈਰਾਨ ਵਿਰੁੱਧ ਯੁੱਧ, ਦੂਜਾ ਯੂਰਪ ਵਿੱਚ ਰੂਸ ਅਤੇ ਯੂਕਰੇਨ ਵਿੱਚ ਯੁੱਧ, ਹਾਲਾਂ ਕਿ ਸੰਸਾਰ ਦਾ ਜ਼ਿਆਦਾਤਰ ਧਿਆਨ ਮੱਧ ਪੂਰਬ 'ਤੇ ਕੇਂਦਰਿਤ ਹੋਇਆ ਹੈ, ਪ੍ਰੰਤੂ ਰੂਸ ਅਤੇ ਯੂਕਰੇਨ ਵਿਚ ਵੀ ਵੱਡੇ ਪੱਧਰ 'ਤੇ ਯੁੱਧ ਚਲ ਰਿਹਾ ਹੈ। ਇਸ ਦਾ ਸਬੂਤ ਇਹ ਹੈ ਕਿ ਹੁਣੇ-ਹੁਣ ਯੂਰਪੀਨ ਯੂਨੀਅਨ ਨੇ ਯੂਕਰੇਨ ਦੀ ਇਸ ਯੁੱਧ ਵਿਚ ਸਹਾਇਤਾ ਕਰਨ ਲਈ 90 ਅਰਬ (ਬਿਲੀਅਨ) ਡਾਲਰ ਦੇਣ ਦਾ ਫ਼ੈਸਲਾ ਕੀਤਾ। ਇਨ੍ਹਾਂ ਦੋਨਾਂ ਯੁੱਧਾਂ ਵਿੱਚ ਤੀਸਰਾ ਵਿਸ਼ਵ ਯੁੱਧ ਬਣਨ ਦੀ ਸਮੱਰਥਾ ਹੈ, ਭਾਵੇਂ ਕਿ ਰੂਸ ਯੂਕਰੇਨ ਯੁੱਧ ਯੂਰਪ ਤੱਕ ਸੀਮਤ ਲੱਗਦਾ ਹੈ, ਜਦੋਂ ਕਿ ਮੱਧ ਪੂਰਬ ਯੁੱਧ ਦਾ ਸਿੱਧਾ ਪ੍ਰਭਾਵ ਸਾਰੇ ਸੰਸਾਰ 'ਤੇ ਪੈ ਰਿਹਾ ਹੈ। ਲੱਗਦਾ ਹੈ ਕਿ ਇਸ ਉੱਥਲ-ਪੁਥਲ ਅਤੇ ਯੁੱਧਾਂ ਦਾ ਮੁੱਖ ਕਾਰਨ ਪੱਛਮੀ ਦੇਸ਼ਾਂ ਵੱਲੋਂ ਇਸ ਸਚਾਈ ਨੂੰ ਸਵੀਕਾਰ ਨਾ ਕਰਨਾ ਹੈ ਕਿ ਸੰਸਾਰ ਇੱਕ ਧਰੁਵੀ ਤੋਂ ਬਹੁ-ਧਰੁਵੀ ਬਣ ਚੁੱਕਾ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਸੰਸਾਰ ਇਕ ਧਰੁਵੀ ਬਣ ਗਿਆ ਸੀ ਅਰਥਾਤ ਅਮਰੀਕਾ ਦੀ ਸਰਦਾਰੀ ਹੇਠ ਪੱਛਮੀ ਚੌਧਰ ਅਤੇ ਪ੍ਰਬਲਤਾ ਸਥਾਪਤ ਹੋ ਗਈ ਸੀ। ਹੌਲੀ-ਹੌਲੀ ਵਿਸ਼ਵ ਸ਼ਕਤੀ ਦਾ ਸੰਤੁਲਨ ਬਦਲ ਗਿਆ ਹੈ। ਪੂਰਬੀ ਦੇਸ਼ (ਰੂਸ, ਚੀਨ ਅਤੇ ਭਾਰਤ), ਏਸ਼ੀਆ ਦੇ ਹੋਰ ਦੇਸ਼ ਅਤੇ ਗਲੋਬਲ ਸਾਊਥ ਦੇ ਦੇਸ਼ ਪੱਛਮੀ ਦੇਸ਼ਾਂ ਦੀ ਤੁਲਨਾ ਵਿਚ ਤਕੜੇ ਹੋ ਰਹੇ ਹਨ ਅਤੇ ਸੰਸਾਰ ਅਮਲੀ ਰੂਪ ਵਿੱਚ ਇੱਕ ਧਰੁਵੀ ਤੋਂ ਬਹੁ-ਧਰੁਵੀ ਬਣ ਚੁੱਕਾ ਹੈ ਜਿਸ ਵਿੱਚ ਕਿਸੇ ਇੱਕ ਦੇਸ਼ ਜਾਂ ਦੇਸ਼ਾਂ ਦੇ ਗੁੱਟ (ਸਮੂਹ) ਜਾਂ ਕਿਸੇ ਇੱਕ ਖਿੱਤੇ ਜਾਂ ਕਿਸੇ ਇੱਕ ਧਰਮ ਜਾਂ ਵਿਚਾਰਧਾਰਾ ਦੀ ਸਮੁੱਚੇ ਸੰਸਾਰ ਤੇ ਪ੍ਰਬਲਤਾ ਜਾਂ ਚੌਧਰ ਨਹੀਂ ਰਹੀ। ਪ੍ਰੰਤੂ ਪੱਛਮੀ ਦੇਸ਼ ਇਸ ਸਚਾਈ ਨੂੰ ਮੰਨਣ ਲਈ ਤਿਆਰ ਨਹੀਂ। ਉਹ ਹਾਲੇ ਵੀ ਇਸ ਤਰ੍ਹਾਂ ਸੋਚਦੇ ਹਨ ਜਿਵੇਂ ਉਹ ਆਪਣੀ ਮਨਮਰਜ਼ੀ ਸਮੁੱਚੇ ਸੰਸਾਰ 'ਤੇ ਲਾਗੂ ਕਰ ਸਕਦੇ ਹਨ। ਉਨ੍ਹਾਂ ਦਾ ਇਹ ਗ਼ਲਤ ਪ੍ਰਭਾਵ ਹੀ ਸੰਸਾਰ ਵਿੱਚ ਉੱਥਲ-ਪੁਥਲ, ਅਸ਼ਾਂਤੀ ਅਤੇ ਯੁੱਧਾਂ ਦਾ ਮੁੱਖ ਕਾਰਨ ਹੈ।

ਪੱਛਮੀ ਦੇਸ਼ਾਂ ਦੇ ਗੱਠਜੋੜ ਵਿਚ ਡੂੰਘੀਆਂ ਤ੍ਰੇੜਾਂ ਪੈ ਚੁੱਕੀਆਂ ਹਨ। ਇਹ ਮੁੱਖ ਤੌਰ 'ਤੇ ਅਮਰੀਕਾ ਅਤੇ ਯੂਰਪ ਵਿਚ ਵੱਧ ਰਹੇ ਪਾੜੇ ਦੇ ਰੂਪ ਵਿੱਚ ਪ੍ਰਗਟ ਹੋ ਰਿਹਾ ਹੈ। ਸਮੁੱਚੇ ਤੌਰ 'ਤੇ ਪੱਛਮ ਦਾ ਨਿਘਾਰ ਘਟੀਆ ਪੱਧਰ ਦੇ ਨੇਤਾ ਪੈਦਾ ਕਰ ਰਿਹਾ ਹੈ। ਪੂਰਬ ਦੀ ਚੜ੍ਹਤ ਕਾਰਨ ਉੱਥੇ ਪੁਤਿਨ ਅਤੇ ਸ਼ੀ ਜ਼ਿਨਪਿੰਗ ਵਰਗੇ ਤਕੜੇ ਨੇਤਾ ਪੈਦਾ ਹੋ ਰਹੇ ਹਨ। ਦੂਜੇ ਪਾਸੇ ਪੱਛਮ ਵਿੱਚ ਕਮਜੋਰ ਤੇ ਉਲਝੇ ਹੋਏ ਨੇਤਾ ਪੈਦਾ ਹੋ ਰਹੇ ਹਨ ਕਿਉਂਕਿ ਯੂਰਪ ਦੀ ਤੁਲਨਾ ਵਿੱਚ ਅਮਰੀਕਾ ਦਾ ਨਿਘਾਰ ਜ਼ਿਆਦਾ ਹੈ। ਇਸ ਲਈ ਉੱਥੇ ਪਹਿਲਾਂ ਬਾਈਡਨ ਅਤੇ ਹੁਣ ਟਰੰਪ ਵਰਗੇ ਨੇਤਾ ਪੈਦਾ ਹੋ ਰਹੇ ਹਨ। ਟਰੰਪ ਨੇ ਤਾਂ ਘਟੀਆ ਨੇਤਾ ਹੋਣ ਦੇ ਖੇਤਰ ਵਿਚ ਨਵੀਆਂ ਸਿਖ਼ਰਾਂ ਛੂਹ ਲਈਆਂ ਹਨ। ਨਾ ਸਿਰਫ਼ ਸੰਸਾਰ ਵਿੱਚ ਬਹੁਤ ਸਾਰੇ ਲੋਕ ਉਸ ਦੇ ਪੱਧਰ ਅਤੇ ਬਿਆਨਾਂ ਤੋਂ ਹੈਰਾਨ ਤੇ ਪਰੇਸ਼ਾਨ ਹਨ ਸਗੋਂ ਬਹੁਤ ਸਾਰੇ ਅਮਰੀਕੀ ਵੀ ਹੁਣ ਇਨ੍ਹਾਂ ਤੋਂ ਸ਼ਰਮਸਾਰ ਮਹਿਸੂਸ ਕਰ ਰਹੇ ਹਨ। ਟਰੰਪ ਨੇ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਰਾਜਨੀਤੀ ਵਿਚ ਸ੍ਰਿਸ਼ਟਾਚਾਰ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਟਰੰਪ ਨੇ ਰੂਸ ਨਾਲ ਸਮਝੌਤਾ ਕਰਕੇ ਸੰਸਾਰ ਨੂੰ ਤੀਸਰੇ ਵਿਸ਼ਵ ਯੁੱਧ ਤੋਂ ਬਚਾਅ ਕੇ ਚੰਗੀ ਇਤਿਹਾਸਕ ਭੂਮਿਕਾ ਨਿਭਾਈ। ਪ੍ਰੰਤੂ ਹੁਣ ਇਜ਼ਰਾਈਲ ਦੇ ਕਹਿਣ 'ਤੇ ਈਰਾਨ 'ਤੇ ਹਮਲਾ ਕਰਕੇ ਆਪਣੀ ਚੰਗੀ ਇਤਿਹਾਸਕ ਭੂਮਿਕਾ 'ਤੇ ਪੂਰੀ ਤਰ੍ਹਾਂ ਪਾਣੀ ਫੇਰ ਦਿੱਤਾ। ਟਰੰਪ ਨੇ ਗੈਰ ਜ਼ਿੰਮੇਵਾਰ ਅਤੇ ਹਾਸੋਹੀਣੇ ਬਿਆਨ ਦੇ ਕੇ ਰਾਜਨੀਤਕ ਪੈਮਾਨਿਆਂ ਨੂੰ ਨਵੀਆਂ ਨਿਵਾਣਾਂ ਵੱਲ ਧੱਕਿਆ ਹੈ।

ਭਾਵੇਂ ਅਮਰੀਕਾ ਦੀ ਤੁਲਨਾ ਵਿੱਚ ਯੂਰਪੀਨ ਦੇਸ਼ਾਂ ਨੇ ਅਮਰੀਕਾ ਅਤੇ ਇਜਰਾਈਲ ਯੁੱਧ 'ਤੇ ਬਹੁਤ ਚੰਗਾ ਸਟੈਂਡ ਲਿਆ ਹੈ। ਕੁਝ ਯੂਰਪੀਨ ਦੇਸ਼ਾਂ ਦੇ ਸਟੈਂਡ ਜਿਵੇਂ ਸਪੇਨ, ਇਟਲੀ, ਆਇਰਲੈਂਡ ਅਤੇ ਸਲੋਵੀਨੀਆ ਆਦਿ ਨੇ ਤਾਂ ਬਹੁਤ ਚੰਗੇ ਕਦਮ ਚੁੱਕੇ ਹਨ। ਪ੍ਰੰਤੂ ਫਿਰ ਵੀ ਸਮੁੱਚੇ ਤੌਰ 'ਤੇ ਯੂਰਪ ਬਹੁ-ਧਰੁਵੀ ਸੰਸਾਰ ਦੀ ਸਚਾਈ ਮੰਨਣ ਨੂੰ ਤਿਆਰ ਨਹੀਂ। ਯੂਰਪੀਨ ਦੇਸ਼ ਬਹੁ ਧਰਵੀ ਦੀ ਥਾਂ 'ਤੇ ਬਹੁਪੱਖੀ ਸੰਸਾਰ ਸ਼ਬਦ ਵਰਤ ਰਹੇ ਹਨ। ਦੇਖਣ ਵਾਲੀ ਗੱਲ ਹੈ ਕਿ ਬਹੁ-ਧਰੁਵੀ ਅਤੇ ਬਹੁਪੱਖੀ ਵਿੱਚ ਕੀ ਫ਼ਰਕ ਹੈ। ਬਹੁਧਰੁਵੀ ਸੰਸਾਰ ਦਾ ਅਰਥ ਹੈ ਕਿ ਹੁਣ ਸੰਸਾਰ ਵਿਚ ਵੱਖ-ਵੱਖ ਸ਼ਕਤੀ ਦੇ ਕੇਂਦਰ ਉੱਭਰ ਗਏ ਹਨ। ਬਹੁਪੱਖੀ ਦਾ ਅਰਥ ਹੈ ਕਿ ਸੰਸਾਰ ਵਿੱਚ ਵੱਖ-ਵੱਖ ਤਰ੍ਹਾਂ ਦੇ ਦੇਸ਼ਾਂ ਦੇ ਸਮੂਹ ਹਨ ਪ੍ਰੰਤੂ ਸ਼ਕਤੀ ਦਾ ਕੇਂਦਰ ਹਾਲੇ ਵੀ ਪੱਛਮ 'ਚ ਹੀ ਹੈ।



ਅਮਰੀਕਾ ਅਤੇ ਯੂਰਪ ਦੀ ਅੱਜ ਦੀਆਂ ਵਿਸ਼ਵ ਪ੍ਰਸਥਿਤੀਆਂ ਪ੍ਰਤੀ ਪਹੁੰਚ ਵੱਖ-ਵੱਖ ਹੈ। ਭਾਵੇਂ ਕਿ ਜੇ ਅਸੀਂ ਸਤੱਹੀ ਜਾਂ ਪੇਤਲੇ ਤੌਰ 'ਤੇ ਦੇਖੀਏ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਅਮਰੀਕਾ ਬਹੁਤ ਧੱਕਾ ਕਰ ਰਿਹਾ ਹੈ ਅਤੇ ਅਮਰੀਕਾ ਸੰਸਾਰ ਤੇ ਪੱਛਮੀ ਚੌਧਰ ਅਤੇ ਪ੍ਰਬਲਤਾ ਦੇ ਮਸਲੇ 'ਤੇ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦਾ। ਜਦੋਂ ਕਿ ਯੂਰਪ ਦਾ ਇਸ ਮਸਲੇ 'ਤੇ ਸਟੈਂਡ ਲਚਕੀਲਾ ਅਤੇ ਸਮਝੌਤਾ ਕਰਨ ਵਾਲਾ ਹੈ। ਪ੍ਰੰਤੂ ਜੇ ਅਸੀਂ ਬਹੁਤ ਡੂੰਘਾਈ ਨਾਲ ਦੇਖੀਏ ਤਾਂ ਤਸਵੀਰ ਕੁਝ ਹੋਰ ਤਰ੍ਹਾਂ ਦੀ ਨਜ਼ਰ ਆ ਰਹੀ ਹੈ। ਅਮਰੀਕਾ ਨੇ ਇੱਕ ਤਰ੍ਹਾਂ ਨਾਲ ਮੰਨ ਲਿਆ ਹੈ ਕਿ ਰੂਸ ਹੁਣ ਫਿਰ ਇੱਕ ਵੱਡੀ ਸ਼ਕਤੀ ਬਣ ਗਿਆ ਹੈ। ਟਰੰਪ ਪੁਤਿਨ ਨੂੰ ਇੱਕ ਬਹੁਤ ਸ਼ਕਤੀਸ਼ਾਲੀ ਨੇਤਾ ਸਮਝਦਾ ਹੈ ਅਤੇ ਉਸ ਨਾਲ ਬਣਾ ਕੇ ਰੱਖਦਾ ਚਾਹੁੰਦਾ ਹੈ। ਪ੍ਰੰਤੂ ਯੂਰਪ ਰੂਸ ਨੂੰ ਇੱਕ ਵੱਡੀ ਸ਼ਕਤੀ ਮੰਨਣ ਨੂੰ ਤਿਆਰ ਨਹੀਂ ਹੈ। ਯੂਰਪ ਪੂਰਾ ਜ਼ੋਰ ਲਾ ਰਿਹਾ ਹੈ ਕਿ ਕਿਸੇ ਤਰ੍ਹਾਂ ਵੀ ਰੂਸ ਦੀ ਸ਼ਕਤੀ ਨੂੰ ਖਤਮ ਕੀਤਾ ਜਾਏ। ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਔਰਬੇਨ ਯੂਕਰੇਨ ਦੀ ਰੂਸ ਵਿਰੁੱਧ ਸਹਾਇਤਾ ਕਰਨ ਦਾ ਵਿਰੋਧ ਕਰਦਾ ਸੀ। ਯੂਰਪੀਨ ਯੂਨੀਅਨ ਨੇ ਆਪਣੇ ਪੂਰੇ ਵਸੀਲੇ ਤੇ ਰਸੂਖ਼ ਵਰਤ ਕੇ ਉਸ ਨੂੰ ਚੋਣਾਂ ਵਿੱਚ ਹਰਾ ਦਿੱਤਾ। ਰੂਸ ਅਤੇ ਅਮਰੀਕੀ ਦੋਵੇਂ ਵਿਕਟਰ ਔਰਬੇਨ ਦੀ ਸਹਾਇਤਾ ਕਰ ਰਹੇ ਹਨ। ਅਮਰੀਕਾ ਦੇ ਵਾਈਸ ਪ੍ਰੈਜ਼ੀਡੈਂਟ ਵੈਂਸ ਨੇ ਹੰਗਰੀ ਜਾ ਕੇ ਐਰਬੇਨ ਦੇ ਹੱਕ ਵਿਚ ਪ੍ਰਚਾਰ ਕੀਤਾ। ਅਮਰੀਕਾ ਚੀਨ ਨੂੰ ਆਪਣਾ ਮੁੱਖ ਵਿਰੋਧੀ ਸਮਝਦਾ ਹੈ ਅਤੇ ਇਕ ਤਰ੍ਹਾਂ ਨਾਲ ਰੂਸ ਨੂੰ ਸੰਭਾਵਿਤ ਸਾਥੀ ਸਮਝਦਾ ਹੈ ਜਿਸ ਤਰ੍ਹਾਂ ਉਸ ਨੇ ਚੀਨ ਨਾਲ ਮਿਲ ਕੇ ਸੋਵੀਅਤ ਯੂਨੀਅਨ ਨੂੰ ਢਾਹ ਲਿਆ ਸੀ ਉਸੇ ਤਰ੍ਹਾਂ ਉਹ ਰੂਸ ਨਾਲ ਮਿਲ ਕੇ ਚੀਨ ਨੂੰ ਢਾਹੁਣਾ ਚਾਹੁੰਦਾ ਹੈ। ਪ੍ਰੰਤੂ ਯੂਰਪ ਦੀ ਸੋਚ ਇਸ ਤੋਂ ਉਲਟ ਹੈ। ਯੂਰਪ ਰੂਸ ਨੂੰ ਆਪਣਾ ਮੁੱਖ ਵਿਰੋਧੀ ਸਮਝਦਾ ਹੈ। ਉਹ ਚੀਨ ਨਾਲ ਕਿਸੇ ਨਾ ਕਿਸੇ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਹੈ।

ਜਿੱਥੇ ਸੰਸਾਰ ਵਿੱਚ ਪੱਛਮੀ ਚੌਧਰ ਅਤੇ ਪ੍ਰਬਲਤਾ ਖ਼ਤਮ ਕਰਨ ਲਈ ਅਮਰੀਕਾ ਅਤੇ ਯੂਰਪ ਵਿੱਚ ਵੱਧ ਰਿਹਾ ਪਾੜਾ ਸਹਾਈ ਹੋ ਸਕਦਾ ਹੈ। ਪ੍ਰੰਤੂ ਯੂਰਪ ਵਿੱਚ ਫ਼ੌਜੀ ਸ਼ਕਤੀ ਦਾ ਮੁੜ ਉਭਾਰ ਇੱਕ ਖ਼ਤਰਨਾਕ ਰੁਝਾਨ ਸਾਬਤ ਹੋ ਸਕਦਾ ਹੈ। ਯੂਰਪ ਵਿੱਚ ਫਾਸ਼ੀਵਾਦ ਮੁੜ ਉੱਭਰ ਸਕਦਾ ਹੈ। ਸੰਸਾਰ ਦਾ ਸਾਰਾ ਧਿਆਨ ਅਮਰੀਕਾ ਤੇ ਇਜ਼ਰਾਈਲ ਯੁੱਧ 'ਤੇ ਕੇਂਦਰਿਤ ਹੋ ਗਿਆ ਹੋ ਅਤੇ ਅਸੀਂ ਰੂਸ ਯੂਕਰੇਨ ਯੁੱਧ ਨੂੰ ਲੱਗਭੱਗ ਭੁਲਾਅ ਦਿੱਤਾ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਭਾਵੇਂ ਟਰੰਪ ਬੜੇ ਦਮਗਜੇ ਮਾਰ ਰਿਹਾ ਹੈ ਅਤੇ ਈਰਾਨ ਦੀ ਸਭਿਅਤਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਡਰਾਵੇ ਦੇ ਰਿਹਾ ਹੈ। ਪ੍ਰੰਤੂ ਸਚਾਈ ਇਹ ਹੈ ਕਿ ਅਮਰੀਕਾ ਇਸ ਲੜਾਈ ਵਿਚ ਬੁਰੀ ਤਰ੍ਹਾਂ ਹਾਰ ਰਿਹਾ ਹੈ। ਈਰਾਨ 'ਤੇ ਹਮਲਾ ਕਰਨ ਦੇ ਜਿੰਨੇ ਵੀ ਉਦੇਸ਼ ਸਨ ਉਹ ਸਾਰੇ ਅਸਫ਼ਲ ਹੋ ਰਹੇ ਹਨ। ਅਮਰੀਕਾ ਦਾ ਮੁੱਖ ਮੰਤਵ ਈਰਾਨ ਵਿੱਚ ਸੱਤਾ ਤਬਦੀਲੀ ਸੀ ਅਤੇ ਉਹ ਈਰਾਨ ਵਿੱਚ ਯੂਕਰੇਨ ਦੀ ਤਰ੍ਹਾਂ ਕਲਰ ਰੈਵੋਲਿਊਸ਼ਨ ਲਿਆ ਕੇ ਅਮਰੀਕਾ ਪੱਖੀ ਸਰਕਾਰ ਬਣਾਉਣਾ ਚਾਹੁੰਦਾ ਸੀ। ਅਮਰੀਕਾ ਨੇ ਇਸ ਮੰਤਵ ਲਈ ਬਹੁਤ ਵੱਡੀ ਗਿਣਤੀ ਵਿਚ ਈਰਾਨ ਵਿਚ ਘੁਸਪੈਠੀਆ ਭੇਜੇ। ਜਿਨ੍ਹਾਂ ਦਾ ਮਕਸਦ ਈਰਾਨ ਵਿੱਚ ਬਗਾਵਤ ਕਰਵਾ ਕੇ ਸੱਤਾ ਤਬਦੀਲ ਕਰਨਾ ਸੀ। ਈਰਾਨ ਨੇ ਉਨ੍ਹਾਂ ਦਾ ਸਫ਼ਾਇਆ ਕਰ ਦਿੱਤਾ। ਫਿਰ ਅਮਰੀਕਾ ਨੇ ਈਰਾਨ ਵਿੱਚ ਬਹੁਤ ਸਾਰੇ ਨੇਤਾਵਾਂ ਨੂੰ ਕਤਲ ਕਰਵਾ ਦਿੱਤਾ। ਪ੍ਰੰਤੂ ਇਸ ਦਾ ਵੀ ਨਤੀਜਾ ਪੁੱਠਾ ਨਿਕਲਿਆ। ਈਰਾਨ ਵਿੱਚ ਤੁਲਨਾਤਮਕ ਤੌਰ 'ਤੇ ਹੋਰ ਖਾੜਕੂ ਤੇ ਅਮਰੀਕਾ ਵਿਰੋਧੀ ਅੰਸ਼ ਅੱਗੇ ਆ ਗਏ ਹਨ। ਅਮਰੀਕਾ ਨੇ ਈਰਾਨ 'ਤੇ ਸਿੱਧਾ ਫ਼ੌਜੀ ਹਮਲਾ ਕਰ ਦਿੱਤਾ। ਪ੍ਰੰਤੂ ਈਰਾਨ ਨੇ ਜਵਾਬੀ ਹਮਲੇ ਅਤੇ ਅਮਰੀਕਾ ਦੇ ਸਭ ਤੋਂ ਵਧੀਆ ਲੜਾਕੂ ਹਵਾਈ ਜਹਾਜ਼ਾਂ ਨੂੰ ਥੱਲੇ ਸੁੱਟ ਕੇ ਅਮਰੀਕਾ ਦੇ ਦਬਦਬੇ ਨੂੰ ਵੱਡੀ ਸੱਟ ਮਾਰੀ। ਸੰਸਾਰ ਦੇ ਕਈ ਭੇਤੀ ਮਾਹਿਰਾਂ ਦਾ ਵਿਚਾਰ ਹੈ ਕਿ ਅਮਰੀਕਾ ਇਹ ਯੁੱਧ ਹਾਰ ਗਿਆ ਹੈ। ਅਮਰੀਕਨਾਂ ਦੀ ਵੱਡੀ ਗਿਣਤੀ ਵੀ ਇਸ ਲੜਾਈ ਤੋਂ ਬਹੁਤ ਮਾਯੂਸ ਹੈ, ਸਿਰਫ਼ 36 ਪ੍ਰਤੀਸ਼ਤ ਅਮਰੀਕਨ ਇਸ ਲੜਾਈ ਵਿੱਚ ਟਰੰਪ ਦਾ ਸਮੱਰਥਨ ਕਰਦੇ ਹਨ।

ਮੌਜੂਦਾ ਵਿਸ਼ਵ ਦੀਆਂ ਸਮੱਸਿਆਵਾਂ ਦਾ ਹੱਲ ਬਹੁ-ਧਰੁਵੀ ਸੰਸਾਰ ਦੀ ਸਚਾਈ ਨੂੰ ਸਵੀਕਾਰਨ ਵਿਚ ਹੀ ਪਿਆ ਹੈ। ਜਿੱਥੇ ਮੱਧ ਪੂਰਬ ਵਿੱਚ ਅਮਰੀਕਾ ਦੀ ਹਾਰ ਬਹੁ-ਧਰੁਵੀ ਸੰਸਾਰ ਵੱਲ ਇੱਕ ਵੱਡਾ ਕਦਮ ਸਾਬਤ ਹੋ ਸਕਦੀ ਹੈ, ਉੱਥੇ ਰੂਸ ਯੂਕਰੇਨ ਯੁੱਧ ਵਿੱਚ ਯੂਰਪ ਦੀ ਮੁਕੰਮਲ ਹਾਰ ਹੀ ਬਹੁ-ਧਰੁਵੀ ਸੰਸਾਰ ਦੀ ਸਚਾਈ ਨੂੰ ਸਵੀਕਾਰ ਕਰਨ ਵਿੱਚ ਬਹੁਤ ਵੱਡਾ ਕਦਮ ਸਾਬਤ ਹੋ ਸਕਦੀ ਹੈ।

ਭਾਵੇਂ ਕਿ ਭਾਰਤ ਦੇ ਬੁਨਿਆਦੀ ਹਿੱਤ ਬਹੁ-ਧਰੁਵੀ ਸੰਸਾਰ ਵਿੱਚ ਹਨ। ਪ੍ਰੰਤੂ ਅਮਰੀਕਾ ਤੇ ਇਜ਼ਰਾਈਲ ਦੀ ਈਰਾਨ ਨਾਲ ਲੜਾਈ ਵਿੱਚ ਭਾਰਤ ਕੋਈ ਅਸਰਦਾਰ ਭੂਮਿਕਾ ਨਹੀਂ ਨਿਭਾ ਸਕਿਆ। ਮੈਨੂੰ ਇਸ ਦਾ ਮੂਲ ਕਾਰਨ ਇਹ ਲੱਗ ਰਿਹਾ ਹੈ ਕਿ ਭਾਰਤ ਨੇ ਹਾਲੇ ਆਪ ਹੀ ਇਹ ਸਵੀਕਾਰ ਨਹੀਂ ਕੀਤਾ ਕਿ ਪੱਛਮ (ਅਮਰੀਕਾ ਤੇ ਯੂਰਪ ਦੀ ਚੌਧਰ ਅਤੇ ਪ੍ਰਬਲਤਾ ਦਾ ਸਮਾਂ ਲੰਘ ਚੁੱਕਾ ਹੈ ਅਤੇ ਹੁਣ ਵਿਸ਼ਵ ਸ਼ਕਤੀ ਦਾ ਸੰਤੁਲਨ ਪੂਰਬ ਏਸ਼ੀਆ ਤੇ ਗਲੋਬਲ ਸਾਊਥ ਵੱਲ ਝੁਕ ਚੁੱਕਿਆ ਹੈ।

# ਕੈਨੇਡਾ ਦੇ ਸਿੱਖਾਂ ਦੀ ਸਿਆਸਤ



(ਸੋਹਣ ਸਿੰਘ ਪੂੰਨੀ)

ਹਿੰਦੁਸਤਾਨੀ ਇਮੀਗ੍ਰੇਂਟ ਵੀਹਵੀਂ ਸਦੀ ਦੇ ਸ਼ੁਰੂ 'ਚ ਕੈਨੇਡਾ ਵਿੱਚ ਆਉਣ ਲੱਗੇ ਸਨ। ਕਨੇਡੀਅਨ ਸਰਕਾਰ ਨੇ 1908 ਵਿੱਚ 'ਸਿੱਧੇ ਸਫਰ' ਦੀ ਸ਼ਰਤ ਵਾਲਾ ਕਾਨੂੰਨ ਬਣਾ ਕੇ ਉਨ੍ਹਾਂ ਦਾ ਇੱਥੇ ਆਉਣਾ ਬੰਦ ਕਰ ਦਿੱਤਾ ਸੀ। ਪਰ ਉਦੋਂ ਤੱਕ 5200 ਦੇ ਲੱਗਪੱਗ ਹਿੰਦੁਸਤਾਨੀ ਕਨੇਡਾ ਵਿੱਚ ਆ ਚੁੱਕੇ ਸਨ। ਜਲਦੀ ਹੀ ਇਨ੍ਹਾਂ ਵਿੱਚੋਂ ਅੱਧੇ ਬੰਦੇ ਕਨੇਡਾ ਛੱਡ ਅਮਰੀਕਾ ਜਾ ਕੇ ਰਹਿਣ ਲੱਗ ਪਏ ਸਨ। ਇਸ ਤਰ੍ਹਾਂ ਕਨੇਡਾ ਵਿੱਚ ਪੱਚੀ-ਛੱਬੀ ਸੌ ਬੰਦਾ ਰਹਿ ਗਿਆ ਸੀ ਤੇ ਅਮਰੀਕਾ ਵਿੱਚ ਇਨ੍ਹਾਂ ਦੀ ਗਿਣਤੀ ਸੱਤ-ਅੱਠ ਹਜ਼ਾਰ ਹੋ ਗਈ ਸੀ। ਕਨੇਡਾ ਆਏ ਇਨ੍ਹਾਂ ਹਿੰਦੁਸਤਾਨੀ ਇਮੀਗ੍ਰੇਂਟਾਂ ਵਿੱਚੋਂ ਥੋੜ੍ਹੇ ਜਿਹੇ ਬੰਦਿਆਂ ਨੂੰ ਛੱਡ ਕੇ ਬਾਕੀ ਸਾਰੇ ਦੇ ਸਾਰੇ ਪੰਜਾਬੀ ਸਨ ਤੇ ਇਨ੍ਹਾਂ ਪੰਜਾਬੀਆਂ ਵਿੱਚ ਵੀ ਲੱਗ-ਪੱਗ 90% ਸਿੱਖ ਸਨ। ਇਹ ਤਕਰੀਬਨ ਸਾਰੇ ਹੀ ਕਨੇਡਾ ਦੇ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਸਨ।

ਇਸ ਲੇਖ ਦਾ ਮਕਸਦ ਕਨੇਡਾ ਆਏ ਇਨ੍ਹਾਂ ਸਿੱਖਾਂ ਦੀ 1947 ਤੱਕ ਦੀ ਸਿਆਸਤ ਦੇ ਕੁੱਝ ਪੱਖਾਂ 'ਤੇ ਵਿਚਾਰ ਕਰਨਾ ਹੈ।

ਕਨੇਡਾ ਦੇ ਇਨ੍ਹਾਂ ਪੱਚੀ ਛੱਬੀ ਸੌ ਸਿੱਖਾਂ ਨੂੰ ਅਸੀਂ ਚਾਰ ਧੜਿਆਂ ਵਿੱਚ ਵੰਡ ਕੇ ਦੇਖ ਸਕਦੇ ਹਾਂ:

1). ਮਜ਼ਹਬੀ ਦੀਵਾਨੇ.
2). ਇਮੀਗ੍ਰੇਸ਼ਨ ਧੜਾ. (ਗਦਾਰ ਧੜਾ)
3). ਦੇਸ਼ ਭਗਤ ਧੜਾ. (ਗਦਰੀ)
4). ਸੰਸਾਰੀਏ.

1) **ਮਜ਼ਹਬੀ ਦੀਵਾਨੇ**: ਇਹ ਗਿਣਤੀ ਵਿੱਚ ਬਹੁਤ ਥੋੜ੍ਹੇ ਸਨ। ਇਨ੍ਹਾਂ ਦਾ ਲੀਡਰ ਭਾਈ ਵਰਿਆਮ ਸਿੰਘ ਸੀ ਜੋ ਬਾਅਦ ਵਿੱਚ ਇੰਡੀਆ ਜਾ ਕੇ ਸੰਤ ਸੁੰਦਰ ਸਿੰਘ ਟੱਲੇਵਾਲੀਆ ਦੇ ਨਾਂ ਨਾਲ ਮਸ਼ਹੂਰ ਹੋਏ। ਵੀਕਐਂਡ ਉੱਤੇ ਜਾਂ ਛੁੱਟੀ ਵਾਲ਼ੇ ਦਿਨ ਇਹ ਲੋਕ ਢੋਲਕ ਛੈਣਿਆਂ ਨਾਲ਼ ਸ਼ਬਦ ਪੜ੍ਹਦੇ ਵੈਨਕੂਵਰ ਦੀਆਂ ਗਲੀਆਂ ਵਿੱਚ ਦੀ ਲੰਘਿਆ ਕਰਦੇ ਸਨ। ਇਹ ਲੋਕ ਬਹੁਤਾ ਧਾਰਮਿਕ ਕੰਮਾਂ ਵਿੱਚ ਹੀ ਮਸਤ ਰਹਿੰਦੇ ਸਨ। ਇਸ ਕਰਕੇ ਲੋਕ ਇਨ੍ਹਾਂ ਨੂੰ 'ਮਜ਼ਬੀ ਦੀਵਾਨੇ' ਸੱਦਿਆ ਕਰਦੇ ਸਨ।

2). **ਇਮੀਗ੍ਰੇਸ਼ਨ ਧੜਾ (ਗਦਾਰ ਧੜਾ)**: ਇਸ ਧੜੇ ਵਿੱਚ ਪੰਦਰਾਂ-ਵੀਹ ਬੰਦੇ ਸਨ। ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਕਨੇਡਾ ਵਿੱਚ ਜਾਸੂਸ ਵਿਲੀਅਮ ਹਾਪਕਿਨਸਨ ਨੇ ਹਿੰਦੁਸਤਾਨੀ ਦੇਸ਼ ਭਗਤਾਂ ਦੀ ਜਾਸੂਸੀ ਕਰਨ ਲਈ ਕਨੇਡਾ ਦੀ ਹਿੰਦੁਸਤਾਨੀ ਕਮਿਊਨਿਟੀ 'ਚੋਂ ਸੂਹੀਆਂ ਦਾ ਇਕ ਸੈੱਲ ਕਾਇਮ ਕੀਤਾ ਹੋਇਆ ਸੀ। ਇਹ ਲੋਕ ਇਮੀਗ੍ਰੇਸ਼ਨ ਮਹਿਕਮੇ ਨਾਲ਼ ਰਲ਼ਕੇ ਕੰਮ ਕਰਦੇ ਸਨ। ਇਸ ਲਈ ਲੋਕ ਇਨ੍ਹਾਂ ਨੂੰ ਇਮੀਗ੍ਰੇਸ਼ਨ ਧੜਾ ਆਖਦੇ ਸਨ। ਇਨ੍ਹਾਂ ਦੇ ਗਦਾਰੀ ਵਾਲ਼ੇ ਕੰਮਾਂ ਕਰਕੇ ਕਈ ਲੋਕ ਇਨ੍ਹਾਂ ਨੂੰ 'ਗਦਾਰ ਧੜਾ' ਵੀ ਆਖਦੇ ਸਨ। ਇਸ ਧੜੇ ਦੇ ਮੁੱਖ ਲੀਡਰ ਜ਼ਿਲ੍ਹਾ ਹੁਸ਼ਿਆਰਪੁਰ ਦਾ ਬੇਲਾ ਸਿੰਘ ਜਿਆਣ, ਜ਼ਿਲ੍ਹਾ ਜਲੰਧਰ ਦਾ ਬਾਬੂ ਸਿੰਘ ਲਿੱਤਰਾਂ ਅਤੇ ਮਾਹਿਲਪੁਰ ਲਾਗੇ ਬੜੀਆਂ ਬਾੜੀਆਂ ਦਾ ਗੰਗਾ ਰਾਮ (ਸਹੋਤਾ ਗੋਤ ਦਾ ਜੱਟ-ਸਿੱਖ ) ਸਨ। ਬੇਲਾ ਸਿੰਘ ਅਤੇ ਬਾਬੂ ਸਿੰਘ ਸਰਕਾਰ ਦੇ 'ਪੇਡ ਏਜੰਟ' ਸਨ। ਸੂਹੀਏ ਬੇਲਾ ਸਿੰਘ ਨੂੰ ਕਨੇਡੀਅਨ ਸਰਕਾਰ ਮਹੀਨੇ ਦੇ 62 ਡਾਲਰ 50 ਸੈਂਟ ਦਿੰਦੀ ਸੀ। ਇਸ ਧੜੇ ਵਿੱਚ ਸ਼ਾਮਲ ਕੁੱਝ ਹੋਰ ਬੰਦਿਆਂ ਦੇ ਨਾਂ ਸਨ: ਨੈਣਾ ਸਿੰਘ ਕੰਦੋਲਾ, ਸੇਵਾ ਸਿੰਘ ਨੁਮਾਣੇ, ਭਗਤ ਸਿੰਘ ਹਰੀਪੁਰ, ਰਤਨ ਸਿੰਘ ਉਰਫ ਪਰਤਾਪ ਸਿੰਘ ਕੋਟਲੀ, ਪਰਤਾਪ ਸਿੰਘ ਟੱਟੂਆਂ ਵਾਲਾ ਪਿੰਡ ਤਾਜੋਕੇ, ਪ੍ਰੇਮ ਸਿੰਘ ਠੇਲੀ, ਸੱਜਣ ਸਿੰਘ, ਪ੍ਰੇਮ ਸਿੰਘ, ਪਾਲ ਸਿੰਘ, ਨੱਥਾ ਸਿੰਘ, ਮੇਲਾ ਸਿੰਘ, ਕਾਬਲ ਸਿੰਘ ਅਤੇ ਜਗਤ ਸਿੰਘ।

ਇਸ ਧੜੇ ਦੇ ਲੀਡਰ ਬੇਲਾ ਸਿੰਘ ਜਿਆਣ ਨੇ ਹਾਪਕਿਨਸਨ ਦੀ ਸ਼ਹਿ 'ਤੇ 5 ਸਤੰਬਰ 1914 ਨੂੰ ਵੈਨਕੂਵਰ ਗੁਰਦੁਆਰੇ ਵਿੱਚ ਗੋਲ਼ੀ ਚਲਾ ਕੇ ਗੁਰਦੁਆਰੇ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰ ਦਿੱਤਾ ਸੀ।

3) **ਦੇਸ਼ ਭਗਤ ਧੜਾ**: ਕਨੇਡਾ ਦੇ ਬਹੁਤੇ ਸਿੱਖ ਇਸ ਧੜੇ ਵਿੱਚ ਸ਼ਾਮਲ ਸਨ। ਇਹ ਸਿੱਖ ਵੈਨਕੂਵਰ ਗੁਰਦੁਆਰੇ ਦੀ ਕਮੇਟੀ 'ਖਾਲਸਾ ਦੀਵਾਨ ਸੁਸਾਇਟੀ' ਨਾਲ਼ ਜੁੜੇ ਹੋਏ ਸਨ। 'ਖਾਲਸਾ ਦੀਵਾਨ ਸੁਸਾਇਟੀ' ਵਾਲ਼ੇ ਗੁਰੂ ਸਾਹਿਬ ਦੇ ਸੱਚੇ-ਸੁੱਚੇ ਸਿੱਖ ਸਨ ਜਿਨ੍ਹਾਂ ਨੂੰ 'ਸਿੱਖੀ' ਅਤੇ 'ਸੋਸ਼ਲਿਸਟ ਵਿਚਾਰਧਾਰਾ' ਵਿੱਚ ਕੋਈ ਫਰਕ ਨਹੀਂ ਸੀ ਦਿਸਦਾ। ਦੋਨੋਂ ਵਿਚਾਰਧਾਰਾਵਾਂ ਹੀ 'ਕਿਰਤ ਕਰਨ' ਅਤੇ 'ਵੰਡ ਛਕਣ' ਦੀ ਗੱਲ ਕਰਦੀਆਂ ਸਨ। ਇਸੇ ਲਈ 'ਖਾਲਸਾ ਦੀਵਾਨ ਸੁਸਾਇਟੀ' ਵਾਲ਼ਿਆਂ ਵੈਨਕੂਵਰ ਦੀ ਸੋਸ਼ਲਿਸਟ ਪਾਰਟੀ ਨਾਲ਼ ਰਲ਼ਕੇ ਗੁਰਦੁਆਰੇ ਵਿੱਚ ਸੋਸ਼ਲਿਸਟ ਪਾਰਟੀ ਦੀ ਇਕ ਸਪੈਸ਼ਲ ਬਰਾਂਚ ਸਥਾਪਤ ਕੀਤੀ ਸੀ।

ਸਿੱਖ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਭਰਤੀ ਹੋ ਕੇ ਬੜੀ ਬਹਾਦਰੀ ਨਾਲ਼ ਲੜੇ ਸਨ। ਉਹ ਇਸ ਗੱਲ ਦਾ ਬੜਾ ਮਾਣ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਨੇ ਅੰਗਰੇਜ਼ਾਂ ਲਈ ਬਹੁਤ ਸਾਰੇ ਮੁਲਕ ਜਿੱਤੇ ਸਨ। ਪਰ ਕਨੇਡਾ-ਅਮਰੀਕਾ ਦੇ ਗੋਰੇ ਸਿੱਖਾਂ ਨੂੰ ਤਾਹਨੇ ਮਾਰਦੇ ਸਨ ਕਿ ਉਹ ਗੁਲਾਮੀ ਦੀ ਪਲੇਗ ਫੈਲਾਉਣ ਵਾਲ਼ੇ ਚੂਹੇ ਸਨ ਜਿਨ੍ਹਾਂ ਨੇ ਬਹੁਤ ਸਾਰੇ ਮੁਲਕਾਂ ਨੂੰ ਅੰਗਰੇਜ਼ਾਂ ਦੇ ਗੁਲਾਮ ਬਣਾਇਆ ਸੀ। ਸੋਸ਼ਲਿਸਟਾਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਬਰਿਟਿਸ਼ ਇੰਡੀਅਨ ਆਰਮੀ ਵਿੱਚ ਭਰਤੀ ਹੋ ਕੇ ਅੰਗਰੇਜ਼ਾਂ ਲਈ ਲੜਨਾ ਸਿੱਖੀ ਅਸੂਲਾਂ ਦੇ ਵਿਰੁੱਧ ਸੀ।

ਇਸ ਨਵੀਂ ਮਿਲੀ ਸਿਆਸੀ ਚੇਤਨਾ ਕਾਰਨ 'ਦੇਸ਼ ਭਗਤ ਧੜੇ' ਦੇ ਸਾਬਕਾ ਸਿੱਖ ਫੌਜੀ ਮਹਿਸੂਸ ਕਰਨ ਲੱਗੇ ਕਿ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਉਨ੍ਹਾਂ ਦਾ ਰੋਲ ਗੁਰੂ ਗੋਬਿੰਦ ਸਿੰਘ ਦੇ ਉਨ੍ਹਾਂ ਸਿੰਘਾਂ ਵਾਲਾ ਨਹੀ ਸੀ ਜਿਨ੍ਹਾਂ ਨੇ ਹਿੰਦੁਸਤਾਨ ਦੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਆਪਣੇ ਘੋੜਿਆਂ ਦੇ ਸੁੰਮਾਂ ਥੱਲੇ ਲਿਤਾੜਨ ਵਾਲ਼ੇ ਪਠਾਣਾ ਦੇ ਘੋੜਿਆਂ ਦੀਆਂ ਨਾ ਸਿਰਫ ਵਾਗਾਂ ਨੂੰ ਹੱਥ ਪਾ ਲਿਆ ਸੀ ਸਗੋਂ ਉਨ੍ਹਾਂ ਜਰਵਾਣਿਆਂ ਦੇ ਮੂੰਹ ਹਿੰਦੋਸਤਾਨ ਤੋਂ ਅਫਗਾਨਿਸਤਾਨ ਵੱਲ ਘੁਮਾਅ ਉਨ੍ਹਾਂ ਨੂੰ ਦਰਾ ਖੈਬਰ ਤੋਂ ਪਾਰ ਧੱਕ ਦਿੱਤਾ ਸੀ। 'ਦੇਸ਼ ਭਗਤ ਧੜੇ' ਦੇ ਇਨ੍ਹਾਂ ਸਾਬਕਾ ਸਿੱਖ ਫੌਜੀਆਂ ਨੇ 3 ਅਕਤੂਬਰ 1909 ਨੂੰ ਵੈਨਕੂਵਰ ਗੁਰਦੁਆਰੇ ਦੇ ਪਿਛਲੇ ਵਿਹੜੇ ਵਿੱਚ ਆਪਣੀਆਂ ਫੌਜੀ ਵਰਦੀਆਂ, ਬਹਾਦਰੀ ਦੇ ਮੈਡਲ ਅਤੇ ਅੰਗਰੇਜ਼ ਅਫਸਰਾਂ ਵੱਲੋਂ ਮਿਲ਼ੇ ਆਨਰੇਬਲ ਡਿਸਚਾਰਜ ਸਰਟੀਫਿਕੇਟ ਅੱਗ ਲਾ ਕੇ ਸਾੜ ਦਿੱਤੇ। ਇਤਿਹਾਸਕਾਰ ਇਸ ਘਟਨਾ ਨੂੰ 'ਮੈਡਲਾਂ ਦੀ ਲੋਹੜੀ' ਲਿਖਦੇ ਹਨ। ਇਸ ਤਰ੍ਹਾਂ ਸਿੱਖਾਂ ਵੱਲੋਂ ਅੰਗਰੇਜ਼ ਦੀ ਵਫਾਦਾਰੀ ਤਿਆਗ ਕੇ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਕੁੱਦਣ ਦੀ ਸ਼ੁਰੂਆਤ ਵੈਨਕੂਵਰ ਦੇ ਸਿੱਖਾਂ ਵੱਲੋਂ ਹੋਈ ਸੀ।

ਅਮਰੀਕਾ ਰਹਿੰਦੇ ਹਿੰਦੁਸਤਾਨੀਆਂ ਨੇ ਜੂਨ, 1913 ਵਿੱਚ ਗਦਰ ਪਾਰਟੀ ਬਣਾਈ ਤਾਂ ਕਨੇਡਾ ਦੇ ਦੇਸ਼ ਭਗਤ ਧੜੇ ਦੇ ਸਿੱਖ ਵੀ ਇਸ ਦੇ ਮੈਂਬਰ ਬਣ ਗਏ। 4 ਅਗਸਤ 1914 ਨੂੰ ਸੰਸਾਰ ਯੁੱਧ ਸ਼ੁਰੂ ਹੋਣ 'ਤੇ ਗਦਰ ਪਾਰਟੀ ਵਾਲ਼ਿਆਂ, ਬਾਵਜੂਦ ਇਸ ਗੱਲ ਦੇ ਕਿ ਪਾਰਟੀ ਦੀਆਂ ਗਦਰ ਕਰਨ ਲਈ ਤਿਆਰੀਆਂ ਹਾਲਾਂ ਮੁਕੰਮਲ ਨਹੀਂ ਸਨ, ਦੁਸ਼ਮਣ ਕਸੂਤਾ ਫਸਿਆ ਦੇਖਦਿਆਂ ਆਪਣੇ ਮੈਂਬਰਾਂ ਨੂੰ ਦੇਸ਼ ਜਾ ਕੇ ਗਦਰ ਮਚਾਉਣ ਦਾ ਸੱਦਾ ਦੇ ਦਿੱਤਾ।

**"ਦੁਸ਼ਮਣ ਸਾਡਾ ਯੂਰਪ ਵਿੱਚ ਹੈ ਫਸਿਆ ਫਾਹੀ ਡਾਢੀ ਹੈ।**
**ਜਰਮਨ ਸ਼ੇਰ ਖੜ੍ਹਾ ਹੈ ਘੇਰੀ ਹੁਣ ਤਾਂ ਢਿੱਲ ਅਸਾਡੀ ਹੈ।**
**ਹੱਥੋ-ਹੱਥੀ ਫੜ ਲਓ ਸ਼ੇਰੋ ਵੇਲਾ ਢਿੱਲ ਨਾ ਲਾਵਨ ਦਾ।**
**ਜਲਦੀ ਗਦਰ ਮਚਾ ਦਿਓ ਸ਼ੇਰੋ ਮੌਕਾ ਨਹੀਂ ਖੁੰਜਾਵਨ ਦਾ।"**

ਕਨੇਡਾ ਦੇ ਦੇਸ਼ ਭਗਤ ਧੜੇ ਦੇ ਬਹੁਤ ਸਾਰੇ ਸਿੱਖ ਗਦਰ ਕਰਕੇ ਦੇਸ਼ ਆਜ਼ਾਦ ਕਰਵਾਉਣ ਦੇ ਇਰਾਦੇ ਨਾਲ਼ ਦੇਸ਼ ਪਹੁੰਚੇ। ਪਰ ਦੇਸ਼ ਦੇ ਲੋਕ ਜਾਗ੍ਰਿਤ ਨਹੀਂ ਸਨ। ਇਸ ਤਰ੍ਹਾਂ ਦੇ ਕਈ ਕਾਰਨਾਂ ਕਰਕੇ ਗਦਰੀ ਦੇਸ਼ ਆਜ਼ਾਦ ਕਰਵਾਉਣ ਵਿੱਚ ਕਾਮਯਾਬ ਨਾ ਹੋ ਸਕੇ। ਪਰ ਦੇਸ਼ ਆਜ਼ਾਦ ਕਰਵਾਉਣ ਦੀ ਇਸ ਕੋਸ਼ਿਸ਼ ਵਿੱਚ ਦੇਸ਼ ਭਗਤ ਧੜੇ ਦੇ 14 ਸਿੱਖਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਸੀ, ਦਰਜਨਾਂ ਨੇ ਉਮਰ-ਕੈਦ ਕੱਟੀ ਸੀ (ਕਨੇਡਾ ਦੇ ਇਨ੍ਹਾਂ ਗਦਰੀਆਂ ਬਾਰੇ ਵੇਰਵੇ ਨਾਲ਼ ਜਾਨਣ ਲਈ ਲੇਖਕ ਦੀ ਕਿਤਾਬ 'ਕਨੇਡਾ ਦੇ ਗਦਰੀ ਯੋਧੇ' ਪੜ੍ਹੋ)।

4). **ਸੰਸਾਰੀਏ**: ਇਸ ਧੜੇ ਵਾਲ਼ੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਵਿਕਟੋਰੀਆ ਤੋਂ 'ਸੰਸਾਰ' ਨਾ ਦਾ ਅਖਬਾਰ ਕੱਢਦੇ ਸਨ। ਇਸ ਕਰਕੇ ਲੋਕ ਇਨ੍ਹਾਂ ਨੂੰ 'ਸੰਸਾਰੀਏ' ਸੱਦਦੇ ਸਨ। ਇਸ ਧੜੇ ਦੇ ਮੁੱਖ ਲੀਡਰ ਡਾਕਟਰ ਸੁੰਦਰ ਸਿੰਘ, ਕਰਤਾਰ ਸਿੰਘ ਹੁੰਦਲ (ਕੈਂਚੀ) ਅਤੇ ਬਾਬੂ ਕਪੂਰ ਸਿੰਘ ਸਿੱਧੂ (ਖੜੌਦੀ) ਸਨ। ਡਾਕਟਰ ਸੁੰਦਰ ਸਿੰਘ ਪੱਛਮੀ ਪੰਜਾਬ ਤੋਂ ਸੀ। ਕਰਤਾਰ ਸਿੰਘ ਹੁੰਦਲ ਦਾ ਪਿੰਡ ਤਾਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬਡਾਲਾ ਸੀ ਪਰ ਮਾਂ ਦੀ ਮੌਤ ਪਿੱਛੋਂ ਉਹ ਆਪਣੇ ਨਾਨਕੀਂ ਮਾਹਲਪੁਰ ਰਹਿੰਦਾ ਰਿਹਾ ਸੀ। ਬਾਬੂ ਕਪੂਰ ਸਿੰਘ ਸਿੱਧੂ ਦੇ ਬਜ਼ੁਰਗਾਂ ਦਾ ਪਿੱਛਾ ਜ਼ਿਲ੍ਹਾ ਅੰਮ੍ਰਿਤਸਰ ਸੀ ਪਰ ਮਾਹਲਪੁਰ ਨੇੜੇ ਪਿੰਡ ਖੜੌਦੀ ਵਿੱਚ ਉਨ੍ਹਾਂ ਨੂੰ ਜਗੀਰ ਮਿਲ਼ੀ ਹੋਈ ਸੀ। ਬਾਬੂ ਕਪੂਰ ਸਿੰਘ 1906 ਵਿੱਚ ਪਹਿਲਾਂ ਅਮਰੀਕਾ ਵਿੱਚ ਆਇਆ ਸੀ ਤੇ 1912 ਵਿੱਚ ਉਹ ਅਮਰੀਕਾ ਤੋਂ ਕਨੇਡਾ ਆ ਗਿਆ ਸੀ। ਇਨ੍ਹਾਂ ਲੋਕਾਂ ਨੂੰ ਗਦਾਰ ਕਹਿਣਾ ਤੇ ਠੀਕ ਨਹੀਂ ਹੋਵੇਗਾ ਪਰ ਇਨ੍ਹਾਂ ਨੂੰ ਸੱਚੇ-ਸੁੱਚੇ ਦੇਸ਼ ਭਗਤ ਵੀ ਨਹੀਂ ਆਖਿਆ ਜਾ ਸਕਦਾ। ਇਹ ਲੋਕ ਦੇਸ਼ ਦਾ ਭਲਾ ਤਾਂ ਚਾਹੁੰਦੇ ਸਨ ਪਰ ਆਪਣਾ ਨੁਕਸਾਨ ਕਰਵਾ ਕੇ ਨਹੀਂ। ਇਸ ਦੇ ਉਲਟ 'ਦੇਸ਼ ਭਗਤ ਧੜੇ' ਦੇ ਸਿੱਖ ਦੇਸ਼ ਲਈ, ਦੇਸ਼ ਦੇ ਲੋਕਾਂ ਲਈ ਆਪਣਾ ਸਾਰਾ ਕੁਛ ਵਾਰਨ ਨੂੰ ਤਿਆਰ ਸਨ, ਜਾਨ ਵੀ।

ਕਰਤਾਰ ਸਿੰਘ ਹੁੰਦਲ ਹੋਰੀਂ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਵਿਕਟੋਰੀਆ ਵਿੱਚ 630 ਸਪੀਡ ਐਵਿਨਿਊ ਵਾਲ਼ੀ ਪਰਾਪਰਟੀ ਖਰੀਦੀ ਸੀ ਤੇ 1912 ਵਿੱਚ ਇੱਥੋਂ ਪੰਜਾਬੀ-ਅੰਗਰੇਜ਼ੀ ਦਾ ਰਲਵਾਂ ਅਖਬਾਰ 'ਸੰਸਾਰ' ਕੱਢਿਆ ਸੀ। ਇਹ ਅਖਬਾਰ ਪਹਿਲਾਂ ਹੱਥ ਨਾਲ ਲਿਖਿਆ ਹੁੰਦਾ ਸੀ ਪਰ 1913 ਤੋਂ ਛਾਪੇ 'ਤੇ ਛਪਣ ਲੱਗਾ ਸੀ। 'ਸੰਸਾਰ' ਕਨੇਡਾ-ਅਮਰੀਕਾ ਵਿੱਚ ਛਾਪੇ (ਪਰਿੰਟਿੰਗ ਪਰੈੱਸ) 'ਤੇ ਛਪਣ ਵਾਲਾ ਪੰਜਾਬੀ ਦਾ ਪਹਿਲਾ ਅਖਬਾਰ ਸੀ।

ਪ੍ਰਸਿੱਧ ਇਨਕਲਾਬੀ ਭਾਈ ਭਗਵਾਨ ਸਿੰਘ ਨੂੰ 7 ਜੂਨ 1913 ਨੂੰ ਬੇਲਾ ਸਿੰਘ ਜਿਆਣ ਨੇ ਹਾਪਕਿਨਸਨ ਦੀ ਮਦਦ ਨਾਲ਼ ਹਾਂਗਕਾਂਗ ਤੋਂ ਕਨੇਡਾ ਲਿਆਂਦਾ ਸੀ। ਉਨ੍ਹਾਂ ਦਾ ਭਾਈ ਭਗਵਾਨ ਸਿੰਘ ਨੂੰ ਇੱਥੇ ਲਿਆਉਣ ਦਾ ਮਕਸਦ ਉਸ ਨੂੰ ਦੇਸ਼ ਭਗਤ ਧੜੇ ਦੇ ਵਿਰੁੱਧ ਵਰਤਣਾ ਸੀ। ਪਰ ਭਾਈ ਭਗਵਾਨ ਸਿੰਘ ਦਿਲੋਂ ਇਨਕਲਾਬੀ ਸਨ। ਜਲਦੀ ਹੀ ਉਹ ਬੇਲਾ ਸਿੰਘ ਹੋਰਾਂ ਦਾ ਸਾਥ ਛੱਡ ਕੇ ਦੇਸ਼ ਭਗਤ ਧੜੇ ਨਾਲ ਆ ਰਲ਼ੇ। ਇਸ ਨਾਲ਼ ਗਦਾਰ ਧੜੇ ਵਾਲ਼ੇ ਬੇਲਾ ਸਿੰਘ ਹੋਰੀਂ ਭਾਈ ਭਗਵਾਨ ਸਿੰਘ ਦੇ ਦੁਸ਼ਮਣ ਬਣ ਗਏ।



Bhai Wariam Singh Da Jatha

ਇਸ ਤੋਂ ਜਲਦੀ ਪਿੱਛੋਂ ਭਾਈ ਭਗਵਾਨ ਸਿੰਘ ਆਪਣੇ ਇਨਕਲਾਬੀ ਲੇਖ ਲੈ ਕੇ ਵਿਕਟੋਰੀਆ ਸੰਸਾਰ ਵਾਲ਼ਿਆਂ ਦੇ ਦਫਤਰ ਗਏ। ਉਹ ਆਪਣੇ ਇਹ ਤੱਤੇ ਲੇਖ ਸੰਸਾਰ ਅਖਬਾਰ ਵਿੱਚ ਛਪਵਾਉਣੇ ਚਾਹੁੰਦੇ ਸਨ। ਐਡੀਟਰ ਕਰਤਾਰ ਸਿੰਘ ਹੋਰੀਂ ਇਹ ਲੇਖ ਸੰਸਾਰ ਅਖਬਾਰ ਵਿੱਚ ਛਾਪਣੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਇਸ ਨਾਲ਼ ਸਰਕਾਰ ਨਰਾਜ਼ ਹੋ ਜਾਵੇਗੀ। ਭਾਈ ਭਗਵਾਨ ਸਿੰਘ ਨੇ ਸੰਸਾਰ ਵਾਲ਼ਿਆਂ ਨੂੰ 'ਨਿਪੁੰਸਕ' ਆਖਿਆ ਤੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਖਬਾਰ ਅਤੇ ਦਫਤਰ ਕਿਉਂਕਿ ਲੋਕਾਂ ਦੇ ਪੈਸੇ ਨਾਲ਼ ਬਣੇ ਹਨ ਇਸ ਲਈ ਅਖਬਾਰ ਅਤੇ ਦਫਤਰ ਦੋਨੋਂ ਖਾਲਸਾ ਦੀਵਾਨ ਸੁਸਾਇਟੀ ਦੇ ਨਾਂ ਹੋਣੇ ਚਾਹੀਦੇ ਹਨ। ਸੰਸਾਰੀਆਂ ਨੇ ਇਸ ਨੂੰ ਸਖਤ ਸ਼ਬਦਾਂ ਵਿੱਚ ਨਿੰਦਿਆ ਤੇ ਆਖਿਆ ਕਿ ਭਾਈ ਭਗਵਾਨ ਸਿੰਘ ਇਹ ਸਾਰਾ ਕੁਛ ਪੈਸੇ ਦੇ ਲਾਲਚ ਵਿੱਚ ਕਰ ਰਿਹਾ ਹੈ।

ਹੁਣ ਸੰਸਾਰੀਏ ਵੀ ਭਾਈ ਭਗਵਾਨ ਸਿੰਘ ਦੇ ਦੁਸ਼ਮਣ ਬਣ ਗਏ। 'ਦੁਸ਼ਮਣ ਦਾ ਦੁਸ਼ਮਣ ਮਿੱਤਰ' ਅਨੁਸਾਰ 'ਸੰਸਾਰੀਏ' ਅਤੇ 'ਇਮੀਗ੍ਰੇਸ਼ਨ ਧੜੇ' ਵਾਲ਼ੇ ਮਿੱਤਰ ਬਣ ਗਏ। ਦੋਨਾਂ ਧੜਿਆਂ ਨੇ ਰਲ਼ਕੇ ਭਾਈ ਭਗਵਾਨ ਸਿੰਘ ਨੂੰ 19 ਨਵੰਬਰ 1913 ਨੂੰ ਕਨੇਡਾ 'ਚੋਂ ਡੀਪੋਰਟ ਕਰਵਾਇਆ (ਵੈਸੇ ਸੰਸਾਰੀਆਂ ਨੇ ਮਗਰਮੱਛ ਦੇ ਹੰਝੂ ਵਹਾਉਂਦਿਆਂ 'ਸੰਸਾਰ' ਅਖਬਾਰ ਵਿੱਚ ਇਸ ਡੀਪੋਰਟੇਸ਼ਨ ਦੀ ਨਿੰਦਿਆ ਕੀਤੀ ਸੀ)। ਇਸ ਪਿੱਛੋਂ ਛੇਤੀ ਹੀ ਸੰਸਾਰੀਆਂ ਨੇ ਇਮੀਗਰੇਸ਼ਨ ਧੜੇ ਦੇ ਬੇਲਾ ਸਿੰਘ ਜਿਆਣ ਅਤੇ ਬਾਬੂ ਸਿੰਘ ਲਿੱਤਰਾਂ ਨੂੰ ਆਪਣੀ ਜਥੇਬੰਦੀ 'ਯੂਨਾਈਟਿਡ ਇੰਡੀਆ ਐਸੋਸੀਏਸ਼ਨ' ਦੇ ਮੈਂਬਰ ਲੈ ਲਿਆ।

ਦਰਅਸਲ 'ਸੰਸਾਰੀਆ' ਅਤੇ 'ਦੇਸ਼ ਭਗਤਾਂ' ਦੀ 1913 ਦੇ ਸ਼ੁਰੂ ਵਿੱਚ ਹੀ ਵਿਗੜ ਗਈ ਸੀ। ਵੈਨਕੂਵਰ ਦੇ ਸਿੱਖਾਂ ਨੇ 1911 ਦੇ ਆਖਰੀ ਮਹੀਨਿਆਂ ਦੌਰਾਨ ਪਰਿਵਾਰ ਮੰਗਵਾ ਸਕਣ ਦੀ ਇਜਾਜ਼ਤ ਲੈਣ ਲਈ ਔਟਵਾ ਨੂੰ ਡੈਪੂਟੇਸ਼ਨ ਭੇਜਿਆ ਸੀ। ਇਹ ਡੈਪੂਟੇਸ਼ਨ 'ਸੰਸਾਰੀਆਂ' ਦੀ ਅਗਵਾਈ ਥੱਲੇ ਭੇਜਿਆ ਗਿਆ ਸੀ। 'ਸੰਸਾਰੀਏ' ਪਰਿਵਾਰ ਮੰਗਵਾ ਸਕਣ ਦੀ ਇਜਾਜ਼ਤ ਲੈਣ ਵਿੱਚ ਕਾਮਯਾਬ ਨਹੀਂ ਸੀ ਹੋਏ। ਸਿੱਖ ਭਾਈਚਾਰਾ 1913 ਦੇ ਸ਼ੁਰੂ ਵਿੱਚ ਇਕ ਹੋਰ ਡੈਪੂਟੇਸ਼ਨ ਇੰਡੀਆ ਨੂੰ ਭੇਜਿਆ ਚਾਹੁੰਦਾ ਸੀ। ਸਿਖ ਕਮਿਊਨਿਟੀ ਇਹ ਡੈਪੂਟੇਸ਼ਨ 'ਸੰਸਾਰੀਆਂ' ਦੀ ਅਗਵਾਈ ਥੱਲੇ ਭੇਜਣ ਲਈ ਰਜ਼ਾਮੰਦ ਨਾ ਹੋਈ। ਇਹ ਡੈਪੂਟੇਸ਼ਨ 'ਦੇਸ਼ ਭਗਤ ਧੜੇ' ਦੇ ਲੀਡਰ, ਵੈਨਕੂਵਰ ਗੁਰਦੁਆਰੇ ਦੇ ਗਰੰਥੀ ਸਾਹਿਬਾਨ, ਭਾਈ ਬਲਵੰਤ ਸਿੰਘ ਖੁਰਦਪੁਰ ਦੀ ਅਗਵਾਈ ਥੱਲੇ ਭੇਜਿਆ ਗਿਆ ਸੀ। ਸੰਸਾਰੀਏ ਇਸ ਗੱਲੋਂ ਵੀ ਦੇਸ਼ ਭਗਤਾਂ ਨਾਲ਼ ਔਖੇ ਸਨ।

'ਸੰਸਾਰੀਆਂ' ਅਤੇ 'ਦੇਸ਼ ਭਗਤਾਂ' ਵਿੱਚਕਾਰ ਝਗੜੇ ਦਾ ਵੱਡਾ ਕਾਰਨ ਪੈਸਾ ਸੀ। ਸੰਤ ਤੇਜਾ ਸਿੰਘ ਨੇ ਵੈਨਕੂਵਰ ਆਇਆਂ ਦਸੰਬਰ 1908 ਵਿੱਚ ਸਿੱਖਾਂ ਦੀ ਇਨਵੈਸਟਮੈਂਟ ਕੰਪਨੀ, 'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਸਥਾਪਤ ਕੀਤੀ ਸੀ। ਕੰਪਨੀ ਦੇ 251 ਸ਼ੇਅਰ ਹੋਲਡਰ ਸਨ। ਦਿਹਾੜੀ ਦੇ ਡੇਢ-ਦੋ ਡਾਲਰ ਕਮਾਉਣ ਵਾਲ਼ੇ ਸਿੱਖਾਂ ਤੋਂ ਸੰਤ ਤੇਜਾ ਸਿੰਘ ਨੇ ਪੰਜਾਹ ਹਜ਼ਾਰ ਡਾਲਰ ਇਕੱਠੇ ਕੀਤੇ ਸਨ। ਸੰਤ ਤੇਜਾ ਸਿੰਘ ਆਪਣੀ ਕਿਤਾਬ 'ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ' ਦੇ ਪੰਨਾ 300 'ਤੇ ਲਿਖਦੇ ਨੇ ਕਿ ਕੰਪਨੀ ਨੇ ਕੈਲੇਫੋਰਨੀਆ ਵਿੱਚ ਸੋਨੇ ਦੀ ਖਾਣ ਦੇ ਢਾਈ ਲੱਖ ਡਾਲਰ ਦੀ ਕੀਮਤ ਦੇ (25%) ਸ਼ੇਅਰ ਖਰੀਦੇ ਹੋਏ ਸਨ। ਕੰਪਨੀ ਨੇ ਬੁਰਾਡ ਇਨਲੈੱਟ ਦੇ ਉੱਤਰ ਵਿੱਚ ਸਮੁੰਦਰ ਕੰਢੇ ਈਗਲ ਹਾਰਬਰ 'ਤੇ ਢਾਈ ਸੌ ਏਕੜ ਖਰੀਦੇ ਹੋਏ ਸਨ ਤੇ ਸ਼ਹਿਰ ਵਿੱਚ ਵੀ 10 ਏਕੜ ਲਏ ਹੋਏ ਸਨ।


'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਦੇ ਹਿਸਾਬ-ਕਿਤਾਬ ਵਿੱਚ ਹੋਏ ਘਪਲ਼ੇ ਸੰਸਾਰੀਆਂ ਅਤੇ ਦੇਸ਼ ਭਗਤਾਂ ਵਿੱਚਕਾਰ ਟਕਰਾਅ ਦਾ ਕਾਰਨ ਬਣੇ ਸਨ। ਸੰਸਾਰੀਏ ਪੈਸੇ ਦਾ ਹਿਸਾਬ-ਕਿਤਾਬ ਨਹੀਂ ਸੀ ਦੇ ਰਹੇ। ਝਗੜਾ ਵਧ ਗਿਆ ਸੀ। ਇਸ ਝਗੜੇ ਨੂੰ ਨਿਪਟਾਉਣ ਲਈ ਸੰਸਾਰੀਆਂ ਅਤੇ ਮਿਲੀਟੈਂਟ ਦੇਸ਼ ਭਗਤਾਂ ਵਿਚਕਾਰ 9 ਜਨਵਰੀ 1914 ਨੂੰ ਵੈਨਕੂਵਰ ਗੁਰਦੁਆਰੇ ਦੀ ਬੇਸਮੈਂਟ ਵਿੱਚ ਮੀਟਿੰਗ ਹੋਣੀ ਤਹਿ ਹੋਈ ਸੀ। ਪਰ ਸੰਸਾਰੀਆਂ ਦੇ ਮੁਖ ਨੁਮਾਇੰਦੇ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਡਰਦੇ ਮਾਰੇ ਇਸ ਮੀਟਿੰਗ ਵਿੱਚ ਪਹੁੰਚੇ ਹੀ ਨਹੀਂ ਸਨ। ਇਸ ਸੰਬੰਧ ਵਿੱਚ 15 ਜਨਵਰੀ, 1914 ਨੂੰ ਕੰਪਨੀ ਦੇ ਡਾਇਰੈਕਟਰਾਂ ਦੀ ਹੋਈ ਮੀਟਿੰਗ ਵਿੱਚ ਪਾਸ ਹੋਇਆ ਮਤਾ ਨੰਬਰ 2 ਬੜੀ ਰੋਸ਼ਨੀ ਪਾਉਂਦਾ ਹੈ: "ਪੇਛ ਕੀਤਾ ਭਾਈ ਭਾਗ ਸਿੰਘ ਨੇ ਸੈਕੰਡ ਨਰੰਜਣ ਸਿੰਘ ਨੇ ਕੇ ਜੋ ਕਾਗਜ ਡਾਕਟਰ (ਸੁੰਦਰ ਸਿੰਘ) ਕੰਪਨੀ ਦੇ ਗਿਆ ਹੈ ਤੇ ਇਕ ਦਫਾ ਫੇਰ ਪੁਛਿਆ ਜਾਵੇ ਜੇ ਨਾਂ ਦੇਵੇ ਜਾਂ ਭੇਜੇ ਤਦ ਕਾਨੂੰਨੀ ਕਾਰਵਾਈ ਕੀਤੀ ਜਾਵੇ-" (ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਦੀ 116 ਸਾਲ ਪੁਰਾਣੀ ਉਰਿਜਨਲ ਮਿਨਿਟ ਬੁੱਕ ਲੇਖਕ ਪਾਸ ਹੈ)।

23 ਮਈ 1914 ਨੂੰ ਕਾਮਾਗਾਟਾ ਮਾਰੂ ਆਪਣੇ 376 ਮੁਸਾਫਰਾਂ ਨਾਲ਼ ਵੈਨਕੂਵਰ ਆਇਆ ਸੀ। ਕਾਮਾਗਾਟਾ ਮਾਰੂ ਦਾ ਸਾਰਾ ਘੋਲ਼ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨਾਲ਼ ਜੁੜੇ ਦੇਸ਼ ਭਗਤਾਂ ਦੀ ਅਗਵਾਈ ਥੱਲੇ ਲੜਿਆ ਗਿਆ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮੱਦਦ ਲਈ ਬਣੀ ਸਾਹਿਲ ਕਮੇਟੀ (Shore Committee) ਦੇ ਸਾਰੇ ਦੇ ਸਾਰੇ ਮੈਂਬਰ 'ਖਾਲਸਾ ਦੀਵਾਨ ਸੁਸਾਇਟੀ' ਨਾਲ਼ ਜੁੜੇ ਦੇਸ਼ ਭਗਤ ਸਨ। ਸੰਸਾਰੀਆਂ ਦਾ ਇਕ ਵੀ ਮੈਂਬਰ 'ਸਾਹਿਲ ਕਮੇਟੀ' ਵਿੱਚ ਨਹੀਂ ਸੀ ਲਿਆ ਗਿਆ।

ਡਾਕਟਰ ਸੁੰਦਰ ਸਿੰਘ ਤਾਂ ਕਾਮਾਗਾਟਾ ਮਾਰੂ ਦੇ ਵੈਨਕੂਵਰ ਪਹੁੰਚਣ ਤੋਂ ਕੁੱਝ ਦਿਨਾਂ ਬਾਅਦ ਹੀ ਮਈ ਦੇ ਆਖਰ 'ਚ ਬੀ.ਸੀ. ਛੱਡ ਕੇ ਟੋਰਾਂਟੋ ਚਲਾ ਗਿਆ ਸੀ। ਇਸ ਪਿੱਛੋਂ ਕਪੂਰ ਵੀ ਆਪਣੇ ਬਹੁਤ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਜੂਨ 1914 ਵਿੱਚ ਡਾਕਟਰ ਸੁੰਦਰ ਸਿੰਘ ਕੋਲ਼ ਟੋਰਾਂਟੋ ਪਹੁੰਚ ਗਿਆ। ਬੀ. ਸੀ. ਵਿੱਚ ਰਹਿ ਗਿਆ ਸੰਸਾਰੀਆਂ ਦੇ ਵੱਡੇ ਲੀਡਰਾਂ 'ਚੋਂ ਸਿਰਫ ਕਰਤਾਰ ਸਿੰਘ ਹੁੰਦਲ।



Sant Teja Singh



Bhai Gurdit Singh Bilga

ਪੰਜ ਸਤੰਬਰ 1914 ਨੂੰ ਹਾਪਕਿਨਸਨ ਦੇ ਏਜੰਟ ਬੇਲਾ ਸਿੰਘ ਜਿਆਣ ਨੇ ਵੈਨਕੂਵਰ ਗੁਰਦੁਆਰੇ ਵਿੱਚ ਗੋਲ਼ੀ ਚਲਾ ਕੇ ਗੁਰਦੁਆਰੇ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ ਸ਼ਹੀਦ ਕਰ ਦਿੱਤੇ ਅਤੇ ਬਹੁਤ ਸਾਰੇ ਸਿੱਖ ਫੱਟੜ ਕਰ ਦਿੱਤੇ। ਪਤਾ ਨਹੀਂ ਸੰਸਾਰੀਆਂ ਦਾ ਇਨ੍ਹਾਂ ਕਤਲਾਂ ਨਾਲ਼ ਕੋਈ ਸੰਬੰਧ ਸੀ ਜਾਂ ਨਹੀਂ ਪਰ ਕਰਤਾਰ ਸਿੰਘ ਹੁੰਦਲ ਨੂੰ 'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਵਿੱਚ ਕੀਤੇ ਘਪਲਿਆਂ ਕਾਰਨ ਡਰ ਸੀ ਕਿ 'ਦੇਸ਼ ਭਗਤ ਧੜੇ' ਵਾਲੇ ਇਹ ਸਮਝ ਸਕਦੇ ਹਨ। ਇਸ ਲਈ ਕਰਤਾਰ ਸਿੰਘ ਹੁੰਦਲ ਵੀ ਬੀ. ਸੀ. 'ਚੋਂ ਪੱਤਰਾ ਵਾਚ ਗਿਆ ਤੇ ਟੋਰੰਟੋ ਆਪਣੇ ਸਾਥੀ ਸੰਸਾਰੀਆ ਕੋਲ਼ ਪੁੱਜ ਗਿਆ।

ਕਰਤਾਰ ਸਿੰਘ ਹੁੰਦਲ ਦਾ ਡਰ ਸੱਚਾ ਸੀ। ਖਾਲਸਾ ਦੀਵਾਨ ਸੁਸਾਇਟੀ ਨਾਲ਼ ਜੁੜੇ ਦੇਸ਼ ਭਗਤ ਸੱਚ-ਮੁੱਚ ਬਹੁਤ ਗੁੱਸੇ ਵਿੱਚ ਸਨ ਤੇ ਉਹ ਕਰਤਾਰ ਸਿੰਘ ਹੁੰਦਲ ਨੂੰ ਜਾਨੋਂ ਮਾਰਨ ਨੂੰ ਫਿਰਦੇ ਸਨ। ਇਸ ਸੰਬੰਧ ਵਿੱਚ 'ਸੰਸਾਰ' ਅਖਬਾਰ ਦੇ ਅਸਿਸਟੈਂਟ ਕੰਪੋਜ਼ਰ, ਮਾਹਿਲਪੁਰ ਨੇੜੇ ਛੋਟੇ ਸਰਹਾਲੇ ਦੇ ਬਤਨ ਸਿੰਘ ਦੀ 29 ਸਤੰਬਰ 1914 ਨੂੰ ਵਿਕਟੋਰੀਆ ਤੋਂ ਲਿਖੀ ਚਿੱਠੀ ਬੜਾ ਚਾਨਣ ਪਾਉਂਦੀ ਹੈ। ਇਸ ਚਿੱਠੀ ਵਿੱਚ ਟੋਰਾਂਟੋ ਪਹੁੰਚੇ ਕਰਤਾਰ ਸਿੰਘ ਹੁੰਦਲ ਨੂੰ ਬਤਨ ਸਿੰਘ ਲਿਖਦਾ ਹੈ, "...ਮੈਨੂੰ ਪੁੱਛਦਾ ਸੀ ਕਿ ਕਰਤਾਰ ਸਿੰਘ ਕਿੱਥੇ ਹੈ? ਮੈਂ ਕਿਹਾ ਕਿ ਵੈਨਕੂਵਰ ਗਏ ਹੋਏ ਹੈ। ....ਅੱਜ ਤਾਈਂ ਕਿਸੀ ਕੋ ਪਤਾ ਨਹੀਂ ਲੱਗਾ ਜੀ। ਆਪ ਨੂੰ ਮੁਨਛੇ ਦਾ ਭਾਈ ਬਹੁਤ ਢੂੰਡ ਰਿਹਾ ਹੈ। ਮੈਂ ਇੱਥੇ ਉੱਥੇ ਕਰ ਛੱਡਦਾ ਹਾਂ। 29 ਤ੍ਰੀਕ ਨੂੰ ਤੂੰਬੀ ਭੀ ਆਇਆ ਸਾਂ। ... ਮੈਂ ਇਹੀ ਜਵਾਬ ਦਿੰਦਾ ਰਿਹਾ ਹਾਂ ਕਿ ਅਜੇ ਹੁਣ ਹੀ ਗਏ ਹਨ...।" (ਚਿੱਠੀ ਲੇਖਕ ਪਾਸ ਹੈ। 112 ਸਾਲ ਪੁਰਾਣੀ ਇਹ ਚਿੱਠੀ ਕਨੇਡਾ ਦੇ ਕਿਸੇ ਇਮੀਗ੍ਰੈਂਟ ਵੱਲੋਂ ਲਿਖੀ ਸ਼ਾਇਦ ਸਭ ਤੋਂ ਪੁਰਾਣੀ ਚਿੱਠੀ ਹੈ ਜੋ ਉਪਲਭਦ ਹੈ)।

ਪਹਿਲੇ ਸੰਸਾਰ ਯੁੱਧ ਦੌਰਾਨ, ਬਰਤਾਨਵੀ ਸਾਮਰਾਜ ਨੂੰ ਬਚਾਉਣ ਲਈ 9 ਸਿੱਖ ਕਨੇਡੀਅਨ ਵਿੱਚ ਭਰਤੀ ਹੋਏ ਸਨ, ਉਸ ਬਰਤਾਨਵੀ ਸਾਮਰਾਜ ਨੂੰ ਬਚਾਉਣ ਲਈ ਜਿਸ ਨੇ ਹਿੰਦੁਸਤਾਨ ਨੂੰ ਗੁਲਾਮ ਬਣਾਇਆ ਹੋਇਆ ਸੀ (ਇਨ੍ਹਾਂ ਸਾਮਰਾਜੀਆਂ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ 'ਦੇਸ਼ ਭਗਤ ਧੜੇ' ਦੇ 14 ਸਿੱਖ ਸ਼ਹੀਦ ਹੋਏ ਸਨ)। ਇਨ੍ਹਾਂ ਨੌਆਂ ਵਿੱਚੋਂ ਕੁੱਝ ਇੱਕ ਨੂੰ ਬ੍ਰਿਟਿਸ਼ ਕੋਲੰਬੀਆ ਵੱਲ ਭਰਤੀ ਗਦਾਰ ਧੜੇ ਦੇ ਬੇਲਾ ਸਿੰਘ ਜਿਆਣ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੇ ਡਾਕਟਰ ਰਘੂਨਾਥ ਸਿੰਘ ਨੇ ਕਰਵਾਇਆ ਸੀ (ਡਾਕਟਰ ਰਘੂਨਾਥ ਸਿੰਘ ਜਹਾਜ਼ 'ਤੇ ਵਾਪਰ ਦੀ ਹਰ ਘਟਨਾ ਦੀ ਖਬਰ ਹਾਪਕਿਨਸਨ ਨੂੰ ਪਹੁੰਚਾਉਂਦਾ ਰਿਹਾ ਸੀ ਤੇ ਉਸ ਦੀ ਇਸ ਗਦਾਰੀ ਬਦਲੇ ਹਾਪਕਿਨਸਨ ਨੇ ਉਸ ਨੂੰ ਪਰਿਵਾਰ ਸਮੇਤ ਕਾਮਾਗਾਟਾ ਮਾਰੂ ਤੋਂ ਉਤਾਰ ਲਿਆ ਸੀ)। ਕੁੱਝ ਇੱਕ ਨੂੰ ਸੰਸਾਰੀਆਂ ਨੇ ਟੋਰੰਟੋ ਵੱਲ ਭਰਤੀ ਕਰਵਾਇਆ ਸੀ। ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਇੰਟੈਲੀਜੈਂਸ ਬਿਊਰੋ ਵੱਲੋਂ ਤਿਆਰ ਕੀਤੀ 1934 ਵਾਲ਼ੀ ਗਦਰ ਡਰੈਕਟਰੀ ਮੁਤਾਬਕ ਰਿਆਸਤ ਕਪੂਰਥਲਾ ਦੇ ਪਿੰਡ ਢਪਈ ਦਾ ਵਰਿਆਮ ਸਿੰਘ (ਵਜ਼ੀਰ ਸਿੰਘ ਦਾ ਪੁੱਤਰ) ਟੋਰੰਟੋ ਵਿੱਚ ਅਪਰੈਲ, 1915 ਨੂੰ ਸੀ.ਆਰ. ਐਫ. ਦੀ 38ਵੀਂ ਰਜਮੈਂਟ ਵਿੱਚ ਭਰਤੀ ਹੋਇਆ ਸੀ। ਵਰਿਆਮ ਸਿੰਘ ਟੋਰੰਟੋ ਵਲ ਸੰਸਾਰੀਆਂ ਦੇ ਨਾਲ ਹੀ ਬੀ. ਸੀ. 'ਚੋਂ ਗਿਆ ਸੀ ਤੇ ਉਸ ਨੂੰ ਫੌਜ ਵਿੱਚ ਭਰਤੀ ਵੀ 'ਸੰਸਾਰੀਆਂ' ਨੇ ਹੀ ਕਰਵਾਇਆ ਸੀ। ਮਾਰਚ 1918 ਵਿੱਚ ਵਰਿਆਮ ਸਿੰਘ ਨੂੰ ਫੌਜ ਵਿੱਚੋਂ ਡਿਸਚਾਰਜ ਕਰ ਦਿੱਤਾ ਗਿਆ ਸੀ। ਵਾਪਸ ਵੈਨਕੂਵਰ ਆਉਣ ਤੇ ਸਿੱਖ ਭਾਈਚਾਰੇ ਨੇ ਉਸਦਾ ਮੁਕੰਮਲ ਬਾਈਕਾਟ ਕਰ ਦਿੱਤਾ ਸੀ। ਕੋਈ ਮੂੰਹ ਨਹੀਂ ਸੀ ਲਾਉਂਦਾ ਉਸ ਨੂੰ। ਘਰ ਨਹੀਂ ਸੀ ਵੜਨ ਦਿੰਦਾ ਕੋਈ ਉਸ ਨੂੰ। ਭਾਈਚਾਰਾ ਨਰਾਜ਼ ਸੀ ਉਸ ਨਾਲ, ਉਸਦੇ ਫੌਜ ਵਿੱਚ ਭਰਤੀ ਹੋਣ ਕਰਕੇ।

ਮਾਹਿਲਪੁਰ ਏਰੀਏ ਦਾ ਬੁੱਕਣ ਸਿੰਘ ਬੈਂਸ 14 ਸਾਲ ਦੀ ਉਮਰੇ 1907 ਵਿੱਚ ਕਨੇਡਾ ਆਇਆ ਸੀ। ਇਥੇ ਉਹ ਸੰਸਾਰੀਆਂ ਕੋਲ਼ ਹੀ ਰਹਿੰਦਾ ਰਿਹਾ ਸੀ। 1914 ਵਿੱਚ ਉਹ ਸੰਸਾਰੀਆਂ ਦੇ ਨਾਲ਼ ਹੀ ਬੀ.ਸੀ. ਤੋਂ ਟੋਰੰਟੋ ਵਲ ਗਿਆ ਸੀ ਤੇ ਉਨ੍ਹਾਂ ਦੇ ਨਾਲ਼ ਹੀ ਮਿਸਟਰ ਮੂਰ ਦੇ ਫਾਰਮ 'ਤੇ ਕੰਮ ਕਰਦਾ ਰਿਹਾ ਸੀ। 1915 ਦੀ ਬਹਾਰ ਰੁੱਤੇ ਸੰਸਾਰੀਆਂ ਨੇ ਹੀ ਉਸ ਨੂੰ ਕਨੇਡੀਅਨ ਫੌਜ ਵਿੱਚ ਭਰਤੀ ਕਰਵਾਇਆ ਸੀ।

ਸੰਸਾਰੀਆਂ ਨੇ ਟੋਰੰਟੋ ਜਾ ਕੇ ਉੱਥੋਂ ਅੰਗਰੇਜ਼ੀ ਦਾ ਮਾਸਿਕ ਅਖਬਾਰ "Canada And India" ਕੱਢਿਆ ਸੀ। ਇਹ ਅਖਬਾਰ ਅੰਗਰੇਜ਼ ਸਾਮਰਾਜੀਆਂ ਨੂੰ ਖੁਸ਼ ਕਰਨ ਲਈ ਕੱਢਿਆ ਗਿਆ ਸੀ। ਦਸੰਬਰ 1916 ਦੇ 'ਕੈਨੇਡਾ ਐਂਡ ਇੰਡੀਆ' ਦੇ ਪਹਿਲੇ ਸਫੇ 'ਤੇ ਲਿਖਿਆ ਹੋਇਆ ਸੀ: "ਜਾਣਕਾਰੀ ਅਤੇ ਮੇਲ-ਮਿਲਾਪ ਦਾ ਅਖਬਾਰ ਜੋ ਹਰ ਮਹੀਨੇ ਅੰਗਰੇਜ਼ੀ ਰਾਜ ਦੇ ਹਿਤਾਂ ਖਾਤਰ ਕੱਢਿਆ ਜਾਂਦਾ ਹੈ।" 'A Journal of Information And Conciliation is issued monthly in the interests of the British Empire.' (ਅਖਬਾਰ ਲੇਖਕ ਕੋਲ਼ ਹੈ) ਇਸ ਦੇ ਉਲਟ ਦੇਸ਼ ਭਗਤਾਂ ਦੇ ਅਖਬਾਰ 'ਗ਼ਦਰ' ਦੇ ਮੱਥੇ 'ਤੇ ਲਿਖਿਆ ਹੁੰਦਾ ਸੀ, "ਅੰਗਰੇਜ਼ੀ ਰਾਜ ਦਾ ਜਾਨੀ ਦੁਸ਼ਮਣ।" ਜ਼ਮੀਨ ਅਸਮਾਨ ਦਾ ਫਰਕ ਸੀ ਸੰਸਾਰੀਆਂ ਅਤੇ ਦੇਸ਼ ਭਗਤਾਂ ਦੀ ਸੋਚ ਵਿੱਚ।

ਕਪੂਰ ਨੇ ਦੋ ਸਾਲ ਟੋਰੰਟੋ ਵਲ ਬਿਤਾਏ। ਇਨ੍ਹਾਂ ਦੋ ਸਾਲਾਂ ਵਿੱਚ ਬੀ.ਸੀ. ਸੂਬੇ ਦੇ ਦੇਸ਼ ਭਗਤ (ਗਦਰੀ) ਹਿੰਦੁਸਤਾਨ ਨੂੰ ਜਾ ਚੁੱਕੇ ਸਨ। ਕੋਈ ਖਤਰਾ ਨਾ ਵੇਖਦਿਆਂ ਕਪੂਰ ਅਕਤੂਬਰ 1916 ਵਿੱਚ ਬੀ. ਸੀ. ਵਿੱਚ ਵਾਪਸ ਆ ਗਿਆ। ਵਾਪਸ ਆ ਕੇ ਕਪੂਰ ਨੇ ਬੀ ਸੀ. ਵਿੱਚ ਲੱਕੜ ਮਿੱਲਾਂ ਦਾ ਬਿਜ਼ਨਸ ਕੀਤਾ। ਸੈਂਕੜੇ ਹਿੰਦੁਸਤਾਨੀ, ਗੋਰੇ, ਜਾਪਾਨੀ, ਚੀਨੇ, ਗਰੀਕ ਤੇ ਹੋਰ ਕੌਮਾਂ ਦੇ ਮਜ਼ਦੂਰ ਕੰਮ ਕਰਦੇ ਸਨ ਉਸ ਲਈ। ਬਹੁਤ ਅਮੀਰ ਬਣ ਗਿਆ ਸੀ ਉਹ। ਹਿੰਦੁਸਤਾਨੀ ਭਾਈਚਾਰੇ ਵਿੱਚ ਸਭ ਤੋਂ ਅਮੀਰ ਸੀ ਹੁਣ ਉਹ। ਭਾਈਚਾਰੇ ਵਿੱਚ ਸਭ ਪਾਸੇ ਕਪੂਰ ਹੀ ਕਪੂਰ ਹੁੰਦੀ ਸੀ। ਖਾਸ ਤੌਰ 'ਤੇ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਗਵਾਨ ਸਿੰਘ ਦੋਸਾਂਝ ਦੇ ਜੈਤੋ ਦੇ ਮੋਰਚੇ ਵਿੱਚ ਜਥਾ ਲੈ ਕੇ ਜਾਣ ਪਿੱਛੋਂ ਤਾਂ ਕਪੂਰ ਹਰ ਪਾਸੇ ਪੂਰੀ ਤਰ੍ਹਾਂ ਛਾ ਗਿਆ ਸੀ। ਢਪਈ ਦਾ ਵਰਿਆਮ ਸਿੰਘ ਜਿਹੜਾ ਟੋਰੰਟੋ ਵਲ ਸੰਸਾਰੀਆ ਨੇ ਕਨੇਡੀਅਨ ਫੌਜ ਵਿੱਚ ਭਰਤੀ ਕਰਵਾਇਆ ਸੀ ਤੇ ਜਿਸ ਦਾ ਵਾਪਸ ਵੈਨਕੂਵਰ ਆਏ ਦਾ ਭਾਈਚਾਰੇ ਨੇ ਬਾਈਕਾਟ ਕੀਤਾ ਸੀ। ਹੁਣ ਓਹੀ ਵਰਿਆਮ ਸਿੰਘ 1926 'ਚ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦਾ ਪਰਧਾਨ ਸੀ। ਇਹ ਸਾਰਾ ਕੁਛ ਭਾਈਚਾਰੇ ਵਿੱਚ ਕਪੂਰ ਸਿੰਘ ਦੀ 'ਬੱਲੇ ਬੱਲੇ' ਕਰਕੇ ਹੋ ਸਕਿਆ ਸੀ।

ਕਪੂਰ ਸਿੰਘ 1916 ਵਿੱਚ ਬੀ. ਸੀ. ਵਿੱਚ ਵਾਪਸ ਆ ਗਿਆ ਸੀ ਪਰ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਟੋਰੰਟੋ ਵਲ ਹੀ ਰਹੇ ਸਨ। ਟੋਰੰਟੋ ਵੱਲ 14 ਸਾਲ ਰਹਿ ਕੇ ਦਸੰਬਰ 1928 ਵਿੱਚ ਕਰਤਾਰ ਸਿੰਘ ਹੁੰਦਲ ਟੋਰੰਟੋ ਤੋਂ ਵਾਪਸ ਵੈਨਕੂਵਰ ਆ ਗਿਆ ਸੀ। ਟੋਰੰਟੋ ਵਿੱਚ ਸੰਸਾਰੀਏ ਅੰਗਰੇਜ਼ੀ ਦਾ ਅਖਬਾਰ 'ਕੈਨੇਡਾ ਐਂਡ ਇੰਡੀਆ' ਕੱਢਦੇ ਰਹੇ ਸੀ। ਹੁਣ ਕਰਤਾਰ ਸਿੰਘ ਹੁੰਦਲ਼ ਨੇ ਵਾਪਸ ਆ ਕੇ ਜੂਨ 1929 ਵਿੱਚ ਵੈਨਕੂਵਰ ਤੋਂ ਗੁਰਮੁਖੀ ਤੇ ਅੰਗਰੇਜ਼ੀ ਦਾ ਰਲਵਾਂ ਅਖਬਾਰ 'ਇੰਡੀਆ ਐਂਡ ਕੈਨੇਡਾ' ਕੱਢਿਆ। ਇਸ ਅਖਬਾਰ ਵਿੱਚ ਬਹੁਤੀਆਂ ਖਬਰਾਂ ਗਾਂਧੀ ਜਾਂ ਕਾਂਗਰਸ ਪਾਰਟੀ ਬਾਰੇ ਹੁੰਦੀਆਂ ਸਨ।

ਸੰਸਾਰੀਆਂ ਨੇ 17 ਅਗਸਤ 1930 ਨੂੰ ਐਤਵਾਰ ਵਾਲ਼ੇ ਦਿਨ ਵੈਨਕੂਵਰ ਗੁਰਦੁਆਰੇ ਦੀ ਬੇਸਮੈਂਟ ਵਿੱਚ ਮੀਟਿੰਗ ਕਰ ਕੇ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਦੀ ਸਥਾਪਨਾ ਕੀਤੀ। 'ਇੰਡੀਆ ਐਂਡ ਕੈਨੇਡਾ' ਮੁਤਾਬਕ ਇਸ ਮੀਟਿੰਗ ਵਿੱਚ ਬਾਬੂ ਕਪੂਰ ਸਿੰਘ ਖੜੌਦੀ ਸਰਬ ਸੰਮਤੀ ਨਾਲ਼ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਦੇ ਪ੍ਰਧਾਨ ਅਤੇ ਭਾਈ ਗੁਰਦਿੱਤ ਸਿੰਘ ਬਿਲਗਾ ਸਕੱਤਰ ਚੁਣੇ ਗਏ। ਭਾਈ ਸੁਰੈਣ ਸਿੰਘ ਮੁਹੇਮ ਮੀਤ ਪ੍ਰਧਾਨ ਅਤੇ ਕਰਤਾਰ ਸਿੰਘ ਹੁੰਦਲ ਮੀਤ ਸਕੱਤਰ ਬਣਾਏ ਗਏ। ਕਾਰਜ ਸਾਧਕ ਕਮੇਟੀ ਦੇ ਤੇਰਾਂ ਮੈਂਬਰ ਚੁਣੇ ਗਏ। ਉੱਪਰਲੇ ਚਾਰ ਬੰਦਿਆਂ ਤੋਂ ਇਲਾਵਾ ਇਸ ਕਾਰਜ ਸਾਧਕ ਕਮੇਟੀ ਦੇ ਬਾਕੀ ਦੇ ਨੌਂ ਮੈਂਬਰ ਸਨ: 1. ਗੁਰਬਚਨ ਸਿੰਘ ਟੂਟੋਮਜਾਰਾ, 2. ਭਾਈ ਹਰਬੰਸ ਸਿੰਘ, 3. ਭਾਈ ਬਤਨ ਸਿੰਘ, 4. ਭਾਈ ਸਾਧੂ ਸਿੰਘ, 5. ਭਾਈ ਚੰਨਣ ਸਿੰਘ, 6. ਭਾਈ ਮਿਤ ਸਿੰਘ, 7. ਭਾਈ ਹੀਰਾ ਸਿੰਘ ਢੱਡਾ, 8. ਭਾਈ ਮੋਹਣ ਸਿੰਘ ਮਾਹਲਪੁਰ, 9. ਭਾਈ ਜੀਵਨ ਸਿੰਘ।

'ਕਨੇਡੀਅਨ ਹਿੰਦੋਸਤਾਨੀ ਕਾਂਗਰਸ' ਦੀ ਸਥਾਪਨਾ ਪਿੱਛੋਂ 1930 ਦੇ ਅਖੀਰ ਵਿੱਚ ਕਰਤਾਰ ਸਿੰਘ ਹੁੰਦਲ ਹੋਰੀਂ 'ਕਾਂਗਰਸ' ਦੇ ਪ੍ਰਚਾਰ ਲਈ ਕੈਲੇਫੋਰਨੀਆ ਗਏ। ਉੱਥੇ ਮੈਰਿਸਵਿਲ ਸ਼ਹਿਰ ਵਿੱਚ ਇਨ੍ਹਾਂ ਦੀ ਬੜੇ ਨੰਗਲ ਦੇ ਦਲ਼ੀਪ ਸਿੰਘ ਫਾਹਲੇ ਨਾਲ਼ ਗੱਲ ਹੋਈ। ਫਾਹਲੇ ਨੇ ਇਨ੍ਹਾਂ ਨੂੰ ਗਦਰ ਆਸ਼ਰਮ ਵਿੱਚ ਜਾ ਕੇ ਗੱਲ ਕਰਨ ਨੂੰ ਆਖਿਆ। ਗਦਰ ਆਸ਼ਰਮ ਵਿੱਚ ਇਨ੍ਹਾਂ ਨਾਲ਼ ਤੇਜਾ ਸਿੰਘ ਸੁਤੰਤਰ ਨੇ ਗੱਲ ਕੀਤੀ ਜੋ ਕਿ ਦਸੰਬਰ 1929 ਤੋਂ ਜਨਵਰੀ 1931 ਤੱਕ ਅਮਰੀਕਾ ਵਿੱਚ ਸੀ। ਸੁਤੰਤਰ ਨੇ ਕਰਤਾਰ ਸਿੰਘ ਹੋਰਾਂ ਨੂੰ ਆਖਿਆ ਕਿ ਗਦਰ ਪਾਰਟੀ ਦਾ ਕਿਸੇ ਵੀ ਹੋਰ ਜਥੇਬੰਦੀ ਨਾਲ਼ ਕੋਈ ਸੰਬੰਧ ਨਹੀਂ ਜਿਹੜੀ ਕਿ ਗਦਰ ਪਾਰਟੀ ਦੇ ਅਸੂਲਾਂ ਨਾਲ ਸਹਿਮਤ ਨਾ ਹੋਵੇ। ਸੁਤੰਤਰ ਦਾ ਮਤਲਬ ਸਾਫ ਸੀ ਕਿ ਹਥਿਆਰਬੰਦ ਇਨਕਲਾਬ ਵਿੱਚ ਯਕੀਨ ਰੱਖਣ ਵਾਲ਼ੀ ਗਦਰ ਪਾਰਟੀ ਕਾਂਗਰਸ ਵਰਗੀ ਜਥੇਬੰਦੀ ਨਾਲ਼ ਸੰਬੰਧ ਰੱਖਣ ਨੂੰ ਤਿਆਰ ਨਹੀਂ ਸੀ। ਬਾਅਦ ਵਿੱਚ ਮੋਗਾ ਜ਼ਿਲ੍ਹੇ 'ਚ ਪੈਂਦੇ ਨਿਹਾਲ ਸਿੰਘ ਵਾਲਾ ਦੇ ਬੱਗਾ ਸਿੰਘ ਧਾਲੀਵਾਲ ਨੇ ਜਨਵਰੀ 1931 'ਚ ਅਮਰੀਕਾ ਤੋਂ ਕਨੇਡਾ ਆ ਕੇ ਲੋਕਾਂ ਨੂੰ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਤੋਂ ਦੂਰ ਰਹਿਣ ਨੂੰ ਆਖਿਆ। ਗਦਰ ਪਾਰਟੀ ਵਾਲ਼ਿਆਂ ਅਕਤੂਬਰ 1931 'ਚ ਦਲੀਪ ਸਿੰਘ ਫਾਹਲੇ ਨੂੰ ਵੀ ਇਸ ਕੰਮ ਲਈ ਵੈਨਕੂਵਰ ਭੇਜਿਆ। ਪਰ ਇਸ ਵਿੱਚ ਉਨ੍ਹਾਂ ਨੂੰ ਬਹੁਤੀ ਸਫਲਤਾ ਨਾ ਮਿਲ਼ੀ ਕਿਉਂਕ ਇਸ ਵਕਤ ਵੱਡਾ ਮੰਦਵਾੜਾ ਚੱਲ ਰਿਹਾ ਸੀ। ਜੌਬਾਂ ਦੀ ਬੜੀ ਘਾਟ ਸੀ ਤੇ ਬਹੁਤੇ ਸਿੱਖ ਕਪੂਰ ਲਈ ਹੀ ਕੰਮ ਕਰਦੇ ਸਨ। ਕੋਈ ਵੀ ਸਿੱਖ ਕਪੂਰ ਸਿੰਘ ਨਾਲ ਵਿਗਾੜਨੀ ਨਹੀਂ ਸੀ ਚਾਹੁੰਦਾ। ਦਰਅਸਲ ਗਦਰੀਆਂ ਦੇ ਕਨੇਡਾ ਛੱਡ ਜਾਣ ਪਿੱਛੋਂ ਹੁਸੈਨ ਰਹੀਮ ਅਤੇ ਸੋਹਣ ਲਾਲ ਵਰਗੇ ਗਰਮਖਿਆਲੀ ਵੀ ਕਪੂਰ ਸਿੰਘ ਵਰਗੇ ਧਨੀ ਸੰਸਾਰੀਆਂ ਦੇ ਨੇੜੇ ਹੋ ਬਹਿੰਦੇ ਸਨ।

ਅਕਤੂਬਰ 1930 ਵਿੱਚ ਭਗਤ ਸਿੰਘ ਹੋਰਾਂ ਨੂੰ ਫਾਂਸੀ ਦਾ ਹੋ ਹੁਕਮ ਹੋ ਗਿਆ ਸੀ। ਭਗਤ ਸਿੰਘ ਹੋਰਾਂ ਦੇ ਬਚਾਓ ਲਈ ਬਣੀ ਡਿਫੈਂਸ ਕਮੇਟੀ ਫਾਂਸੀ ਦੀ ਇਸ ਸਜ਼ਾ ਵਿਰੁੱਧ ਲੰਡਨ ਵਿਚਲੀ ਪ੍ਰਿਵੀ ਕੌਂਸਲ ਕੋਲ਼ ਅਪੀਲ ਕਰਨਾ ਚਾਹੁੰਦੀ ਸੀ। ਅਪੀਲ ਕਰਨ ਵਾਸਤੇ ਪੈਸੇ ਚਾਹੀਦੇ ਸਨ। ਡਿਫੈਂਸ ਕਮੇਟੀ ਵਾਲ਼ਿਆਂ ਪੈਸਿਆਂ ਵਾਸਤੇ ਕਨੇਡਾ ਦੀ ਹਿੰਦੁਸਤਾਨੀ ਕਮਿਊਮਿਟੀ ਨੂੰ ਅਪੀਲ ਕੀਤੀ। ਕਨੇਡਾ ਦੀ ਸਿੱਖ ਕਮਿਊਨਿਟੀ ਨੇ ਹਜ਼ਾਰਾਂ ਡਾਲਰ ਇਕੱਠੇ ਕਰਕੇ ਭਗਤ ਸਿੰਘ ਹੋਰਾਂ ਦੀ ਅਪੀਲ ਵਾਸਤੇ ਭੇਜੇ। ਇਹ ਸਾਰੇ ਪੈਸੇ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਇਕੱਠੇ ਕਰਕੇ ਭੇਜੇ ਸਨ। 'ਵੈਕੂਵਰ ਮੇਨਲੈਂਡ ਅਤੇ 'ਵੈਨਕੂਵਰ ਆਈਲੈਂਡਜ਼' ਉੱਤੇ ਜੱਥਿਆਂ ਦੇ ਜੱਥੇ ਉਗਰਾਹੀ ਵਾਸਤੇ ਘੁੰਮ ਰਹੇ ਸਨ। ਲੋਕਾਂ ਵਿੱਚ ਉਸੇ ਕਿਸਮ ਦਾ ਜੋਸ਼ ਤੇ ਰੋਹ ਸੀ ਜਿਸ ਤਰ੍ਹਾਂ ਦਾ 'ਕਾਮਾਗਾਟਾ ਮਾਰੂ' ਦੇ ਦਿਨਾਂ ਵਿੱਚ ਸੀ।

ਇਹ ਤਾਂ ਸੱਚ ਹੈ ਕਿ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਭਗਤ ਸਿੰਘ ਹੋਰਾਂ ਦੀ ਅਪੀਲ ਵਾਸਤੇ ਕਨੇਡਾ ਵਿੱਚ ਪੈਸੇ ਇਕੱਠੇ ਕੀਤੇ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸ਼ਾਂਤੀ ਵਿੱਚ ਯਕੀਨ ਰੱਖਣ ਵਾਲ਼ੀ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਭਗਤ ਸਿੰਘ ਹੋਰਾਂ ਵਰਗੇ ਇਨਕਲਾਬੀਆਂ ਨੂੰ ਬਚਾਉਣ ਲਈ ਪੈਸੇ ਇਕੱਠੇ ਕਿਉਂ ਕੀਤੇ? ਇਸ ਬਾਰੇ ਅਸੀਂ ਯਕੀਨ ਨਾਲ਼ ਕੁਛ ਨਹੀਂ ਕਹਿ ਸਕਦੇ।

ਪਰ ਸਾਡੇ ਖਿਆਲ ਵਿੱਚ ਤਿੰਨ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ: ਹੋ ਸਕਦਾ ਹੈ ਕਿ ਕਪੂਰ ਤੇ ਕਰਤਾਰ ਸਿੰਘ ਹੁੰਦਲ ਹੋਰੀਂ ਸੱਚ-ਮੁੱਚ ਭਗਤ ਸਿੰਘ ਹੋਰਾਂ ਨੂੰ ਬਚਾਇਆ ਚਾਹੁੰਦੇ ਹੋਣ। ਕਾਂਗਰਸ ਦੇ ਆਮ ਵਰਕਰ ਤਾਂ ਚੰਗੇ ਸਨ। ਦੂਸਰਾ ਕਾਰਨ: ਡਿਫੈਂਸ ਕਮੇਟੀ ਦੀ ਮੈਂਬਰ ਲਾਲਾ ਲਾਜਪਤ ਰਾਏ ਦੀ ਧੀ ਪਾਰਬਤੀ ਦੇਵੀ ਅਤੇ ਉਨ੍ਹਾਂ ਦੀ ਸਾਥਣ ਲੱਜਿਆ ਦੇਵੀ ਸਨ। ਉਨ੍ਹਾਂ ਵਲੋਂ ਆਈ ਬੇਨਤੀ ਨੂੰ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਨੂੰ ਮੰਨਣਾ ਹੀ ਪੈਣਾ ਸੀ। ਤੀਸਰਾ ਕਾਰਨ: ਕੁਛ ਲੋਕਾਂ ਦਾ ਖਿਆਲ ਹੈ ਕਿ ਕਨੇਡਾ ਦੇ ਬਹੁਤੇ ਸਿੱਖ ਭਗਤ ਸਿੰਘ ਹੋਰਾਂ ਨਾਲ਼ ਹਮਦਰਦੀ ਰੱਖਦੇ ਸਨ। 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ੇ ਇਨ੍ਹਾਂ ਲੋਕਾਂ ਵਿੱਚ ਆਪਣਾ ਅਸਰ-ਰਸੂਖ ਬਣਾਈ ਰੱਖਣ ਲਈ ਇਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਨਹੀਂ ਸੀ ਜਾ ਸਕਦੇ। ਕਾਰਨ ਕੁਛ ਵੀ ਹੋਵੇ ਪਰ ਇਹ ਸਚਾਈ ਹੈ ਕਿ ਭਗਤ ਸਿੰਘ ਹੋਰਾਂ ਨੂੰ ਬਚਾਉਣ ਲਈ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਕਨੇਡਾ 'ਚੋਂ ਹਜ਼ਾਰਾਂ ਡਾਲਰ ਇਕੱਠੇ ਕਰਕੇ ਭੇਜੇ ਸਨ (ਅਕਤੂਬਰ, ਨਵੰਬਰ 1930 ਦੇ 'ਇੰਡੀਆ ਐਂਡ ਕੈਨੇਡਾ' ਦੇ ਅੰਕ ਜਿਨ੍ਹਾਂ ਵਿੱਚ ਕੀਤੀ ਉਗਰਾਹੀ ਦਾ ਵੇਰਵਾ ਹੈ, ਲੇਖਕ ਪਾਸ ਹਨ)।

ਦੂਜਾ ਸੰਸਾਰ ਯੁੱਧ ਹੋਣ ਵੇਲੇ ਬਹੁਤ ਸਾਰੇ ਸਿਖ ਕਨੇਡਾ ਵਿੱਚ ਗੈਰ-ਕਾਨੂੰਨੀ ਢੰਗ ਨਾਲ਼ ਰਹਿ ਰਹੇ ਸਨ। ਇਨ੍ਹਾਂ ਦੇ ਸਿਰ 'ਤੇ ਹਰ ਵੇਲੇ ਡੀਪੋਰਟੇਸ਼ਨ ਦੀ ਤਲਵਾਰ ਲਟਕਦੀ ਰਹਿੰਦੀ ਸੀ। ਵੈਨਕੂਵਰ ਦੇ ਸਿੱਖ ਇਨ੍ਹਾਂ ਨੂੰ 'ਪੱਕੇ' ਕਰਵਾਉਣ ਲਈ ਕਨੇਡੀਅਨ ਸਰਕਾਰ ਦੀਆਂ ਮਿੰਨਤਾਂ ਕਰ ਕਰ ਥੱਕ ਚੁੱਕੇ ਸਨ। ਬਰਨਬੀ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਰੀਟਾਇਰਡ ਹਿਸਟਰੀ ਦੇ ਪ੍ਰੋਫੈਸਰ ਡਾਕਟਰ ਹਿਊ ਜੌਹਨਸਟਨ ਆਪਣੀ ਕਿਤਾਬ 'ਜਿਊਲ ਆਫ ਦਾ ਕਿਲਾ' ਦੇ ਪੰਨਾ 144 'ਤੇ ਲਿਖਦੇ ਨੇ ਕਿ ਦੂਜਾ ਸੰਸਾਰ ਯੁੱਧ ਸ਼ੁਰੂ ਹੋਣ ਵੇਲੇ ਕਨੇਡੀਅਨ ਸਰਕਾਰ ਜਿਹੜੀ ਕਿ ਬਰਤਾਨਵੀ ਹਿਤਾਂ ਦੀ ਰਾਖੀ ਕਰਨਾ ਆਪਣਾ ਪਵਿੱਤਰ ਫਰਜ਼ ਸਮਝਦੀ ਸੀ' ਨਹੀਂ ਸੀ ਚਾਹੁੰਦੀ ਕਿ ਸਿੱਖ ਪਹਿਲੇ ਸੰਸਾਰ ਯੁੱਧ ਵਾਂਗ ਬਰਤਾਨੀਆਂ ਲਈ ਕੋਈ ਮੁਸ਼ਕਿਲ ਖੜ੍ਹੀ ਕਰਨ। ਇਸ ਲਈ ਕਨੇਡੀਅਨ ਸਰਕਾਰ ਸਿੱਖਾਂ ਨੂੰ ਖ਼ੁਸ਼ ਕਰਨ ਲਈ ਇਨ੍ਹਾਂ ਗੈਰ-ਕਾਨੂੰਨੀ ਇਮੀਗ੍ਰੈਂਟਾਂ ਨੂੰ 'ਪੱਕੇ' ਕਰਨ ਲਈ ਤਿਆਰ ਸੀ। ਇਸ ਮੌਕੇ ਸਰਕਾਰ ਨੇ ਵਕੀਲ ਡੀ. ਪੀ. ਪਾਂਡੀਆ, ਜਿਹੜਾ ਕਿ 'ਥੀਓਸੌਫੀਕਲ ਸੁਸਾਇਟੀ' ਨੇ ਕਨੇਡਾ ਭੇਜਿਆ ਸੀ, ਨੂੰ ਵਰਤਿਆ। ਕਪੂਰ ਅਤੇ ਮੇਓ ਸਿੰਘ ਨੇ ਆਪਣੇ ਕੋਲੋਂ ਬਹੁਤ ਸਾਰੇ ਪੈਸੇ ਖਰਚ ਕੇ ਉਹਨੂੰ ਔਟਵਾ ਭੇਜਿਆ। ਸਰਕਾਰ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਪਾਂਡੀਏ ਰਾਹੀਂ ਸੈਂਕੜੇ ਗੈਰ ਕਾਨੂੰਨੀ ਹਿੰਦੁਸਤਾਨੀ ਇਮੀਗਰੈਂਟ 'ਪੱਕੇ' ਕਰ ਦਿੱਤੇ (ਹੋਰ ਪਾਂਡੀਏ ਕੋਲ਼ ਕਿਹੜੀ ਜਾਦੂ ਦੀ ਛੜੀ ਸੀ? ਸਾਧੂ ਸਿੰਘ ਧਾਮੀ ਅਤੇ ਅਨੂਪ ਸਿੰਘ ਢਿੱਲੋਂ 1938 ਵਿੱਚ ਔਟਵਾ ਜਾ ਕੇ ਜ਼ੋਰ ਲਾ ਆਏ ਸੀ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਸੀ ਹੋਈ)। ਇਸ ਨਾਲ਼ ਸੰਸਾਰੀਆਂ ਦਾ ਵਕਾਰ ਕਮਿਊਨਿਟੀ ਵਿੱਚ ਹੋਰ ਵਧਿਆ।

ਬਹੁਤ ਸਾਰੇ ਇਤਿਹਾਸਕਾਰ ਕਲੇਮ ਕਰਦੇ ਨੇ ਕਿ ਸੰਸਾਰੀਆਂ ਨੇ ਪਾਂਡੀਏ ਰਾਹੀਂ ਹਿੰਦੁਸਤਾਨੀਆ ਨੂੰ ਕਨੇਡਾ ਵਿੱਚ ਵੋਟ ਦਾ ਹੱਕ ਲੈ ਕੇ ਦਿੱਤਾ ਸੀ। ਇਹ ਗੱਲ ਦਰੁਸਤ ਨਹੀਂ। ਦਰਅਸਲ ਜਦੋਂ ਵੋਟ ਦੇ ਹੱਕ ਲਈ ਸੰਘਰਸ਼ ਸਿਖਰਾਂ ਉੱਤੇ ਸੀ ਉਦੋਂ ਪਾਂਡੀਆ ਕਨੇਡਾ ਵਿੱਚ ਹੀ ਨਹੀਂ ਸੀ। ਇਸੇ ਲਈ 1942 ਤੋਂ ਲੈ ਕੇ 1945 ਤੱਕ ਜਿਹੜੇ ਵੀ ਡੈਪੂਟੇਸ਼ਨ ਵਿਕਟੋਰੀਆ ਨੂੰ ਗਏ ਸਨ ਪਾਂਡੀਆ ਇਨ੍ਹਾਂ ਵਿੱਚ ਸ਼ਾਮਲ ਨਹੀਂ ਸੀ (ਸੁਖਵੰਤ ਹੁੰਦਲ ਤੇ ਸਾਧੂ ਬਿੰਨਿੰਗ ਦੀ ਕਿਤਾਬ 'ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ'। ਸਚਾਈ ਇਹ ਹੈ ਕਿ ਵੋਟ ਦੇ ਹੱਕ ਲਈ ਸਾਰੇ ਦਾ ਸਾਰਾ ਸੰਘਰਸ਼ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਕੱਤਰ ਨਗਿੰਦਰ ਸਿੰਘ ਗਿੱਲ (ਚੂਹੜਚੱਕ), ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਅਤੇ ਲੱਕੜ ਮਿੱਲਾਂ ਦੀ ਯੂਨੀਅਨ (ਆਈ. ਡਬਲਯੂ. ਏ.) ਨਾਲ਼ ਸੰਬੰਧਿਤ ਹੈਰਲਡ ਪਰਿਚਟ ਦੀ ਅਗਵਾਈ ਵਿੱਚ ਲੜਿਆ ਗਿਆ ਸੀ। ਪਾਂਡੀਆ 1 ਨਵੰਬਰ 1946 ਵਾਲ਼ੇ ਡੈਪੂਟੇਸ਼ਨ ਵਿੱਚ ਜ਼ਰੂਰ ਸ਼ਾਮਲ਼ ਸੀ। ਪਰ ਉਦੋਂ ਤੱਕ ਖਾਲਸਾ ਦੀਵਾਨ ਵੈਨਕੂਵਰ ਦੇ ਸਕੱਤਰ ਨਗਿੰਦਰ ਸਿੰਘ ਗਿੱਲ ਹੋਰੀਂ ਮੋਰਚਾ ਜਿੱਤ ਲਿਆ ਸੀ।


ਹਿੰਦੁਸਤਾਨੀਆਂ ਨੂੰ ਵੋਟ ਪਾਉਣ ਦਾ ਹੱਕ 2 ਅਪਰੈਲ 1947 ਨੂੰ ਮਿਲ਼ ਗਿਆ ਸੀ। ਸਰਦਾਰ ਨਗਿੰਦਰ ਸਿੰਘ ਗਿੱਲ ਪਹਿਲੇ ਹਿੰਦੁਸਤਾਨੀ ਸਨ ਜਿਨ੍ਹਾਂ ਨੂੰ ਕਨੇਡੀਅਨ ਪਾਸਪੋਰਟ ਮਿਲ਼ਿਆ।

ਸੰਸਾਰੀਆਂ ਦੇ ਧੜੇ ਦੇ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਵਰਗੇ ਲੀਡਰਾਂ ਬਾਰੇ ਲਿਖਣਾ ਸੌਖਾ ਹੈ ਪਰ ਬਾਬੂ ਕਪੂਰ ਸਿੰਘ ਖੜੌਦੀ ਬਾਰੇ ਲਿਖਣਾ ਬੜਾ ਔਖਾ ਹੈ। ਪਤਾ ਨਹੀ ਲਗ ਰਿਹਾ ਉਨ੍ਹਾਂ ਨੂੰ ਕਿਹੜੇ ਪਾਸੇ ਰੱਖੀਏ, ਚੰਗੇ ਜਾਂ ਮਾੜੇ ਪਾਸੇ? ਬਾਬੂ ਕਪੂਰ ਸਿੰਘ ਬਾਰੇ ਲਿਖਦਿਆਂ ਮੈਨੂੰ ਕਿਸੇ ਵਿਦਵਾਨ ਦੀਆਂ ਲਿਖੀਆਂ ਉਹ ਸਤਰਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਰਾਹੀਂ ਇਤਿਹਾਸਕਾਰ ਨੂੰ ਸਾਵਧਾਨ ਕਰਦਿਆਂ ਉਹ ਕਹਿੰਦਾ ਹੈ, "ਇਤਿਹਾਸਕਾਰ, ਜਿਨ੍ਹਾਂ ਬਾਰੇ ਤੂੰ ਲਿਖਣ ਲੱਗਾਂ ਉਨ੍ਹਾਂ ਨੇ ਕਬਰਾਂ 'ਚੋਂ ਉੱਠ ਤੇਰਾ ਹੱਥ ਫੜਨ ਨਹੀਂ ਆਉਣਾ। ਤੂੰ ਆਪ ਹੀ ਧਿਆਨ ਰੱਖੀਂ।"

ਸੰਸਾਰੀਆਂ ਦੇ ਧੜੇ ਦੇ ਲੀਡਰਾਂ 'ਚੋਂ ਹੋਣ ਕਰਕੇ ਬਾਬੂ ਕਪੂਰ ਸਿੰਘ ਦਾ ਨਾਂ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਨਾਲ ਜੁੜਨਾ ਹੀ ਜੁੜਨਾ ਸੀ। ਉਨ੍ਹਾਂ ਦੇ ਬਹੁਤੇ ਕੰਮ ਵੀ ਸੰਸਾਰੀਆਂ ਵਾਲੇ



Sardar Naginder Singh



Babu Kapur Singh

ਹੀ ਸਨ। ਪਰ ਉਨ੍ਹਾਂ ਬਹੁਤ ਸਾਰੇ ਚੰਗੇ ਕੰਮ ਵੀ ਕੀਤੇ ਸਨ।

ਬਾਬੂ ਕਪੂਰ ਸਿੰਘ ਨੂੰ ਅਮਰੀਕਾ ਲੈ ਕੇ ਆਉਣ ਵਾਲ਼ਾ ਭਾਈ ਪਿਆਰਾ ਸਿੰਘ ਲੰਗੇਰੀ ਸੀ। ਅਮਰੀਕਾ ਵਿੱਚ ਹੁੰਦਿਆਂ ਦੋਨੋਂ ਗੂਹੜੇ ਦੋਸਤ ਬਣ ਗਏ ਸਨ। ਦੋਸਤ ਹੀ ਨਹੀਂ ਸਗੋਂ ਉਹ ਧਰਮ-ਭਰਾ ਬਣੇ ਹੋਏ ਸਨ। ਪਿਆਰਾ ਸਿੰਘ ਲੰਗੇਰੀ ਸੰਸਾਰੀਆਂ ਦੇ ਧੜੇ ਦਾ ਬੰਦਾ ਸੀ। ਉਹ ਟੋਰੰਟੋ ਵੱਲ ਸੰਸਾਰੀਆਂ ਦੇ ਨਾਲ਼ ਹੀ ਗਿਆ ਸੀ। ਟੋਰੰਟੋ ਦੇ ਚੜ੍ਹਦੇ ਪਾਸੇ ਪਿਕਰਿੰਗ ਨੇੜੇ ਰੋਜ਼ਬੈਂਕ ਵਿੱਚ ਮਿਸਟਰ ਮੂਰ ਦੇ ਫਾਰਮ ਤੇ ਕੰਮ ਵੀ ਉਹ ਕਪੂਰ ਹੋਰਾਂ ਦੇ ਨਾਲ਼ ਹੀ ਕਰਦਾ ਸੀ। ਸੰਸਾਰ ਯੁੱਧ ਛਿੜਨ 'ਤੇ ਜਦੋਂ ਗਦਰ ਪਾਰਟੀ ਨੇ ਹਿੰਦੁਸਤਾਨੀਆਂ ਨੂੰ ਦੇਸ਼ ਜਾ ਕੇ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਨ ਦਾ ਸੱਦਾ ਦਿੱਤਾ ਤਾਂ ਭਾਈ ਪਿਆਰਾ ਸਿੰਘ ਕਪੂਰ ਹੋਰਾਂ ਨੂੰ ਟੋਰੰਟੋ 'ਚ ਛੱਡ, ਸਾਨਫਰਾਂਸਿਸਕੋ ਜਾ ਕੇ ਜਹਾਜ਼ੇ ਚੜ੍ਹ ਗਿਆ ਸੀ। ਕਪੂਰ ਉਸ ਨਾਲ਼ ਨਰਾਜ਼ ਨਹੀਂ ਸੀ ਹੋਇਆ। ਸਗੋਂ ਸਾਰੀ ਉਮਰ ਦੋਸਤ ਰਿਹਾ ਸੀ ਉਸਦਾ।

ਭਾਈ ਪਿਆਰਾ ਸਿੰਘ ਲਗੇਰੀ ਨੇ 17 ਜਨਵਰੀ 1959 ਨੂੰ ਪੰਜਾਬੀ ਦੇ ਦਰਵੇਸ਼ ਲਿਖਾਰੀ ਹੀਰਾ ਸਿੰਘ ਦਰਦ ਕੋਲ਼ ਆਪਣੀ ਜ਼ਿੰਦਗੀ ਬਾਰੇ ਬਿਆਨ ਲਿਖਵਾਇਆ ਸੀ। ਆਪਣੇ ਇਸ ਬਿਆਨ ਵਿੱਚ ਪਿਆਰਾ ਸਿੰਘ ਲੰਗੇਰੀ ਦਸਦੇ ਨੇ ਕਿ ਅਮਰੀਕਾ ਵਿੱਚ ਹੁੰਦਿਆਂ ਕਪੂਰ ਸਿੰਘ ਦੇਸੋਂ ਆਏ ਨਵੇਂ ਇਮੀਗ੍ਰੈਂਟਾਂ ਦੀ ਮਦਦ ਕਰਿਆ ਕਰਦੇ ਸਨ।

ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੱਲੋਂ ਸੰਪਾਦਿਤ, 'ਆਤਮ ਕਥਾ ਸੰਤ ਵਸਾਖਾ ਸਿੰਘ' ਵਿੱਚ ਭਾਈ ਵਸਾਖਾ ਸਿੰਘ ਲਿਖਦੇ ਨੇ ਕਿ ਅਮਰੀਕਾ ਵਿੱਚ ਹੁੰਦਿਆਂ ਬਾਬੂ ਕਪੂਰ ਸਿੰਘ ਧਾਰਮਿਕ ਕੰਮਾਂ ਵਿੱਚ ਉਨ੍ਹਾਂ ਦੀ ਮਾਇਕ ਸਹਾਇਤਾ ਕਰਿਆ ਕਰਦੇ ਸਨ। ਪਰ ਉਹ ਮੁਲਕੀ ਕੰਮਾਂ ਵਿੱਚ ਹਿੱਸਾ ਨਹੀਂ ਸੀ ਲੈਂਦੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਬੂ ਕਪੂਰ ਸਿੰਘ ਗਰਮ ਖਿਆਲਾਂ ਦੇ ਗਦਰੀ ਨਹੀਂ ਸਨ ਪਰ ਫੇਰ ਵੀ ਉਹ ਆਪਣੇ ਤਰੀਕੇ ਨਾਲ਼ ਹਿੰਦੋਸਤਾਨ ਦੀ ਆਜ਼ਾਦੀ ਲਈ ਅਤੇ ਕਨੇਡਾ ਵਿੱਚ ਆਪਣੇ ਲੋਕਾਂ ਦੇ ਭਲੇ ਲਈ ਕੰਮ ਕਰਦੇ ਰਹੇ ਸਨ। ਜਦੋਂ 1919 ਵਿੱਚ ਪਰਿੰਸ ਆਫ ਵੇਲਜ਼ ਵੈਨਕੂਵਰ ਆਇਆ ਸੀ ਤਾਂ ਬਾਬੂ ਕਪੂਰ ਸਿੰਘ ਨੇ ਰਹੀਮ ਹੋਰਾਂ ਨਾਲ਼ ਰਲ਼ਕੇ ਉਸ ਨੂੰ ਹਿੰਦੁਸਤਾਨੀਆਂ ਦੀਆਂ ਕਨੇਡਾ ਵਿੱਚ ਮੁਸ਼ਕਿਲਾਂ ਬਾਰੇ ਦੱਸਿਆ ਸੀ। 1927 ਵਿੱਚ ਲਾਰਡ ਵਾਲਿੰਗਡਨ ਕਨੇਡਾ ਵਿੱਚ ਆਇਆ ਤਾਂ ਬਾਬੂ ਕਪੂਰ ਸਿੰਘ ਨੇ ਹੋਰ ਲੀਡਰਾਂ ਨਾਲ਼ ਰਲ਼ਕੇ ਉਸ ਕੋਲ਼ ਹਿੰਦੁਸਤਾਨੀਆਂ ਨੂੰ ਕਨੇਡਾ ਵਿੱਚ ਵੋਟ ਦਾ ਹੱਕ ਦਿੱਤੇ ਜਾਣ ਪਟੀਸ਼ਨ ਬਾਰੇ ਪੇਸ਼ ਕੀਤੀ ਸੀ।

ਪਿੰਡ ਖੜੌਦੀ 'ਚ 1928 ਵਿੱਚ ਬੱਬਰਾਂ ਦੀ ਵੱਡੀ ਕਾਨਫਰੰਸ ਹੋਈ ਸੀ। ਕਪੂਰ ਸਿੰਘ ਨੇ ਆਪਣੇ ਪਿੰਡ ਹੋਈ ਇਸ ਕਾਨਫਰੰਸ ਦੀ ਕਾਮਯਾਬੀ ਲਈ ਕਨੇਡਾ ਤੋਂ ਪੈਸੇ ਭੇਜੇ ਸਨ। ਬਾਬੂ ਕਪੂਰ ਸਿੰਘ ਨੇ ਆਪਣੇ ਕੋਲ਼ੋਂ ਪੈਸੇ ਖਰਚ ਕੇ 1936 ਵਿੱਚ ਵੈਨਕੂਵਰ ਗੁਰਦੁਆਰੇ ਦੀ ਮੇਜਰ ਰੈਨੋਵੇਸ਼ਨ ਕਰਵਾਈ ਸੀ। ਇਸ ਮੌਕੇ ਕਪੂਰ ਸਿੰਘ ਨੇ ਬਹੁਤ ਸਾਰੇ ਪੈਸੇ ਦੇ ਕੇ ਚੋਟੀ ਦੇ ਆਰਟਿਸਟ ਤੋਂ ਗੁਰੂ ਨਾਨਕ ਦੇਵ ਜੀ ਦੀ ਪੱਥਰ ਦੇ ਟੁਕੜਿਆਂ ਤੋਂ ਫੋਟੋ ਬਣਵਾਈ ਸੀ। ਹੁਣ ਇਹ ਫੋਟੋ ਰੌਸ ਸਟਰੀਟ ਗੁਰਦੁਆਰੇ ਦੇ ਬਾਹਰ ਲੱਗੀ ਹੋਈ ਹੈ।

ਬੰਗਿਆਂ ਕੋਲ਼ ਦੇ ਪਿੰਡ ਪੰਡੋਰੀ ਲੱਧਾ ਸਿੰਘ ਦੇ 96 ਸਾਲਾ ਮਨਜੀਤ ਸਿੰਘ ਢਿੱਲੋਂ (ਪ੍ਰਸਿੱਧ ਗਦਰੀ ਨਿਰੰਜਨ ਸਿੰਘ ਦਾ ਪੋਤਾ) 1946 ਤੋਂ ਵੈਨਕੂਵਰ ਵਿੱਚ ਰਹਿ ਰਹੇ ਹਨ। ਅਸੀਂ ਉਨ੍ਹਾਂ ਨੂੰ ਬਾਬੂ ਕਪੂਰ ਸਿੰਘ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ "ਕਪੂਰ ਵਧੀਆ ਬੰਦਾ ਸੀ।" ਜਦੋਂ ਅਸੀਂ ਉਨ੍ਹਾਂ ਨੂੰ ਸਾਧੂ ਬਿਨਿੰਗ, ਮੱਖਣ ਟੁੱਟ, ਸਤਵੰਤ ਹੁੰਦਲ ਅਤੇ ਡਾ. ਹਰੀ ਸ਼ਰਮਾ ਹੋਰਾਂ ਵਲੋਂ ਦਰਸ਼ਨ ਸਿੰਘ ਕਨੇਡੀਅਨ ਨਾਲ਼ ਕੀਤੀ ਉਸ ਲੰਮੀ ਇੰਟਰਵਿਊ ਬਾਰੇ ਦੱਸਿਆ ਜਿਸ ਵਿੱਚ ਦਰਸ਼ਨ ਸਿੰਘ ਕਹਿੰਦਾ ਹੈ ਕਿ ਜਦੋਂ ਉਹ ਇੰਡੀਆ ਤੋਂ ਨਵਾਂ ਨਵਾਂ ਆਇਆ ਸੀ ਤਾਂ ਉਹ ਵੈਨਕੂਵਰ ਆਈਲੈਂਡ 'ਤੇ ਕਪੂਰ ਸਿੰਘ ਦੀ ਲੱਕੜ ਮਿੱਲ ਵਿੱਚ ਕੰਮ ਲੱਭਣ ਗਿਆ ਸੀ। ਦਰਸ਼ਨ ਸਿੰਘ ਆਪਣੇ ਚਾਚੇ ਕੋਲ਼ ਠਹਿਰਿਆ ਹੋਇਆ ਸੀ ਜੋ ਕਿ ਉੱਥੇ ਮਿੱਲ ਦੇ ਬੰਕ ਹਾਊਸ ਵਿੱਚ ਰਹਿੰਦਾ ਸੀ।। ਚਾਚੇ ਨੇ ਹਰ ਰੋਜ਼ ਕੰਮ ਤੋਂ ਬਾਅਦ ਕਪੂਰ ਸਿੰਘ ਕੋਲ਼ ਜਾ ਕੇ ਮਿੰਨਤਾਂ ਕਰਨੀਆਂ ਤੇ ਆਪਣੇ ਭਤੀਜੇ ਲਈ ਕੰਮ ਮੰਗਣਾ। ਦਰਸ਼ਨ ਸਿੰਘ ਕਨੇਡੀਅਨ ਦੱਸਦੇ ਨੇ ਕਿ ਪੰਜ-ਛੇ ਦਿਨਾਂ ਬਾਅਦ ਕਪੂਰ ਸਿੰਘ ਨੇ ਉਨ੍ਹਾਂ ਨੂੰ ਕੰਮ ਉੱਤੇ ਰੱਖ ਲਿਆ ਪਰ "ਜਿੱਦਣ ਕਪੂਰ ਸਿੰਘ ਨੇ ਮੈਨੂੰ ਕੰਮ ਉੱਤੇ ਰੱਖਿਆ ਚਾਚੇ ਨੂੰ ਉਸੇ ਦਿਨ ਮਿੱਲ 'ਚੋਂ ਛੁੱਟੀ ਕਰ ਦਿੱਤੀ। ਚਾਚਾ ਕਪੂਰ ਸਿੰਘ ਲਈ ਸ਼ਾਇਦ ਪੁਰਾਣਾ ਘੋੜਾ ਹੋ ਚੁੱਕਾ ਸੀ। ਸੱਠ ਸਾਲ ਦਾ ਬਿਰਧ ਸੀ। ਉਹ ਉਹਨੇ ਹਟਾ ਦਿੱਤਾ ਤੇ ਉਹਦੀ ਥਾਂ 20 ਸਾਲਾਂ ਦਾ ਨਵਾਂ ਘੋੜਾ ਰੱਖ ਲਿਆ।" ਕਪੂਰ ਸਿੰਘ ਬਾਰੇ ਦਰਸ਼ਨ ਸਿੰਘ ਕਨੇਡੀਅਨ ਦੀ ਇਹ ਟਿੱਪਣੀ ਸੁਣ ਢਿੱਲੋਂ ਸਾਹਿਬ ਕਹਿਣ ਲੱਗੇ "ਇੱਦਾਂ ਤਾਂ ਸਰਮਾਏਦਾਰ ਕਰਦੇ ਹੀ ਹੁੰਦੇ ਆ।"



Dr. Sundar Singh and Kartar Singh Hundal

ਸਾਨੂੰ ਬਾਬੂ ਕਪੂਰ ਸਿੰਘ ਬਾਰੇ ਜੋ ਕੁਛ ਵੀ ਪਤਾ ਸੀ ਉਹ ਸਭ ਲਿਖ ਦਿੱਤਾ ਹੈ। ਉਸ ਦੇ ਚੰਗਾ ਜਾਂ ਮਾੜਾ ਹੋਣ ਬਾਰੇ ਅਸੀਂ ਕੁਛ ਨਹੀਂ ਕਹਾਂਗੇ। ਬਾਬੂ ਕਪੂਰ ਸਿੰਘ ਚੰਗਾ ਸੀ ਜਾਂ ਮਾੜਾ ਇਸ ਗੱਲ ਬਾਰੇ ਸਾਥੋਂ ਸਿਆਣਾ ਕੋਈ ਇਤਿਹਾਸਕਾਰ ਹੋਰ ਖੋਜ ਕਰਕੇ ਲਿਖੇਗਾ।

# ਮਈ ਦਿਵਸ ਦੀ ਇਤਿਹਾਸਕ ਮਹੱਤਤਾ



ਮਨਦੀਪ
(+1 438-924-2052)
mandeepsaddowal@gmail.com



ਮਈ ਦਿਵਸ ਕੌਮਾਂਤਰੀ ਮਜ਼ਦੂਰ ਜਮਾਤ ਲਈ ਜਮਾਤੀ ਸੰਘਰਸ਼ ਬਰਕਰਾਰ ਰੱਖਣ ਲਈ ਦ੍ਰਿੜ ਅਹਿਦ ਲੈਣ ਦਾ ਪ੍ਰਤੀਕ ਹੈ। ਕਿਰਤੀ ਯੋਧਿਆਂ ਦੇ ਖ਼ੂਨ ਨਾਲ ਸਿਰਜੇ ਇਸ ਦਿਨ ਦਾ ਮਹੱਤਵ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ ਕਿਉਂਕਿ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਾਤਮੇ' ਦਾ ਮਈ ਦਿਵਸ ਦਾ ਸੁਨੇਹਾ ਤੇ ਸੰਸਾਰ ਮਜ਼ਦੂਰ ਜਮਾਤ ਦੀ ਬੰਦ-ਖ਼ਲਾਸੀ ਦਾ ਸੰਕਲਪ ਹਾਲੇ ਅਧੂਰਾ ਪਿਆ ਹੈ। ਇਤਿਹਾਸ ਦਾ ਇਹ ਸੱਚ ਕਿਰਤੀ ਜਮਾਤ ਦੇ ਸੰਘਰਸ਼ਾਂ ਲਈ ਨਵੀਂ ਊਰਜਾ ਤੇ ਪ੍ਰੇਰਨਾ ਦਾ ਸੋਮਾ ਹੈ। ਉਨੀਵੀਂ ਸਦੀ ਦੇ ਅੱਧ ਵਿਚ 'ਅੱਠ ਘੰਟੇ ਕੰਮ ਦਿਹਾੜੀ' ਦੀ ਮੰਗ ਨੂੰ ਲੈ ਕੇ ਮਜ਼ਦੂਰ ਸੰਘਰਸ਼ ਜੱਥੇਬੰਦ ਹੋਣ ਲੱਗੇ ਸਨ। ਇਸ ਤੋਂ ਪਹਿਲਾਂ 1848 ਵਿਚ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਮਜ਼ਦੂਰ ਜਮਾਤ ਦੀ ਮੁਕਤੀ ਦੇ ਸਭ ਤੋਂ ਜਬਰਦਸਤ ਐਲਾਨਨਾਮੇ 'ਕਮਿਊਨਿਸਟ ਮੈਨੀਫੈਸਟੋ' ਦੀ ਰਚਨਾ ਕੀਤੀ ਸੀ। ਇਸਦੀ ਰੌਸ਼ਨੀ ਵਿਚ 1866 'ਚ 8 ਘੰਟੇ ਦੀ ਦਿਹਾੜੀ ਦੀ ਮੰਗ ਤੇ ਜ਼ੋਰ ਦਿੱਤਾ ਗਿਆ। ਯੂਰਪ ਵਿਚ 'ਅੱਠ ਘੰਟਾ ਲੀਗ' ਨਾਂ ਦੇ ਕਈ ਮਜ਼ਦੂਰ ਸੰਗਠਨ ਬਣਨੇ ਸ਼ੁਰੂ ਹੋਏ। ਮਜ਼ਦੂਰ ਸੰਘਰਸ਼ ਦੇ ਦਬਾਅ ਹੇਠ ਜਨਰਲ ਅਸੈਂਬਲੀ ਨੇ ਮਾਰਚ 1867 ਵਿਚ ਅੱਠ ਘੰਟੇ ਦਿਹਾੜੀ ਨੂੰ 'ਇਲੀਨਾਏ ਰਾਜ ਵਿਚ ਵਿਧਾਨਕ ਕੰਮ ਦਿਹਾੜੀ' ਵਜੋਂ ਐਲਾਨ ਦਿੱਤਾ। ਪਰ ਇਸ ਐਲਾਨ ਦੇ ਬਾਵਜੂਦ ਮਜ਼ਦੂਰਾਂ ਨੂੰ ਮਾੜੀਆਂ ਕੰਮ ਹਾਲਤਾਂ ਤੇ ਘੱਟ ਤਨਖ਼ਾਹ ਤੇ 14-14, 15-15 ਘੰਟੇ ਸਖਤ ਮਿਹਨਤ ਕਰਨੀ ਪੈਂਦੀ ਸੀ। ਜੇ ਕੋਈ ਮਜ਼ਦੂਰ ਕੰਮ ਤੋਂ ਇਨਕਾਰ ਕਰਦਾ ਤਾਂ ਉਸਨੂੰ ਬੇਰੁਜਗਾਰਾਂ ਦੀ ਸਥਾਈ ਭੀੜ ਵੱਲ ਧੱਕ ਦਿੱਤਾ ਜਾਂਦਾ ਸੀ।

ਕੰਮ ਦੇ ਅਨਿਸਚਿਤ ਸਮੇਂ, ਘੱਟ ਉਜਰਤਾਂ ਤੇ ਮਾੜੀਆਂ ਕੰਮ ਹਾਲਤਾਂ ਵਿਰੁੱਧ ਅਮਰੀਕਾ ਦੀ 'ਫੈਡਰੇਸ਼ਨ ਆੱਫ ਆਰਗੇਨਾਈਜ਼ਡ ਟਰੇਡ ਐਂਡ ਲੇਬਰ' ਯੂਨੀਅਨ ਨੇ 8 ਘੰਟੇ ਕੰਮ ਦਿਹਾੜੀ ਲਾਗੂ ਕਰਨ ਦੀ ਆਖਰੀ ਤਰੀਖ 1 ਮਈ 1886 ਨੂੰ ਪਹਿਲੇ ਮਈ ਦਿਵਸ ਵਜੋਂ ਤਹਿ ਕਰਕੇ ਇਸਨੂੰ ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਹਾੜੇ ਤੇ ਅਮਰੀਕਾ ਦੇ 12,000 ਕਾਰਖਾਨਿਆਂ ਦੇ ਤਿੰਨ ਲੱਖ ਚਾਲੀ ਹਜ਼ਾਰ ਮਜ਼ਦੂਰ ਦੇਸ਼-ਪੱਧਰੀ ਹੜਤਾਲ ਵਿਚ ਕੁੱਦ ਪਏ। ਇਨ੍ਹਾਂ ਮਜ਼ਦੂਰ ਸੰਘਰਸ਼ਾਂ ਅੰਦਰ ਅਗਸਟ ਸਪਾਇਸ, ਐਲਬਰਟ ਪਾਰਸਨਜ਼, ਅਡੋਲਫ਼ ਫ਼ਿਸ਼ਰ, ਜਾਰਜ ਏਂਜਲ, ਮਾਈਕਲ ਸ਼ਵਾਬ, ਸੈਮੂਅਲ ਫੀਲਡਜ਼ ਤੇ ਲੂਈ ਲਿੰਗ ਵਰਗੇ ਮਜ਼ਦੂਰ ਨੌਜਵਾਨਾਂ ਦੇ ਜੋਸ਼ੀਲੇ ਭਾਸ਼ਨਾਂ ਤੇ ਵਿਚਾਰਾਂ ਦਾ ਬੜਾ ਅਸਰ ਸੀ। ਇਨ੍ਹਾਂ ਨੌਜਵਾਨ ਮਜ਼ਦੂਰ ਆਗੂਆਂ ਦੀ ਯੋਗ ਅਗਵਾਈ ਹੇਠ ਅਮਰੀਕਾ 'ਚ ਮਜ਼ਦੂਰ ਲਹਿਰ ਲਗਾਤਾਰ ਵੇਗ ਫੜਦੀ ਗਈ।

ਮਈ ਦਿਹਾੜੇ ਤੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਹੇਅ ਮਾਰਕਿਟ 'ਚ ਮਜ਼ਦੂਰਾਂ ਦਾ ਵਿਸ਼ਾਲ ਜਨ-ਸੈਲਾਬ ਉਮੜ ਪਿਆ। ਮਜ਼ਦੂਰ ਜਮਾਤ ਦਾ ਇਹ ਸਿਆਸੀ ਤੇ ਜੂਝਾਰੂ ਇਤਿਹਾਸਕ ਮਾਰਚ ਸਰਮਾਏਦਾਰ ਜਮਾਤ ਨੂੰ ਉਹ ਦਿਨ ਚੇਤੇ ਕਰਾ ਰਿਹਾ ਸੀ ਜਦੋਂ ਪੈਰਿਸ ਕਮਿਊਨ (1871) ਦੇ ਯੋਧਿਆਂ ਵੱਲੋਂ ਲੜਿਆ ਮਹਾਨ ਹਥਿਆਰਬੰਦ ਘੋਲ ਹੇਠਲੀ ਉੱਤੇ ਕਰਕੇ ਉਨ੍ਹਾਂ ਨੂੰ ਨਾਨੀ ਚੇਤੇ ਕਰਾ ਗਿਆ ਸੀ। ਇਸ ਦੌਰਾਨ ਹੇਅ ਮਾਰਕਿਟ ਸਕਵੇਅਰ 'ਚ ਹੋ ਰਹੀ ਸਭਾ ਉੱਪਰ ਪੁਲਿਸ ਨੇ ਮਜ਼ਦੂਰਾਂ ਉੱਪਰ ਹਮਲਾ ਕਰ ਦਿੱਤਾ। ਸਰਮਾਏਦਾਰੀ ਸਾਜ਼ਿਸ਼ ਰਾਹੀਂ ਮਜ਼ਦੂਰ ਮੁਜਾਹਰੇ ਵਾਲੀ ਥਾਂ ਇਕ ਬੰਬ ਵਿਸਫੋਟ ਕਰਵਾਇਆ ਗਿਆ। ਜਿਸ ਵਿਚ ਸੱਤ ਪੁਲਿਸ ਕਰਮਚਾਰੀ ਮਾਰੇ ਗਏ, ਚਾਰ ਮਜ਼ਦੂਰ ਸ਼ਹੀਦ ਹੋ ਗਏ। 11 ਨਵੰਬਰ 1887 ਨੂੰ 'ਸ਼ੁੱਕਰਵਾਰ ਦੇ ਕਾਲੇ ਦਿਨ' ਅਗਸਟ ਸਪਾਇਸ, ਐਲਬਰਟ ਪਾਰਸਨਜ਼, ਅਡੋਲਫ਼ ਫ਼ਿਸ਼ਰ ਤੇ ਜਾਰਜ ਏਂਜਲ ਨੂੰ ਫਾਂਸੀ ਦਿੱਤੀ ਗਈ। ਮਜ਼ਦੂਰ ਸ਼ਹੀਦਾਂ ਦੇ ਵਕੀਲ ਵਿਲੀਅਮ ਬਲੈਕ ਨੇ ਮਜ਼ਦੂਰ ਆਗੂਆਂ ਦੀ ਕਬਰ ਤੇ ਭਾਸ਼ਣ ਦੌਰਾਨ ਬੋਲਦਿਆਂ ਕਿਹਾ 'ਉਹਨਾਂ ਨੂੰ ਅਰਾਜਕਤਾਵਾਦੀ ਕਿਹਾ ਜਾਂਦਾ ਹੈ। ਇਉਂ ਉਹਨਾਂ ਨੂੰ ਕਲੰਕਿਤ ਕੀਤਾ ਜਾ ਰਿਹਾ ਹੈ ਅਤੇ ਦੁਨੀਆਂ ਸਾਹਮਣੇ ਉਹਨਾਂ ਨੂੰ ਅਜਿਹੇ ਆਦਮੀਆਂ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ ਜੋ ਆਪਣੀ ਖ਼ੁਸ਼ੀ ਦੀ ਖਾਤਿਰ ਹਿੰਸਾ, ਦੰਗਾ-ਫਸਾਦ ਅਤੇ ਖ਼ੂਨ-ਖਰਾਬਾ ਪਸੰਦ ਕਰਦੇ ਸਨ ਅਤੇ ਜੋ ਮੌਜੂਦਾ ਵਿਵਸਥਾ ਦੇ ਖਿਲਾਫ ਨਹੱਕੀ ਤੇ ਅਬੁੱਝ ਨਫਰਤ ਨਾਲ ਲਬਰੇਜ਼ ਸਨ।ਪਰ ਇਹ ਗੱਲ ਸਚਾਈ ਤੋਂ ਕੋਹਾਂ ਦੂਰ ਹੈ। ਉਹ ਤਾਂ ਅਜਿਹੇ ਲੋਕ ਸਨ ਜੋ ਸ਼ਾਂਤੀ ਚਾਹੁੰਦੇ ਸਨ। ਉਹ ਦਿਆਲੂ ਰੁਚੀਆਂ ਤੇ ਕੋਮਲ ਦਿਲ ਵਾਲੇ ਸਾਊ ਬੰਦੇ ਸਨ। ਉਨ੍ਹਾਂ ਦੇ ਜਾਣਕਾਰ ਉਨ੍ਹਾਂ ਨਾਲ ਪਿਆਰ ਕਰਦੇ ਸਨ ਅਤੇ ਜਿਹੜੇ ਵੀ ਉਨ੍ਹਾਂ ਦੀ ਜ਼ਿੰਦਗੀ ਦੀ ਇਮਾਨਦਾਰੀ ਤੇ ਪਵਿੱਤਰਤਾ ਨੂੰ ਜਾਣ ਲੈਂਦੇ ਸਨ ਉਹ ਉਹਨਾਂ ਤੇ ਅਥਾਹ ਭਰੋਸਾ ਕਰਦੇ ਸਨ, ਅਤੇ ਉਹਨਾਂ ਦਾ ਸੁਪਨਾ ਇਕ ਅਜਿਹੇ ਸਮਾਜਿਕ ਨਿਜ਼ਾਮ ਦੀ ਸਿਰਜਨਾ ਕਰਨਾ ਸੀ ਜਿਸ ਦਾ ਉਦੇਸ਼ ਵਾਕ ਹੈ : 'ਜ਼ੋਰ-ਜ਼ਬਰਦਸਤੀ ਤੋਂ ਮੁਕਤ ਨਿਜ਼ਾਮ।'

ਕਈ ਲੋਕ ਸੋਚਦੇ ਹਨ ਕਿ ਹੁਣ ਤਾਂ 8 ਘੰਟੇ ਦਾ ਕਾਨੂੰਨ ਬਣ ਗਿਆ ਹੈ, ਫਿਰ ਅੱਜ ਮਈ ਦਿਵਸ ਦੀ ਕੀ ਲੋੜ ਹੈ? ਪਰ ਸੱਚਾਈ ਇਸ ਦੇ ਉਲਟ ਹੈ। ਅੱਜ ਮਜ਼ਦੂਰ ਜਮਾਤ 'ਨਵ-ਉਦਾਰਵਾਦ' ਦੇ ਸਭ ਤੋਂ ਘਾਤਕ ਹਮਲੇ ਦਾ ਸਾਹਮਣਾ ਕਰ ਰਹੀ ਹੈ। ਅਮਰੀਕਾ ਤੋਂ ਲੈ ਕੇ ਭਾਰਤ ਤੱਕ, ਸਰਕਾਰਾਂ ਕਾਰਪੋਰੇਟ ਘਰਾਣਿਆਂ ਨੂੰ ਖ਼ੁਸ਼ ਕਰਨ ਲਈ 'ਲੇਬਰ ਕਾਨੂੰਨਾਂ' ਨੂੰ ਖ਼ਤਮ ਕਰ ਰਹੀਆਂ ਹਨ ਤੇ ਮਜ਼ਦੂਰ ਵਿਰੋਧੀ ਲੇਬਰ ਕੋਡ ਪਾਸ ਕੀਤੇ ਜਾ ਰਹੇ ਹਨ। ਜਿਨ੍ਹਾਂ ਹੱਕਾਂ ਲਈ ਸ਼ਿਕਾਗੋ ਦੇ ਸ਼ਹੀਦਾਂ ਨੇ ਫਾਂਸੀ ਦੇ ਫੰਦੇ ਚੁੰਮੇ ਸਨ, ਉਨ੍ਹਾਂ 8 ਘੰਟਿਆਂ ਨੂੰ ਅੱਜ ਫਿਰ ਤੋਂ 12 ਘੰਟੇ ਦੀ ਦਿਹਾੜੀ ਵਿੱਚ ਬਦਲਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਅੱਜ ਦੇ 'ਗਿੱਗ ਇਕਾਨਮੀ' ਦੇ ਦੌਰ ਵਿੱਚ ਜ਼ੋਮੈਟੋ, ਸਵਿਗੀ, ਓਲਾ, ਐਮਾਜ਼ਾਨ ਵਰਗੀਆਂ ਕੰਪਨੀਆਂ ਵਿੱਚ ਕੰਮ ਕਰਨ ਵਾਲੇ ਲੱਖਾਂ ਨੌਜਵਾਨਾਂ ਨੂੰ 'ਪਾਰਟਨਰ' ਕਹਿ ਕੇ ਉਨ੍ਹਾਂ ਦੀ ਕਿਰਤ ਦੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕੋਲ ਨਾ ਪੱਕੀ ਨੌਕਰੀ ਹੈ, ਨਾ ਪੈਨਸ਼ਨ ਅਤੇ ਨਾ ਹੀ ਕੋਈ ਸਮਾਜਿਕ ਸੁਰੱਖਿਆ। ਕੰਟਰੈਕਟ ਸਿਸਟਮ ਰਾਹੀਂ ਮਜ਼ਦੂਰਾਂ ਨੂੰ ਪੱਕਾ ਕਰਨ ਦੀ ਬਜਾਏ ਦਿਹਾੜੀਦਾਰ ਬਣਾ ਕੇ ਰੱਖਣਾ ਮਜ਼ਦੂਰ ਜਮਾਤ ਦੀ ਜੱਥੇਬੰਦਕ ਤਾਕਤ ਨੂੰ ਤੋੜਨ ਦੀ ਇੱਕ ਡੂੰਘੀ ਸਾਜ਼ਿਸ਼ ਹੈ।

ਜਿਸ ਅਮਰੀਕਾ ਤੋਂ ਮਈ ਦਿਵਸ ਸ਼ੁਰੂ ਹੋਇਆ ਸੀ ਉੱਥੇ ਦੀ ਸਰਕਾਰ ਨੇ ਇਸ ਦੇ ਇਨਕਲਾਬੀ ਪ੍ਰਭਾਵ ਤੇ ਸੁਨੇਹੇ ਨੂੰ ਮੱਠਾ ਪਾਉਣ ਲਈ 'ਲੇਬਰ ਡੇ' ਇੱਕ ਮਈ ਦੀ ਥਾਂ ਸਤੰਬਰ ਵਿੱਚ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਪਰ ਇਤਿਹਾਸ ਨੂੰ ਦਬਾਇਆ ਨਹੀਂ ਜਾ ਸਕਦਾ। ਅੱਜ ਫਿਰ ਤੋਂ ਅਮਰੀਕਾ ਵਿੱਚ ਮਜ਼ਦੂਰ ਜਾਗ ਰਹੇ ਹਨ। ਸਟਾਰਬਕਸ ਅਤੇ ਐਮਾਜ਼ਾਨ ਵਰਗੀਆਂ ਵੱਡੀਆਂ ਕੰਪਨੀਆਂ ਵਿੱਚ ਬਣ ਰਹੀਆਂ 'ਯੂਨੀਅਨਾਂ' ਤੇ ਸਰਕਾਰੀ ਨੀਤੀਆਂ ਖਿਲਾਫ਼ ਉੱਠ ਰਹੇ ਇਤਿਹਾਸਕ ਵਿਰੋਧ ਇਸ ਗੱਲ ਦਾ ਸਬੂਤ ਹਨ ਕਿ ਸਰਮਾਏਦਾਰ ਮਜ਼ਦੂਰਾਂ ਦੀ ਆਵਾਜ਼ ਨੂੰ ਹਮੇਸ਼ਾ ਲਈ ਨਹੀਂ ਦਬਾ ਸਕਦੇ।

ਸੰਸਾਰ ਸਾਮਰਾਜੀ-ਸਰਮਾਏਦਾਰੀ ਪ੍ਰਬੰਧ ਸੰਕਟ ਦੀ ਦਲਦਲ 'ਚ ਬੁਰੀ ਤਰ੍ਹਾਂ ਧਸ ਰਿਹਾ ਹੈ। ਮਾਰਕਸਵਾਦ ਦੇ ਮਹਾਨ ਅਧਿਆਪਕਾਂ ਦੀਆਂ ਵਿਗਿਆਨਕ ਇਤਿਹਾਸਕ ਭਵਿੱਖਬਾਣੀਆਂ ਸੱਚ ਸਾਬਤ ਹੋ ਰਹੀਆਂ ਹਨ। ਸਾਮਰਾਜੀ-ਸਰਮਾਏਦਾਰ ਸਰਮਾਏ ਦੇ ਵਧਾਰੇ ਲਈ ਹਰ ਘਿਨਾਉਣੇ ਅਮਾਨਵੀ ਪੱਧਰ ਤੱਕ ਗਿਰ ਰਹੇ ਹਨ। ਉਹ ਆਪਣੇ ਬਚਾਅ ਲਈ ਮਾਰਕਸ ਦੀ ਕਿਤਾਬ 'ਸਰਮਾਇਆ' ਵਿੱਚੋਂ ਨੁਸਖੇ ਲੱਭਣ ਦੀ ਮੱਕਾਰੀ ਭਰਮ 'ਚ ਪਏ ਹੋਏ ਹਨ, ਪਰ ਮਾਰਕਸ ਦਾ ਸਰਮਾਇਆ ਮਜ਼ਦੂਰ ਜਮਾਤ ਦੀ ਮੁਕਤੀ ਦਾ ਰਾਹ ਹੈ।

ਮਈ ਦਿਵਸ ਦੀ ਰੌਸ਼ਨੀ 'ਚ ਮਿਹਨਤਕਸ਼ਾਂ ਨੂੰ ਆਪਣੀ ਜਿੱਤ ਦੀ ਤਿਆਰੀ 'ਚ ਹੋਰ ਵੱਧ ਤੱਦੀ ਨਾਲ ਜੁੱਟ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੀ ਵਿਗਿਆਨਕ ਵਿਚਾਰਧਾਰਾ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।

ਕਿਤਾਬ ਰੀਵਿਊ

# ਜਤਿੰਦਰ ਸਿੰਘ ਹਾਂਸ ਦੀਆਂ ਕਹਾਣੀਆਂ ਦੀ ਕਿਤਾਬ 'ਵਾਇਰਲ ਗਰਲ' ਬਾਰੇ ਗੱਲ ਕਰਦਿਆਂ



ਬਲਜਿੰਦਰ ਸੰਘਾ
403-680-3212

ਇਸ ਕਿਤਾਬ ਵਿਚ ਵੱਖ ਵੱਖ ਵਿਸ਼ਿਆਂ ਦੀਆਂ 'ਵਾਇਰਲ ਗਰਲ' ਤੋਂ ਲੈਕੇ 'ਅੱਗ ਦੀ ਲਾਟ' ਤੱਕ 9 ਕਹਾਣੀਆਂ ਹਨ। ਕਾਹਣੀਕਾਰ ਨੇ ਇਹਨਾਂ ਕਹਾਣੀਆਂ ਵਿਚ ਪੰਜਾਬੀ ਸਮਾਜ ਦੇ ਵਾਸਤਿਆਂ ਨਾਲ ਸਬੰਧਤ ਕਾਰਾ-ਵਿਕਾਰਾਂ ਨੂੰ ਅੱਜ ਦੇ ਸਮੇਂ ਦੇ ਪਾਤਰਾਂ ਰਾਹੀਂ ਸਮਾਜ ਦੇ ਸਾਹਮਣੇ ਰੱਖਿਆ ਹੈ। ਬੇਸ਼ੱਕ ਇਹ ਸਭ ਸਰੋਕਾਰ ਸਦੀਆਂ ਤੋਂ ਹਨ ਅਤੇ ਬਦਲਦੇ ਸਮੇਂ ਨਾਲ ਆਪਣਾ ਥੋੜਾ-ਬਹੁਤਾ ਰੂਪ ਬਦਲ ਲੈਂਦੇ ਹਨ। ਦੂਸਰਾ ਬਹੁਤੇ ਮਨੋਦਿਸ਼ਾਂ ਨਾਲ ਸਬੰਧਤ ਅਤੇ ਸੋਚਾਂ ਵਿਚ ਉੱਤਰਦੇ ਖਿ?ਆਲ ਅੱਜ ਵੀ ਬੁੱਧੀਜੀਵੀ ਲੇਖਕ ਆਮ ਮਨੁੱਖ ਨਾਲੋਂ ਡੂੰਘੇਰੇ ਅਤੇ ਸੂਖ਼ਮ ਢੰਗ ਨਾਲ ਪਕੜ ਲੈਂਦੇ ਹਨ ਅਤੇ ਆਪਣੀਆਂ ਰਚਨਾਵਾਂ ਵਿਚ ਪਾਤਰਾਂ ਰਾਹੀਂ ਉਸ ਮਨੋਸਥਿਤੀ ਬਾਰੇ ਰਚਨਾ ਕਰਦੇ ਹਨ।

ਜਤਿੰਦਰ ਸਿੰਘ ਹਾਂਸ ਦੀ ਇਸ ਕਿਤਾਬ ਵਿਚਲੀ ਕਹਾਣੀ 'ਅੱਗ ਦੀ ਲਾਟ' ਵਿਚ ਇਹੀ ਹੈ, ਇਸ ਕਾਹਣੀ ਦੀ ਪਾਤਰ ਸੁਰਭੀ ਹੋਰ ਕਾਹਣੀਆਂ ਦੇ ਪਾਤਰਾਂ ਨਾਲੋਂ ਵੱਧ ਉੱਘੜਕੇ ਪਾਠਕ ਤੇ ਅਸਰ ਕਰਦੀ ਹੈ। ਸਰੋਕਾਰ ਚਾਹੇ ਆਰਥਿਕ, ਸਮਾਜਿਕ, ਮਾਨਿਸਕ ਕਿਸੇ ਵੀ ਤਰ੍ਹਾਂ ਦੇ ਹੋਣ ਪਰ ਤਕਨੀਕੀ ਸਾਧਨਾਂ ਦੇ ਆਉਣ ਨਾਲ ਇਹਨਾਂ ਦੇ ਫੈਲਣ ਦਾ ਦਾਇਰਾ ਬਹੁਤ ਵਧ ਗਿਆ ਹੈ। ਇਸ ਵਧੇ ਹੋਏ ਦਾਇਰੇ ਕਾਰਨ ਚਾਹੇ ਘਟੀਆ ਵਿਵਹਾਰ ਅਤੇ ਦੂਸਰਿਆਂ ਨੂੰ ਵਰਤਣ, ਬੇ-ਆਬਰੂ ਕਰਨ, ਬਲੈਕਮੇਲ ਕਰਨ ਦੇ ਤਕਨੀਕੀ ਤਰੀਕਿਆਂ ਕਾਰਨ ਮਨੁੱਖੀ ਮਨ ਹੋਰ ਚਲਾਕ ਅਤੇ ਨੀਵੇਂ ਪੱਧਰ ਤੇ ਆਇਆ ਹੈ ਅਤੇ ਨਾਲ ਹੀ ਉਸਦਾ ਘੇਰਾ ਚੰਗੇ-ਮਾੜੇ ਦੋਵੇਂ ਪਾਸੇ ਹੋਰ ਮੋਕਲਾ ਹੋਇਆ ਹੈ 'ਤੇ ਮੈਂ ਸਮਝਦਾ ਹਾਂ ਕਿ ਮਨੁੱਖ ਦੇ ਸਹਿਣਸ਼ੀਲ ਵਿਵਹਾਰ ਵਿਚ ਸਹੀ ਦਿਸ਼ਾਂ ਦੀ ਤਬਦੀਲੀ ਵੀ ਆਈ ਹੈ।

ਗੱਲ ਕਹਾਣੀ 'ਅੱਗ ਦੀ ਲਾਟ' ਦੀ ਪਾਤਰ ਸੁਰਭੀ ਰਾਹੀਂ ਮਨੁੱਖੀ ਮਨੋਦਿਸ਼ਾਂ ਦੀ ਕਰੀਏ ਤਾਂ ਬੱਚੇ ਦੇ ਹੋਸ਼ ਸੰਭਾਲਣ ਤੋਂ ਲੈ ਕੇ ਬੁਢਾਪੇ ਵਿਚ ਸੁਰਤੀ ਗਵਾਉਣ ਤੋਂ ਪਹਿਲਾ ਤੱਕ ਦਿਖਦੇ ਉਮਰੀ ਪੜਾਵਾਂ, ਦਿਖਦੀ ਆਰਥਿਕ ਸਥਿਤੀ, ਦਿਖਦੇ ਸਮਾਜਿਕ ਰਿਸ਼ਤੇ, ਦਿਖਦੇ ਪਰਿਵਾਕਰ ਰਿਸ਼ਤਿਆਂ ਦੇ ਨਾਲ ਨਾਲ ਇਕ ਮਾਨਸਿਕ ਜੀਵਨ ਵੀ ਬਰਾਬਰ ਬਰਾਬਰ ਚੱਲਦਾ ਹੈ ਅਤੇ ਇਹ ਦੋਵੇਂ ਜੀਵਨ ਕਦੇ ਇਕ ਦੂਸਰੇ ਦੇ ਸਹਿਯੋਗੀ ਹੋਕੇ ਚਲਦੇ ਹਨ 'ਤੇ ਕਦੇ ਇਕ ਦੂਸਰੇ ਦੇ ਵਿਰੋਧੀ। ਇਹਨਾਂ ਦੋਹਾਂ ਹਲਾਤਾਂ ਵਿਚ ਦੋਵੇ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ। ਮੈਂ ਜੋ ਕਹਾਣੀਕਾਰ ਦੀ ਇਸ ਕਾਹਣੀ ਵਿਚ ਵੇਖਦਾ ਹਾਂ ਉਹ ਇਹ ਹੈ ਕਿ ਜਦੋਂ ਇਹ ਇਕ ਦੂਸਰੇ ਦੇ ਬਰਾਬਰ ਅਤੇ ਸਹਿਯੋਗੀ ਹੋਕੇ ਨਹੀਂ ਚਲਦੇ ਤਾਂ ਹੀ ਕਹਾਣੀ ਘੜੀ ਜਾ ਸਕਦੀ ਹੈ। ਕਾਹਣੀਕਾਰ ਨੇ ਪਾਤਰ ਸੁਰਭੀ, ਉਸਦੇ ਪਤੀ ਅਤੇ ਬਾਕੀ ਸਹਿਯੋਗੀ ਪਾਤਰਾਂ ਰਾਹੀਂ ਬੜੀ ਸੂਖਮਤਾਂ ਨਾਲ ਇਹੀ ਵਿਚਾਰ ਅਤੇ ਵਿਹਾਰ ਪਾਕੇ ਉੱਚਪਾਏ ਦੀ ਕਹਾਣੀ ਲਿਖੀ ਹੈ। ਕਿਉਂਕਿ ਸੁਰਭੀ ਦਾ ਮਾਨਸਿਕ ਜੀਵਨ ਰੋਜਾਨਾਂ ਦੇ ਦਿਖਦੇ ਦੁਨਿਆਵੀਂ ਜੀਵਨ ਵਿਚ ਜਦੋਂ ਉਦਾਸੀ ਨਾਲ ਉੱਤਰਦਾ ਹੈ ਤਾਂ ਉਸਦਾ ਦਿਖਦਾ ਜੀਵਨ ਢੰਗ ਹੋਰ ਹੈ ਅਤੇ ਜਦੋਂ ਉਹੀ ਆਦਮੀ ਜਿਸ ਨੂੰ ਉਹ ਬਦਤਮੀਜ਼ ਸਮਝਦੀ ਹੈ ਪਰ ਉਹ ਅਜਿਹੀਆਂ ਗੱਲਾਂ ਕਰਦਾ ਹੈ ਜਿਸ ਵਿਚ ਉਸਦੀ ਜਵਾਨੀ ਵੇਲੇ ਤੋਂ ਹੁਣ ਤੱਕ ਦੇ ਜਿ?ਦਗੀ ਦੇ ਸਫ਼ਰ ਦੀ ਤਾਰੀਫ਼ ਕੀਤੀ ਗਈ ਹੈ ਤਾਂ ਉਸੇ ਸੁਰਭੀ ਦੇ ਮਾਨਸਿਕ ਜੀਵਨ ਵਿਚ ਖੁਸ਼ੀ ਦੀ ਤਰੰਗ ਉੱਠਦੀ ਹੈ ਤੇ ਉਸ ਮਨੋ-ਜੀਵਨ ਦੇ ਅਨੁਸਾਰ ਹੀ ਉਸਦੇ ਦੁਨਿਆਵੀ ਜੀਵਨ ਦੇ ਢੰਗ ਬਦਲ ਜਾਂਦੇ ਹਨ। ਜਿਵੇਂ ਜਦੋਂ ਪਹਿਲਾ ਉਹ ਬੀਤੇ ਜਵਾਨੀ ਦੇ ਸਮੇਂ ਅਤੀ ਖੁਸ਼ੀ ਭਰੇ ਵੇਲੇ ਯਾਦ ਕਰਦੀ ਹੈ ਤਾਂ ਉਸ ਨੂੰ ਹੁਣ ਦਾ ਸਮਾਂ ਬਹੁਤ ਦੁੱਖੀ ਕਰਦਾ ਹੈ ਅਤੇ ਉਹ ਸੋਚਦੀ ਹੈ


"ਮੈਂ ਇਸ ਘਟੀਆ ਦੁਨੀਆਂ ਦਾ ਹਿੱਸਾ। ਬੇਅਰਥ ਜ਼ਿੰਦਗੀ ਜਿਉਂ ਰਹੀ ਆਂ।"

ਕਹਾਣੀ ਵਿਚ ਇਹ ਵੀ ਸੱਚਾਈ ਹੈ ਕਿ ਮਨੁੱਖ ਹਮੇਸ਼ਾ ਆਵਦੇ ਆਪ ਨੂੰ ਹੋਰਾਂ ਤੋਂ ਉੱਪਰ, ਅਲੱਗ ਅਤੇ ਮਹਾਨ ਸਮਝਦਾ ਹੈ ਪਰ ਸਮੇਂ ਦੇ ਬਦਲਣ ਨਾਲ,ਜੀਵਨ ਦੇ ਪੜਾਅ ਬਦਲਣ, ਵਿਆਹ ਹੋਣ ਤੋਂ ਬਾਅਦ, ਪਰਿਵਾਰਕ ਜ਼ਿੰਮੇਵਾਰੀਆਂ ਦੇ ਵਧਣ ਨਾਲ ਪਿਛਲਾ ਬਹੁਤ ਕੁਝ ਛੱਡਣਾ ਅਤੇ ਮਾਨਸਿਕ ਦਸ਼ਾਂ ਨੂੰ ਹਲਾਤਾਂ ਅਨੁਸਾਰ ਢਾਲਣਾ ਹੀ ਬੇਹਤਰ ਹੈ ਨਹੀਂ ਤਾਂ ਜੀਵਨ ਵਿਚ ਸੁਰਭੀ ਦੇ ਜੀਵਨ ਵਾਂਗ ਨੀਰਸਤਾ ਆ ਜਾਵੇਗੀ, ਪਰ ਜਦੋਂ ਤੁਸੀਂ ਹਲਾਤਾਂ ਨੂੰ ਸਮਝ ਕੇ ਅੱਗੇ ਵੱਲ ਤੁਰੋਗੇ ਤਾਂ ਉਹੀ ਨਵੀਨਤਾ ਵਾਪਸ ਆ ਜਾਵੇਗੀ ਜਿਵੇਂ ਉਸ ਨਾਲ ਕਹਾਣੀ ਦੇ ਆਖ਼ਰੀ ਹਿੱਸੇ ਵਿਚ ਵਾਪਰਦਾ ਹੈ। ਤੁਰਦੇ ਜੀਵਨ ਵਿਚ ਇੱਕ ਥਾਂ ਖੜੇ ਮਾਨਿਸਕ ਜੀਵਨ ਵਾਲੇ ਮਨੁੱਖ ਇਸ ਕਹਾਣੀ ਤੋਂ ਸਿੱਖਿਆ ਲੈ ਸਕਦੇ ਹਨ।

ਜਿਸ ਤਰ੍ਹਾਂ ਸ਼ੁਰੂ ਵਿਚ ਗੱਲ ਕੀਤੀ ਸੀ ਕਿ ਤਕਨੀਕੀ ਸਾਧਨਾਂ ਦੇ ਵਧਣ ਨਾਲ ਮਨੁੱਖ ਦਾ ਹਰ ਪਾਸੇ ਦਾਇਰਾ ਵਧਿਆ ਹੈ ਅਤੇ ਸਹਿਣਸ਼ੀਲਤਾ ਵਿਚ ਵਾਧਾ ਹੋਇਆ ਹੈ, ਕਹਾਣੀ 'ਵਾਇਰਲ ਗਰਲ' ਦੀ ਮੈਂ ਪਾਤਰ 'ਮਲਕਾ' ਰਾਹੀਂ ਹੋਰ ਬਹੁਤ ਕਾਰਨ ਜੋ ਇਸ ਮਲਕਾ ਦੇ ਸਿਰ ਬਹੁਤ ਘਿਣਾਉਣੇ ਤਾਜ ਧਰਦੇ ਨੇ ਹੁਣ ਦੇ ਸਮੇਂ ਦੀ ਮਨੁੱਖੀ ਸਹਿਣਸ਼ੀਲਤਾ ਦੇ ਵਧੇ ਘੇਰੇ ਦਾ ਵੀ ਅਹਿਸਾਸ ਕਰਾਵਾਉਂਦੀ ਹੈ। ਚਾਹੇ ਮਨੁੱਖੀ ਮਨ ਦੀ ਮਨੋ ਅਵਸਥਾ ਨੂੰ ਅਧਿਆਤਮਵਾਦ ਵਿਚ ਸਮੁੰਦਰਾਂ ਤੋਂ ਵੀ ਡੂੰਘੀ ਕਿਹਾ ਗਿਆ ਹੈ ਅਤੇ ਕਈ ਵਾਰ ਮਨੁੱਖ ਨਿੱਕੀ ਜਿਹੀ ਗੱਲ ਤੇ ਮਰਨ ਨੂੰ ਤਰਜੀਹ ਦਿੰਦਾ ਹੈ ਅਤੇ ਕਈ ਵਾਰ ਆਪਣੇ ਪਿੰਡ-ਕਸਬੇ-ਸ਼ਹਿਰ ਵਿਚ ਬੇ-ਆਬਰੂ ਹੋਕੇ ਵੀ ਜਿਉਂਦਾ ਹੈ, ਚਾਹੇ ਸਮਾਜ ਢੀਠ ਦੀ ਉਪਾਧੀ ਹੀ ਕਿਉਂ ਨਾ ਦੇਵੇ। ਪਰ ਇਸ ਕਹਾਣੀ ਦੀ ਪਾਤਰ 'ਮਲਕਾ' ਢੀਠਤਾ ਦੇ ਘੇਰੇ ਵਿਚ ਨਹੀਂ ਬਲਕਿ ਉੱਪਰ ਲਿਖੇ ਅਨੁਸਾਰ ਸਹਿਣਸ਼ੀਲਤਾ ਦੇ ਵਧੇ ਘੇਰੇ ਦੀ ਗਵਾਹ ਹੈ, ਕਾਰਨ ਇਹ ਕਿ ਉਹ ਬਹੁਤ ਸਿਆਣੀ, ਪੜਾਈ ਵਿਚ ਹੁਸ਼ਿਆਰ ਅਤੇ ਆਪਣੇ ਪਰਿਾਵਰ ਦੀ ਸੱਚੀ ਮਲਕਾ ਹੈ ਜਿਵੇਂ ਕਿ ਉਹ ਆਪਣੇ ਸੋਚਦੀ ਹੋਈ ਕਹਿੰਦੀ ਹੈ:

"ਉਦੋਂ ਮੈਂ ਪਰਿਵਾਰ ਦੀ ਮਲਕਾ ਸਾਂ, ਸਾਰੇ ਮੇਰੇ 'ਤੇ ਮਾਣ ਕਰਦੇ; ਸਭ ਕੰਮ ਮੇਰੀ ਸਲਾਹ ਨਾਲ ਹੁੰਦਾ।

ਅਖੀਰ ਕਰਨ ਨਾਲ ਪ੍ਰੇਮ ਵਿਆਹ, ਕਨੇਡਾ ਨਾ ਜਾਣ ਦਾ ਫੈਸਲਾ, ਕਰਨ ਦਾ ਨਸ਼ੇ ਵਿਚ ਪੈਣਾ, ਉਸ ਦਾ ਖ਼ੁਦ ਨਸ਼ਈ ਹੋ ਜਾਣਾ, ਪੁਲਿਸ ਦੇ ਚੱਕਰ, ਕਰਨ ਦੀ ਮੌਤ, ਕਾਲੇ ਨਾਮ ਦੇ ਪਾਤਰ ਦੀਆਂ ਕਾਲੀਆਂ ਕਰਤੂਤਾਂ ਸਭ ਵਿਚੋਂ ਨਿਕਲਕੇ ਅਤੇ ਨਿਰਵਸਤਰ ਭੱਜਦੀ ਦੀ ਕਾਲੇ ਦੁਆਰਾ ਬਣਾਈ ਵੀਡੀਓ ਰਾਹੀਂ ਵਾਇਰਲ ਹੋਕੇ ਵੀ ਮੌਤ ਦੀ ਥਾਂ ਜਿਉਣ ਦਾ ਹੋਕਾ ਦਿੰਦੀ ਅਤੇ ਬੇਕਾਬੂ ਹੋਏ ਹਲਾਤਾਂ ਦੀ ਪਰਵਾਹ ਨਾ ਕਰਕੇ ਜੀਵਨ ਵਿਚ ਅੱਗੇ ਵੱਲ ਵਧਦੀ ਹੈ। ਇਸ ਤਰ੍ਹਾਂ ਇਹ ਕਹਾਣੀ ਮਾੜੇ ਹਲਾਤਾਂ ਵਿਚ ਬੇ-ਆਬਰੂ ਹੋਏ ਇਨਸਾਨਾਂ ਨੂੰ ਸਭ ਹਲਾਤਾਂ ਉੱਤੇ ਕਾਬੂ ਪਾ ਕੇ ਅਤੇ ਸਹਿਣਸ਼ੀਲ ਹੋਕੇ ਅੱਗੇ ਵਧਣ ਅਤੇ ਜਿਉਣ ਦਾ ਰਾਹ ਦੱਸਦੀ ਹੈ। ਇਹ ਕਹਾਣੀ ਦਾ ਪ੍ਰਸੰਗ ਅਤੇ ਪਾਤਰ ਅਜੋਕੇ ਦੌਰ ਦੇ ਹਨ। ਕਹਾਣੀ ਹੋਰ ਵੀ ਕੁਝ ਕਹਿੰਦੀ ਹੈ ਕਿ ਮਲਕਾ ਵਰਗੀ ਗਰਲ ਦੇ 'ਵਾਇਰਲ ਗਰਲ' ਬਨਣ ਦੇ ਪੜਾਵਾਂ ਵਿਚ ਸਮਾਜ ਕਿਵੇਂ ਜ਼ਿੰਮੇਵਾਰ ਹੈ। ਪ੍ਰੇਮ ਵਿਆਹ ਕਰਾਉਣਾ ਅਤੇ ਆਪਣੀ ਇੱਛਾ ਦਾ ਹਮਸਫ਼ਰ ਚੁਣਨਾ ਮਾੜੀ ਗੱਲ ਨਹੀਂ, ਪਰ ਪਤੀ ਦੇ ਮਾਂ-ਬਾਪ ਦਾ ਡਾਲਰਾਂ ਦੀ ਚਕਾਚੌਂਧ ਕਰਕੇ ਇਕਲੌਤੇ ਨੌਜਵਾਨ ਲੜਕੇ ਨੂੰ ਬਜ਼ੁਰਗ ਦਾਦੇ ਕੋਲ ਛੱਡਕੇ ਕਨੇਡਾ ਧੀ ਕੋਲ ਰਹਿਣਾ ਅਤੇ ਡਾਲਰ ਇੱਕਠੇ ਕਰਨਾ। ਪ੍ਰੇਮ ਵਿਆਹ ਕਰਾਉਣ, ਆਈਲੈਟਸ ਕਰਕੇ ਕਨੇਡਾ ਨਾ ਜਾਣ ਕਰਕੇ ਮਲਕਾ ਦੇ ਪਰਿਵਾਰ ਦਾ ਉਹਦੇ ਤੋਂ ਪਾਸਾ ਵੱਟ ਲੈਣਾ ਕਿਉਂਕਿ ਉਹਨਾਂ ਦੀ ਲਾਲਸਾ ਦਾ ਅੰਤ ਹੋ ਗਿਆ ਕਿ ਅਸੀਂ ਇਸਦੇ ਇੱਥੇ ਰਹਿਣ ਦੇ ਫੈਸਲੇ ਕਾਰਨ ਡਾਲਰਾਂ ਦੇ ਦੇਸ਼ ਨਹੀਂ ਜਾ ਸਕੇ। ਇਸ ਤਰ੍ਹਾਂ ਵਿਦੇਸ਼ ਜਾਣ ਦੀ ਦੌੜ ਕਿਵੇਂ ਘਰ ਉਜਾੜਦੀ ਹੈ ਜੋ ਪੰਜਾਬ ਵਿਚ ਵਧੀਆ




ਗੁਜ਼ਾਰਾ ਕਰਦੇ ਹਨ-ਇਹ ਸਭ ਇਸ ਕਹਾਣੀ ਦਾ ਸੰਦੇਸ਼ ਹੈ। ਇਸ ਤੋਂ ਅੱਗੇ ਹਨ ਨਸ਼ੇ, ਜੋ ਮਨੁੱਖ ਇਸ ਪੂੰਜੀਵਾਦ ਤੇ ਟਿਕੇ ਸੰਸਾਰ ਨੂੰ ਸਮਝਦੇ ਹਨ ਜਿੱਥੇ ਹਰ ਕਦਮ ਇਹ ਸੋਚਕੇ ਅੱਗੇ ਧਰਿਆ ਜਾਂਦਾ ਹੈ ਕਿ ਮੁਨਾਫ਼ਾ ਕਿੰਨਾ ਹੋਵੇਗਾ? ਇਸ ਦੌਰ ਵਿਚ ਕਿਸੇ ਵੀ ਦੇਸ਼ ਦੀ ਸਰਕਾਰ ਸਾਰੇ ਨਸ਼ੇ ਪੂਰੀ ਤਰ੍ਹਾਂ ਕਦੇ ਵੀ ਬੰਦ ਨਹੀਂ ਕਰ ਸਕਦੀ, ਦੂਸਰਾ ਇਸ ਵਿਚ ਨਸ਼ੇ ਕਰਨ ਵਾਲਿਆਂ ਦੀ ਵੀ ਰੁਚੀ ਹੈ ਕਿ ਬੰਦ ਨਾ ਹੋ ਸਗੋਂ ਹੋਰ ਸੁਖਾਲੇ ਮਿਲਣ, ਤੀਸਰਾ ਵੋਟਾਂ ਦੀ ਰਾਜਨੀਤੀ ਕਰਕੇ ਸਭ ਰਾਜਨੀਤਕ ਪਾਰਟੀਆ ਸਭ ਨੂੰ ਖੁਸ਼ ਕਰਕੇ ਬਹੁਮਤ ਅਤੇ ਆਪਣੀ ਸਰਕਾਰ ਬਣਾਉਣ ਵੱਲ ਵੱਲ ਜਾਂਦੀਆਂ ਹਨ। ਜੇਕਰ ਸਪਲਾਈ ਬੰਦ ਨਹੀ ਹੋ ਰਹੀ ਤਾਂ ਜੰਨਤਾ ਦਾ ਵੀ ਫਰਜ਼ ਹੈ ਆਪਣੇ ਅਤੇ ਆਪਣੀ ਔਲਾਦ ਦੇ ਵਾਲੀ ਵਾਰਸ ਬਣਕੇ ਨਸ਼ੇ ਦੀ ਲੋੜ ਹੀ ਬੰਦ ਕਰਨ ਵੱਲ ਝੁਕਾਅ ਕਰੇ।

'ਕੂਰੇ' ਕਹਾਣੀ ਅਖੌਤੀ ਰੱਬ ਵਿਚ ਅੰਨ੍ਹੇ ਵਿਸ਼ਵਾਸ ਦੀ ਉਹਨਾਂ ਮਿਹਨਤੀ ਲੋਕਾਂ ਦੀ ਮਾਨਸਿਕਤਾ ਹੈ ਜੋ ਸਾਰੀ ਉਮਰ ਮਿਹਨਤ ਕਰਦੇ ਅਤੇ ਜਿ?ਦਗੀ ਨੂੰ ਸਦਾ ਯੁੱਧ ਵਾਂਗ ਲੜਦੇ ਹਨ, ਪਰ ਪਰਿਵਰਾਕ ਜੀਵਨ ਦੀਆਂ ਨਿੱਤ ਦੀਆਂ ਲੋੜਾਂ ਫੇਰ ਵੀ ਪੂਰੀਆਂ ਨਹੀਂ ਕਰ ਪਾਉਂਦੇ। ਦਾਹੜੀ ਕੇਸ ਰੱਖਿਆ ਵਾਲਾ ਵਰਿਆਮ ਹੋਰਾਂ ਬਹੁਤ ਸਾਰੇ ਮੁੰਡਿਆਂ ਨਾਲ ਲਿਥੂਨੀਆਂ ਦੀ ਸੁੰਨ-ਮਸਾਨ ਥਾਂ ਤੇ ਡੌਂਕੀ ਰਾਹੀਂ ਅੱਗੇ ਜਾਣ ਦੀ ਉਡੀਕ ਵਿਚ ਹੋਰਾਂ ਵਾਂਗ ਹੀ ਕਈ ਦਿਨਾਂ ਤੋਂ ਭੁੱਖਣ-ਭਾਣਾ ਹੈ, ਉਸਦੇ ਹੱਥਾਂ ਤੇ ਪਏ ਅੱਟਣ ਦੱਸਦੇ ਹਨ ਕਿ ਉਹ ਪੰਜਾਬ ਵਿਚ ਬਹੁਤ ਮਿਹਨਤ ਕਰਦਾ ਰਿਹਾ ਹੈ ਪਰ ਫਿਰ ਵੀ ਗਰੀਬੀ ਵਿਚ ਹੀ ਰਿਹਾ ਤੇ ਹੁਣ ਅੱਕ ਕੇ ਵਿਦੇਸ਼ ਜਾਣ ਲਈ ਘਰੋਂ ਨਿਕਲਿਆ ਹੈ। ਬੇਸ਼ਕ ਵਰਿਆਮ ਸਮੇਤ ਸਭ ਨੇ ਹੌਸਲਾ ਛੱਡਿਆ ਹੋਇਆ ਹੈ ਪਰ ਉਹ ਫਿਰ ਵੀ ਕਹਿੰਦਾ ਹੈ:

"ਹੌਸਲਾ ਰੱਖੋ, ਹੋ ਜੂ ਕੁਛ ਨਾ ਕੁਛ। ਰੱਬ ਬੜਾ ਬੇਅੰਤ ਆ"

ਅਤੇ ਆਪਣੇ ਨਾਨੇ ਤੋਂ ਸੁਣੀ ਇਕ ਲੋਕ ਕਥਾ ਰਾਹੀਂ ਸਭ ਨੂੰ ਅਤੇ ਸ਼ਾਇਦ ਆਪਣੇ-ਆਪ ਨੂੰ ਤਸੱਲੀ ਦਿੰਦਾ ਹੈ। ਇਹ ਉਹ ਲੋਕ ਕਥਾ ਹੈ ਜੋ ਸੱਚਾਈ ਤੋਂ ਕੋਹਾਂ ਦੂਰ ਅਤੇ ਸਾਖੀਆਂ ਵਾਂਗ ਮਨ ਲੁਭਾਉਣੀ ਤੇ ਝੂਠੀ ਤਸੱਲੀ ਦੇਣ ਵਾਲੀ ਹੈ ਪਰ ਹੱਲ ਕੁਝ ਨਹੀਂ ਕਰਦੀ, ਸੁਣੀ ਸ਼ਇਦ ਬਚਪਨ ਵਿਚ ਆਪਾ ਸਭ ਨੇ ਹੈ ਜਦੋਂ ਤੱਕ ਦਾਦੀਆਂ, ਨਾਨੀਆਂ ਕੋਲੋ ਬਾਤਾਂ ਸੁਨਣ ਦਾ ਸਮਾਂ ਰਿਹਾ ਹੈ ਕਿ ਕਿਵੇਂ ਦੋ ਜੀਅ ਕੂਰਾ ਤੇ ਕੂਰੀ ਕਿਸੇ ਵੱਲੋਂ ਛੱਪੜ ਵਿਚੋਂ ਮਿੱਟੀ ਲਿਆਉਣ ਤੇ ਚੁੱਲ੍ਹੇ ਵਿਚ ਲਿੱਪੇ ਜਾਂਦੇ ਹਨ ਤੇ ਅਚਾਨਕ ਮੀਂਹ ਪੈਣ ਤੇ ਵਾਪਸ ਜਿਉਂਦੇ ਛੱਪੜ ਵਿਚ ਚਲੇ ਜਾਂਦੇ ਹਨ। ਚਲਾਕ ਲੋਕਾਂ ਨੇ ਮਿਹਨਤਕਸ਼ ਲੋਕਾਂ ਨੂੰ ਰੱਬ ਭਲੀ ਕਰੂ ਦੇ ਭਰਮ ਵਿਚ ਪਾਕੇ ਆਪ ਸਦਾ ਮਲਾਈ ਖਾਧੀ ਹੈ। ਵਰਿਆਮ ਨਾਲ ਕੀ ਹੋਇਆ ਕੀ ਉਸਦਾ ਰੱਬ ਭਲੀ ਕਰਨ ਬਹੁੜਿਆ ਜਾਂ ਨਹੀਂ ਤੁਸੀਂ ਕਹਾਣੀ ਪੜ੍ਹਕੇ ਜਾਣ ਸਕਦੇ ਹੋ।

'ਹਾਰਟਲੈਸ' ਕਹਾਣੀ ਵਿਚ ਕਿਸੇ ਦੇ ਜੀਵਨ ਦੇ ਸਹੀ ਰਾਹ ਤੇ ਨਾ ਚੱਲਣ ਤੋਂ ਪ੍ਰਭਾਵਿਤ ਹੋਕੇ ਕਿਵੇਂ ਬੱਚੇ ਉਸੇ ਨੂੰ ਆਪਣੀ ਜ਼ਿੰਦਗੀ ਦੀ ਹੋਣੀ ਸਮਝਣ ਲੱਗ ਜਾਂਦੇ ਹਨ ਅਤੇ ਘਰਾਂ ਵਿਚ ਪਤੀ-ਪਤਨੀ ਦੀ ਅਣਬਣ ਅਤੇ ਕਲੇਸ਼ ਬੱਚਿਆਂ ਦੇ ਜੀਵਨ ਤੇ ਕਿਵੇਂ ਅਸਰ ਕਰਦਾ ਹੈ ਅਤੇ ਉਹ ਵਿਆਹ ਕਰਵਾਉਣ ਤੋਂ ਹੀ ਮੂੰਹ ਫੇਰ ਲੈਂਦੇ ਹਨ ਇਸ ਵਿਸ਼ੇ ਦੀ ਕਹਾਣੀ ਉੱਪਰੋਂ ਝਾਤ ਪਾਇਆ ਲੱਗਦੀ ਹੈ ਪਰ ਜਦੋਂ ਪਾਤਰ ਕਿਰਨ ਦੇ ਸਾਰੇ ਜੀਵਨ ਨੂੰ ਉਹਨਾਂ ਦੀ ਭੂਆ ਦੇ ਜੀਵਨ ਰਾਹੀਂ ਦੇਖਦੇ ਹਾਂ ਤਾਂ ਕਾਹਣੀ ਦਾ ਪ੍ਰਸੰਗ ਅਸਲ ਵਿਚ ਇਹ ਦੱਸਦਾ ਹੈ ਕਿ ਸਮਾਜ ਵਿਚ ਇੱਕ ਸਮੇਂ ਕਿਸੇ ਵੱਲੋਂ ਕੀਤੇ ਗਲਤ ਕੰਮ ਸਿਰਫ਼ ਉਸ ਵੱਲੋਂ ਪੀੜਤ ਮਨੁੱਖ ਤੱਕ ਹੀ ਸੀਮਿਤ ਨਹੀਂ ਬਲਕਿ ਇਹ ਅੱਗੇ ਵੀ ਹੋਰਾਂ ਦੇ ਜੀਵਨ ਨੂੰ ਬਰਬਾਦ ਕਰਨ ਦਾ ਕਾਰਨ ਬਣਦੇ ਹਨ। ਸਮਾਜ ਵਿਚ ਗਲਤ ਕੰਮ ਕਰਨ ਵਾਲੇ ਲੋਕਾਂ ਵੱਲੋ ਕੀਤੇ ਕੰਮਾਂ ਦੀ ਚਾਹੇ ਕਾਨੂੰਨ ਸਜਾ ਦੇ ਵੀ ਦੇਵੇ ਪਰ ਉਹਨਾਂ ਦਾ ਅਸਰ ਪੀੜਤ ਤੱਕ ਨਹੀਂ ਬਲਕਿ ਹੋਰ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਮੋਟੇ ਤੌਰ ਤੇ 1985 ਤੋਂ 2005 ਤੱਕ ਦਾ ਦੌਰ ਕਨੇਡਾ ਅਮਰੀਕਾ ਅਤੇ ਹੋਰ ਦੇਸ਼ਾਂ ਦੇ ਠੱਗ ਲਾੜਿਆਂ ਦਾ ਦੌਰ ਸੀ, ਉਹ ਪੰਜਾਬ ਵਿਚ ਵਿਆਹ ਕਰਵਾਉਂਦੇ ਸਾਹੁਰਿਆਂ ਤੋਂ ਚੰਗਾ ਦਾਜ ਅਤੇ ਨਕਦ ਰੁਪਏ ਲੈਂਦੇ ਅਤੇ ਐਸ਼-ਪ੍ਰਸਤੀ ਕਰਕੇ ਫੇਰ ਅਜਿਹਾ ਵਿਦੇਸ਼ ਜਾਂਦੇ ਕਿ ਗਾਇਬ ਹੀ ਹੋ ਜਾਂਦੇ ਅਤੇ ਸੱਜ ਵਿਆਹੀਆਂ ਉਹਨਾਂ ਨੂੰ ਉਡੀਕਦੀਆਂ ਹੱਡਾਂ ਦੀ ਮੁੱਠ ਬਣ ਜਾਂਦੀਆਂ। ਸੰਚਾਰ ਦੇ ਸਾਧਨ ਘੱਟ ਹੋਣ ਕਰਕੇ ਉਹ ਦੁਬਾਰਾ ਵੀ ਆਉਂਦੇ ਕਈਆ ਨੇ ਇਕ ਤੋਂ ਵੱਧ ਵਿਆਹ ਵੀ ਕਰਵਾਏ। ਇਸ ਕਹਾਣੀ ਦੀ ਪਾਤਰ ਕਿਰਨ ਵੀ ਆਪਣੇ ਘਰ ਰਹਿੰਦੀ ਆਪਣੀ ਭੂਆ ਦਾ ਹਾਲ ਦੇਖਦੀ ਅਤੇ ਕੁੜਦੀ ਰਹਿੰਦੀ ਜਿਸ ਦਾ ਪਤੀ ਕਦੇ ਵਾਪਸ ਨਾ ਆਇਆ ਅਤੇ ਉਹ ਉਡੀਕ ਕਰਦੀ=ਕਰਦੀ ਪੇਕੇ ਬੈਠੀ ਹੀ ਜਹਾਨੋਂ ਚਲੀ ਗਈ। ਕਿਰਨ ਨੂੰ ਇਹ ਸਭ ਬਚਪਨ ਤੋਂ ਦੇਖਣ ਕਰਕੇ ਆਦਮੀ ਜਾਤ ਨਾਲ ਹੀ ਨਫਰਤ ਹੋ ਗਈ ਅਤੇ ਉਹ ਭਰ ਜਵਾਨੀ ਵਿਚ ਹੀ ਬਿਮਾਰ ਰਹਿਣ ਲੱਗੀ, ਇਸ ਤਰ੍ਹਾਂ ਜੇਕਰ ਹੁਣ ਵੀ ਉਹ ਠੱਗ ਲਾੜੇ ਜੋ ਵਿਦੇਸ਼ਾਂ ਵਿਚ ਬੈਠੇ ਹਨ ਉਹ ਇਹ ਨਾ ਸਮਝਣ ਕਿ ਹੁਣ ਸਭ ਬੀਤ ਗਿਆ ਹੈ ਪਰ ਅਜਿਹਾ ਕਦੇ ਨਹੀਂ ਹੁੰਦਾ, ਉਹਨਾਂ ਦੇ ਸਮਾਜ ਨੂੰ ਦਿੱਤੇ ਜ਼ਖਮ ਅਗਲੀ ਪੀੜ੍ਹੀ ਰਾਹੀਂ ਵੀ ਰਿਸਦੇ ਹਨ ਅਤੇ ਅੱਜ ਵੀ ਰਿਸ ਰਹੇ ਹਨ, ਕਈਆਂ ਦੀਆਂ ਵਿਆਹਕੇ ਪਿੱਛੇ ਛੱਡੀਆਂ ਪਤਨੀਆਂ ਚਾਹੇ ਜਹਾਨੋਂ ਚਲੀਆਂ ਗਈਆਂ ਹਨ ਪਰ ਜਿਹਨਾਂ ਦੀ ਗੋਦ ਵਿਚ ਬੱਚਾ ਸੀ ਉਹ ਬੱਚੇ ਹੁਣ ਜਵਾਨ ਹਨ ਅਤੇ ਸਦਮਾ (ਟਰਾਮਾ) ਝੱਲਦੇ ਜਵਾਨ ਹੋਏ ਹਨ, ਸਮਾਜ ਵਿਚ ਕੀਤਾ ਇਕ ਗਲਤ ਕੰਮ ਦੂਰ ਤੱਕ ਜਾਂਦਾ ਹੈ ਜਿਵੇ ਕਿਹਾ ਜਾਂਦਾ ਹੈ ਕਿ "ਲਹਮੋਂ ਨੇ ਖ਼ਤਾ ਕੀ ਸਦੀਓ ਨੇ ਸਜ਼ਾ ਪਾਈ।

ਇੱਕ ਉਦਰਾਰਣ ਜੋ ਇਸ ਕਹਾਣੀ ਦੇ ਵਿਸ਼ੇ ਦੇ ਬਿਲਕੁਲ ਅਨੁਕੂਲ ਹੈ-ਜਿਵੇਂ ਮੈਂ ਕਨੇਡਾ ਦੇ ਸ਼ਹਿਰ ਕੈਲਗਰੀ ਵਿਚ ਰਹਿੰਦਾ ਹਾਂ ਤੇ ਇਥੇ ਲੱਗਭੱਗ ਸਾਲ 2005 ਤੋਂ ਸਾਲ 2009 ਵਿਚ ਕੁਝ ਚਿੱਟੇ ਖ਼ੂਨ ਵਾਲੇ ਰਿਐਲਟਰਾਂ, ਮਾਰਟਗੇਜ ਪ੍ਰੋਫੈਸ਼ਨਲਾ, ਵਕੀਲਾਂ ਅਤੇ ਬੈਂਕ ਕਰਮਚਾਰੀਆਂ ਨੇ ਰਲਕੇ ਬਹੁਤ ਸਾਰੇ ਭੋਲੇ-ਭਾਲੇ ਅਤੇ ਹੱਥੀ ਮਿਹਨਤ ਕਰਨ ਵਾਲੇ ਪਰਿਵਾਰਾਂ ਦਾ ਵਿਸ਼ਵਾਸ਼ ਜਿੱਤਕੇ ਉਹਨਾਂ ਨਾਲ ਪ੍ਰਪਾਰਟੀਆਂ ਦੇ ਨਾਮ ਤੇ ਧੋਖਾ ਕੀਤਾ (ਇਸ ਬਾਰੇ ਵਿਸਥਾਰਤ ਲੇਖ ਮੈਂ ਬਹੁਤ ਪਹਿਲਾ ਲੇਖ ਚੁੱਕਾ ਹਾਂ), ਧੋਖਾ ਕਰਨ ਵਾਲੇ ਤਾਂ ਸੋਚਦੇ ਹੋਣਗੇ ਕੇ ਡਾਲਰ ਬਣਾਕੇ ਨਿਕਲ ਗਏ ਤੇ ਸਭ ਭੁੱਲ ਭੁਲਾ ਗਏ ਹੋਣਗੇ, ਪਰ ਅੱਜ ਵੀ ਉਸ ਵੇਲੇ ਦੇ ਬਹੁਤ ਪਰਿਵਾਰ ਹਨ ਜੋ ਸਭ ਕੁਝ ਗੁਆਕੇ ਦੁਬਾਰਾ ਆਪਣੇ ਘਰਾਂ ਤੋਂ ਕਿਰਾਏ ਦੀਆਂ ਬੇਸਮੈਂਟਾਂ ਵਿਚ ਆ ਗਏ,ਫੇਰ ਮਿਹਨਤ ਕੀਤੀ ਘਰ ਲਏ ਪਰ ਜ਼ਿਆਦਾ ਕੰਮ ਕਰਨ ਕਰਕੇ ਅਤੇ ਲੁੱਟੇ ਗਏ ਹੋਰ ਦਾ ਟਰਾਮਾ (ਸਦਮਾ) ਕਰਕੇ, ਬੱਚਿਆਂ ਨੂੰ ਪੂਰਾ ਸਮਾਂ ਨਾ ਦੇਣ ਕਰਕੇ ਆਪ ਵੀ ਸਮੇਂ ਤੋਂ ਪਹਿਲਾ ਬੁੱਢੇ ਦਿਸਣ ਲੱਗੇ ਅਤੇ ਬਿਮਾਰ ਰਹਿਣ ਲੱਗੇ ਹਨ ਅਤੇ ਹੁਣ ਨੌਜਵਾਨ ਹੋ ਚੁੱਕੇ ਬੱਚੇ ਵੀ ਸਦਮੇ ਵਿਚ ਹਨ ਅਤੇ ਮਾਪਿਆਂ ਨੂੰ ਸਵਾਲ ਕਰਦੇ ਹਨ ਕਿ ਤੁਸੀਂ ਵੀ ਮੇਰੇ ਦੋਸਤਾਂ ਜਾਂ ਬੱਚੀਆਂ ਕਹਿੰਦੀਆਂ ਨੇ ਮੇਰੀਆਂ ਸਹੇਲੀਆਂ ਦੇ ਮਾਪਿਆਂ ਦੇ ਨਾਲ ਦੇ ਕਨੇਡਾ ਆਏ ਹੋ ਆਪਾ ਅਜੇ ਵੀ ਗਰੀਬ ਕਿਉਂ ਹਾਂ ਸੋ ਦੂਸਰੀ ਪੀੜ੍ਹੀ ਵੀ ਉਹ ਅਸਰ ਕਬੂਲ ਜਾਂਦੀ ਹੈ ਤੇ ਸਦਮਾ ਸਹਿੰਦੀ ਹੈ ਜਦੋਂ ਪਹਿਲੀ ਪੀੜ੍ਹੀ ਵਿਚੋਂ ਲੋਕਾਂ ਨਾਲ ਗਲਤ ਹੁੰਦਾ ਤੇ ਕੁਝ ਗੰਦੇ ਆਂਡੇ ਗਲਤ ਕਰਦੇ ਹਨ। ਪਰ ਕਹਾਣੀ ਇਹ ਵੀ ਸਿੱਖਿਆ ਦਿੰਦੀ ਹੈ ਕਿ ਕਦੇ ਵੀ ਇਕ ਵੱਲੋਂ ਕੀਤੀ ਗਲਤੀ ਕਰਕੇ ਸਾਰਿਆਂ ਨੂੰ ਉਸ ਵਰਗਾ ਨਹੀਂ ਸਮਝਣਾ ਚਾਹੀਦਾ। ਜਿਵੇਂ ਕਿਰਨ ਆਪਣੀ ਭੂਆ ਦਾ ਪ੍ਰਭਾਵ ਕਬੂਲਕੇ ਜਿੰਦਰ ਸਰ ਨੂੰ ਪੱਥਰ ਦਿਲ, ਗੰਦਗੀ ਦਾ ਢੇਰ, ਕਾਮ-ਕੀੜਾ, ਲੰਡੂ, ਲਫੰਗਾ, ਕਮੀਨਾ, ਬਦਜ਼ਾਤ ਸਮਝਦੀ ਹੈ ਪਰ ਉਸਦੇ ਮਨ ਅੰਦਰ ਹਲਾਤਾਂ ਦਾ ਪਕਾਇਆ ਇਹ ਭਰਮ ਕਦੋਂ ਤੇ ਕਿਵੇਂ ਟੁੱਟਦਾ ਹੈ ਜਾਂ ਨਹੀਂ ਟੁੱਟਦਾ ਪਾਠਕ ਕਹਾਣੀ ਦਾ ਅਨੰਦ ਮਾਣਕੇ ਸਮਝ ਸਕਦਾ ਹੈ।

'ਹਥਿਆਰ' ਕਹਾਣੀ ਕਨੇਡਾ ਵਿਚ ਪੱਕਿਆ, ਕੱਚਿਆ, ਮਾਲਕਾਂ-ਕਾਮਿਆਂ, ਵਿਆਹਿਆ ਅਤੇ ਤਲਾਕ ਹੋਏ ਪੰਜਾਬੀਆਂ ਦੀ ਜ਼ਿੰਦਗੀ, ਮਿਹਨਤ, ਲਾਲਚ, ਦੁਚਿੱਤੀ, ਪੱਕੇ ਹੋਣ ਲਈ ਢੰਗ ਲੱਭਣ ਦੀ ਝਲਕ ਹੈ ਜੋ ਇਕ ਬੇਰੀ ਫ਼ਾਰਮ ਵਿਚ ਇਕੱਠੇ ਕੰਮ ਕਰਦੇ ਹਨ। ਬਾਕੀ ਕਹਾਣੀਆਂ ਬਾਰੇ ਵਿਸਥਾਰ ਲਿਖਣ ਲੱਗਾ ਤਾਂ ਕਾਫ਼ੀ ਲੰਬਾ ਲਿਖਿਆ ਜਾਣਾ ਹੈ। ਕੁਝ ਕਹਾਣੀਆਂ ਵਿਚ ਮੈਂ ਪਾਤਰ ਰਾਹੀਂ ਹੀ ਪੂਰੀ ਕਹਾਣੀ ਬਿਨਾਂ ਉਸਦੇ ਨਾਮ ਤੋਂ ਹੈ ਅਜਿਹੇ ਪਾਤਰ ਪਾਠਕ ਦੇ ਮਨ ਵਿਚ ਡੂੰਘਾ ਨਹੀਂ ਉੱਤਰਦੇ ਜੇਕਰ ਨਾਮ ਨਾ ਦਿੱਤਾ ਹੋਵੇ ਜਾਂ ਨਾਮ ਦਿੱਤਾ ਹੋਵੇ ਪਰ ਕਈ ਵਾਰ ਦੂਸਰੇ ਪਾਤਰਾਂ ਦੇ ਸੰਵਾਦ ਵਿਚ ਸ਼ਮਿਲ ਨਾ ਹੋਵੇ। ਜਿੰਦਰ, ਬਿੰਦਰ ਨਾਮ ਦੇ ਪਾਤਰ ਹੀ ਇਕ ਤੋਂ ਵੱਧ ਵਾਰ ਕਹਾਣੀਆਂ ਵਿਚ ਹਨ, ਹੋ ਸਕਦਾ ਹੈ ਕਹਾਣੀਆਂ ਵੱਖ ਵੱਖ ਸਮੇਂ ਲਿਖੀਆਂ ਹੋਣ ਕਰਕੇ ਮਹਿਸੂਸ ਨਾ ਹੋਏ ਹੋਣ ਪਰ ਜਦੋਂ ਇਕੋਂ ਕਿਤਾਬ ਵਿਚ ਇਕੱਠੀਆਂ ਕਰਨੀਆਂ ਹਨ ਤਾਂ ਇਹ ਧਿਆਨ ਰੱਖਣ ਨਾਲ ਕਿ ਇਕ ਕਾਹਣੀ ਦੇ ਪਾਤਰ ਦਾ ਨਾਮ ਦੂਸਰੀ ਕਹਾਣੀ ਵਿਚ ਨਾ ਜਾਵੇ ਜਰੂਰ ਥੋੜੀ ਮਿਹਨਤ ਨਾਲ ਪਾਤਰ ਦਾ ਨਾਮ ਬਦਲ ਦੇਣਾ ਚਾਹੀਦਾ ਹੈ ਇਸ ਨਾਲ ਕਹਾਣੀਆਂ ਹੋਰ ਪ੍ਰਭਾਵਸ਼ਾਲੀ ਲੱਗਦੀਆਂ ਹਨ। ਨੌਜਵਾਨ ਕਾਹਣੀਕਾਰ ਜਤਿੰਦਰ ਸਿੰਘ ਹਾਂਸ ਨੂੰ ਇਸ ਕਹਾਣੀ ਸੰਗ੍ਰਹਿ 'ਵਾਇਰਲ ਗਰਲ' ਦੀਆਂ ਬਹੁਤ ਬਹੁਤ ਵਧਾਈਆਂ।

## ਖ਼ਾਮੋਸ਼ ਹਾਂ ਚੁੱਪ ਨਹੀਂ

ਖ਼ਾਮੋਸ਼ ਹਾਂ ਚੁੱਪ ਨਹੀਂ
ਪਲ ਪਲ ਚੀਕ ਚਿਹਾੜਾ
ਪੈਂਦਾ ਹੈ
ਦਿਮਾਗ ਦੀ ਨਾੜੀ
ਫਟਣ ਲੱਗ ਜਾਂਦੀ ਹੈ
ਐਨੇ ਜ਼ੋਰ ਨਾਲ
ਬੋਲਦਾ ਹਾਂ
ਪਰ, ਪਰ ਜੀਭ ਨੂੰ ਲਕਵਾ ਮਾਰ ਜਾਂਦਾ ਹੈ
ਤੇ ਬੁੱਲਾਂ ਨੂੰ ਜਿੰਦਾ ਲੱਗ ਜਾਂਦਾ ਹੈ
ਇਸ ਕੁੱਤੇ ਦੀ ਬਿਮਾਰੀ ਵਰਗੇ ਸਿਸਟਮ ਦਾ।
ਸਿਸਟਮ!
ਸਿਸਟਮ ਹਿਲਾ ਦਿੰਦਾ ਹੈ
ਮੋਕਲੇ ਜਿਹੇ ਰੱਬ ਦੇ ਜੀਆਂ ਦਾ,
ਤੇ ਬੰਦਾ ਮੋਕ ਮਾਰ ਜਾਂਦਾ ਹੀ ਹੈ
ਜਦੋਂ ਸਿਪਾਹੀ ਇਨਾ ਬੰਦਿਆਂ ਦਾ ਸਿਸਟਮ ਦਾ
ਹੀ ਹਿੱਸਾ ਹੋਵੇ।
ਸਭ ਜਾਣਦਾ ਹਾਂ ਕਿ
ਸੂਈ ਦੇ ਨਖਾਰੇ ਵਿੱਚ ਦੀ ਲੰਘਣਾ
ਕਿਸਨੂੰ ਆਖਦੇ ਹਨ,
ਪੁਲਿਸ ਦੀ ਕੁੱਟ ,
ਹਵਾਲਾਤ ਵਿੱਚ ਹਵਾ ਦਾ ਨਾ ਹੋਣਾ ਅਤੇ ਲੱਤਾਂ
ਦਾ ਝੱਖੜ ਝੁੱਲਣਾ,
ਇਹ ਵੀ ਤਾਂ ਜਾਣਦਾ ਹਾਂ ਕਿ
ਖਪ ਕੇ ਕਮਾਈਆਂ ਲਵਲੀ
ਜਿਹੀਆਂ ਡਿਗਰੀਆਂ ਬਦਲੇ
ਰੁਲਦੂ ਕਬਾੜੀਆ
ਸੰਤਰੀ ਰੰਗ ਦੀ ਕੁਲਫ਼ੀ ਤੱਕ ਨਹੀਂ ਦਿੰਦਾ।
ਕਿਰਤੀ ਦੇ ਗੂੜੇ ਜਿਹੇ ਰੰਗ
ਵਰਗੀ ਗੂੜ੍ਹੀ ਮਿਹਨਤ ਦੇ ਸਿਰ ਤੇ
ਪਲਦੀਆਂ ਨੇ ਲਹੂ ਪੀਣੀਆਂ ਜੋਕਾਂ,
ਜੋਕਾਂ! ਜੋਕਾਂ ਨੇ ਮੇਰੀ ਪਹਿਚਾਣ
ਦਾ ਸਰਟੀਫਿਕੇਟ ਮੇਰੇ ਜੰਮਣ
ਨਾਲ ਹੀ ਢੇਡ ਦਾ ਜਾਰੀ ਕਰ ਦਿੱਤਾ ਸੀ ,
ਜਿਸਦੇ ਬਦਲੇ ਮੈਨੂੰ ਡੀਪੂ ਤੋਂ
ਕਣਕ ਮਿਲ ਜਾਂਦੀ ਹੈ,
ਪਰ ਖੇਤ ਨਹੀਂ ਮਿਲਦਾ ,
ਵਜ਼ੀਫ਼ਾ ਮਿਲ ਜਾਂਦਾ ਹੈ
ਪਰ ਰੁਜ਼ਗਾਰ ਨਹੀਂ ਮਿਲਦਾ
ਇਲਾਜ ਲਈ ਕਾਰਡ ਬਣ ਜਾਂਦਾ ਹੈ
ਪਰ ਇਲਾਜ਼ ਨਹੀਂ ਮਿਲਦਾ,
ਇਹ ਸਾਰੀਆਂ ਅਲਾਮਤਾਂ ਦੇਖਦਾ ਹਾਂ
ਤਾਂ ਅੰਦਰ ਹੀ ਅੰਦਰ
ਕੁੜਦਾ ਤਾਂ ਹਾਂ ਪਰ ਜੁੜਦਾ ਨਹੀਂ
ਜੁੜਨ ਲਈ ਜੁੜਵਾ ਵੀ ਤਾਂ ਹੋਵੇ!
ਟਾਹਣੀਓਂ ਟੁੱਟੇ ਪੱਤਿਆਂ ਨਾਲ
ਟੁੱਟਿਆ ਨਹੀਂ ਜਾਂਦਾ,
ਟੋਭੇ ਦੇ ਪਾਣੀ ਵਾਂਗ ਖੜਿਆਂ
ਨਾਲ ਸੜਿਆ ਨਹੀਂ ਜਾਂਦਾ,
ਫਿਰ ਵੀ ਚੁੱਪ ਕਿਵੇਂ ਹੋ ਜਾਵਾਂ
ਖੌਰੂ ਤਾਂ ਰੋਜ਼ ਹੀ ਪੈਂਦਾ ਹੈ,
ਬੱਸ!
ਬੱਸ ਖ਼ਾਮੋਸ਼ ਹਾਂ,
ਖੌਰੂ ਦੇ ਸੱਤਵੇਂ ਅਸਮਾਨ ਤੱਕ
ਪਹੁੰਚਣ ਦੇ ਇੰਤਜ਼ਾਰ ਵਿੱਚ।
ਧੰਨਵਾਦ।

-ਨਿੱਕਾ ਸਿੰਘ ਸਮਾਓ

## ਗੀਤ....

ਜੰਗਬਾਜ਼ਾਂ ਨੂੰ ਲਾਹਣਤਾਂ ਪਾਈਏ,
ਜੋ ਦੁਨੀਆਂ ਤਬਾਹ ਕਰਦੇ।
ਸਿਰੇ ਚੜ੍ਹਦੇ ਨਾ ਜਦ ਸਮਝੌਤੇ,
ਜਿੰਦਾਂ ਨੂੰ ਸਵਾਹ ਕਰਦੇ।
ਇਹ ਭੁੱਖ ਸੱਤਾ ਦੀ ਸਦਾ ਹੀ ਰਹਿੰਦੀ,
ਮੁਕਦੀ ਨਾ ਤਮਾ ਕਦੇ ਵੀ।
ਚਾਹੁੰਦੇ ਮੁੱਠੀ ਵਿੱਚ ਬੰਦ ਕਰਨਾ,
ਫੜ ਨਾ ਹੁੰਦਾ ਸਮਾਂ ਕਦੇ ਵੀ।
ਹਾਰ ਖਾ ਕੇ ਖਾਲੀ ਹੱਥ ਆਉਂਦੇ,
ਫੇਰ ਔਖੇ ਸਾਹ ਭਰਦੇ.....

ਦੇਸ਼ ਆਪਣੇ ਚ ਰਾਜ ਹੋਏ ਚੰਗਾ,
ਫੇਰ ਦੂਜੇ ਤੇ ਕਿਓਂ ਅੱਖ ਰੱਖਦੇ।
ਜੰਗ ਵਿਚ ਮਰ ਜਾਂਦੇ ਜਦੋਂ ਕਦੇ ਆਪਣੇ,
ਰਹਿਣ ਲੋਕਾਂ ਲਈ ਵੀ ਨਾ ਕੱਖ ਦੇ।
ਧੱਕੇਸ਼ਾਹੀ ਕਰਨ ਲਈ ਸਾਰੇ
ਪੂਰੇ ਗਲੋਬ ਤੇ ਹੀ ਪੱਬ ਧਰਦੇ...

ਸੁਪਰਪਾਵਰ ਆਪਣੀ ਚਾਲ ਚੱਲੇ,
ਜਿਉਂ ਬਹੁਤਾ ਹੀ ਕਿਤੇ ਗੁਮਾਨ ਹੋਵੇ ।
ਪਤਾ ਨਹੀਂ ਸੀ ਏਨੀ ਮਾਰ ਪੈਣੀ,
ਸਾਹਵੇਂ ਟੱਕਰਿਆ ਜਦ ਇਰਾਨ ਹੋਵੇ।
ਫੰਘ ਡਿਗ ਪਏ ਸੁਪਰ ਦੇ ਭੋਇ ਉਤੇ ,
ਹੁਣ ਪੈ ਗਏ ਪਾਉਣੇ ਪਰਦੇ....

-ਸਾਮ ਸਿੰਘ

## ਜੰਗ ਦੀ ਕਵਿਤਾ

ਜੰਗ ਦੀ ਕਵਿਤਾ
ਜਜ਼ਬਾਤਾਂ ਨੂੰ ਹਲੂਣਦੀ ਮਾਤਰ
ਇੱਕ ਸਤਰ ਨਹੀਂ ਹੁੰਦੀ
ਸਗੋਂ ਹੁੰਦੀ ਹੈ,
ਹਰਪਲ ਲੰਮੀ ਹੁੰਦੀ
ਇੱਕ ਮਨੁੱਖੀ ਕਤਾਰ

ਜੋ ਅਸਮਾਨੋਂ ਵਰ੍ਹਦੇ ਬਾਰੂਦ ਦੇ ਭੈਅ ਨੂੰ
ਨਜ਼ਰ ਅੰਦਾਜ਼ ਕਰ ਉੱਤਰ ਆਉਂਦੀ ਹੈ
ਸੜਕਾਂ ਤੇ!

ਜੰਗ ਦੀ ਕਵਿਤਾ
ਰੱਖਦੀ ਹੈ ਤਾਕਤ
ਨਿੱਕੇ ਨਿੱਕੇ ਬੱਚਿਆਂ ਨੂੰ
ਭੈਅ-ਮੁਕਤ ਕਰਨ ਦੀ
ਵੱਡਿਆਂ ਸੰਗ ਜੋਟੀ ਪਾ
ਵਰ੍ਹਦੇ ਬਾਰੂਦ ਅੰਦਰ
ਸੜਕਾਂ ਉੱਪਰ ਖੜ੍ਹਨ ਦੀ!

ਜੰਗ ਦੀ ਕਵਿਤਾ ਸਿਖਾਉਂਦੀ ਹੈ
ਕਿ ਜ਼ਿੰਦਗੀ
ਮਹਿਫੂਜ਼ ਨਹੀਂ ਹੁੰਦੀ ਸਦਾ ਘਰਾਂ ਅੰਦਰ

ਜਦੋਂ ਵੀ ਹੋਵੇ ਅਪਮਾਨ ਜ਼ਿੰਦਗੀ ਦਾ
ਸਭ ਨੂੰ ਆਉਣਾ ਪੈਂਦਾ ਹੈ
ਰਣਾਂ ਅੰਦਰ!

ਲੈ ਕੇ ਅਪਣੀ ਗਿਟਾਰ
ਆ ਗਿਆ ਹੈ ਗਮਸਾਰੀ
ਤਿਆਗ ਕੇ
ਘਰ ਦੀ ਚਾਰਦੀਵਾਰੀ
ਕਰਨ ਰੱਖਿਆ ਥਰਮਲ ਦੀ!

ਦੱਸ ਦਿੱਤਾ ਹੈ ਉਸਨੇ ਜੰਗ ਦਾ
ਇੱਕ ਸੰਗੀਤ ਵੀ ਹੁੰਦਾ ਹੈ
ਜੋ ਬੰਬ ਬਾਰੂਦ ਤੋਂ ਕਦੇ
ਭੈਅਭੀਤ ਨਹੀਂ ਹੁੰਦਾ ਹੈ

ਜਦੋਂ ਜਦੋਂ ਇਹ ਬੇਖੌਫ
ਹੋ ਵੱਜਦਾ ਹੈ
ਡਰੋਨਾਂ ਤੇ ਮਿਜ਼ਾਈਲਾਂ ਤੋਂ
ਵੱਧ ਤੀਬਰ ਹੋ
ਜਰਵਾਣਿਆਂ ਦੇ
ਸੀਨਿਆਂ ਨੂੰ ਕੰਬਦਾ ਹੈ!

ਇਹ ਆਧੁਨਿਕ
ਪਰਮਾਣੂ ਸੱਭਿਅਤਾ ਦੀਆਂ ਧਮਕੀਆਂ
ਅਤੇ ਦਾਬਿਆਂ ਤੋਂ ਭਿੰਨ ਹੁੰਦਾ ਹੈ
ਸ਼ਾਇਦ ਇਹੀ ਪੁਰਾਣੀ ਸੱਭਿਅਤਾ ਦਾ
ਚਿੰਨ੍ਹ ਹੁੰਦਾ ਹੈ!

ਇਹ ਅਣਖ ਹੁੰਦਾ ਹੈ
ਹੱਕ ਸੱਚ ਲਈ ਜੂਝਦੀ
ਲੁਕਾਈ ਦੀ ਟਣਕ ਹੁੰਦਾ ਹੈ

ਜੰਗ ਦਾ ਇੱਕ ਗੀਤ ਵੀ ਹੁੰਦਾ ਹੈ
ਜੋ ਹੰਝੂ ਬਣ ਕਾਲਜਿਆਂ
ਤੇ ਉਕਰ ਜਾਂਦਾ ਹੈ
ਇਹ ਤਲਾਸ਼ਦਾ ਹੈ
ਸਕੂਲ ਦੀ ਖੰਡਰ ਕੀਤੀ
ਇਮਾਰਤ ਵਿੱਚੋਂ ਲਹੂ ਭਿੱਜੇ ਬਸਤਿਆਂ
ਨਾਲ ਪਈਆਂ ਮਾਸੂਮਾਂ ਦੀਆਂ ਲੋਥਾਂ!!!

ਫਿਰ ਇਹ ਕੁਝ ਪਲ ਗਾ ਨਹੀਂ ਹੁੰਦਾ
ਸਗੋਂ ਦਰਦ ਭਰੀ ਲੋਰੀ ਬਣ
ਅਟਕ ਜਾਂਦਾ ਹੈ ਗਲਾਂ ਅੰਦਰ!!

ਇਹ ਝੂਠੇ ਰਾਸ਼ਟਰਵਾਦ
ਦੇ ਭਰਮ ਨੂੰ ਤੋੜਦਾ ਹੈ।
ਹਰ ਖਿੱਤੇ ਹਰ ਦੇਸ਼
ਦੇ ਲੋਕਾਂ ਨੂੰ ਜੋੜਦਾ ਹੈ

ਫਿਰ ਸੜਕਾਂ ਤੇ
ਲੰਮੀ ਕਤਾਰ ਹੁੰਦੀ ਹੈ
ਹਰ ਥਾਈਂ ਦੰਭੀ ਹਾਕਮਾਂ ਦੀ
ਹਾਰ ਹੁੰਦੀ ਹੈ।

ਜੰਗ ਦਾ ਗੀਤ ਹੁਣ
ਉੱਚੀ ਸੁਰ 'ਚ ਗਜਦਾ ਹੈ
ਜੰਗ ਦੀ ਕਵਿਤਾ
ਤੇ ਗਿਟਾਰ ਨਾਲ ਮਿਲਕੇ
ਨਿਹੱਥੀ ਜੰਗ ਲੜਦਾ ਹੈ

- ਦਲਜੀਤ ਸਿੰਘ ਰਿਐਤ
9463662018

## ਇਰਾਨ, ਇਜ਼ਰਾਈਲ ਜੰਗ ਦੌਰਾਨ

ਬੰਬ, ਮਿਜ਼ਾਇਲਾਂ, ਤੋਪਾਂ ਨਾਲ,
ਮਨੁੱਖਤਾ ਨੂੰ ਜੋ ਮਾਰ ਰਹੇ ਨੇ।

ਗੰਧਲਾ ਕਰਦੇ ਵਾਤਾਵਰਣ,
ਚੰਨ ਨਵਾਂ ਚਾੜ੍ਹ ਰਹੇ ਨੇ।

ਅੱਧ ਖਿੜੀਆਂ ਕਲੀਆਂ ਨੂੰ ਜ਼ਾਲਮ,
ਖਿੜਨ ਤੋਂ ਪਹਿਲਾਂ ਸਾੜ ਰਹੇ ਨੇ।

ਮਾਸੂਮ, ਨਿਰਦੋਸ਼ ਤੇ ਬੇਕਸੂਰਾਂ ਨੂੰ,
ਪਲ ਵਿੱਚ ਕਰਦੇ ਪਾਰ ਰਹੇ ਨੇ।

ਇੱਕ ਦੂਜੇ ਦੇ ਸਰੋਤ ਲੁੱਟਣ ਲਈ,
ਇਨਸਾਨੀਅਤ ਤੋਂ ਹਾਰ ਰਹੇ ਨੇ।

ਦੁਨੀਆਂ ਨੂੰ ਹਥਿਆਉਣ ਦੀ ਖ਼ਾਤਰ,
ਗੁੱਝੀ ਕਰ ਵਿਚਾਰ ਰਹੇ ਨੇ।

ਹੰਕਾਰ ਦੇ ਭਰੇ ਸ਼ਬਦਾਂ ਨਾਲ ਵੀ,
ਮਨੁੱਖਤਾ ਕਰਦੇ ਸ਼ਰਮਸ਼ਾਰ ਰਹੇ ਨੇ।

ਰੋਜ਼ ਬਦਲਵੇਂ ਬਿਆਨ ਦੇ ਕੇ,
ਬੇਸ਼ਰਮੀ ਧਾਰ ਰਹੇ ਨੇ।

ਸ਼ਾਂਤੀ ਦੇ ਉਂਝ ਸਰਪੰਚ ਕਹਾਵਣ,
ਗੱਲੀਂ ਬਾਤੀਂ ਸਾਰ ਰਹੇ ਨੇ।

ਆਓ ਉਹ ਚਾਲਾਂ ਸਮਝੀਏ 'ਸਿੱਧੂ'
ਜਿੰਨ੍ਹਾਂ ਨਾਲ ਉਹ ਚਾਰ ਰਹੇ ਨੇ।



**ਦਰਸ਼ਨ ਸਿੰਘ ਸਿੱਧੂ**
**(ਚੰਡੀਗੜ੍ਹ)**

## ਸੰਤ ਰਾਮ ਉਦਾਸੀ



ਲੋਕੋ ਬਾਜ਼ ਆ ਜਾਓ! ਝੂਠੇ ਲੀਡਰਾਂ ਤੋਂ,
ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨੀ,
ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ।
ਕਾਰਖ਼ਾਨਿਆਂ ਦੀਆਂ ਕਾਲੀਆਂ ਚਿਮਨੀਆਂ 'ਚੋਂ,
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ।
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ,
ਸਾਡੇ ਉਡਦੇ ਅਰਮਾਨ ਨੇ ਰੂੰ ਬਣ ਕੇ।
ਅਸੀਂ ਆਪਣਾ ਸਮਝ ਕੇ ਵੋਟ ਪਾਈ,
ਇਹਨਾਂ ਵੋਟ ਦਾ ਸਿਲਾ ਵੀ ਤਾਰਿਆ ਨਾ।
ਸਾਨੂੰ ਮਹਿੰਗ ਉਬਾਲਿਆ ਦੁੱਧ ਵਾਗੂੰ,
ਇਨ੍ਹਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ।
ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ,
ਆਪੂੰ ਸਾਂਭ ਲੈਂਦੇ ਆਪੂੰ ਖੱਟ ਜਾਂਦੇ।
ਵਾਅਦੇ ਕਰਦੇ ਨੇ ਕੱਚੇ ਮਹਿਬੂਬ ਵਾਂਗੂ,
ਆਪੇ ਥੁੱਕ ਕੇ ਤੇ ਆਪੇ ਚੱਟ ਜਾਂਦੇ।
ਸੀਨਾ-ਜ਼ੋਰੀਆਂ ਨੇ ਹਿਰਦੇ ਸਾੜ ਸੁੱਟੇ,
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ।
ਜਿਹਨੂੰ ਰਾਠ ਉਧਾਲ ਕੇ ਲੈ ਗਏ ਨੇ,
ਆਪਣੀ ਕਿਸਮਤ ਦੀ ਮੁੱਢੋਂ ਪੜਤਾਲ ਕਰੀਏ।
ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ।
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,
ਜਾਂ ਫਿਰ ਰਹੇਗੀ ਇੱਥੇ ਸਰਮਾਏਦਾਰੀ ।
ਅਸੀਂ ਆਪਣਿਆਂ ਵਿੱਛੜਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ।
ਲਾਰੇ ਵੇਖ ਕੇ ਇਹਨਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ।
ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ।
ਖੇਤਾਂ ਵਿੱਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।

## ਅਣਖੀਲੇ

ਅਣਖੀਲੇ ਯੋਧਿਆਂ ਨੂੰ ਜਾਂ-ਬਾਜ਼ ਦਲੇਰਾਂ ਨੂੰ,
ਲੱਖ ਲਾਲ ਸਲਾਮ ਨੇ ਪੰਜਾਬ ਦੇ ਸ਼ੇਰਾਂ ਨੂੰ।
ਸਤਲੁਜ ਦੇ ਪਾਣੀਆਂ ਨੂੰ,
ਸਾਡੇ ਮੰਡ ਤੇ ਰੋਹੀਆਂ ਨੂੰ
ਜਦ ਜਹਿਰ ਵਰੋਲੇ ਨੇ, ਚੁੰਹ ਪਾਸਿਓਂ ਘੇਰ ਲਿਆ।
ਜਿੰਦਗੀ ਸੀ ਨਰਕ ਬਣੀ, ਹਰ ਬੂਹੇ ਸਿਵਾ ਬਲੇ,
ਲਾਸ਼ਾਂ ਦੇ ਢੇਰ ਲੱਗੇ, ਹਰ ਪਾਸੇ ਨੇਰ੍ਹ ਪਿਆ।
ਉਹ ਜਾਨ ਤਲੀ ਧਰਕੇ, ਇਸ ਜਹਿਰ ਵਰੋਲੇ ਨੂੰ,
ਸ਼ਾਹ ਕਾਲੀਆਂ ਰਾਤਾਂ ਨੂੰ, ਵੰਗਾਰਨ ਆ ਨਿਕਲੇ।
ਲੱਖ ਲਾਲ ਸਲਾਮ ਨੇ ਇਹੋ ਜਿਹੇ ਸ਼ੇਰਾਂ ਨੂੰ
ਚਾਹੇ ਪਾਰੋ (ਪਾਰਵਤੀ) ਕਤਲ ਹੋਵੇ,
ਜਾਂ ਕਤਲ ਰੰਧਾਵੇ ਦਾ ਸੜਕਾਂ 'ਤੇ ਵਹਿ
ਤੁਰਿਆ, ਹੜ੍ਹ ਰੋਹ ਦੇ ਲਾਵੇ ਦਾ।
ਜਦ ਬੱਸ ਕਰਾਇਆ ਨੂੰ, ਸਰਕਾਰ ਵਧਾਇਆ ਸੀ,
ਇਹਨਾਂ ਲੋਕ ਯੋਧਿਆਂ ਨੇ, ਤੂਫ਼ਾਨ ਉਠਾਇਆ ਸੀ।
ਹਰ ਲੋਕ ਲਹਿਰ ਮੂਹਰੇ, ਹੱਕ ਸੱਚ ਦੇ ਘੋਲਾਂ ਨੂੰ,
ਨਾਰਿਆਂ ਦੀ ਸ਼ਕਲ ਮਿਲੀ, ਸੰਗਰਾਮੀ ਬੋਲਾਂ ਨੂੰ।
ਲੱਖ ਲਾਲ ਸਲਾਮਾਂ ਨੇ ਇਹੋ ਜਿਹੇ ਸ਼ੇਰਾਂ ਨੂੰ
ਐਸ ਪੀ ਚਾਹੇ ਮਾਨ ਹੋਵੇ, ਜਾਂ ਗੋਬਿੰਦ ਰਾਮ ਹੋਵੇ,
ਲੋਕਾਂ 'ਤੇ ਜਦ ਝਪਟੇ, ਇਹ ਹਿੱਕਾਂ ਤਾਣ ਉੱਠੇ।
ਜਦ ਜੋਰ ਸਟੇਨਾਂ ਦੇ, ਫਿਰਕੂ ਬਘਿਆੜਾਂ ਨੇ,
ਸੂਹੇ ਫੁੱਲ ਲੂਹ ਸੁੱਟੇ, ਕੁਝ ਲੋਕ-ਗਦਾਰਾਂ ਨੇ।
ਏ ਕੇ 47 ਦਾ, ਡਰ ਜਰਾ ਨਾ ਮੰਨਿਆ ਸੀ,
ਲੋਕਾਂ ਨੂੰ ਕਰ ਕੱਠੇ, ਦਹਿਸ਼ਤ ਨੂੰ ਭੰਨਿਆ ਸੀ।
ਲੱਖ ਲਾਲ ਸਲਾਮ ਨੇ ...
ਕਿਰਤੀ ਕਾਮਿਆਂ ਤੇ, ਮਜ਼ਦੂਰ ਕਿਸਾਨਾਂ ਤੇ,
ਲੋਕਾਂ ਲਈ ਜੂਝ ਰਹੇ, ਸਿਰ ਲੱਥ ਜੁਆਨਾਂ 'ਤੇ,
ਵਿੱਚ ਸੇਵੇਵਾਲੇ ਦੇ, ਖੂਨੀ ਉਡਵਾਇਰਾਂ ਨੇ।
ਆ ਕੀਤਾ ਹਮਲਾ ਸੀ, ਲੁਕ ਛਿਪ ਕੇ ਕਾਇਰਾਂ ਨੇ
ਵਣਜਾਰੇ ਚਾਨਣ ਦੇ, ਲੋਕਾਂ ਸੰਗ ਵਫ਼ਾ ਕਮਾ।
ਸੂਹੇ ਪਰਚਮ ਲਈ, ਗਏ ਜਿੰਦਗੀ ਘੋਲ ਘੁਮਾ।
ਲੱਖ ਲਾਲ ਸਲਾਮ ਨੇ
ਵਿੱਚ ਮੌਤ ਦੀ ਵਾਛੜ ਦੇ, ਉਹ ਡਟ ਕੇ ਰਹੇ ਖੜ੍ਹੇ,
ਸੰਗਰਾਮੀ ਪਿਰਤਾਂ ਪਾ, ਉਹ ਰਣ ਵਿੱਚ ਜੂਝ ਮਰੇ।
ਇੱਕ ਸੁਰਖ ਸਵੇਰ ਲਈ, ਉਹ ਜਾਨਾਂ ਵਾਰ ਗਏ,
ਕਿਰਤੀ ਦੇ ਸੁਪਨਿਆਂ ਦੇ, ਰੰਗ ਹੋਰ ਨਿਖਾਰ ਗਏ।
ਜਦ ਤੱਕ ਵਿੱਚ ਦੁਨੀਆਂ ਦੇ, ਜਾਬਰ ਨੇ ਰਹਿਣਾ ਹੈ,
ਇਨ੍ਹਾਂ ਲੋਕ ਯੋਧਿਆਂ ਨੇ, ਜੰਮਦੇ ਹੀ ਰਹਿਣਾ ਹੈ।
ਲੱਖ ਲਾਲ ਸਲਾਮ ਨੇ ਇਹੋ ਜਿਹੇ ਸ਼ੇਰਾਂ ਨੂੰ
ਲਾਲ ਸਲਾਮਾਂ ਨੇ ਪੰਜਾਬ ਦੇ ਸ਼ੇਰਾਂ ਨੂੰ।

-ਐਨ ਕੇ ਜੀਤ

## ਰੱਬ ਤੇ ਵਿਗਿਆਨ

ਮਾਨਵ ਨੇ
ਬਣਾਇਆ ਰੱਬ
ਰੱਬ ਦੀਆਂ ਘੜ੍ਹੀਆਂ ਕਹਾਣੀਆਂ
ਘੜ੍ਹੀਆਂ ਕਿਤਾਬਾਂ ਤੇ ਮੂਰਤੀਆਂ

ਤੇ ਆਪਣੀ ਜਿੰਦਗੀ
ਹਵਾਲੇ ਕਰ ਦਿੱਤੀ ਰੱਬ ਦੇ

ਫਿਰ ਰੱਬ ਜਿਨ੍ਹਾਂ ਦੇ ਹਵਾਲੇ ਸੀ
ਉਨ੍ਹਾਂ ਨੇ ਜਿਉਣਾ ਦੁੱਭਰ ਕਰਤਾ
ਮਨੁੱਖ ਦਾ

ਫਿਰ ਮਨੁੱਖ ਨੇ ਬਣਾਇਆ ਵਿਗਿਆਨ
ਕਾਢਾਂ ਕੱਢੀਆਂ ਫਿਰ ਵਧੀਆਂ ਸਹੂਲਤਾਂ

ਮਨੁੱਖ ਨੇ ਬਚੀ ਹੋਈ ਜਿੰਦਗੀ
ਹਵਾਲੇ ਕਰ ਦਿੱਤੀ ਵਿਗਿਆਨ ਦੇ

ਵਿਗਿਆਨ ਜਿਨ੍ਹਾਂ ਦੇ ਹਵਾਲੇ ਸੀ
ਰੱਬ ਜਿਨ੍ਹਾਂ ਦੇ ਹਵਾਲੇ ਸੀ

ਦੋਵਾਂ ਨੇ ਮਿਲਕੇ
ਨਰਕ ਬਣਾ ਦਿੱਤਾ
ਇਨਸਾਨ ਦਾ ਜੀਵਨ ਜਦਕਿ ਉਹ ਵੀ
ਇਨਸਾਨ ਹੀ ਸਨ

ਫਰਕ ਸਿਰਫ਼ ਇੰਨਾ ਹੀ ਸੀ
ਕਿ ਉਨ੍ਹਾਂ ਨੇ ਜਾਣ ਲਿਆ ਸੀ

ਕਿ ਨਾ ਸ਼ਕਤੀ ਹੈ
ਰੱਬ 'ਚ ਨਾ ਵਿਗਿਆਨ 'ਚ
ਸ਼ਕਤੀ ਹੈ ਸਿਰਫ਼ ਪਾਗਲਪਨ 'ਚ

ਹੁਣ ਪਾਗਲਾਂ ਦੇ ਹਵਾਲੇ ਹੈ
ਪੂਰੀ ਇਨਸਾਨੀਅਤ

ਤੇ ਖ਼ੁਦ ਨੂੰ ਕੋਸ ਰਹੀ ਹੈ

ਕਿ ਆਖਿਰ ਉਸਨੇ
ਕਿਉਂ ਘੜਿਆ
ਰੱਬ!
ਕਿਉਂ ਘੜਿਆ ਵਿਗਿਆਨ!!

- ਹੁਬਨਾਥ
ਅਨੁ.: ਯਸ਼ ਪਾਲ
98145 35005

## ਫਾਂਸੀ

ਮੇਰੇ ਪਿੰਡ ਦੇ ਕਿਸੇ ਰੁੱਖ ਨੂੰ
ਮੈਂ ਸੁਣਿਐਂ ਜੇਲ੍ਹ ਹੋ ਗਈ ਹੈ।
ਉਹਦੇ ਕਈ ਦੋਸ਼ ਸਨ:
ਉਹਦੇ ਪੱਤ ਸਾਵਿਆਂ ਦੀ ਥਾਂ
ਹਮੇਸ਼ਾਂ ਲਾਲ ਉਗਦੇ ਸਨ,
ਬਿਨਾ ਵਾ ਦੇ ਵੀ ਉਡਦੇ ਸਨ।

ਉਹ ਪਿੰਡ ਤੋਂ ਬਾਹਰ ਨਹੀਂ
ਪਿੰਡ ਦੇ ਸਗੋਂ ਉਹ ਖੂਹ 'ਚ ਉਗਿਆ ਸੀ
ਤੇ ਜਦ ਵੀ, ਝੂਮਦਾ ਤਾਂ ਉਹ ਸਦਾ ਛਾਵਾਂ
ਹਿਲਾਂਦਾ ਸੀ
ਤੇ ਧੁੱਪਾਂ ਨੂੰ ਡਰਾਂਦਾ ਸੀ
ਤੇ ਰਾਹੀਆਂ ਨੂੰ ਤੁਰੇ ਜਾਂਦੇ ਉਹ
ਧੁੱਪਾਂ ਤੋਂ ਬਚਾਂਦਾ ਸੀ
ਤੇ ਪਾਣੀ ਭਰਦੀਆਂ ਕੁੜੀਆਂ ਨੂੰ
ਧੀ ਕਹਿ ਕੇ ਬੁਲਾਂਦਾ ਸੀ।

ਤੇ ਇਹ ਵੀ ਸੁਣਨ ਵਿਚ ਆਇਐ
ਕਿ ਉਸਦੇ ਪੈਰ ਵੀ ਕਈ ਸਨ।
ਤੇ ਉਹ ਰਾਤਾਂ ਨੂੰ ਤੁਰਦਾ ਸੀ
ਤੇ ਪਿੰਡ ਦੇ ਸਾਰਿਆਂ ਰੁੱਖਾਂ ਨੂੰ ਮਿਲ ਕੇ
ਰੋਜ਼ ਮੁੜਦਾ ਸੀ।
ਤੇ ਅਧ-ਰੈਣੀ ਹਵਾ ਦੀ ਗੱਲ ਕਰਕੇ
ਰੋਜ਼ ਝੁਰਦਾ ਸੀ।
ਭਲਾ ਯਾਰੋ ਅਜਬ ਗੱਲ ਹੈ
ਮੈਂ ਸਾਰੀ ਉਮਰ ਸਭ ਰੁੱਖਾਂ ਦੀਆਂ
ਸ਼ਾਖ਼ਾਂ ਤਾਂ ਤੱਕੀਆਂ ਸਨ
ਕੀ ਰੁੱਖਾਂ ਦੇ ਵੀ ਮੇਰੇ ਦੋਸਤ
ਕਿਤੇ ਪੈਰ ਹੁੰਦੇ ਨੇ?

ਤੇ ਅੱਜ ਅਖ਼ਬਾਰ ਵਿਚ ਪੜ੍ਹਿਐ
ਕਿ ਉਹ ਹਥਿਆਰ-ਬੰਦ ਰੁੱਖ ਸੀ
ਉਹਦੇ ਪੱਲੇ ਬੰਦੂਕਾਂ,
ਬੰਬ ਤੇ ਲੱਖਾਂ ਸੰਗੀਨਾਂ ਸੀ।
ਮੈਂ ਰੁੱਖਾਂ ਕੋਲ ਸਦਾ ਰਹਿੰਦੀਆਂ
ਛਾਵਾਂ ਤਾਂ ਸੁਣੀਆਂ ਸਨ ਪਰ
ਬੰਬਾਂ ਦੀ ਅਜਬ ਗੱਲ ਹੈ?

ਤੇ ਇਹ ਝੂਠੀ ਖ਼ਬਰ ਪੜ੍ਹ ਕੇ
ਮੈਨੂੰ ਇਤਬਾਰ ਨਹੀਂ ਆਉਂਦਾ
ਕਿ ਉਸ ਨੇ ਪਿੰਡ ਦੇ
ਇਕ ਹੋਰ ਰੁੱਖ ਨੂੰ ਮਾਰ ਦਿੱਤਾ ਹੈ
ਜਿਹੜਾ ਪਿੰਡ ਦੇ ਸ਼ਾਹਵਾਂ ਦੇ ਘਰ
ਵਿਹੜੇ 'ਚ ਉਗਿਆ ਸੀ
ਜਿਸ ਤੋਂ ਰੋਜ਼ ਕੋਈ ਕਾਗ
ਚੁਗਲੀ ਕਰਨ ਉਡਿਆ ਸੀ।

ਤੇ ਅੱਜ ਕਿਸੇ ਯਾਰ ਨੇ ਦਸਿਐ
ਜੋ ਮੇਰੇ ਪਿੰਡ ਤੋਂ ਆਇਐ
ਕਿ ਮੇਰੇ ਉਸ ਪਿੰਡ ਦੇ ਰੁੱਖ ਨੂੰ
ਫਾਂਸੀ ਵੀ ਹੋ ਰਹੀ ਹੈ
ਉਹਦਾ ਪਿਉ ਕਿੱਕਰਾਂ ਵਰਗਾ
ਤੇ ਮਾਂ ਬੇਰੀ ਜਿਹੀ ਰੋ ਰਹੀ ਹੈ।

-ਸ਼ਿਵ ਕੁਮਾਰ ਬਟਾਲਵੀ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਐਡਮਿੰਟਨ, ਕੈਨੇਡਾ ਰਹਿੰਦੀ ਕਵਿੱਤਰੀ, ਨਾਟਕਰਮੀ ਅਤੇ ਸਮਾਜਿਕ ਕਾਰਕੁੰਨ ਬਖਸ਼ ਸੰਘਾ, ਦੇਵ ਸਮਾਜ ਕਾਲਜ ਚੰਡੀਗੜ੍ਹ ਦੀਆਂ ਵਿਦਿਆਰਥਣਾ ਦੇ ਰੂ-ਬ-ਰੂ

**• ਭੈਣ ਬਖਸ਼ ਸੰਘਾ ਨੇ ਪਰਿਵਾਰਕ ਜ਼ੁੰਮੇਵਾਰੀ ਨਿਭਾਉਣ ਦੇ ਨਾਲ ਨਾਲ ਰੰਗਮੰਚੀ, ਸਾਹਿਤਕ ਅਤੇ ਸਮਾਜਿਕ ਗਤੀਵਿਧੀਆ ਵੀ ਜਾਰੀ ਰੱਖੀਆਂ : ਸੰਜੀਵਨ**

**• ਬਖਸ਼ ਸੰਘਾ ਨੇ ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ ਦੇ ਸਿਧਾਂਤ 'ਤੇ ਦਿੱਤਾ ਪਹਿਰਾਂ : ਡਾ. ਸਿਰਸਾ**

ਚੰਡੀਗੜ੍ਹ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਕੇਨੈਡਾ ਦੇ ਐਡਮਿੰਟਨ ਸ਼ਹਿਰ ਵਿਚ ਚਾਰ ਦਹਾਕਿਆਂ ਤੋਂ ਰੰਗਮੰਚ ਅਤੇ ਸਾਹਿਤ ਦੇ ਖੇਤਰ ਵਿਚ ਸਰਗਰਮ ਨਾਟਕਰਮੀ, ਸ਼ਾਇਰਾ ਅਤੇ ਸਮਾਜਿਕ ਕਾਰਕੁਨ ਬਖਸ਼ ਸੰਘਾ ਨੇ ਆਪਣੇ ਰੰਗਮੰਚੀ ਅਤੇ ਸਾਹਿਤਕ ਤਜ਼ਰਬੇ ਦੇਵ ਸਮਾਜ ਕਾਲਜ ਸੈਕਟਰ-45 ਚੰਡੀਗੜ੍ਹ ਪੰਜਾਬੀ ਵਿਭਾਗ ਵੱਲੋਂ ਆਯੋਜਿਤ ਕਾਲਜ ਦੀਆਂ ਵਿਦਿਆਰਥਣਾ ਨਾਲ ਸਾਂਝੇ ਕੀਤੇ। ਇਹ ਸਮਾਗਮ ਵਿਦਵਾਨ, ਚਿੰਤਕ, ਆਲੋਚਕ ਅਤੇ ਸ਼ਾਇਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਰਾਸ਼ਟਰੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਦੀ ਪ੍ਰਧਾਨਗੀ ਹੇਠ ਹੋਇਆ।

ਵਿਭਾਗ ਦੇ ਮੁੱਖੀ ਮਨਪ੍ਰੀਤ ਕੌਰ ਦਰਜਨ ਦੇ ਕਰੀਬ ਆਇਆਂ ਸਾਹਿਤਕ ਅਤੇ ਰੰਗਮੰਚੀ ਸਵਾਗਤ ਕਰਦੇ ਕਿਹਾ ਕਿ ਇਹ ਸਾਡੇ ਕਾਲਜ ਅਤੇ ਵਿਦਿਆਰਥਣਾਂ ਲਈ ਯਾਦਗਾਰੀ ਪਲ ਹਨ ਕਿ ਸਲੇਬਸਾਂ ਵਿਚ ਪੜ੍ਹਾਏ ਜਾਣ ਵਾਲੇ ਇਨ੍ਹਾਂ ਲੋਕਾਂ ਦੇ ਵਿਚਾਰ ਸੁਣਨ ਅਤੇ ਨੇੜਿਓਂ ਵੇਖਣ ਦਾ ਮੌਕਾ ਮਿਲ ਰਿਹਾ ਹੈ।

ਨਾਟਕਕਾਰ ਸੰਜੀਵਨ ਸਿੰਘ ਬਖਸ਼ ਸੰਘਾ ਦੀ ਵਾਕਫ਼ੀਅਤ ਕਰਵਾਉਂਦੇ ਕਿਹਾ ਕਿ ਭੈਣ ਬਖਸ਼ ਸੰਘਾ ਨੇ ਪਰਿਵਾਰਕ ਜ਼ੁੰਮੇਵਾਰੀ ਨਿਭਾਉਣ ਦੇ ਨਾਲ ਨਾਲ ਰੰਗਮੰਚੀ ਗਤੀਵਿਧੀਆ ਅਤੇ ਭਾਰਤ ਸਮੇਤ ਕੈਨੇਡਾ ਦੇ ਭੱਖਦੇ ਮਸਲਿਆਂ ਦੀ ਬਾਤ ਪਾਉਂਦੀਆਂ ਛੇ ਕਿਤਾਬਾ 'ਸੁਣ ਨੀ ਕੁੜੀਏ ਜਿਊਣ ਜੋਗੀਏ', 'ਮਾਂ ਧੀ ਦਾ ਸੰਵਾਦ', 'ਤੁਰ ਚਾਨਣ ਦੀ ਤੋਰ', 'ਚਾਨਣ ਦੀ ਛੋਹ', 'ਦੋਸ਼ੀ ਕੌਣ ?', 'ਸੁਲਘਦੇ ਜਜ਼ਬਾਤ' ਲਿਖੀਆਂ।

ਬਖਸ਼ ਸੰਘਾ ਨੇ ਆਪਣੇ ਬਾਰੇ ਗੱਲ ਕਰਦਿਆਂ ਕਿਹਾ ਕਿ ਮੈਂ ਪੰਜਾਬ ਦੇ ਜ਼ਿਲ੍ਹੇ ਕਪੂਰਥਲਾ ਵਿਚ ਪੈਂਦੇ ਛੋਟੇ ਜਿਹੇ ਪਿੰਡ ਢਪਈ ਦੀ ਮਿੱਟੀ ਵਿਚ ਜੰਮ-ਪਲ ਕੇ ਅਤੇ ਮੁੱਢਲੀ ਸਿਖਿਆਂ ਪ੍ਰਪਾਤ ਕਰਕੇ, ਚੜ੍ਹਦੀ ਉਮਰੇ 32 ਸਾਲ ਪਹਿਲਾਂ ਕੇਨੈਡਾ ਦੇ ਐਡਮਿੰਟਨ ਸ਼ਹਿਰ ਵਿਚ ਜਾ ਕੇ 10+2 ਅਲਬਰਟਾ ਕਾਲਜ ਵਿਚ ਅਪਗ੍ਰੇਡਿੰਗ ਕੀਤੀ। ਮੈਂ ਕਲਾ ਅਤੇ ਕਲਮ ਨੂੰ ਲੋਕਾਂ ਦੇ ਮਸਲਿਆਂ ਉਭਾਰਨ ਲਈ ਇਸਤੇਮਾਲ ਕੀਤਾ। ਚਾਹੇ ਮੇਰੀ ਜਨਮ ਭੂਮੀ ਪੰਜਾਬ ਹੋਵੇ ਜਾਂ ਮੇਰੀ ਕਰਮਭੂਮੀ ਐਡਮਿੰਟਨ, ਮੈਂ ਆਪਣੇ ਲੋਕਾਂ ਦੀ ਗੱਲ ਕੀਤੀ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਸੁਖਦੇਵ ਸਿੰਘ ਸਿਰਸਾ ਨੇ ਕਾਲਜ ਦੀਆਂ ਵਿਦਿਆਰਥਣਾ ਦੀ ਸਮਾਗਮ ਨੂੰ ਧਿਆਨ ਅਤੇ ਇਕਾਗਰ ਚਿੱਤ ਹੋ ਸੁਨਣ ਲਈ ਪ੍ਰਸੰਸਾ ਕਰਦਿਆਂ ਕਿਹਾ ਕਿ 'ਬਖਸ਼ ਸੰਘਾ ਨੇ ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ ਦੇ ਸਿਧਾਂਤ' 'ਤੇ ਪਹਿਰਾਂ ਦਿੰਦਿਆਂ ਗੁਰਸ਼ਰਨ ਭਾਅ ਜੀ, ਡਾ. ਆਤਮਜੀਤ ਨਾਲ ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਛਿਪਣ ਤੋਂ ਪਹਿਲਾਂ, ਦਵਿੰਦਰ ਦਮਨ ਨਾਲ ਕਾਮਾਗਾਟਾ ਮਾਰੂ ਅਤੇ ਨਿਸ਼ਾਨੇ ਗਦਰ, ਸੰਜੀਵਨ ਨਾਲ ਫ਼ਰੀਡਮ ਫ਼ਾਈਟਰ, ਕੇਵਲ ਧਾਲੀਵਾਲ ਨਾਲ ਕੁਦੇਸਣ ਅਤੇ ਸਮੇਤ 40 ਦੇ ਕਰੀਬ ਨਾਟਕਾਂ ਵਿਚ ਮੁੱਖ ਭੂਮਿਕਾ ਨਿਭਾਈ।



ਲੋਕ-ਨਾਚਾਂ ਦੇ ਮਾਹਿਰ ਅਤੇ ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਬਖਸ਼ ਸੰਘਾ ਐਡਮਿੰਟਨ ਰਹਿੰਦੇ ਆਪਣੇ ਭਰਾ ਰੰਗਕਰਮੀ ਜੋਗਿੰਦਰ ਰੰਧਾਵਾ ਦੀ ਹੀ ਭੈਣ ਨਹੀਂ ਸਗੋਂ ਉਨ੍ਹਾਂ ਸਾਰੇ ਰੰਗਕਰਮੀਆਂ ਦੀ ਭੈਣ ਹੈ, ਜੋ ਉਸ ਨੂੰ ਕਦੇ ਵੀ, ਕਿਤੇ ਵੀ ਮਿਲੇ। ਚਾਹੇ ਉਹ ਪੰਜਾਬੀ ਫਿਲਮਾਂ ਦੇ ਚਰਚਿੱਤ ਅਭਿਨੇਤਾ ਬੀ. ਐਨ. ਸ਼ਰਮਾਂ ਹੋਵੇ, ਭੋਪਾਲ ਸਿੰਘ ਹੋਵੇ, ਸੰਜੀਵਨ ਹੋਵੇ ਚਾਹੇ ਮੈਂ ਹੋਵਾਂ।

ਇਸ ਦੌਰਾਨ ਵਿਦਿਆਰਥਣਾਂ ਤੋਂ ਇਲਾਵਾ ਰੰਗਕਰਮੀ ਭੋਪਾਲ ਸਿੰਘ, ਗੁਰਵਿੰਦਰ ਬੈਦਵਾਣ (ਬਾਕਰਪੁਰੀਆ), ਉਭਰਦਾ ਗਾਇਕ ਨਵਜੋਤ ਕਲਸੀਆਂ ਵੀ ਸ਼ਾਮਿਲ ਸਨ।ਅੰਤ ਵਿਚ ਕਾਲਜ ਦੇ ਵਾਇਸ ਪ੍ਰਿੰਸੀਪਲ ਡਾ. ਸ਼ਿਵਾ ਮਲਿਕ ਨੇ ਖਾਸ ਤੌਰ 'ਤੇ ਬਖਸ਼ ਸੰਘਾ, ਡਾ. ਸਿਰਸਾ ਅਤੇ ਸੰਜੀਵਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਿਲਣੀ ਸਾਡੇ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥਣਾ ਦੇ ਚੇਤਿਆ ਵਿਚ ਹਮੇਸ਼ਾਂ ਵੱਸੀ ਰਹੇਗੀ।

# ਆਦਿਵਾਸੀ ਇਲਾਕਿਆਂ 'ਚ ਜਬਰ ਵਿਰੁੱਧ ਜਮਹੂਰੀ ਫਰੰਟ ਵੱਲੋਂ ਆਯੋਜਤ ਕਨਵੈਨਸ਼ਨ ਨੇ ਕੀਤੀ ਜ਼ੋਰਦਾਰ ਮੰਗ

**• ਜੇਲ੍ਹੀਂ ਡੱਕੇ ਬੁੱਧੀਜੀਵੀਆਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾ ਕੀਤਾ ਜਾਵੇ**

**• ਵਿਚਾਰਧਾਰਾਵਾਂ ਨੂੰ ਜੁਰਮ ਕਰਾਰ ਦੇ ਕੇ ਵਿਚਾਰਾਂ ਦੀ ਆਜ਼ਾਦੀ ਨੂੰ ਖ਼ਤਮ ਕੀਤਾ ਜਾ ਰਿਹਾ : ਸੀਮਾ ਆਜ਼ਾਦ**



ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : 4 ਅਪ੍ਰੈਲ ਨੂੰ ਲੁਧਿਆਣਾ ਦੇ ਪੰਜਾਬੀ ਭਵਨ ਵਿਖੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ ਆਦਿਵਾਸੀਆਂ ਇਲਾਕਿਆਂ ਵਿਚ ਜਬਰ ਵਿਰੁੱਧ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਕਨਵੈਨਸ਼ਨ ਕਰਵਾਈ ਗਈ। 8 ਅਪ੍ਰੈਲ ਕਾਲੇ ਕਾਨੂੰਨਾਂ ਵਿਰੋਧੀ ਦਿਵਸ ਨੂੰ ਸਮਰਪਿਤ ਕਨਵੈਨਸ਼ਨ ਦੀ ਪ੍ਰਧਾਨਗੀ ਨਾਮਵਰ ਜਮਹੂਰੀ ਕਾਰਕੁਨ ਤੇ ਲੇਖਿਕਾ ਸੀਮਾ ਆਜ਼ਾਦ ਅਤੇ ਫਰੰਟ ਦੇ ਕਨਵੀਨਰਾਂ ਪ੍ਰੋਫੈਸਰ ਏ.ਕੇ. ਮਲੇਰੀ ਤੇ ਬੂਟਾ ਸਿੰਘ ਮਹਿਮੂਦਪੁਰ ਨੇ ਕੀਤੀ। ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪਲਸ ਮੰਚ, ਬੀ.ਕੇ. ਯੂ. (ਏਕਤਾ ਉਗਰਾਹਾਂ), ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਇਨਕਲਾਬੀ ਕੇਂਦਰ ਪੰਜਾਬ, ਮੁਕਤੀ ਸੰਗਰਾਮ ਮਜ਼ਦੂਰ ਮੰਚ, ਬਾਬਾ ਭਾਨ ਸਿੰਘ ਸੁਨੇਤ ਯਾਦਗਾਰੀ ਟਰੱਸਟ, ਸਟੂਡੈਂਟਸ ਫਾਰ ਸੁਸਾਇਟੀ, ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਆਦਿ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ, ਤਰਕਸ਼ੀਲ, ਜਮਹੂਰੀ ਹੱਕਾਂ ਦੇ ਝੰਡਾਬਰਦਾਰ, ਲੋਕ ਪੱਖੀ ਲੇਖਕ, ਸਾਹਿਤਕਾਰ ਅਤੇ ਰੰਗਕਰਮੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ।

ਆਪਣੇ ਸੰਬੋਧਨ ਵਿਚ ਮੁੱਖ ਵਕਤਾ ਸੀਮਾ ਆਜ਼ਾਦ ਨੇ ਕਿਹਾ ਕਿ ਭਾਰਤੀ ਰਾਜ ਵੱਲੋਂ ਆਦਿਵਾਸੀ ਇਲਾਕਿਆਂ ਵਿਚ ਕਰੂਰ ਕਤਲੇਆਮ ਦੇ ਨਾਲ-ਨਾਲ ਪੂਰੇ ਦੇਸ਼ ਵਿਚ ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਬੇਹੱਦ ਘਾਣ ਕੀਤਾ ਜਾ ਰਿਹਾ ਹੈ। ਭਾਰਤੀ ਹੁਕਮਰਾਨਾਂ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਵਿਆਪਕ ਨੀਮ-ਫ਼ੌਜੀ ਓਪਰੇਸ਼ਨਾਂ ਦਾ ਵਾਹਦ ਮਨੋਰਥ ਦੇਸ਼ ਦੇ ਜਲ-ਜੰਗਲ-ਜ਼ਮੀਨਾਂ ਸਮੇਤ ਸਮੁੱਚੇ ਖਣਿਜ ਭੰਡਾਰ ਵਿਦੇਸ਼ੀ ਤੇ ਦੇਸੀ ਇਜਾਰੇਦਾਰ ਸਰਮਾਏਦਾਰਾਂ ਨੂੰ ਲੁਟਾਉਣਾ ਹੈ। ਬਦੇਸ਼ੀ ਅਤੇ ਦੇਸੀ ਅਜਾਰੇਦਾਰ ਕਾਰਪੋਰੇਟਾਂ ਦੀ ਲਾਲਚੀ ਅੱਖ ਪੂਰੇ ਦੇਸ਼ ਦੇ ਖੇਤੀ ਅਤੇ ਖਣਿਜ ਭੰਡਾਰਾਂ ਉੱਪਰ ਹੈ। ਮੋਦੀ ਸਰਕਾਰ ਵੱਲੋਂ ਢਾਹਿਆ ਜਾ ਰਿਹਾ ਇਹ ਫਾਸ਼ੀ ਕਹਿਰ ਸਿਰਫ਼ ਜੰਗਲ-ਪਹਾੜ ਲੁਟਾਉਣ ਲਈ ਹੀ ਨਹੀਂ ਸਗੋਂ ਸਭ ਕੁਝ ਅਜਾਰੇਦਾਰ ਸਰਮਾਏਦਾਰਾਂ ਦੇ ਹਵਾਲੇ ਕਰਨ ਲਈ ਹੈ। ਭਗਵਾ ਹੁਕਮਰਾਨਾਂ ਦੇ ਨਕਸਲਵਾਦ ਦੇ ਖ਼ਾਤਮੇ ਅਤੇ ਆਦਿਵਾਸੀਆਂ ਦੇ ਵਿਕਾਸ ਦੇ ਜਸ਼ਨੀਂ ਐਲਾਨਾਂ ਦਰਮਿਆਨ ਪੂਰੇ ਦੇ ਪੂਰੇ ਆਦਿਵਾਸੀ ਪਿੰਡ ਰਾਜ-ਮਸ਼ੀਨਰੀ ਦੀ ਸਖ਼ਤ ਨਿਗਰਾਨੀ ਦੇ ਭੈਅ ਦੇ ਸਾਏ ਹੇਠ ਜੀ ਰਹੇ ਹਨ। ਆਦਿਵਾਸੀ ਵਿਰੋਧ ਨੂੰ ਕੁਚਲਣ ਲਈ ਹੋਰ ਜਾਬਰ ਤਰੀਕਿਆਂ ਦੇ ਨਾਲ ਅਮਰੀਕੀ-ਇਜ਼ਰਾਇਲੀ ਡਰੋਨ ਟੈਕਨਾਲੋਜੀ ਵਰਤੀ ਗਈ ਹੈ। ਆਦਿਵਾਸੀ ਲੋਕਾਂ ਨੂੰ ਕੁਦਰਤ ਪ੍ਰੇਮੀ ਤਰਜ਼ੇ-ਜ਼ਿੰਦਗੀ ਤੋਂ ਅਲੱਗ-ਥਲੱਗ ਕਰ ਦਿੱਤਾ ਗਿਆ ਹੈ ਅਤੇ ਕਥਿਤ ਵਿਕਾਸ ਮਾਡਲ ਨੇ ਉਨ੍ਹਾਂ ਦੇ ਪਵਿੱਤਰ ਪਹਾੜ, ਜੀਵਨ-ਗੁਜ਼ਾਰੇ ਦੇ ਵਸੀਲੇ, ਨਿੱਜਤਾ ਅਤੇ ਅਮਨ-ਚੈਨ ਸਭ ਕੁਝ ਖੋਹ ਲਿਆ ਹੈ। ਜੇ ਦੇਸ਼ ਦੇ ਲੋਕ ਇਸ ਫਾਸ਼ੀ ਹੱਲੇ ਵਿਰੁੱਧ ਡੱਟਕੇ ਆਵਾਜ਼ ਨਹੀਂ ਉਠਾਉਂਦੇ ਤਾਂ ਦੇਰ-ਸਵੇਰ ਪੂਰੇ ਭਾਰਤ ਦੇ ਲੋਕਾਂ ਨੂੰ ਇਸ ਖ਼ੂਨੀ ਹਮਲੇ ਦਾ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਕਾਰਪੋਰੇਟ ਜਗਤ ਦੀ ਸੇਵਾ ਲਈ ਪੰਜਾਬ ਵਰਗੇ ਖੇਤਰਾਂ ਦੇ ਲੋਕ ਸੰਘਰਸ਼ਾਂ ਉੱਪਰ ਵੀ ਸੱਤਾ ਦਾ ਬੇਕਿਰਕ ਬੁਲਡੋਜ਼ਰ ਇਸੇ ਤਰ੍ਹਾਂ ਚੱਲੇਗਾ।

ਮੁੱਖ ਵਕਤਾ ਨੇ ਕਿਹਾ ਕਿ ਇਸ ਕਾਰਪੋਰੇਟ ਹਿਤੈਸ਼ੀ ਹਮਲੇ ਅਤੇ ਆਰਐੱਸਐੱਸ-ਭਾਜਪਾ ਦੀ ਫਿਰਕੂ ਸਿਆਸਤ ਦਾ ਵਿਰੋਧ ਕਰਨ ਵਾਲੀਆਂ ਜ਼ਹੀਨ ਸ਼ਖ਼ਸੀਅਤਾਂ ਐਡਵੋਕੇਟ ਸੁਰਿੰਦਰ ਗਾਡਲਿੰਗ, ਉਮਰ ਖ਼ਾਲਿਦ, ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਸਮੇਤ ਦਰਜਨਾਂ ਜਮਹੂਰੀ ਲੋਕਾਂ ਨੂੰ 'ਸ਼ਹਿਰੀ ਨਕਸਲੀ' ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸਾੜਿਆ ਜਾ ਰਿਹਾ ਹੈ। ਅਦਾਲਤੀ ਉਦਾਸੀਨਤਾ ਕਾਰਨ ਸਜ਼ਾ ਪੂਰੀ ਕਰ ਚੁੱਕੇ ਬੇਸ਼ੁਮਾਰ ਕੈਦੀ ਵੀ ਜੇਲ੍ਹਾਂ ਵਿਚ ਸੜ ਰਹੇ ਹਨ। ਇਨ੍ਹਾਂ ਸਾਰਿਆਂ ਦੀ ਰਿਹਾਈ ਲਈ ਮਜ਼ਬੂਤ ਜਮਹੂਰੀ ਲਹਿਰ ਖੜ੍ਹੀ ਕਰਨੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪਾਰਲੀਮੈਂਟ ਵਿਚ ਦਿੱਤਾ ਭਾਸ਼ਣ ਸਾਫ਼ ਇਸ਼ਾਰਾ ਹੈ ਕਿ ਨਕਸਲੀ ਠੱਪੇ ਦਾ ਇਸਤੇਮਾਲ ਆਦਿਵਾਸੀ ਸੰਘਰਸ਼ਾਂ ਨੂੰ ਕੁਚਲਣ ਲਈ ਕੀਤਾ ਗਿਆ ਅਤੇ ਹੁਣ ਭਾਜਪਾ ਸਰਕਾਰ 'ਸ਼ਹਿਰੀ ਨਕਸਲੀ' ਦੇ ਬਿਰਤਾਂਤ ਦੇ ਬਹਾਨੇ ਜੰਗਲਾਂ ਤੋਂ ਬਾਹਰ ਸ਼ਹਿਰੀ-ਮੈਦਾਨੀ ਇਲਾਕਿਆਂ ਵਿਚ ਆਲੋਚਕ ਆਵਾਜ਼ਾਂ ਅਤੇ ਸੰਘਰਸ਼ਸ਼ੀਲ ਤਾਕਤਾਂ ਉੱਪਰ ਵਿਆਪਕ ਜਾਬਰ ਹੱਲਾ ਬੋਲਣ ਦੀਆਂ ਗੋਂਦਾਂ ਗੁੰਦ ਰਹੀ ਹੈ। ਉਨ੍ਹਾਂ ਕਿਹਾ ਕਿ ਪਿੱਛੇ ਜਹੇ ਭਾਜਪਾ ਦੇ ਸੂਰਜ ਕੁੰਡ 'ਚਿੰਤਨ ਸ਼ਿਵਰ' ਨੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਤਹਿਤ ਕਮਿਊਨਿਸਟ ਵਿਚਾਰਧਾਰਾ ਨੂੰ ਖ਼ਤਰਨਾਕ ਦੱਸਿਆ ਸੀ। ਹੁਣ ਉਸੇ ਫਾਸ਼ੀ ਰਾਜਨੀਤਕ ਪ੍ਰੋਜੈਕਟ ਦੇ ਤਹਿਤ ਪਾਰਲੀਮੈਂਟ ਵਿਚ ਵਿਚਾਰਧਾਰਾ ਨੂੰ ਜੁਰਮ ਕਰਾਰ ਦੇਣ ਦਾ ਮਤਲਬ ਇਹ ਹੈ ਕਿ ਸੱਤਾਧਾਰੀ ਧਿਰ ਦੀ ਖ਼ਾਸ ਫਿਰਕੂ ਵਿਚਾਰਧਾਰਾ ਤੋਂ ਬਿਨਾਂ ਦੇਸ਼ ਵਿਚ ਕੋਈ ਵੀ ਵਿਚਾਰਧਾਰਾ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਹਮਲਾ ਜਮਹੂਰੀ ਸੰਸਥਾਵਾਂ ਅਤੇ ਹੱਕਾਂ ਦੀ ਲਹਿਰ ਲਈ ਸਖ਼ਤ ਚੁਣੌਤੀ ਹੈ ਅਤੇ ਇਸ ਨੂੰ ਨਾ ਸਿਰਫ਼ ਹੌਸਲੇ ਨਾਲ ਠੱਲਣਾ ਹੋਵੇਗਾ ਸਗੋਂ ਅਲੱਗ-ਥਲੱਗ ਸੰਘਰਸ਼ਾਂ ਤੋਂ ਅੱਗੇ ਵਧਕੇ ਇਨ੍ਹਾਂ ਜਮਹੂਰੀ ਕਦਰਾਂ-ਕੀਮਤਾਂ ਅਤੇ ਆਜ਼ਾਦੀਆਂ ਦੀ ਰਾਖੀ ਲਈ ਹੋਰ ਵੀ ਗੰਭੀਰਤਾ ਨਾਲ ਲੜਨਾ ਹੋਵੇਗਾ।

ਇਕੱਠ ਵਿਚ ਜਸਵਿੰਦਰ ਫਗਵਾੜਾ ਵੱਲੋਂ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ। ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ 'ਓਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਿਸ ਮੁਕਾਬਲਿਆਂ ਸਮੇਤ ਹਰ ਤਰ੍ਹਾਂ ਦੇ ਜਬਰ-ਜ਼ੁਲਮ ਫੌਰੀ ਰੋਕੇ ਜਾਣ, ਉੱਥੋਂ ਸਾਰੇ ਪੁਲਿਸ ਕੈਂਪ ਹਟਾਏ ਜਾਣ ਅਤੇ ਪੁਲਿਸ ਤੇ ਨੀਮ-ਫ਼ੌਜੀ ਬਲ ਵਾਪਸ ਬੁਲਾਏ ਜਾਣ, ਜਲ-ਜੰਗਲ-ਜ਼ਮੀਨ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ ਅਤੇ ਲੋਕ ਵਿਰੋਧੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜੰਗਲਾਂ ਵਿੱਚੋਂ ਆਦਿਵਾਸੀਆਂ ਨੂੰ ਉਜਾੜਨਾ ਬੰਦ ਕੀਤਾ ਜਾਵੇ, ਮਜ਼ਦੂਰ ਵਿਰੋਧੀ ਕਿਰਤ ਕੋਡ, ਯੂਏਪੀਏ, ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ, ਦਿੱਲੀ ਹਿੰਸਾ, ਭੀਮਾ-ਕੋਰੇਗਾਓਂ, ਲਖਨਊ ਆਦਿ ਝੂਠੇ ਸਾਜ਼ਿਸ਼ ਕੇਸ ਬਣਾਕੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀ ਅਤੇ ਹੱਕਾਂ ਦੇ ਕਾਰਕੁਨ ਰਿਹਾ ਕੀਤੇ ਜਾਣ, ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲੇ ਬੰਦ ਕੀਤੇ ਜਾਣ, ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਜੇਲੀਂ ਡੱਕੇ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾ ਕੀਤਾ ਜਾਏ; ਸੰਘਰਸ਼ ਅਤੇ ਜਥੇਬੰਦੀਆਂ ਬਣਾਉਣ ਦਾ ਬੁਨਿਆਦੀ ਜਮਹੂਰੀ ਹੱਕ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ; ਗਾਜ਼ਾ ਅਤੇ ਇਰਾਨ ਉੱਪਰ ਅਮਰੀਕੀ-ਇਜ਼ਰਾਇਲੀ ਗੱਠਜੋੜ ਵੱਲੋਂ ਥੋਪੀ ਧਾੜਵੀ ਜੰਗ ਬੰਦ ਕੀਤੀ ਜਾਵੇ; ਭਾਰਤ ਸਰਕਾਰ ਦਹਿਸ਼ਤਗਰਦ ਇਜ਼ਰਾਇਲ ਸਟੇਟ ਨਾਲੋਂ ਕੂਟਨੀਤਕ ਸੰਬੰਧ ਖ਼ਤਮ ਕਰੇ ਅਤੇ ਇਜ਼ਰਾਇਲੀ ਖ਼ੁਫੀਆ ਏਜੰਸੀ ਮੌਸਾਦ ਦੇ ਓਪਰੇਸ਼ਨਾਂ ਉੱਪਰ ਰੋਕ ਲਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਇਜ਼ਰਾਇਲੀ ਸਰਕਾਰ ਵੱਲੋਂ ਇਜ਼ਰਾਇਲੀਆਂ ਦੇ ਕਥਿਤ ਕਤਲ ਕਰਨ ਵਾਲੇ ਫ਼ਲਸਤੀਨੀਆਂ ਨੂੰ ਮੌਤ ਦੀ ਸਜ਼ਾ ਦੇਣ ਲਈ ਕਾਨੂੰਨ ਪਾਸ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ।

ਮੁੱਖ ਵਕਤਾ ਨੂੰ ਫਰੰਟ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਗੁਲਜ਼ਾਰ ਸਿੰਘ ਪੰਧੇਰ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ, ਸੂਬਾ ਸਕੱਤਰੇਤ ਮੈਂਬਰ ਜਸਵੰਤ ਜੀਰਖ, ਸੁਰਖ਼ ਲੀਹ ਦੇ ਸੰਪਾਦਕ ਜਸਪਾਲ ਜੱਸੀ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਜਨਰਲ ਸਕੱਤਰ ਕੰਵਲਜੀਤ ਖੰਨਾ, ਕੈਸ਼ੀਅਰ ਕਸਤੂਰੀ ਲਾਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ, ਡਾ. ਅਰੁਣ ਮਿੱਤਰਾ, ਪ੍ਰੋਫੈਸਰ ਗਰੇਵਾਲ, ਪ੍ਰੋਫੈਸਰ ਦਵਿੰਦਰ ਜੋਸ਼ੀ, ਮਾਸਟਰ ਹਰੀਸ਼ ਪੱਖੋਵਾਲ, ਡਾ. ਹਰਬੰਸ ਸਿੰਘ ਗਰੇਵਾਲ, ਜਸਵੰਤ ਜੀਰਖ, ਪ੍ਰੋਫੈਸਰ ਗਰੇਵਾਲ, ਪ੍ਰੋਫੈਸਰ ਦਵਿੰਦਰ ਜੋਸ਼ੀ, ਮਾਸਟਰ ਹਰੀਸ਼ ਪੱਖੋਵਾਲ, ਐਡਵੋਕੇਟ ਅਮਨ, ਬਲਵੀਰ ਚੰਦ ਲੌਂਗੋਵਾਲ, ਸਵਰਨਜੀਤ ਸਿੰਘ ਸੰਗਰੂਰ, ਸੁਖਦੇਵ ਫਗਵਾੜਾ, ਐਡਵੋਕੇਟ ਹਰਪ੍ਰੀਤ ਜੀਰਖ, ਡਾ. ਮੋਹਣ ਸਿੰਘ, ਹਰਜਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜੀਰਖ, ਐਡਵੋਕੇਟ ਨਰਿੰਦਰ ਸਿੰਘ, ਬਲਕੌਰ ਸਿੰਘ, ਉਜਾਗਰ ਸਿੰਘ ਬੱਦੋਵਾਲ, ਸਤੀਸ਼ ਸਚਦੇਵਾ, ਸੁਦਾਗਰ ਸਿੰਘ ਘੁਡਾਣੀ, ਹਿੰਮਤ ਸਿੰਘ, ਸੁਖਵਿੰਦਰ ਲੀਲ੍ਹ, ਰਮਨਜੀਤ ਸਿੰਘ, ਤਰਲੋਚਨ ਝਾਂਡੇ, ਸੁਖਦੇਵ ਸਲੇਮਪੁਰੀ, ਚਰਨ ਸਿੰਘ ਨੂਰਪੁਰਾ, ਜਸਦੇਵ ਲਲਤੋਂ, ਬਚਿੰਤ ਸਿੰਘ, ਮਨਜੀਤ ਕੌਰ, ਹਰਜਿੰਦਰ ਕੌਰ, ਵਿਜੈ ਨਰਾਇਣ ਸਮੇਤ ਬਹੁਤ ਸਾਰੀਆਂ ਜਨਤਕ ਜਮਹੂਰੀ, ਸਾਹਿਤਕ-ਸੱਭਿਆਚਾਰਕ ਸ਼ਖ਼ਸੀਅਤਾਂ ਹਾਜ਼ਰ ਸਨ। ਕਨਵੈਨਸ਼ਨ ਵਿਚ ਇਨਕਲਾਬੀ ਗਾਇਕਾਂ ਗੁਰਮੀਤ ਜੱਜ, ਕਸਤੂਰੀ ਲਾਲ, ਬਰਿਜ ਰਾਜੇਆਣਾ ਅਤੇ ਮੌਸਮ ਵੱਲੋਂ ਗੀਤ ਪੇਸ਼ ਕੀਤੇ ਗਏ। ਸੂਬਾ ਕਨਵੀਨਰ ਪ੍ਰੋਫੈਸਰ ਮਲੇਰੀ ਵੱਲੋਂ ਧੰਨਵਾਦ ਕੀਤਾ ਗਿਆ।

# ਦੂਸਰਾ ਜਨਮ-ਸੰਸਾਰਕ ਪੱਖ

## (ਇੰਜ. ਈਸ਼ਰ ਸਿੰਘ ਦੀ ਨਵੀਂ ਕਿਤਾਬ, 'ਤਕਨੌਲੋਜੀ - ਕੰਨਾਂ ਨੂੰ ਖਾ ਰਿਹਾ ਸੋਨਾ' 'ਚ)

**ਇੰਜ ਈਸ਼ਰ ਸਿੰਘ**

ਮਹਾਂਪੁਰਖ ਅਤੇ ਫ਼ਿਲਾਸਫ਼ਰ ਦਸ ਦੇ ਹਨ ਕਿ ਇਹ ਸੰਸਾਰ ਦੁੱਖਾਂ ਅਤੇ ਸੁੱਖਾਂ ਦਾ ਮਿਸ਼ਰਣ ਹੈ ਅਤੇ ਸਾਨੂੰ ਨਸੀਹਤ ਕਰਦੇ ਹਨ ਕਿ ਹਮੇਸ਼ਾ ਚੜ੍ਹਦੀਆਂ ਕਲਾਂ ਵਿੱਚ ਰਹੋ, ਇਸ ਜੀਵਨ ਨੂੰ ਖਿੜੇ ਮੱਥੇ ਜੀਓ ਅਤੇ ਨਾਲ਼ ਹੀ ਆਪਣੇ ਪਰਮਾਰਥੀ ਅਤੇ ਸੰਸਾਰਿਕ ਫ਼ਰਜ ਵੀ ਪੂਰੇ ਕਰੋ। ਅੱਗੇ ਦਸਦੇ ਹਨ ਕਿ ਮਨੁੱਖਾ-ਜਨਮ ਬਹੁਤ ਸ੍ਰੇਸ਼ਠ ਅਤੇ ਵਡਮੁੱਲੀ ਦਾਤ ਹੈ ਅਤੇ ਸਾਡਾ ਸਰੀਰ ਜਿਉਂਦੇ ਰੱਬ ਦਾ ਘਰ ਹੈ। ਪਰ ਮਨੁੱਖ ਆਪ ਮੂਰਖ, ਅਣਜਾਣ, ਅੰਨ੍ਹਾ, ਕਪਟੀ, ਪਖੰਡੀ ਅਤੇ ਹੋਰ ਅਨੇਕਾਂ ਔਗੁਣਾਂ-ਵਿਕਾਰਾਂ ਅਤੇ ਕਮਜ਼ੋਰੀਆਂ ਦਾ ਭਰਿਆ ਹੋਇਆ ਹੈ। ਇਹ ਵੀ ਦਸਦੇ ਹਨ ਕਿ ਸੰਸਾਰ ਨੂੰ ਬਣਾਉਣ ਅਤੇ ਚਲਾਉਣ ਵਾਲ਼ੀ ਹਸਤੀ ਸਰਬ-ਸਮਰੱਥ, ਦਿਆਲੂ, ਬਖ਼ਸ਼ਣਹਾਰ ਅਤੇ ਜਾਣਨ-ਹਾਰ ਹੈ। ਪਰ ਸਾਨੂੰ ਸੰਸਾਰ ਦੇ ਵਰਤਾਰਿਆਂ ਵਿੱਚੋਂ ਇਸ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਅਤੇ ਨਾਂ ਹੀ ਸਮਝ ਆਉਂਦੀ ਹੈ ਕਿ ਕੁਦਰਤੀ ਆਫਤਾਂ ਦਾ ਕੀ ਕਾਰਨ ਹੈ ਅਤੇ ਸੰਸਾਰ ਵਿੱਚ ਚੰਗਿਆਂ ਨਾਲ਼ ਮੰਦਾ ਅਤੇ ਮੰਦਿਆਂ ਨਾਲ਼ ਚੰਗਾ ਕਿਉਂ ਹੋ ਰਿਹਾ ਹੈ। ਸਾਨੂੰ ਤਾਂ ਇਹ ਸੰਸਾਰ ਅਸੰਗਤੀਆਂ-ਭਰਪੂਰ ਅਤੇ ਤਰਕ-ਹੀਣ ਲਗਦਾ ਹੈ ਅਤੇ ਇਸ ਵਿੱਚ ਰਹਿਣਾ ਬਹੁਤ ਔਖਾ ਲਗਦਾ ਹੈ। ਸਾਡੀ ਇਸ ਸੋਚਣੀ ਵਿੱਚ ਕੋਈ ਗਲਤੀ ਨਹੀਂ ਕਿਉਂਕਿ ਮਹਾਂਪੁਰਖ ਖ਼ੁਦ ਇਸ ਸੰਸਾਰ ਨੂੰ ਨਿੰਦਦੇ ਹਨ ਅਤੇ ਇਸ ਵਿੱਚ ਰਹਿਣ ਦੀ ਔਖਿਆਈ ਦੀ ਗੱਲ ਨੂੰ ਕਬੂਲਦੇ ਹਨ। ਨਾਲ਼ ਇਹ ਵੀ ਸਚਾਈ ਹੈ ਕਿ ਉਨ੍ਹਾਂ ਨੇ ਖ਼ੁਦ ਇਸ ਸੰਸਾਰ ਵਿੱਚ ਰਹਿ ਕੇ, ਇਸ ਦੀ ਜ਼ਮੀਨੀ-ਹਕੀਕਤ ਨੂੰ ਦੇਖਿਆ ਹੈ ਅਤੇ ਸਾਡੇ ਵਾਂਗੂੰ ਦੁਖ-ਸੁਖ ਹੰਢਾਏ ਹਨ - ਬਲਕਿ ਸਾਡੇ 'ਤੋਂ ਵੀ ਕਿਤੇ ਵੱਧ। ਓਹ ਇਨ੍ਹਾਂ ਹਾਲਾਤਾਂ ਵਿੱਚੋਂ ਆਦਰਸ਼ ਢੰਗ ਨਾਲ਼ ਲੰਘੇ ਹਨ ਅਤੇ ਸਾਨੂੰ ਖਿੜੇ-ਮੱਥੇ ਰਹਿ ਕੇ ਆਪੋ-ਆਪਣੇ ਫ਼ਰਜ ਪੂਰੇ ਕਰਨ ਨੂੰ ਪ੍ਰੇਰਦੇ ਹਨ। ਇਥੋਂ ਤਕ ਸਮਝਾਉਂਦੇ ਹਨ ਕਿ ਸਾਡੇ ਜੀਵਨ ਦਾ ਮੁੱਖ ਮੰਤਵ ਹੀ ਇਸ ਨੂੰ ਹਰ ਪੱਖ ਤੋਂ ਸੰਵਾਰਨਾ ਹੈ।


ਇਸ ਲਈ ਜ਼ਰੂਰੀ ਹੈ ਕਿ ਅਸੀਂ ਮਹਾਂ-ਪੁਰਖਾਂ ਦੇ ਬਚਨਾਂ ਦੇ ਇਸ ਰਹੱਸ ਨੂੰ ਸਮਝੀਏ, ਆਪਣੀਆਂ ਪ੍ਰਤਿਭਾਵਾਂ ਨੂੰ ਪਛਾਣੀਏ, ਆਪਣੇ ਔਗੁਣਾਂ-ਵਿਕਾਰਾਂ-ਕਮਜ਼ੋਰੀਆਂ ਦੀ ਸਵੈ-ਪੜਚੋਲ ਕਰੀਏ, ਦਰ-ਪੇਸ਼ ਵੰਗਾਰਾਂ ਦਾ ਸਾਹਮਣਾ ਕਰੀਏ ਅਤੇ ਮਿਲੇ ਸੁਨਹਿਰੀ ਮੌਕਿਆਂ ਦਾ ਲਾਹਾ ਲਈਏ। ਇਸ ਤਰ੍ਹਾਂ ਆਪੋ-ਆਪਣੀ ਵਿਚਾਰਧਾਰਾ, ਰਹਿਣੀ-ਬਹਿਣੀ ਅਤੇ ਕਹਿਣੀ-ਕਰਨੀ ਨੂੰ ਹੋਰ ਨਿਖਾਰੀਏ ਅਤੇ ਨਵਾਂ, ਸੰਵਰਿਆ ਅਤੇ ਸੁਚੱਜਾ 'ਦੂਸਰਾ' ਜੀਵਨ ਸ਼ੁਰੂ ਕਰੀਏ। ਇਸ ਸੰਸਾਰ ਨੂੰ ਨਵੇਂ ਉਸਾਰੂ ਦ੍ਰਿਸ਼ਟੀਕੋਣ ਤੋਂ ਦੇਖਣਾ ਸਿੱਖੀਏ। ਇਨ੍ਹਾਂ ਚੰਗੇ ਬਦਲਾਓਆਂ ਰਾਹੀਂ ਆਪੋ-ਆਪਣੇ ਜੀਵਨ ਨੂੰ ਸੁਧਾਰੀਏ। ਇਸ ਲੇਖ 'ਚ ਸੁਧਰੇ ਜੀਵਨ ਨੂੰ ਭਾਵਾਰਥਕ ਪੱਖੋਂ 'ਦੂਸਰਾ ਜਨਮ' ਕਿਹਾ ਗਿਆ ਹੈ। ਜਦ ਕਿ ਕਈ ਧਰਮਾਂ ਵਲੋਂ ਪੁਨਰ-ਜਨਮ ਦੇ ਸਿਧਾਂਤ ਅਨੁਸਾਰ ਪਰਚਾਰੇ ਅਤੇ ਸਰੀਰਕ ਮੌਤ ਤੋਂ ਬਾਅਦ ਮਿਲਣ ਵਾਲ਼ੇ ਜੀਵਨ ਨੂੰ ਸੰਕਲਪਾਤਮਕ ਮੰਨਿਆ ਗਿਆ ਹੈ। ਲੇਖ 'ਚ ਇਸ ਤਰ੍ਹਾਂ ਦੇ ਸੰਕਲਪਾਤਮਕ ਜੀਵਨ ਬਾਰੇ ਚਰਚਾ ਨਹੀਂ ਕੀਤੀ ਗਈ-ਕੋਈ ਇਸ ਨੂੰ ਮੰਨੇ ਜਾਂ ਨਾ ਮੰਨੇ। ਇਸ 'ਚ 'ਦੂਸਰਾ ਜੀਵਨ' ਕਿਸੇ ਖਾਸ ਘਟਨਾ, ਸਵੈ-ਪੜਚੋਲ, ਸੋਚ-ਵਿਚਾਰ ਜਾਂ ਬਾਹਰੀ ਪ੍ਰੇਰਨਾ ਤੋਂ ਬਾਅਦ, ਸੁਚੇਤ ਢੰਗ ਨਾਲ਼ ਕੀਤੀਆਂ ਕੋਸ਼ਿਸ਼ਾਂ ਵਜੋਂ ਸੁਧਰੇ- ਸੰਵਰੇ ਜੀਵਨ ਨੂੰ ਕਿਹਾ ਗਿਆ ਹੈ। ਇਸ ਦੀ ਪ੍ਰਾਪਤੀ ਵਾਸਤੇ ਕਾਇਆ-ਕਲਪ, ਸਵੈ-ਸੁਧਾਰ, ਸਵੈ-ਵਿਕਾਸ ਜਾਂ 'ਟਰਾਂਸਫਾਰਮੇਸ਼ਨ' ਜ਼ਰੂਰੀ ਹੈ। ਵਿਹਾਰਕ ਪੱਖ ਤੋਂ, ਇਸ ਤਰ੍ਹਾਂ ਦੇ ਸੁਧਰੇ ਜੀਵਨ ਦੀ ਤੁਲਨਾ ਵਿੱਚ ਮੌਤ ਤੋਂ ਬਾਅਦ ਦੇ ਕਿਸੇ ਖਿਆਲੀ ਜੀਵਨ ਦੀ ਖਾਸ ਅਹਿਮੀਅਤ ਨਹੀਂ। ਇਹ ਸੁਧਾਰ/ਵਿਕਾਸ ਸਰੀਰਕ, ਮਾਨਸਿਕ ਜਾਂ ਆਤਮਿਕ ਪੱਖ ਦੀ ਤਰੱਕੀ ਵਾਸਤੇ, ਜੀਵਨ ਨੂੰ ਹੋਰ ਖ਼ੁਸ਼ਮਈ ਅਤੇ ਸਫਲ ਬਣਾਉਣ ਵਾਸਤੇ ਜਾਂ ਆਉਣ ਵਾਲ਼ੀ ਕਿਸੇ ਵੱਡੀ ਸਮੱਸਿਆ ਤੋਂ ਬਚਾਓ ਲਈ ਹੋ ਸਕਦਾ ਹੈ। ਕਈ ਵਾਰ ਤਾਂ ਸਾਡੀ ਜਾਣ-ਪਛਾਣ ਅੰਦਰ ਜਾਂ ਸਾਡੇ ਖ਼ੁਦ ਦੇ ਜੀਵਨ ਵਿੱਚ ਇਸ ਤਰ੍ਹਾਂ ਦਾ ਮੋੜ ਆ ਜਾਂਦਾ ਹੈ। ਇਸ ਦੀਆਂ ਅਨੇਕਾਂ ਉਦਾਹਰਣਾਂ ਸਭ ਖੇਤਰਾਂ ਅਤੇ ਹਰ ਦੇਸ਼, ਹਰ ਸਭਿਅਤਾ ਅਤੇ ਹਰ ਧਰਮ ਵਿੱਚ ਮਿਲਦੀਆਂ ਹਨ; ਅਧਿਆਤਮਿਕ, ਸੰਸਾਰਿਕ, ਖੇਡ-ਜਗਤ, ਵਿਦਿਅਕ, ਸੰਗੀਤ, ਬਹਾਦਰੀ, ਸਮਾਜ-ਸੁਧਾਰ, ਸਨਅਤ ਆਦਿ ਸਭ ਖੇਤਰਾਂ 'ਚ।

ਖਾਸ ਘਟਨਾਵਾਂ ਤੋਂ ਬਾਅਦ ਸੁਧਰੇ ਜੀਵਨ ਦੀਆਂ ਦੋ ਉਦਾਹਰਣਾਂ 'ਤੇ ਗੌਰ ਕਰਦੇ ਹਾਂ। ਸਿੱਖ ਇਤਿਹਾਸ ਅਨੁਸਾਰ ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ ਜਨਮ ਤੋਂ ਹੀ ਧਾਰਮਿਕ ਬਿਰਤੀ ਅਤੇ ਦੁਨਿਆਵੀ ਸਿਆਣਪ ਦੇ ਮਾਲਿਕ ਸਨ। ਬਚਪਨ ਤੋਂ ਹੀ ਪਿਤਾ-ਪੁਰਖੀ ਧਰਮ-ਕਰਮ, ਨੇਮ ਅਤੇ ਮਰਿਆਦਾਵਾਂ ਸੁਹਿਰਦਤਾ ਨਾਲ਼ ਨਿਭਾਉਂਦੇ ਸਨ। ਆਖਰੀ ਵਾਰ ਗੰਗਾ-ਇਸ਼ਨਾਨ ਦੀ ਯਾਤਰਾ ਵਕਤ ਉਨ੍ਹਾਂ ਦੇ ਸਹਿ-ਯਾਤਰੀ ਵਲੋਂ ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਦਾ ਗੁਰੂ ਕੌਣ ਹੈ, ਆਪ ਨੇ ਨਾਂਹ ਵਿੱਚ ਜਵਾਬ ਦਿੱਤਾ। ਸਹਿ-ਯਾਤਰੀ ਨੇ ਬਹੁਤ ਤ੍ਰਿਸਕਾਰ ਭਰੇ ਬਚਨ ਕਹੇ, ਜਿਸ ਨਾਲ਼ ਆਪ ਜੀ ਦਾ ਹਿਰਦਾ ਬਹੁਤ ਦੁਖੀ ਹੋਇਆ। ਇਸ ਘਟਨਾ ਕਰ ਕੇ ਜੀਵਨ ਵਿੱਚ ਇੱਕ ਐਸਾ ਮੋੜ ਆਇਆ ਕਿ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸ਼ਰਨ ਵਿੱਚ ਪਹੁੰਚ ਗਏ। ਉਨ੍ਹਾਂ ਤੋਂ ਨਾਮ-ਦਾਨ ਦੀ ਪ੍ਰਾਪਤੀ ਕਰ ਕੇ ਪੂਰੀ ਤਨ-ਦੇਹੀ ਨਾਲ਼ ਇੰਨੀ ਸਰੀਰਕ ਅਤੇ ਅਧਿਆਤਮਿਕ ਮਿਹਨਤ ਕੀਤੀ ਕਿ 73 ਸਾਲ ਦੀ ਵੱਡੀ ਉਮਰ ਵਿੱਚ ਖ਼ੁਦ ਸਤਿਗੁਰੂ ਦੀ ਉੱਚ-ਪਦਵੀ ਨੂੰ ਪ੍ਰਾਪਤ ਹੋਏ। ਇਸ ਸਰੂਪ ਵਿੱਚ ਉਨ੍ਹਾਂ ਨੇ 22 ਸਾਲ ਸੰਗਤ ਨੂੰ ਪਰਮਾਰਥੀ ਅਤੇ ਦੁਨਿਆਵੀ ਰਹਿਨੁਮਾਈ ਬਖਸ਼ੀ। ਭਾਵੇਂ ਹਰ ਧਰਮ ਦੇ ਅਨੁਯਾਈਆਂ ਨੂੰ ਆਪੋ-ਆਪਣੇ ਧਰਮਾਂ ਵਿੱਚ ਇਸ ਤਰ੍ਹਾਂ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ ਪਰ ਪੰਜਾਬੀ ਅਤੇ ਸਿੱਖ ਜਗਤ ਵਿੱਚ 'ਦੂਸਰੇ ਜਨਮ' ਦੀ ਇਹ ਅਦੁੱਤੀ ਮਿਸਾਲ ਹੈ। ਚੋਟੀ ਦੇ ਮਹਾਂਪੁਰਖ ਖ਼ੁਦ ਆਪਣਾ ਕਾਇਆ-ਕਲਪ ਕਰਦੇ ਹਨ, ਇਸ ਤਰ੍ਹਾਂ ਦਾ 'ਦੂਸਰਾ ਜਨਮ' ਧਾਰਦੇ ਹਨ ਅਤੇ ਉਨ੍ਹਾਂ ਦੇ ਜੀਵਨ ਸਾਡੇ ਵਾਸਤੇ ਚਾਨਣ-ਮੁਨਾਰੇ ਬਣ ਜਾਂਦੇ ਹਨ। ਸਾਡਾ ਮੰਤਵ ਉਨ੍ਹਾਂ ਦੀਆਂ ਉਚਾਈਆਂ ਤੱਕ ਪਹੁੰਚਣ ਤੋਂ ਨਹੀਂ ਹੁੰਦਾ ਬਲਕਿ ਉਨ੍ਹਾਂ ਤੋਂ ਸੇਧ ਲੈ ਕੇ ਆਪੋ-ਆਪਣੀ ਸਮਰੱਥਾ ਅਤੇ ਹਾਲਾਤਾਂ ਅਨੁਸਾਰ ਆਪਣੇ ਇਸ ਜੀਵਨ ਦਾ ਕਾਇਆ-ਕਲਪ ਕਰਨਾ ਹੁੰਦਾ ਹੈ।

ਦੂਸਰੀ ਸੰਸਾਰਿਕ ਪੱਖ ਦੀ ਇੱਕ ਬਹੁਤ ਹੀ ਦਿਲਚਸਪ ਅਤੇ ਵਧੀਆ ਉਦਾਹਰਣ ਨੋਬਲ ਪੁਰਸਕਾਰਾਂ ਦੇ ਸੰਸਥਾਪਕ ਸਵੀਡਨ-ਨਿਵਾਸੀ, ਅਲਫ਼ਰੈੱਡ ਨੋਬਲ (1833-1896) ਦੀ ਹੈ। ਆਪਾਂ ਸਭ ਜਾਣਦੇ ਹਨ ਕਿ ਹਰ ਸਾਲ ਫਜ਼ਿਕਸ, ਕੈਮਿਸਟਰੀ, ਮੈਡੀਸਨ, ਸਾਹਿਤ, ਸ਼ਾਂਤੀ ਅਤੇ ਅਰਥ-ਸ਼ਾਸਤਰ ਦੇ ਖੇਤਰਾਂ ਵਿੱਚ ਦਿੱਤੇ ਜਾਣ ਵਾਲ਼ੇ ਇਹ ਸਭ ਤੋਂ ਵੱਡੇ ਅਤੇ ਸਭ ਤੋਂ ਸਤਿਕਾਰਤ ਪੁਰਸਕਾਰ ਹਨ। ਅਲਫ਼ਰੈੱਡ ਨੋਬਲ ਬਹੁਤ ਸਫਲ ਇੰਜੀਨੀਅਰ, ਆਵਿਸ਼ਕਾਰ-ਕਰਤਾ ਅਤੇ ਸਨਅਤਕਾਰ ਸੀ ਜਿਸ ਨੇ ਡਾਇਨਾਮਾਈਟ ਬਾਰੂਦ ਸਣੇ ਹੋਰ ਅਨੇਕਾਂ ਖੋਜਾਂ ਕੀਤੀਆਂ ਅਤੇ ਅਥਾਹ ਕਮਾਈ ਕੀਤੀ। ਡਾਇਨਾਮਾਈਟ ਭਾਵੇਂ ਉਸ ਨੇ ਉਸਾਰੀ ਦੇ ਵੱਡੇ ਕੰਮਾਂ ਵਾਸਤੇ ਬਣਾਇਆ ਗਿਆ ਸੀ ਪਰ ਇਸ ਦੀ ਲੜਾਈਆਂ ਵਿੱਚ ਬਹੁਤ ਦੁਰ-ਵਰਤੋਂ ਹੋਈ, ਜਿਸ ਕਰ ਕੇ ਮਿ. ਨੋਬਲ ਦੀ ਵਿਰੋਧਤਾ ਵੀ ਬਹੁਤ ਹੁੰਦੀ ਸੀ। 1888 ਵਿੱਚ ਉਸ ਦੇ ਛੋਟੇ ਭਰਾ ਲੁਡਵਿਗ ਦੀ ਮੌਤ ਹੋ ਗਈ ਪਰ ਅਖ਼ਬਾਰਾਂ ਨੇ ਗਲਤੀ ਨਾਲ਼ ਅਲਫ਼ਰੈੱਡ ਨੋਬਲ ਦੀ ਮੌਤ ਦੀ ਖ਼ਬਰ ਛਾਪ ਦਿੱਤੀ ਅਤੇ ਉਸ ਨੂੰ 'ਮੌਤ ਦਾ ਸੁਦਾਗਰ' ਕਹਿ ਕੇ ਬਹੁਤ ਭੰਡਿਆ। ਉਹ ਆਪਣੀ ਬਦਨਾਮੀ ਨਾਲ਼ ਇੰਨਾ ਦੁਖੀ ਹੋਇਆ ਕਿ ਉਸ ਨੇ ਇਹ ਕਲੰਕ ਧੋਣ ਦਾ ਮਨ ਬਣਾ ਲਿਆ ਅਤੇ ਆਪਣੀ ਧਨ-ਦੌਲਤ ਦੀ ਇੱਕ ਫਾਊਂਡੇਸ਼ਨ ਬਣਾ ਕੇ, ਇਨ੍ਹਾਂ ਪੁਰਸਕਾਰਾਂ ਦੀ ਸਥਾਪਨਾ ਕਰਨ ਦੀ ਵਸੀਅਤ ਕਰ ਦਿੱਤੀ। ਇਸ ਤਰ੍ਹਾਂ ਮਿ. ਨੋਬਲ ਨੇ 'ਦੂਸਰੇ ਜਨਮ' ਵਿੱਚ ਆਪਣੀ ਧਨ-ਦੌਲਤ ਦੀ ਸਹੀ ਵਰਤੋਂ ਕਰ ਕੇ ਸੰਸਾਰ ਦੀ ਤਰੱਕੀ ਵਿੱਚ ਬਹੁਤ ਯੋਗਦਾਨ ਪਾਇਆ। ਵਿਸ਼ਵ ਇਤਿਹਾਸ ਵਿੱਚ ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਉਦਾਹਰਣਾਂ ਹਨ, ਜਿਵੇਂ ਕਿ ਮਹਾਰਾਜਾ ਅਸ਼ੋਕ, ਮਹਾਤਮਾ ਗਾਂਧੀ, ਡਾ. ਮਾਰਟਿਨ ਲੂਥਰ ਕਿੰਗ ਅਤੇ ਨੈਲਸਨ ਮੰਡੇਲਾ ਆਦਿ।

ਜ਼ਰੂਰੀ ਨਹੀਂ ਕਿ ਕਾਇਆ-ਕਲਪ ਦੀ ਪ੍ਰਕਿਰਿਆ ਕਿਸੇ ਖਾਸ ਘਟਨਾ ਤੋਂ ਬਾਅਦ ਹੀ ਸ਼ੁਰੂ ਹੋਵੇ। ਜੇ ਆਪਾਂ ਪੂਰੀ ਤੀਬਰਤਾ ਨਾਲ਼ ਇਸ ਦੇ ਇੱਛੁਕ ਹੋਈਏ ਤਾਂ ਰੋਜ ਦੀਆਂ ਆਮ ਘਟਨਾਵਾਂ ਵਿਚੋਂ ਹੀ ਕੋਈ ਘਟਨਾ ਖਾਸ ਬਣ ਜਾਂਦੀ ਹੈ। ਇਸ ਸਬੰਧ ਵਿੱਚ ਆਪਾਂ 'ਆਨੰਦ ਮਾਰਗ' ਕਿਤਾਬ (ਅਨੁਵਾਦ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ) ਦੀਆਂ ਸਿੱਖਿਆਵਾਂ ਵਿੱਚੋਂ ਦੋ ਮੁੱਖ ਵਿਚਾਰਾਂ ਨੂੰ ਵਿਚਾਰਦੇ :

'ਦੂਸਰਾ ਜਨਮ' ਧਾਰਨ ਕਰਨਾ ਅਰਥਾਤ




ਆਪਾ-ਸੁਧਾਰ ਰਾਹੀਂ ਕਾਇਆ-ਕਲਪ ਕਰਨਾ ਸਾਡਾ ਫ਼ਰਜ ਵੀ ਹੈ ਅਤੇ ਇਹ 'ਸੰਭਵ' ਵੀ ਹੈ ਅਤੇ ਇਸ ਵਾਸਤੇ ਉਮਰ, ਦੇਸ਼, ਧਰਮ, ਸਮੇਂ ਜਾਂ ਕਿਸੇ ਅਲੌਕਿਕ ਸ਼ਕਤੀ ਵਿੱਚ ਭਰੋਸੇ ਜਾਂ ਨਾ-ਭਰੋਸੇ ਦੀ ਕੋਈ ਭੂਮਿਕਾ ਨਹੀਂ।

ਖਾਸ ਘਟਨਾ ਦੀ ਨਿਸ਼ਾਨ-ਦੇਹੀ ਲਈ ਮਾਨਸਿਕ ਤੌਰ 'ਤੇ ਤਿਆਰ-ਬਰ-ਤਿਆਰ ਰਹਿਣਾ ਅਤੇ ਇਸ ਦੀ ਪਛਾਣ ਤੋਂ ਬਾਅਦ ਕਿਸੇ ਜਾਣਕਾਰ 'ਗਾਈਡ' ਦੀ ਅਗਵਾਈ ਵਿੱਚ ਸੁਚੇਤ ਅਤੇ ਨਿਰੰਤਰ ਮਿਹਨਤ ਕਰਨਾ। ਇਸ ਕੰਮ ਵਾਸਤੇ 'ਗਾਈਡ' ਦੀ ਬਹੁਤ ਮਹੱਤਤਾ ਹੈ ਅਤੇ ਸੁਚੇਤ ਢੰਗ ਦੀ ਬਹੁਤ ਜ਼ਰੂਰਤ ਹੈ; ਸਿਰ ਖ਼ੁਦ ਆਪ ਜਾਂ ਸਰਸਰੀ ਢੰਗ ਨਾਲ਼ ਇਹ ਕੰਮ ਨਹੀਂ ਹੋ ਸਕਦਾ। ਇਸ ਵਾਸਤੇ ਲਾ-ਪਰਵਾਹੀ, ਸੁਸਤੀ ਅਤੇ ਨੀਂਦ ਵਰਗੀਆਂ ਕਮਜ਼ੋਰੀਆਂ ਦੇ ਨਾਲ਼-ਨਾਲ਼ ਹੋਰ ਰਸਾਂ-ਕਸਾਂ ਅਤੇ ਮੌਜ-ਮਸਤੀਆਂ ਵਿੱਚ ਅਜਾਈਂ ਵਰਤੀਆਂ ਜਾ ਰਹੀਆਂ ਮਨੁੱਖੀ ਪ੍ਰਤਿਭਾਵਾਂ ਨੂੰ ਨਵੀਂ ਦਿਸ਼ਾ ਦੇਣੀ ਪੈਂਦੀ ਹੈ।

ਅਸੀਂ ਕਾਇਆ-ਕਲਪ ਦੀ ਮਹੱਤਤਾ ਅਤੇ ਸੰਭਵਤਾ ਨੂੰ ਸਮਝ ਨਹੀਂ ਪਾ ਰਹੇ; ਕਿਉਂਕਿ ਅਸੀਂ ਧਰਮਾਂ ਦੇ ਮੋਢੀ ਮਹਾਂਪੁਰਖਾਂ ਦੀਆਂ ਮੂਲ ਸਿੱਖਿਆਵਾਂ ਨੂੰ ਖ਼ੁਦ ਪੜ੍ਹਣ ਅਤੇ ਸਮਝਣ ਦੀ ਬਜਾਇ, ਇਹ ਕੰਮ ਧਰਮਾਂ ਦੇ ਅਖੌਤੀ ਠੇਕੇਦਾਰਾਂ ਕੋਲ਼ 'ਆਊਟ ਸੋਰਸ' ਕੀਤਾ ਹੋਇਆ ਹੈ। ਉਨ੍ਹਾਂ ਨੇ ਉਲਟਾ ਸਾਨੂੰ, ਸਾਡੀ ਕਿਸਮਤ ਬਦਲ ਕੇ ਸਾਡੇ ਇਸ ਜੀਵਨ ਨੂੰ ਸੁਖਮਈ ਬਣਾਉਣ ਅਤੇ ਮੌਤ ਤੋਂ ਬਾਅਦ ਵਧੀਆ ਜੀਵਨ ਦੀ ਗਰੰਟੀ ਦੇ ਚੁੰਗਲ਼ ਵਿੱਚ ਫਸਾ ਕੇ, ਇਸ ਕੰਮ ਨੂੰ ਵੱਡਾ ਵਪਾਰ ਬਣਾ ਰੱਖਿਆ ਹੈ। ਕਾਇਆ-ਕਲਪ ਵਾਸਤੇ ਉਨ੍ਹਾਂ ਦੇ ਚੁੰਗਲ਼ 'ਚੋਂ ਨਿਕਲ਼ਣਾ ਜ਼ਰੂਰੀ ਹੈ ਅਤੇ ਚੁੰਗਲ਼ 'ਚੋਂ ਨਿਕਲ਼ਣ ਵਾਸਤੇ ਇਨ੍ਹਾਂ ਦੋ ਗੱਲਾਂ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਵਿਚਾਰਨਾ ਜ਼ਰੂਰੀ ਹੈ?

ਕਿਸਮਤ ਜਾਂ ਪ੍ਰਾਲਬਧ: ਇਹ ਬਣਦੀ ਕਿਵੇਂ ਹੈ ਇਸ ਬਾਰੇ ਅੱਡ-ਅੱਡ ਫ਼ਲਸਫ਼ੇ ਹਨ ਪਰ ਇਸ ਗੱਲ 'ਤੇ ਸਭ ਸਹਿਮਤ ਹਨ ਕਿ ਇਹ ਅਟੱਲ ਹੁੰਦੀ ਹੈ ਅਤੇ ਬਦਲੀ ਨਹੀਂ ਜਾ ਸਕਦੀ। ਇਸ ਦਾ ਇੱਕ ਵਿਗਿਆਨਕ ਕਾਰਨ ਇਹ ਹੈ ਕਿ ਹਰ ਇੱਕ ਦੀ ਕਿਸਮਤ ਅੱਗੇ ਸੈਂਕੜੇ ਹੋਰਾਂ ਨਾਲ਼ ਅਤੇ ਅਨੇਕਾਂ ਹਾਲਾਤਾਂ ਨਾਲ਼ ਜੁੜੀ ਹੁੰਦੀ ਹੈ। ਸੋ ਇੱਕ ਦੀ ਕਿਸਮਤ ਬਦਲਣ ਲਈ ਹੋਰ ਕਿੰਨਿਆਂ ਦੀਆਂ ਕਿਸਮਤਾਂ ਬਦਲ਼ਣੀਆਂ ਪੈਂਦੀਆਂ ਹਨ, ਜੋ ਸੰਭਵ ਨਹੀਂ। ਇਹ ਮੌਸਮ ਵਾਂਗੂ ਹੁੰਦੀ ਹੈ, ਇਸ ਤੋਂ ਬਚਾਓ ਲਈ ਇੰਤਜ਼ਾਮ ਕਰਨਾ ਹੀ ਵਧੀਆ ਢੰਗ ਅਤੇ ਸਿਆਣਪ ਹੈ। ਮਹਾਂਪੁਰਖਾਂ ਦੀਆਂ ਸਿੱਖਿਆਵਾਂ ਸਾਨੂੰ ਇਸ ਇੰਤਜ਼ਾਮ ਦੀ ਤਿਆਰੀ ਵਾਸਤੇ ਸੁਮੱਤ ਦਿੰਦੀਆਂ ਹਨ। ਜੇ ਫਿਰ ਵੀ ਇਸ ਨੂੰ ਭੁਗਤਣਾ ਪਵੇ ਤਾਂ ਖਿੜੇ-ਮੱਥੇ ਇਹ ਸਭ ਕਰਨ ਵਾਸਤੇ ਸਹਿਣ-ਸ਼ਕਤੀ ਪ੍ਰਦਾਨ ਕਰਦੀਆਂ ਹਨ। ਆਪਾਂ ਕਿਸਮਤ ਬਦਲ ਕੇ ਜੀਵਨ 'ਚੋਂ ਸੁਖ ਅਤੇ ਖ਼ੁਸ਼ੀਆਂ ਲਭਦੇ ਹਾਂ ਪਰ ਓਹ ਸਾਨੂੰ ਮੌਜੂਦਾ ਕਿਸਮਤ ਵਿੱਚੋਂ ਹੀ ਇਹ ਸਭ ਲੱਭਣਾ ਸਿਖਾ ਦਿੰਦੇ ਹਨ। ਅਸੀਂ ਥੋੜ-ਚਿਰੇ ਇੰਦਰਿਆਵੀ ਸੁਖ ਲਭਦੇ ਹਾਂ ਜਦਕਿ ਓਹ ਸਾਨੂੰ ਸਦੀਵੀ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਪ੍ਰਣਾਏ ਸੁਖਾਂ ਵਲ ਮੋੜਦੇ ਹਨ। ਉਹ ਸਮਝਾਉਂਦੇ ਹਨ ਕਿ ਸੁਖ ਇਸ ਤਰਾਂ ਦਾ ਹੋਣਾ ਚਾਹੀਂਦਾ ਹੈ ਜਿਹੜਾ ਕੁਦਰਤ, ਇਨਸਾਨੀਅਤ ਅਤੇ ਸਮਾਜ ਦਾ ਅਨੁਸਾਰੀ ਹੋਵੇ ਅਤੇ ਜਿਸ ਦੇ ਕੋਈ ਦੂਰ-ਰਸ ਗਲਤ ਪਰਿਣਾਮ ਨਾਂ ਹੋਣ।

ਮੌਤ: ਨਿਰਸੰਦੇਹ ਮੌਤ ਇੱਕ ਅਸਲੀਅਤ ਹੈ ਅਤੇ ਇਸ ਦੇ ਯਕੀਨੀ ਹੋਣ ਦੇ ਬਾਵਜੂਦ ਇਸ ਦਾ ਕੋਈ ਸਮਾਂ, ਸਥਾਨ ਜਾਂ ਕਾਰਨ ਨਹੀਂ ਜਾਣਿਆ ਜਾ ਸਕਦਾ। ਇਸ ਦਾ ਸਮਾਧਾਨ ਅਸੰਭਵ ਅਤੇ ਇਸ ਬਾਰੇ ਬੇ-ਲੋੜਾ ਗੂੜ੍ਹ-ਗਿਆਨ, ਚਰਚਾ ਅਤੇ ਫਿਕਰ ਵਿਅਰਥ ਹੈ। ਇਸ ਸੰਸਾਰ ਵਿੱਚ ਅਣਗਿਣਤ ਅਜਿਹੀਆਂ ਹੋਰ ਗੱਲਾਂ ਹਨ ਜਿਨ੍ਹਾਂ ਦਾ ਪੂਰਾ ਗਿਆਨ ਨਾਂ ਹੁੰਦਿਆਂ ਵੀ ਅਸੀਂ ਇਹ ਜੀਵਨ ਵਧੀਆ ਢੰਗ ਨਾਲ਼ ਜਿਉਂ ਰਹੇ ਹਾਂ।

ਕਾਇਆ-ਕਲਪ ਰਾਹੀਂ 'ਦੂਸਰਾ-ਜੀਵਨ' ਧਾਰਨ ਕਰਨ ਵਾਸਤੇ ਸਾਨੂੰ ਕਿਸਮਤ ਅਤੇ ਮੌਤ ਬਾਰੇ ਦਿਖਾਵੇ ਦੇ ਗੂੜ੍ਹ-ਗਿਆਨ ਦੀ ਲੋੜ ਨਹੀਂ ਬਲਕਿ ਇਸ ਬੇ-ਲੋੜੀ ਉਤਸੁਕਤਾ ਨੇ ਹੀ ਸਾਨੂੰ ਅਸਲੀਅਤ ਤੋਂ ਦੂਰ ਕਰ ਕੇ ਪੁਜਾਰੀ-ਸ਼ ?ਰੇਣੀ ਦੇ ਚੁੰਗਲ਼ 'ਚ ਜਕੜਿਆ ਹੋਇਆ ਹੈ। ਅਸੀਂ ਪਰਮਾਰਥੀ ਮਾਹਿਰਾਂ ਵਲੋਂ ਸਮਝਾਈਆਂ ਚੋਣਵੀਆਂ ਜੁਗਤੀਆਂ 'ਤੇ ਸੁਹਿਰਦ ਅਮਲ ਕਰ ਕੇ ਇਹ ਸਭ ਕਰ ਸਕਦੇ ਹਾਂ। ਅਮਰੀਕਾ ਦੇ ਪ੍ਰਸਿੱਧ ਫ਼ਿਲਾਸਫ਼ਰ-ਲੇਖਕ ਮਾਰਕ ਟਵੇਨ ਦੀ ਪ੍ਰਸੰਗਕ ਟੂਕ ਹੈ ਕਿ?

"ਲੋਕ ਬਾਈਬਲ ਦੀਆਂ ਉਨ੍ਹਾਂ ਗੱਲਾਂ ਦਾ ਫਿਕਰ ਕਰਦੇ ਹਨ ਜਿਹੜੀਆਂ ਉਨ੍ਹਾਂ ਨੂੰ ਸਮਝ ਨਹੀਂ ਆਉਂਦੀਆਂ ਪਰ ਮੈਂ ਉਨ੍ਹਾਂ ਦਾ ਕਰਦਾ ਹਾਂ ਜਿਹੜੀਆਂ ਮੇਰੇ ਸਮਝ 'ਚ ਆ ਗਈਆਂ ਹਨ।"

ਸਾਰ-ਤੱਤ ਇਹ ਹੈ ਕਿ ਸੰਸਾਰਿਕ ਅਸੰਗਤੀਆਂ ਦੇ ਗਿਆਨ ਤੋਂ ਬਗੈਰ ਵੀ ਅਸੀਂ ਇਸ ਜੀਵਨ ਨੂੰ ਪ੍ਰਸੰਨ-ਚਿੱਤ ਅਤੇ ਸੁਚੱਜਾ ਬਣਾ ਅਤੇ ਸੰਵਾਰ ਸਕਦੇ ਹਾਂ, ਭਾਵ 'ਦੂਸਰਾ ਜੀਵਨ' ਧਾਰਨ ਕਰ ਸਕਦੇ ਹਾਂ। ਆਪਾਂ ਨੂੰ ਸੁਚੇਤ ਅਤੇ ਸੁਹਿਰਦ ਢੰਗ ਨਾਲ਼ ਇਸ ਤਰ੍ਹਾਂ ਕਰਨ ਦੀ ਬਹੁਤ ਲੋੜ ਹੈ। ਸਾਡੀ ਅਜੋਕੀ ਜੀਵਨਸ਼ੈਲੀ, ਦਰਪੇਸ਼ ਸਮੱਸਿਆਵਾਂ ਦੇ ਹੱਲ ਦੀ ਬਜਾਇ, ਇਨ੍ਹਾਂ ਨੂੰ ਵਧਾ ਅਤੇ ਗੁੰਝਲ਼ਦਾਰ ਕਰ ਰਹੀ ਹੈ। ਅੱਜ ਦਾ ਸੰਸਾਰ ਪੱਛਮੀ ਤਰਜ਼ ਦੀ ਤਰੱਕੀ ਅਤੇ ਬੇਲਗਾਮ ਸਾਇੰਸੀ ਖੋਜਾਂ ਕਰ ਕੇ ਅਣਹੋਣੀਆਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ ਜਿਨ੍ਹਾਂ ਦਾ ਹੱਲ ਸਾਇੰਸ ਖ਼ੁਦ ਨਹੀ ਕਰ ਸਕਦੀ। ਇਸ ਨੂੰ ਅਧਿਆਤਮਵਾਦ ਦੀ ਰਹਿਨੁਮਾਈ ਵਿੱਚ ਰੱਖ ਕੇ, 'ਧਰਤੀ ਇੱਕ ਪਰਿਵਾਰ' (ਵਸੁਧੈਵ ਕੁਟੰਬਕਮ) ਅਤੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ ਸਿਧਾਤਾਂ 'ਤੇ ਸੁਹਿਰਦਤਾ ਨਾਲ਼ ਅਮਲ ਕਰਨ ਦੀ ਜ਼ਰੂਰਤ ਹੈ। ਇਸ ਤਰ੍ਹਾਂ ਅਸੀਂ ਇਸ ਜਨਮ ਦੇ ਰਹਿੰਦੇ ਹਿੱਸੇ ਨੂੰ ਸੰਵਾਰਕੇ, ਇਸ ਨੂੰ ਸੁਖਮਈ ਅਤੇ ਸਫ਼ਲ ਬਣਾਉਣ ਦੇ ਨਾਲ਼-ਨਾਲ਼, ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਵਿਰਾਸਤ ਵਿੱਚ ਹੁਣ ਤੋਂ ਵਧੀਆ ਸੰਸਾਰ ਦੇਣ ਦੇ ਮੁੱਖ ਫਰਜ਼ ਨੂੰ ਨਿਭਾਅ ਸਕਾਂਗੇ।



## Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

## Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834


3822 Marine Way
Burnaby, B.C. V5J 3H4



## THE HARP GREWAL REAL ESTATE TEAM
ਹਰਪ ਗਰੇਵਾਲ

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC., BROKERAGE
HIGHER STANDARDS



## Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals

## Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



## Punjabi Rang Radio

CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

## ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

## Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# ਜਮਹੂਰੀ ਹੱਕਾਂ ਦੀ ਲਹਿਰ ਦੀ ਸਿਰਮੌਰ ਸ਼ਖ਼ਸੀਅਤ ਐਡਵੋਕੇਟ ਐਨ. ਕੇ. ਜੀਤ ਦੀ ਲੋਕਪੱਖੀ ਘਾਲਣਾ ਨੂੰ ਸਲਾਮ ਕਰਨ ਲਈਂ ਬਠਿੰਡਾ ਵਿਖੇ ਜਨਤਕ ਸ਼ਰਧਾਂਜਲੀ ਸਮਾਗਮ ਆਯੋਜਤ





ਬਠਿੰਡਾ, (ਬਲਜਿੰਦਰ ਸਿੰਘ ਪਟਿਆਲਾ) : ਇਨਕਲਾਬੀ ਲੋਕ ਆਗੂ ਮਰਹੂਮ ਐਨ. ਕੇ. ਜੀਤ ਨੂੰ ਲੋਕ ਲਹਿਰ ਦੇ ਕਾਫਲੇ ਵੱਲੋਂ ਅੱਜ ਬਠਿੰਡਾ ਵਿਖੇ ਵਿਸ਼ਾਲ ਜਨਤਕ ਇਕੱਠ ਵਿੱਚ ਸਿਜਦਾ ਕੀਤਾ ਗਿਆ। ਵਿਛੜੇ ਆਗੂ ਨੂੰ ਸ਼ਰਧਾਂਜਲੀਆਂ ਦੇਣ ਲਈ ਪੰਜਾਬ ਦੇ ਕੋਨੇ ਕੋਨੇ 'ਚੋਂ ਇਨਕਲਾਬੀ ਜਮਹੂਰੀ ਲਹਿਰ ਦੀਆਂ ਜਥੇਬੰਦੀਆਂ ਦੇ ਆਗੂ ਤੇ ਕਾਰਕੁੰਨ, ਖ਼ਾਸ ਕਰਕੇ ਔਰਤਾਂ, ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਹ ਸਮਾਗਮ ਸਾਥੀ ਜੀਤ ਵੱਲੋਂ ਲੋਕ ਲਹਿਰ ਨਾਲ ਨਿਭਾਈ ਵਫ਼ਾ ਦਾ ਤੇ ਉਸਦੇ ਵਿਛੋੜੇ ਨਾਲ ਪਏ ਘਾਟੇ ਨੂੰ ਪੂਰਨ ਦੀ ਸਮੂਹਿਕ ਤਾਂਘ ਦਾ ਪ੍ਰਗਟਾਵਾ ਬਣਿਆ।

ਲਾਰਡ ਰਾਮਾ ਹਾਲ ਦੇ ਵਿਹੜੇ ਵਿੱਚ ਸਜੇ ਵਿਸ਼ਾਲ ਪੰਡਾਲ 'ਚ ਹੋਏ ਸਮਾਗਮ ਦੀ ਸ਼ੁਰੂਆਤ ਸਮੁੱਚੇ ਪੰਡਾਲ ਦੀ ਤਰਫੋਂ ਸਾਥੀ ਜੀਤ ਦੀ ਤਸਵੀਰ ਨੂੰ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਵੱਲੋਂ ਫੁੱਲਾਂ ਦੀ ਮਾਲਾ ਪਹਿਨਾਉਣ ਨਾਲ ਹੋਈ। ਉਹਨਾਂ ਨਾਲ ਸ਼ਰਧਾਂਜਲੀ ਸਮਾਗਮ ਕਮੇਟੀ ਦੇ ਮੈਂਬਰ ਤੇ ਵੱਖ-ਵੱਖ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂ ਤੇ ਸ਼ਖ਼ਸੀਅਤਾਂ ਮੌਜੂਦ ਸਨ। ਇਸ ਮੌਕੇ ਕੌਮਾਂਤਰੀ ਗੀਤ ਦੀ ਧੁਨ ਵਜਾਈ ਗਈ ਤੇ ਸਮੁੱਚੇ ਪੰਡਾਲ ਨੇ ਖੜ੍ਹੇ ਹੋ ਕੇ ਵਿਛੜੇ ਸਾਥੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਇਕੱਤਰਤਾ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ 'ਚ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਜਗਮੋਹਨ ਸਿੰਘ, ਅਮੋਲਕ ਸਿੰਘ, ਡਾ.













## ਇਨਕਲਾਬੀ ਲੋਕ ਲਹਿਰ ਦੀ ਉਸਾਰੀ ਲਈ ਹੋਰ ਦ੍ਰਿੜਤਾ ਨਾਲ ਡਟਣ ਰਾਹੀਂ ਜੀਤ ਦਾ ਘਾਟਾ ਪੂਰਨ ਦਾ ਸੱਦਾ

ਨਵਸ਼ਰਨ, ਜੋਗਿੰਦਰ ਸਿੰਘ ਉਗਰਾਹਾਂ, ਜਸਪਾਲ ਜੱਸੀ, ਨਰਾਇਣ ਦੱਤ ਅਤੇ ਲਛਮਣ ਸਿੰਘ ਸੇਵੇਵਾਲਾ ਸ਼ਾਮਿਲ ਸਨ ਜਿਨ੍ਹਾਂ ਨੇ ਸਾਥੀ ਐਨ. ਕੇ. ਜੀਤ ਵੱਲੋਂ ਇਨਕਲਾਬੀ ਜਮਹੂਰੀ ਲਹਿਰ ਦੇ ਵੱਖ-ਵੱਖ ਦੌਰਾਂ ਅੰਦਰ ਨਿਭਾਈ ਭੂਮਿਕਾ ਦੀ ਚਰਚਾ ਕੀਤੀ। ਇਨਕਲਾਬੀ ਜਮਹੂਰੀ ਲਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਮੁਹਾਜ਼ਾਂ ਉੱਤੇ ਉਹਨਾਂ ਵੱਲੋਂ ਪਾਏ ਯੋਗਦਾਨ ਨੂੰ ਸਿਜਦਾ ਕੀਤਾ ਤੇ ਲਹਿਰ ਅੰਦਰ ਉਨ੍ਹਾਂ ਦੇ ਇਸ ਅਣਥੱਕ ਲੰਮੇ ਸਫ਼ਰ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਜਮਹੂਰੀ ਹੱਕਾਂ ਦੀ ਲਹਿਰ ਨੂੰ ਤੇ ਸਮੁੱਚੀ ਇਨਕਲਾਬੀ ਲਹਿਰ ਨੂੰ ਦਰਪੇਸ਼ ਚੁਣੌਤੀਆਂ ਸੰਗ ਮੱਥਾ ਲਾਉਣ ਲਈ ਸਾਥੀ ਐਨ. ਕੇ. ਜੀਤ ਵਾਲੀ ਵਿਚਾਰਧਾਰਕ ਪ੍ਰਤੀਬੱਧਤਾ, ਬੁਨਿਆਦੀ ਇਨਕਲਾਬੀ ਤਬਦੀਲੀ ਦੇ ਮਿਸ਼ਨ ਵਿੱਚ ਦ੍ਰਿੜ ਨਿਹਚਾ, ਲੋਕਾਂ 'ਚ ਅਥਾਹ ਵਿਸ਼ਵਾਸ ਤੇ ਵਿਗਿਆਨਕ ਦ੍ਰਿਸ਼ਟੀ ਵਰਗੇ ਗੁਣਾਂ ਨੂੰ ਗ੍ਰਹਿਣ ਕਰਨ 'ਤੇ ਜ਼ੋਰ ਦਿੱਤਾ। ਬੁਲਾਰਿਆਂ ਨੇ ਉਹਨਾਂ ਵੱਲੋਂ ਹਕੂਮਤੀ ਜਬਰ ਦੇ ਵੱਖ-ਵੱਖ ਦੌਰਾਂ ਤੇ ਫਿਰਕਾਪ੍ਰਸਤੀ ਖਿਲਾਫ ਸੰਘਰਸ਼ ਅੰਦਰ ਬੇਖੌਫ ਡਟਣ ਦੇ ਇਰਾਦਿਆਂ ਨੂੰ ਸਲਾਮ ਕੀਤੀ।

**ਅਦਾਰਾ 'ਸਰੋਕਾਰਾਂ ਦੀ ਆਵਾਜ਼' ਐਡਵੋਕੇਟ ਐਨ. ਕੇ. ਜੀਤ ਦੇ ਸਦੀਵੀ ਵਿਛੋੜਾ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ ਅਤੇ ਉਨ੍ਹਾਂ ਦੀ ਜੀਵਨ ਘਾਲਣਾ ਨੂੰ ਸਲਾਮ ਕਰਦਾ ਹੈ।**

ਸ਼ਰਧਾਂਜਲੀ ਸਮਾਗਮ ਕਮੇਟੀ ਦੇ ਕਨਵੀਨਰ ਪਾਵੇਲ ਕੁੱਸਾ ਦੀ ਮੰਚ ਸੰਚਾਲਨਾ ਵਿੱਚ ਹੋਏ ਇਸ ਸਮਾਗਮ ਦੌਰਾਨ ਕਿਸਾਨ, ਖੇਤ ਮਜ਼ਦੂਰ, ਸਨਅਤੀ ਮਜ਼ਦੂਰਾਂ, ਮੁਲਾਜ਼ਮਾਂ ਤੇ ਹੋਰਨਾਂ ਵਰਗਾਂ ਦੀਆਂ ਜਨਤਕ ਜਥੇਬੰਦੀਆਂ ਦੇ ਨਾਲ-ਨਾਲ ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ, ਇਨਕਲਾਬੀ ਜਮਹੂਰੀ ਫਰੰਟ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵਰਗੀਆਂ ਲੋਕ ਪੱਖੀ ਜਮਹੂਰੀ ਸੰਸਥਾਵਾਂ ਤੇ ਪਲੇਟਫਾਰਮ ਹਾਜ਼ਰ ਸਨ। ਸਮਾਗਮ ਦੀ ਸ਼ੁਰੂਆਤ ਮੌਕੇ ਮਹਾਨ ਅਕੀਦਿਆਂ ਨੂੰ ਪ੍ਰਣਾਏ ਜੀਵਨ ਦੀ ਸਾਰਥਿਕਤਾ ਬਾਰੇ ਮਕਬੂਲ ਗੀਤਾਂ ਨਾਲ ਸਾਥੀ ਜੀਤ ਨੂੰ ਸਿਜਦਾ ਕੀਤਾ ਗਿਆ। ਲੋਕ ਸੰਗੀਤ ਮੰਡਲੀ ਭਦੌੜ ਵੱਲੋਂ ਮਾਸਟਰ ਰਾਮ ਕੁਮਾਰ ਦੀ ਨਿਰਦੇਸ਼ਨਾ 'ਚ ਪੇਸ਼ ਇਹਨਾਂ ਗੀਤਾਂ ਨੂੰ ਲੋਕਾਂ ਨੇ ਬਹੁਤ ਸਹਿਜਤਾ ਨਾਲ ਸੁਣਿਆ। ਲਗਭਗ ਢਾਈ ਦਰਜਨ ਲੋਕ ਜਥੇਬੰਦੀਆਂ ਤੇ ਸਮਾਜਿਕ ਜਮਹੂਰੀ ਸੰਸਥਾਵਾਂ ਵੱਲੋਂ ਭੇਜੇ ਸ਼ੋਕ ਸੁਨੇਹੇ ਮੰਚ ਤੋਂ ਲੋਕਾਂ ਨਾਲ ਸਾਂਝੇ ਕੀਤੇ ਗਏ। ਸਾਥੀ ਜੀਤ ਦੀ ਜੀਵਨ ਘਾਲਣਾ, ਵਿਚਾਰਾਂ ਤੇ ਸਰੋਕਾਰਾਂ ਨੂੰ ਪ੍ਰਗਟਾਉਂਦੇ ਨਾਅਰਿਆਂ ਤੇ ਟੂਕਾਂ ਨਾਲ ਸਜੇ ਪੰਡਾਲ 'ਚ ਹੋਈ। ਇਸ ਇਕੱਤਰਤਾ ਨੂੰ ਉੱਪਰ ਜ਼ਿਕਰ ਕੀਤੇ ਬੁਲਾਰਿਆਂ ਤੋਂ ਇਲਾਵਾ ਸਾਥੀ ਬੂਟਾ ਸਿੰਘ ਮਹਿਮੂਦਪੁਰ, ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਸੁਖਮੰਦਰ ਸਿੰਘ, ਜਸਪਾਲ ਮਾਨ ਖੇੜਾ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿੱਚ ਮੁੰਬਈ ਤੋਂ ਪੱਤਰਕਾਰ ਹਰਸ਼ ਠਾਕੁਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮਾਗਮ ਦੌਰਾਨ ਸਾਥੀ ਐਨ. ਕੇ. ਜੀਤ ਵੱਲੋਂ ਸੇਵੇਵਾਲਾ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਲਿਖਿਆ ਗੀਤ ਹਰਮੀਤ ਕੋਟਗੁਰੂ ਨੇ ਤਰੰਨਮ ਨਾਲ ਪੇਸ਼ ਕੀਤਾ। ਸਾਥੀ ਐਨ. ਕੇ. ਜੀਤ ਦੀ ਦੋਹਤੀ ਅਵਿਨੀਤਾ ਸਿੰਘ ਨੇ ਵੀ ਮੰਚ ਤੋਂ ਆਪਣੇ ਨਾਨਾ ਜੀ ਨਾਲ ਸਨੇਹ ਪ੍ਰਗਟਾਉਂਦੇ ਹੋਏ ਬਹੁਤ ਭਾਵਪੂਰਤ ਸ਼ਬਦ ਕਹੇ। ਸਾਥੀ ਜੀਤ ਦੇ ਬੇਟੇ ਰਜਨੀਸ਼ ਰਾਣਾ ਨੇ ਪਰਿਵਾਰ ਵੱਲੋਂ ਦੁੱਖ ਵਿੱਚ ਸ਼ਰੀਕ ਸਭਨਾਂ ਲੋਕਾਂ ਦਾ ਧੰਨਵਾਦ ਕੀਤਾ ਤੇ ਸਾਥੀ ਜੀਤ ਦੀ ਸ਼ਖ਼ਸੀਅਤ ਦੇ ਉਹਨਾਂ ਪਹਿਲੂਆਂ 'ਤੇ ਝਾਤ ਪਵਾਈ ਜਿਹੜੇ ਉਹਨਾਂ ਨੇ ਪਰਿਵਾਰਕ ਜ਼ਿੰਦਗੀ ਦੌਰਾਨ ਦੇਖੇ ਤੇ ਹੰਢਾਏ। ਉਹਨਾਂ ਨੇ ਸਾਥੀ ਜੀਤ ਦੇ ਪਰਿਵਾਰਕ ਨਿਭਾਅ ਅੰਦਰ ਵੀ ਜਮਹੂਰੀ ਲਹਿਰ ਪ੍ਰਤੀ ਸਮਰਪਣ ਦੀ ਭਾਵਨਾ ਦੇ ਪ੍ਰਗਟਾਵਿਆਂ ਬਾਰੇ ਗੱਲ ਕੀਤੀ। ਕਮੇਟੀ ਵੱਲੋਂ ਭਾਰਤੀ ਕਿਸਾਨ ਏਕਤਾ ਉਗਰਾਹਾਂ ਦੇ ਸਹਿਯੋਗ ਨਾਲ ਵਿਸ਼ਾਲ ਲੰਗਰ ਦਾ ਇੰਤਜਾਮ ਕੀਤਾ ਗਿਆ ਸੀ।

ਜਗਮੇਲ ਸਿੰਘ
9417224822

# ਈਰਾਨੀ ਲੋਕਾਂ ਦੇ ਕੌਮੀ ਜਜ਼ਬੇ ਨੂੰ ਸਲਾਮ

ਸ਼ਾਬਾਸ਼! ਕਮਾਲ ਕਰਤੀ ਈਰਾਨੀ ਯੋਧਿਓ। ਥੋਡੇ ਕੌਮੀ ਜਜ਼ਬੇ, ਏਕੇ ਤੇ ਲੜਾਈ ਨੂੰ ਸਲਾਮ ਕੁਰਬਾਨੀਆਂ ਦੇ ਕਦਰਦਾਨੋ, ਕੁਰਬਾਨੀਆਂ ਦਾ ਸਿਰ ਉੱਚਾ ਕੀਤੈ। ਤੁਸੀਂ 'ਜਿਉਣਾ ਹੈ ਤਾਂ ਮਰਨਾ ਸਿੱਖੋ, ਕਦਮ ਕਦਮ ਤੇ ਲੜਨਾ' ਸਿੱਖੋ ਦੇ ਨਾਹਰੇ ਨੂੰ ਬੁਲੰਦ ਕੀਤੇ। ਅੱਜ ਦੇ ਸਮੇਂ, ਸਾਮਰਾਜ ਦੇ ਵਿਰੋਧ ਦੀ ਉਭਰਵੀਂ ਮਿਸਾਲ ਬਣੇ ਹੋਂ। ਤੁਸੀਂ ਸਾਮਰਾਜੀ ਸਰਗਣੇ ਦੀ ਹੈਸੀਅਤ 'ਚ ਚਿੱਬ ਪਾ ਦਿੱਤੈ। ਤੁਸੀਂ ਇਹ ਧਾਰਨਾ ਪੱਕੀ ਕਰ ਦਿੱਤੀ, ਇਕਜੁੱਟ ਜੂਝਦੀ ਕੌਮ ਹੀ ਆਜ਼ਾਦੀਆਂ ਮਾਣਦੀ ਹੈ। ਜਿੱਥੇ ਡੁੱਲਦਾ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ। ਨਿਹੱਕੇ ਹਮਲੇ ਦਾ ਇਉਂ ਹੀ ਮੂੰਹ ਮੋੜੀਦੈ। ਹਮਲਾ ਅਚਾਨਕ ਸੀ, ਵੱਡਾ ਵੀ, ਪਰ ਥੋਡੇ ਏਕੇ ਨੇ ਵੱਡੇ ਖੱਬੀ ਖਾਨਾਂ ਦੀ ਚਕਰੀ ਘੁਮਾ ਦਿੱਤੀ। ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ। ਆਵਦੇ ਸਕਿਆਂ ਨੂੰ ਹਾਕਾਂ ਮਾਰਦਾ ਰਹਿ ਗਿਆ, ਕੋਈ ਨਾ ਬਹੁੜਿਆ। ਤੁਸੀਂ ਉਹਨੂੰ ਮੁੜ ਗੱਲ ਬਾਤ ਦਾ ਰਾਹ ਭਾਲਣ ਲਾਤਾ।

ਤੁਸੀਂ ਇੱਕ ਵਾਰ ਫੇਰ ਕੰਧ ਉੱਤੇ ਲਿਖ ਦਿੱਤੈ। ਅਮਰੀਕਾ ਤੇ ਇਜ਼ਰਾਈਲ ਦੇ ਹਾਕਮ ਵੱਡੇ ਜੰਗਬਾਜ਼ ਨੇ। ਕੌਮਾਂ ਨੂੰ ਗੁਲਾਮੀ ਵੱਲ ਧੱਕਣ ਤੇ ਘਾਣ ਕਰਨ ਦੇ ਅਪਰਾਧੀ ਨੇ। ਅਮਰੀਕਾ, ਚੱਤੋ ਪਹਿਰ ਸਿੰਗ ਮਿੱਟੀ ਚੱਕੀ ਰੱਖਦੈ। ਗਲ ਵਿੱਚ ਢੋਲ 'ਜਮਹੂਰੀਅਤ' ਦਾ ਰੱਖਦੈ, ਕਰਦੈ ਨੰਗੀ ਚਿੱਟੀ ਬਦਮਾਸ਼ੀ। ਦੁਨੀਆਂ ਦੇ ਡਾਕੂਆਂ ਦਾ ਸਰਦਾਰ, ਦੁਨੀਆਂ ਲੁੱਟਣ ਚੜਿਆ ਰਹਿੰਦੈ। ਧਮਕਾ ਕੇ ਸੰਧੀਆਂ ਸਮਝੌਤਿਆਂ 'ਤੇ ਅੰਗੂਠੇ ਲਵਾਉਂਦੈ। ਕੋਈ ਅੜੇ, ਪਾਬੰਦੀਆਂ ਮੜਦੈ, ਨਾਕਾਬੰਦੀਆਂ ਕਰਦੈ। ਅਗਲੇ ਨੂੰ ਘਰੇਲੂ ਯੁੱਧ ਵਿੱਚ ਉਲਝਾਉਂਦੈ। ਹਥਿਆਰ ਵੇਚਦੈ। ਆਨੀ ਬਹਾਨੀ ਫੌਜੀ ਹਮਲੇ ਕਰਦੈ। ਹਕੂਮਤ ਬਦਲੀ ਕਰ ਕੇ ਕੱਠਪੁਤਲੀ ਹਕੂਮਤ ਬਣਾਉਂਦੈ। ਮੁਲਕ ਦੇ ਵਸੀਲੇ ਮਨ ਮਰਜ਼ੀ ਨਾਲ ਚੂੰਢਦੈ। ਇਜ਼ਰਾਇਲ, ਮੱਧ ਪੂਰਬ ਵਿੱਚ ਏਹਦਾ ਠਾਣੇਦਾਰ। ਇਹਦੇ ਹਿਤਾਂ ਦਾ ਹਥਿਆਰਬੰਦ ਪਹਿਰੇਦਾਰ। ਆਵਦੀਆਂ ਸਰਹੱਦਾਂ ਦੇ ਪਸਾਰੇ ਦਾ ਜਨੂੰਨੀ ਦਹਿਸ਼ਤਗਰਦ। ਮਨੁੱਖਤਾ ਦਾ ਕਾਤਲ। ਆਜ਼ਾਦੀ ਦਾ ਵੈਰੀ।

ਐਥੇ ਥੋਡੀਆਂ ਲਿਖੀਆਂ ਪੱਕੀਆਂ ਹੋਈਆਂ। ਅਮਰੀਕਾ ਚੱਲਦੀ ਗੱਲਬਾਤ ਛੱਡ ਬੇਈਮਾਨ ਹੋਇਐ। ਅਚਾਨਕ ਇਜ਼ਰਾਇਲ ਨਾਲ ਰਲ ਕੇ ਫੌਜੀ ਖ਼ੂਨੀ ਹਮਲਾ ਕਰ ਦਿੱਤੈ। ਬਹਾਨਾ ਬਣਾਇਆ 'ਈਰਾਨ ਕੋਲ ਪ੍ਰਮਾਣੂੰ ਬੰਬ ਹੈ'। ਅਗਲੇ ਦਿਨੀਂ ਸੱਚ ਸਿਰ ਚੜ੍ਹ ਬੋਲਿਆ। 'ਬੱਸ ਦੋ ਦਿਨਾਂ ਵਿੱਚ ਤਖਤਾ ਪਲਟ ਦਿਆਂਗੇ। ਆਵਦੀ ਮਰਜ਼ੀ ਦੀ ਸਰਕਾਰ ਬਣਾਵਾਂਗੇ'। ਉਹਨਾਂ ਮਨ 'ਚ ਲੱਡੂ ਭੋਰੇ ਹੋਣਗੇ, ਲਾਲਾਂ ਵੀ ਡਿੱਗੀਆਂ ਹੋਣਗੀਆਂ, ਵੈਨੇਜ਼ੁਏਲਾ ਵਾਲੇ ਬੁੱਲੇ ਲੁੱਟਾਂਗੇ। ਥੋਡੀ ਏਕਤਾ, ਦਲੇਰੀ ਨੇ ਉਹਨਾਂ ਦਾ ਫ਼ਤੂਰ ਲਾਹ ਸੁੱਟਿਐ।

ਥੋਡਾ ਮੱਥਾ ਇਨ੍ਹਾਂ ਦੋਵੇਂ ਜਰਵਾਣੇ ਜ਼ਾਲਮਾਂ ਨਾਲ ਲੱਗਿਐ। ਕਿਥੇ ਉਹ, ਕਿਥੇ ਤੁਸੀਂ। ਉਹ ਫੌਜੀ ਤੇ ਖ਼ੁਫ਼ੀਆ ਤੰਤਰ ਦੇ ਵੱਡੇ ਕਮਾਂਡਰ ਤੇ ਕਾਰੋਬਾਰੀ। ਦੁਨੀਆਂ ਵਿੱਚ ਜੰਗਬਾਜ਼ਾਂ ਵਜੋਂ ਬਦਨਾਮ। ਤੁਸੀਂ ਆਵਦੇ ਧਾਰਮਿਕ, ਸਿਆਸੀ ਤੇ ਫੌਜ ਮੁਖੀਆਂ ਦੀਆਂ ਸ਼ਹਾਦਤਾਂ ਨੂੰ ਸਿਜਦਾ ਕੀਤੇ। ਗਮ ਨੂੰ ਏਕੇ ਤੇ ਗੁੱਸੇ ਵਿੱਚ ਬਦਲਿਆ ਤੇ ਭਿੜ੍ਹਣ ਦਾ ਰਾਹ ਚੁਣਿਐ। ਉਨ੍ਹਾਂ ਦੇ ਰਾਜ ਪਲਟੇ ਦਾ ਪਾਲਿਆ ਭਰਮ ਚਕਨਾਚੂਰ ਕਰ ਮਾਰਿਆ। ਉਹਨਾਂ ਦੇ ਮਾਰੂ ਜਹਾਜ਼ਾਂ ਨੂੰ ਫੁੰਡਿਆ ਤੇ ਕਈਆਂ ਦਾ ਨੱਕ ਭੰਨ ਪੁੱਠ-ਪੈਰੀਂ ਮੋੜਿਆ। ਥੋਡੇ ਇੱਕ ਜਣੇ ਨੇ ਪੁਸ਼ਤੈਨੀ ਗੰਨ ਨਾਲ ਹੀ ਕਮਾਲ ਕਰਤੀ। ਅਮਰੀਕਾ ਦੇ 5 ਡਰੋਨ ਚਿੱਤ ਕਰ ਸਿੱਟੇ। ਐਥੋਂ ਦੀਆਂ ਧੀਆ ਭੈਣਾਂ ਨੇ ਬੜਾ ਚੰਗਾ ਉੱਦਮ ਕੀਤੇ। ਇਕੱਠੀਆਂ ਹੋ ਕੇ ਗਾਏ ਗੀਤਾਂ ਨੇ ਸਾਮਰਾਜ ਨਾਲ ਭਿੜਨ ਦਾ ਸੰਦੇਸ਼ ਦਿੱਤਾ। ਜੰਗ ਵਿੱਚ ਗੀਤਾਂ ਦਾ ਮਹੱਤਵ ਵੰਡੇ। ਇਹ ਗੀਤ ਸਾਡੇ ਇਥੇ ਤਰਜਮੇ ਕਰ ਕਰ ਸੁਣੇ ਗਏ। ਇਹ ਗੀਤਾਂ ਦਾ ਜਲੌਅ ਹਮਲਾਵਰਾਂ ਦੇ ਸੀਨੇ ਜ਼ਰੂਰ ਸੱਲ ਪਾਉਂਦਾ ਹੋਊ। ਉਹਨਾਂ ਦੇ ਬੰਬ ਸਿੱਟਣ ਦੇ ਡਰਾਵਿਆਂ ਮੂਹਰੇ ਹਿੱਕਾਂ ਤਣ ਕੇ ਖੜ ਜਾਣਾ, ਜੰਗਬਾਜ਼ਾਂ ਦੇ ਸਾਹ ਸੂਤ ਗਿਆ ਹੋਣੈ। ਸਭ ਤੋਂ ਮੂਹਰੇ ਇੱਕ ਗਵੱਈਏ ਦਾ ਆ ਸਾਜ਼ ਛੇੜ ਦੇਣਾ, ਲੋਕਾਂ ਨੂੰ ਜਗਾ ਗਿਐ ਤੇ ਦੁਸ਼ਮਣਾਂ ਨੂੰ ਸੁੰਨ ਕਰ ਗਿਐ। ਉਹਨਾਂ ਬੰਬ ਤਾਂ ਕੀ ਚਲਾਉਣਾ, ਉਹਨਾਂ ਦੀ ਜ਼ੁਬਾਨ ਹੀ ਫੁਸ ਹੋ ਗਈ।




ਥੋਡੇ ਡਟ ਕੇ ਖੜ੍ਹਨ ਦੀ ਤਾਕਤ ਨੇ, ਦੁਸ਼ਮਣ ਨੂੰ ਖੜਨ ਜੋਗਾ ਨਹੀਂ ਛੱਡਿਆ। ਇੱਕ ਵਾਰ ਫੇਰ, ਤੁਸੀਂ ਦੋਵੇਂ ਜੰਗਬਾਜ਼ਾਂ ਨੂੰ, ਦੁਨੀਆਂ 'ਚ ਕਾਤਲਾਂ ਤੇ ਅਪਰਾਧੀਆਂ ਦੇ ਕਲੰਕੀ-ਟਿੱਕੇ ਲਾ ਦਿੱਤੇ ਨੇ। ਲੋਕਾਂ ਨੂੰ ਉਤਸ਼ਾਹ ਤੇ ਬਲ ਬਖਸਿਆ। ਆਪਣਿਆਂ ਨੂੰ ਪ੍ਰੇਰਨਾ ਤੇ ਹੌਸਲਾ ਦਿੱਤੈ। ਬੁੜਬੁੜ ਨੂੰ ਬੋਲ ਦਿੱਤੇ। ਬੋਲਾਂ ਨੂੰ ਨਾਹਰੇ। ਅਮਰੀਕਾ 'ਚ 'ਨੋ ਕਿੰਗ, ਨੋ ਵਾਰ' ਦੇ ਬੈਨਰ। ਲੱਖਾਂ ਦੇ ਮੁਜ਼ਾਹਰੇ। ਹਕੂਮਤੀ ਪੁਰਜ਼ਿਆਂ 'ਚ ਆਪਸੀ ਭੇੜ। ਕਈਆਂ ਦੇ ਅਹੁਦਿਆਂ ਦੀ ਬਲੀ। ਇੱਕ ਦੀ ਖਿੱਚ ਧੂਹ ਤੇ ਗੁੱਟ ਨੂੰ ਮਰੋੜਾ। ਜੰਗ ਦਾ ਵਿਰੋਧ ਕਰਦੇ ਸਾਬਕਾ ਫੌਜੀ ਅਫਸਰਾਂ ਦੀ ਗ੍ਰਿਫਤਾਰੀ। ਸਭ ਵੱਡੇ ਛੋਟੇ ਮੁਲਕਾਂ ਦੇ ਲੋਕਾਂ ਦਾ ਦਬਾਅ, ਹਕੂਮਤਾਂ ਨੂੰ ਵੀ ਬੋਲਣਾ ਪਿਆ। ਸੰਯੁਕਤ ਰਾਸ਼ਟਰ ਵੀ ਜੰਗਬਾਜ਼ਾਂ ਖਿਲਾਫ਼ ਬੋਲਿਆ। ਨਾਟੋ ਦੇਸ਼ ਵੀ ਅਮਰੀਕਾ ਦੇ ਆਖੇ ਨਹੀਂ ਲੱਗੇ। ਇੰਗਲੈਂਡ ਨੇ ਕੋਰਾ ਜਵਾਬ ਦੇ ਮਾਰਿਆ। ਸਾਮਰਾਜੀ ਮੁਲਕਾਂ ਨਾਲ ਟਕਰਾਅ ਸਾਹਮਣੇ ਆਇਆ। ਦੁਨੀਆਂ ਅੰਦਰ ਧੁਖਦੇ ਗੁੱਸੇ ਨੂੰ ਮੂੰਹਾਂ ਮਿਲਿਆ। ਇਹ ਸਭ ਥੋਡੇ ਖੜਨ ਕਰਕੇ ਹੋਇਆ। ਦੁਨੀਆਂ ਦੇ ਸਾਰੇ ਮਹਾਂਦੀਪਾਂ ਵਿੱਚ ਰੋਸ ਪ੍ਰਦਰਸ਼ਨ ਹੋਏ। ਸਾਰੀ ਦੁਨੀਆਂ ਨੇ ਦੇਖਿਆ, ਅਮਰੀਕਾ ਤੇ ਇਜ਼ਰਾਈਲ ਦਾ ਜਲੂਸ ਨਿਕਲਦਾ।

ਥੋਡੀ ਦ੍ਰਿੜ ਸੁਣਾਉਣੀ ਸਪੱਸ਼ਟ ਐ। ਕਤਾਰਬੱਧ ਹੋਇਆ ਕੌਮੀ ਜਜ਼ਬਾ ਜਦ ਸਿਰ ਉਠਾਉਂਦੇ। ਹੱਕੀ ਭੇੜੂ ਲਹਿਰ ਬਣ ਹਕੂਮਤਾਂ ਅਤੇ ਹਮਲਾਵਰਾਂ ਨੂੰ ਵੰਗਾਰਦੈ। ਖ਼ੂੰਖ਼ਾਰ ਦੈਂਤ ਜਾਪਦੇ ਸਾਮਰਾਜੀ ਕਾਗਜ਼ੀ ਸ਼ੇਰਾਂ ਦੀ ਫੂਕ ਕੱਢ ਦਿੰਦੈ। ਦੁੰਮ ਦਬਾ ਕੇ ਖੁੱਡਿਆਂ ਵਿੱਚ ਵੜਣ ਵੱਲ ਧੱਕ ਸੁੱਟਦੈ। ਇਉਂ ਪਹਿਲਾਂ ਵੀ ਅਨੇਕਾਂ ਜ਼ਾਲਮ ਇਤਿਹਾਸ ਦੇ ਕੂੜੇਦਾਨ ਵਿੱਚ ਗਲ ਸੜ ਰਹੇ ਨੇ। ਅਮਰੀਕਾ ਆਪਦੇ ਆੜੀ ਬਰਤਾਨਵੀ ਸਾਮਰਾਜ ਨੂੰ ਪੁੱਛ ਲਵੇ। ਬਸਤੀਆਂ ਛੱਡ ਛੱਡ ਭੱਜਿਆ ਸੀ ਉਹ।

ਇਥੇ ਭਾਰਤ ਦੇ ਲੋਕਾਂ ਨੂੰ ਵੀ ਬਹੁਤ ਹੌਂਸਲਾ ਮਿਲਿਐ। ਮੁਲਕ ਦੇ ਵੱਡੇ ਸ਼ਹਿਰੀ ਕੇਦਰਾਂ ਵਿਚ ਜੰਗਬਾਜ਼ਾਂ ਦੇ ਪੁਤਲਿਆਂ ਦਾ ਧੂੰਆਂ ਉਡਿਆ। ਥੋਡੇ ਐਥੇ ਹਕੂਮਤ ਨਾਲ ਐ। ਪਰ ਸਾਡੇ ਇਥੇ ਹਕੂਮਤ ਢਿੱਡੋਂ ਚਿੱਤੋਂ ਜੰਗਬਾਜ਼ਾਂ ਦੀ ਸੇਵਾ ਵਿਚ ਹੈ। ਐਥੇ ਟਰੰਪ ਤੇ ਨੇਤਨਯਾਹੂ ਬੰਬ ਸਿੱਟਦੈ। ਇਥੇ ਬੰਬਾਂ ਵਰਗੇ ਹੁਕਮ ਚਾੜ੍ਹਦੈ। ਹਕੂਮਤ ਉਹਨਾਂ ਮੂਹਰੇ ਭੋਰਾ ਨੀਂ ਕੁਸਕਦੀ। ਸਤਬਚਨ ਕਹਿ ਲੋਕਾਂ ਸਿਰ ਥੋਪ ਧਰਦੀ ਐ। ਐਥੇ ਥੋਡੇ, ਅਮਰੀਕਾ ਪਹਿਲਾਂ ਪਾਬੰਦੀਆਂ ਸ਼ਰਤਾਂ ਮੜਦਾ ਰਿਹੈ। ਤੰਗ ਕਰਕੇ ਲੁੱਟ ਲਈ ਦਰਵਾਜ਼ੇ ਖੁਲਵਾਉਣ ਦੀ ਨੀਤ ਪਾਲਦਾ ਰਿਹਾ। ਪਰ ਇਥੇ ਸਾਡੇ, ਪੂਰੀਆਂ ਖੁੱਲਾਂ ਮਾਣਦੈ। ਹਕੂਮਤ ਜਮਾਂ ਨੀਂ ਰੋਕਦੀ। ਆਹ ਨਵੀਂ ਡੀਲ ਰਾਹੀਂ ਭਾਰਤ ਦੀਆਂ ਸਭ ਮੰਡੀਆਂ ਖੁਲਵਾ ਲਈਆ। ਪਰ ਇਥੇ ਲੋਕ ਲਗਾਤਾਰ ਜੱਦੋਜਹਿਦ ਵਿੱਚ ਹਨ। ਸਾਮਰਾਜ, ਉਹਦੇ ਦੇਸੀ ਏਜੰਟ ਤੇ ਹਕੂਮਤਾਂ ਲੋਕਾਂ ਦੇ ਗੁੱਸੇ ਦਾ ਨਿਸ਼ਾਨਾ ਬਣਦੇ ਰਹਿੰਦੇ ਹਨ। ਕਈ ਹੁਕਮਾਂ ਨੂੰ ਲਾਗੂ ਹੋਣ ਤੋਂ ਰੋਕ ਵੀ ਦਿੰਦੇ ਹਨ। ਇੱਕ ਵਾਰ ਫੇਰ ਸ਼ਾਬਾਸ਼। ਸ਼ੁਭ ਇਛਾਵਾਂ, ਸ਼ਾਲਾ, ਤੁਸੀਂ ਜੰਗਬਾਜ਼ਾਂ ਨੂੰ ਉਹਨਾਂ ਦੀ ਸਹੀ ਥਾਂ ਦਿਖਾਉਣ ਵਿੱਚ ਅਤੇ ਡਾਕੂਆਂ ਤੋਂ ਆਪਣੇ ਵਤਨ ਦੀ ਰਾਖੀ ਕਰਨ ਵਿੱਚ ਕਾਮਯਾਬ ਹੋਵੋਂ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਇੰਜ. ਈਸ਼ਰ ਸਿੰਘ ਦੀ ਪੁਸਤਕ 'ਤਕਨੌਲੌਜੀ - ਕੰਨਾ ਨੂੰ ਖਾ ਰਿਹਾ ਸੋਨਾ' ਕੀਤੀ ਗਈ ਲੋਕ-ਅਰਪਿਤ

## *ਬੁਲਾਰਿਆਂ ਵੱਲੋਂ ਪੁਸਤਕ ਦੇ ਵੱਖ-ਵੱਖ ਪੱਖਾਂ ਬਾਰੇ ਵਿਚਾਰ ਪੇਸ਼ ਕੀਤੇ ਗਏ ਤੇ ਕਵੀ-ਦਰਬਾਰ ਵੀ ਹੋਇਆ*






ਬਰੈਂਪਟਨ, (ਡਾ. ਝੰਡ) : ਲੰਘੇ ਐਤਵਾਰ 19 ਅਪ੍ਰੈਲ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗਮ ਵਿੱਚ ਇੰਜ. ਈਸ਼ਰ ਸਿੰਘ ਦੀ ਪਲੇਠੀ ਪੁਸਤਕ 'ਕੰਨਾਂ ਨੂੰ ਖਾ ਰਿਹਾ ਸੋਨਾ? ਲੋਕ-ਅਰਪਿਤ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਕਿਰਪਾਲ ਸਿੰਘ ਪੰਨੂ, ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਪੀਲ ਸਕੂਲ ਬੋਰਡ ਦੇ ਟਰੱਸਟੀ ਤੇ ਡਿਪਟੀ ਚੇਅਰ ਸਤਪਾਲ ਸਿੰਘ ਜੌਹਲ, ਪੁਸਤਕ ਲੇਖਕ ਇੰਜ. ਈਸ਼ਰ ਸਿੰਘ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਸੁਸ਼ੋਭਿਤ ਸਨ। ਸਭਾ ਦੇ ਚੇਅਰਪਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ ਨਿੱਘੀ 'ਜੀ-ਆਇਆਂ' ਕਹਿੰਦਿਆਂ ਹੋਇਆ ਇਸ ਪੁਸਤਕ ਨੂੰ ਬਹੁ-ਪੱਖੀ ਤੇ ਬਹੁ-ਮੁੱਲੀ ਜਾਣਕਾਰੀ ਵਾਲਾ ਦਸਤਾਵੇਜ਼ਕਰਾਰ ਦਿੱਤਾ ਗਿਆ। ਉਸ ਤੋਂ ਬਾਅਦ ਕਿਤਾਬ ਦੇ ਲੋਕ-ਅਰਪਣ ਦੀ ਰਸਮ ਪ੍ਰਧਾਨਗੀ-ਮੰਡਲ ਅਤੇ ਸਭਾ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਵੱਲੋਂ ਮਿਲ ਕੇ ਕੀਤੀ ਗਈ।

ਉਪਰੰਤ, ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਪੁਸਤਕ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਗਿਆ ਜਿਨ੍ਹਾਂ ਨੇ ਦੱਸਿਆ ਕਿ ਇਹ ਪੁਸਤਕ ਇੰਜ. ਈਸ਼ਰ ਸਿੰਘ ਵੱਲੋਂ 82 ਸਾਲ ਦੀ ਉਮਰ 'ਚ ਲਿਖੀ ਗਈ ਪਲੇਠੀ ਪੁਸਤਕ ਹੈ। ਬੇਸ਼ਕ ਇਸਦੇ ਸਰਵਰਕ ਤੋਂ ਲੱਗਦਾ ਹੈ ਕਿ ਇਹ 'ਕੰਨਾ ਨੂੰ ਖਾ ਰਹੇ ਸੋਨੇ' ਵਾਂਗ ਅਜੋਕੀ ਤਕਨਾਲੌਜੀ ਵੱਲੋਂ ਸਮਾਜ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਬਾਰੇ ਕੇਂਦ੍ਰਿਤ ਹੈ, ਪਰ ਇਸ ਨੂੰ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਪੁਸਤਕ ਸਮੇਂ-ਸਮੇਂ ਆਈਆਂ ਵੱਖ-ਵੱਖ ਤਕਨਾਲੌਜੀਆਂ ਦੇ ਫ਼ਾਇਦਿਆਂ ਤੇ ਨੁਕਸਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਸਰੀਰਕ ਤੇ ਮਾਨਸਿਕ ਵਿਕਾਸ, ਖੇਡਾਂ ਤੇ ਦੌੜਾਂ, ਆਦਤਾਂ ਨੂੰ ਸੁਧਾਰਨ, ਖ਼ੁਸ਼ ਰਹਿਣ, ਪਰਮਾਰਥ, ਵਾਤਾਵਰਣ ਦੀ ਸੰਭਾਲ ਅਤੇ ਬਨਾਉਟੀ-ਬੁੱਧੀ ਵਰਗੇ ਵੱਖ-ਵੱਖ ਵਿਸ਼ਿਆਂ ਨੂੰ ਵੀ ਬਾਖ਼ੂਬੀ ਦਰਸਾਉਂਦੀ ਹੈ।

ਪੁਸਤਕ ਦੇ ਤਕਨਾਲੌਜੀ ਪੱਖ ਬਾਰੇ ਗੱਲ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਕਨਾਲੌਜੀ ਦੇ ਆਉਣ ਨਾਲ ਵੱਖ-ਵੱਖ ਖੇਤਰਾਂ ਵਿੱਚ ਬਹੁਤ ਵਿਕਾਸ ਹੋਇਆ ਹੈ ਪਰ ਇਸ ਦੇ ਨਾਲ ਹੀ ਮਸ਼ੀਨੀਕਰਨ ਹੋ ਜਾਣ ਕਰਕੇ ਬਹੁਤ ਸਾਰੇ ਕੰਮ ਮਸ਼ੀਨਾਂ ਅਤੇ ਰੋਬੋਟਾਂ ਵੱਲੋਂ ਸਾਂਭ ਲਏ ਜਾਣ ਨਾਲ ਬੇਰੋਜ਼ਗਾਰੀ ਵਿੱਚ ਵੀ ਬਹੁਤ ਵਾਧਾ ਹੋਇਆ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਕਈ ਅੰਕੜੇ ਵੀ ਪੇਸ਼ ਕੀਤੇ ਗਏ। ਡਾ. ਜਗਮੋਹਨ ਸਿੰਘ ਸੰਘਾ ਨੇ ਪੁਸਤਕ ਵਿਚਲੇ ਖੇਡਾਂ ਤੇ ਦੌੜਾਂ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕਰਨ ਨਾਲ ਲੇਖਕ ਵੱਲੋਂ ਇਸ ਦੇ ਅਧਿਆਇ 'ਕਿਤਨੇ ਗਾਜ਼ੀ ਆਏ ਕਿਤਨੇ ਗਾਜ਼ੀ ਗਏ' ਵਿੱਚ ਲੈਫ਼ਟੀਨੈਂਟ ਜਨਰਲ ਕੇ.ਜੇ.ਐੱਸ. ਢਿੱਲੋਂ ਉਰਫ਼ 'ਟਾਇਨੀ ਢਿੱਲੋਂ' ਵੱਲੋਂ 'ਆਪਰੇਸ਼ਨ ਸਿੰਧੂਰ' ਦੌਰਾਨ ਵਿਖਾਈ ਗਈ ਬੇਮਿਸਾਲ ਬਹਾਦਰੀ ਬਾਰੇ ਵੀ ਜ਼ਿਕਰ ਕੀਤਾ। ਪੁਸਤਕ ਵਿਚਲੇ ਸਾਇੰਸ ਤੇ ਤਕਨਾਲੌਜੀ ਨਾਲ ਸਬੰਧਿਤ ਵਿਸ਼ਿਆਂ ਨੂੰ ਚਰਚਾ ਦਾ ਵਿਸ਼ਾ ਬਣਾਉਂਦਿਆ ਹੋਇਆਂ ਸੁਰਿੰਦਰਜੀਤ ਕੌਰ ਨੇ ਕਿਹਾ ਕਿ ਪਿਛਲੀ ਸਦੀ ਵਿੱਚ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਇਸ ਦੇ ਨਾਲ ਜੁੜੀ ਤਕਨਾਲੌਜੀ ਦੀ ਮਨੁੱਖਤਾ ਨੂੰ ਬੜੀ ਵੱਡੀ ਦੇਣ ਹੈ। ਬ੍ਰਹਿਮੰਡ ਦੇ ਪਸਾਰੇ ਨੂੰ ਵੇਖਣ ਵਾਲੀ ਅੱਖ (ਦੂਰਬੀਨ) ਨਾਲ ਮਨੁੱਖ ਤਾਰਾ-ਮੰਡਲ ਦੀਆਂ ਬਹੁਤ ਸਾਰੀਆਂ ਅਣਦਿਖੀਆਂ ਵੱਡੀਆਂ ਗਲੈਕਸੀਆਂ ਬਾਰੇ ਜਾਣ ਸਕਿਆ ਹੈ। ਪੁਸਤਕ ਬਾਰੇ ਆਪਣੇ ਹਾਵ-ਭਾਵ ਦੱਸਦਿਆਂ ਸੁਖਚਰਨਜੀਤ ਕੌਰ ਗਿੱਲ ਨੇ ਕਿਹਾ ਕਿ ਇਹ ਵਾਰਤਕ ਪੁਸਤਕ ਬੜੇ ਵਿਲੱਖਣ ਅੰਦਾਜ਼ 'ਚ ਲਿਖੀ ਗਈ ਹੈ ਅਤੇ ਇਸ ਵਿੱਚ ਬੇਲੋੜੇ ਵਿਸਥਾਰ ਤੋਂ ਗੁਰੇਜ਼ ਕੀਤਾ ਗਿਆ ਹੈ। ਸ. ਕਿਰਪਾਲ ਸਿੰਘ ਪੰਨੂੰ ਅਤੇ ਪ੍ਰਿੰਸੀਪਲ ਸਰਵਣ ਸਿੰਘ ਦੋਹਾਂ ਵੱਲੋਂ ਪੁਸਤਕ ਦੀਆਂ ਭੂਮਿਕਾਵਾਂ ਬੜੀਆਂ ਭਾਵਪੂਰਤ ਲਿਖੀਆਂ ਗਈਆਂ ਹਨ।

ਤਕਨਾਲੌਜੀ ਦੀ ਵਰਤੋਂ ਅਤੇ ਇਸਦੀ ਦੁਰਵਰਤੋਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਕਿਹਾ ਕਿ ਤਕਨਾਲੌਜੀ ਦੀ ਸੁਚੱਜੀ ਵਰਤੋਂ ਮਨੁੱਖ ਲਈ ਵਰਦਾਨ ਹੈ ਅਤੇ ਇਸਦੀ ਕੁਚੱਜੀ ਵਰਤੋਂ ਮਨੁੱਖ ਨੂੰ ਨਿਘਾਰ ਵੱਲ ਲੈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅਜੋਕੀਆਂ ਜੰਗਾਂ ਵਿੱਚ ਵਰਤੀਆਂ ਜਾ ਰਹੀਆਂ ਕਈ ਕਿਸਮ ਦੀਆਂ ਮਿਜ਼ਾਈਲਾਂ ਅਤੇ ਬੰਬ ਇਸ ਦੀ ਦੁਰਵਰਤੋਂ ਦਾ ਪ੍ਰਤੱਖ ਸਬੂਤ ਹਨ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲੇਖਕ ਅਤੇ ਕਿਤਾਬ ਦਾ ਰਿਸ਼ਤਾ ਮਾਂ ਅਤੇ ਬੱਚੇ ਵਰਗਾ ਹੈ। ਹੋਣਹਾਰ ਬੱਚੇ ਵਾਂਗ ਚੰਗੀ ਕਿਤਾਬ ਵੀ ਉਸਦੇ ਲੇਖਕ ਦਾ ਨਾਂ ਰੌਸ਼ਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇੰਜ. ਈਸ਼ਰ ਸਿੰਘ ਨੂੰ ਵੱਖ-ਵੱਖ ਦੌੜਾਂ ਵਿੱਚ ਹਿੱਸਾ ਲੈਣ ਅਤੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਤੋਂ ਪੰਜਾਬੀ ਵਿੱਚ ਲਿਖਣ ਦੀ ਪ੍ਰੇਰਨਾ ਮਿਲੀ।

ਕਿਤਾਬ ਦੇ ਅਧਿਆਏ 'ਅਗਲਾ ਜਨਮ' ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਕਿਰਪਾਲ ਸਿੰਘ ਪੰਨੂੰ ਨੇ ਕਿਹਾ ਕਿ ਵੱਖ-ਵੱਖ ਧਰਮਾਂ ਵੱਲੋਂ ਦਰਸਾਇਆ ਗਿਆ ਕਿ 'ਅਗਲਾ ਜਨਮ' ਤਾਂ ਕਿਸੇ ਨੇ ਵੇਖਿਆ ਨਹੀਂ ਹੈ ਪਰ ਇਸ ਜਨਮ ਵਿੱਚ ਹੀ ਮਨੁੱਖ ਜੇਕਰ ਕੋਈ ਨਵਾਂ ਕੰਮ ਕਰ ਜਾਂਦਾ ਹੈ ਤਾਂ ਉਹ ਉਸਦਾ ਅਗਲਾ ਜਨਮ ਹੈ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਕਿਹਾ ਕਿ ਈਸ਼ਰ ਸਿੰਘ ਦੀ ਇਹ ਪਲੇਠੀ ਪੁਸਤਕ ਗਿਆਨ, ਵਿਗਿਆਨ, ਸਿਹਤ, ਅਰੋਗਤਾ, ਜੀਵਨ ਜਿਊਣ ਦੀ ਕਲਾ ਅਤੇ ਤਕਨਾਲੌਜੀ ਦਾ ਬਹੁਤ ਵਧੀਆ ਸੁਮੇਲ ਹੈ। ਅਖ਼ੀਰ ਵਿੱਚ ਪੁਸਤਕ ਦੀ ਸਿਰਜਣਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇੰਜ. ਈਸ਼ਰ ਸਿੰਘ ਨੇ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀਆਂ ਮਹੀਨਾਵਾਰ ਮੀਟਿੰਗਾਂ ਵਿੱਚ ਸ਼ਾਮਲ ਹੋਣ ਨਾਲ ਉਨ੍ਹਾਂ ਨੂੰ ਪੰਜਾਬੀ ਵਿੱਚ ਲਿਖਣ ਦੀ ਪ੍ਰੇਰਨਾ ਮਿਲੀ ਅਤੇ ਇਹ ਪੁਸਤਕ ਉਸ ਪ੍ਰੇਰਨਾ ਸਦਕਾ ਹੀ ਹੋਂਦ ਵਿੱਚ ਆ ਸਕੀ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਲਿਖਣ ਦਾ ਉਨ੍ਹਾਂ ਦਾ ਮਕਸਦ ਅਜੋਕੀ ਤਕਨਾਲੋਜੀ ਦੀ ਨਿਖੇਧੀ ਕਰਨ ਨਹੀਂ ਹੈ, ਸਗੋਂ ਇਸ ਦੀ ਦੁਰਵਰਤੋਂ ਹੋਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਹੋਰ ਕਿਹਾ ਕਿ ਅਜੋਕੇ ਸਮੇਂ ਵਿੱਚ ਧਰਮ ਅਤੇ ਤਕਨਾਲੌਜੀ ਦੋਹਾਂ ਦੀ ਹੀ ਦੁਰਵਰਤੋਂ ਹੋ ਰਹੀ ਹੈ। ਉਨ੍ਹਾਂ ਵੱਲੋਂ ਕਿਰਪਾਲ ਸਿੰਘ ਪੰਨੂੰ, ਪ੍ਰਿੰਸੀਪਲ ਸਰਵਣ ਸਿੰਘ ਅਤੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਮੈਂਬਰਾਂ ਤੋਂ ਵੱਖ-ਵੱਖ ਤਰ੍ਹਾਂ ਦਾ ਸਹਿਯੋਗ ਪ੍ਰਾਪਤ ਹੋਣ 'ਤੇ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ।

ਸਮਾਗਮ ਦੇ ਦੂਸਰੇ ਭਾਗ ਕਵੀ-ਦਰਬਾਰ ਦੇ ਪ੍ਰਧਾਨਗੀ-ਮੰਡਲ ਵਿੱਚ ਸ਼ਾਮ ਸਿੰਘ ਅੰਗਸੰਗ, ਪ੍ਰੀਤਮ ਧੰਜਲ, ਕਰਨ ਅਜਾਇਬ ਸਿੰਘ ਸੰਘਾ, ਹਰਭਜਨ ਕੌਰ ਗਿੱਲ, ਸੁਰਿੰਦਰਜੀਤ ਕੌਰ ਗਿੱਲ ਅਤੇ ਰਾਜਕੁਮਾਰ ਓਸ਼ੋਰਾਜ ਸ਼ਾਮਲ ਸਨ। ਇਸ ਦਾ ਸੰਚਾਲਨ ਮਲੂਕ ਸਿੰਘ ਕਾਹਲੋਂ ਵੱਲੋਂ ਕੀਤਾ ਗਿਆ। ਇਸ ਵਿੱਚ ਉਨ੍ਹਾਂ ਵੱਲੋਂ ਵਾਰੀ-ਵਾਰੀ ਪ੍ਰੀਤਮ ਧੰਜਲ, ਰੂਬੀ ਕਰਤਾਰਪੁਰੀ, ਮਕਸੂਦ ਚੌਧਰੀ, ਸੁਖਦੇਵ ਝੰਡ, ਦਰਸ਼ਨ ਸਿੱਧੂ, ਹਰਮੇਸ਼ ਜੀਂਦੋਵਾਲ, ਸ਼ਾਮ ਸਿੰਘ ਅੰਗਸੰਗ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਗਿੱਲ, ਰਮਿੰਦਰ ਵਾਲੀਆ, ਪਰਮਜੀਤ ਸਿੰਘ ਢਿੱਲੋਂ, ਰਾਜਕੁਮਾਰ ਓਸ਼ੋਰਾਜ, ਇਕਬਾਲ ਬਰਾੜ, ਸ਼ਾਮ ਸਿੰਘ ਅੰਗਸੰਗ, ਤਲਵਿੰਦਰ ਮੰਡ, ਜੱਸੀ ਭੁੱਲਰ, ਸੁਰਿੰਦਰਜੀਤ ਕੌਰ, ਕਰਨ ਅਜਾਇਬ ਸਿੰਘ ਸੰਘਾ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਵੱਲੋਂ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਇਸ ਮੌਕੇ ਸਰੋਤਿਆਂ ਵਿੱਚ 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ,ਡਾ. ਦਲਬੀਰ ਸਿੰਘ ਕਥੂਰੀਆ, ਇੰਜ. ਅੰਮ੍ਰਿਤਪਾਲ ਸਿੰਘ, ਡਾ. ਅਜਮੇਰ ਸਿੰਘ, ਹਰਮਿਲਾਪ ਸਿੰਘ ਚਾਹਲ, ਹਰਜੀਤ ਬਾਜਵਾ, ਗੁਰਦੇਵ ਸਿੰਘ ਮਾਨ, ਪ੍ਰਸ਼ੋਤਮ ਸਿੰਘ, ਹਰਜੀਤ ਕੌਰ ਸੰਧੂ, ਸੁਰਿੰਦਰ ਕੌਰ ਮਾਨ, ਪਤਵੰਤ ਕੌਰ ਪੰਨੂੰ, ਦਵਿੰਦਰ ਕੌਰ ਨਾਗਰਾ, ਹਰਭਿੰਦਰ ਕੌਰ ਝੱਜ, ਸੁੱਚਾ ਇੰਘ ਮਾਂਗਟ, ਗੁਰਸੇਵਕ ਸਿੰਘ ਸਿੱਧੂ, ਟੀ.ਪੀ.ਏ.ਆਰ. ਕਲੱਬ ਤੋਂ ਸੰਧੂਰਾ ਸਿੰਘ ਬਰਾੜ, ਨਰਿੰਦਰਪਾਲ ਬੈਂਸ, ਗੁਰਬਚਨ ਗਰੇਵਾਲ, ਸੁਰਿੰਦਰ ਨਾਗਰਾ, ਰਾਕੇਸ਼ ਸ਼ਰਮਾ ਅਤੇ ਕਈ ਹੋਰ ਸ਼ਾਮਲ ਸਨ।

**ਕਿਤਾਬਾਂ ਮਨੁੱਖ ਦੁਆਰਾ ਸਿਰਜੇ ਚਮਤਕਾਰਾਂ ਵਿਚੋਂ ਸਭ ਤੋਂ ਵੱਡਾ ਚਮਤਕਾਰ ਹੈ। - ਮੈਕਸਿਮ ਗੋਰਕੀ**







DM TRANSPORT

ace ACI US&Canada Bonded

Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

**Hiring AZ drivers and owner operator**



**Description**
We're currently hiring AZ drivers and O/O for Long haul to California and Midwest ( Flatbed) and Dryvan and reefer (Midwest)

**What we are offering:**
• Great Pay • Great work environment • Consistent work & and miles! • Scale bypass

**Requirements for our AZ Truck Driver positions:**
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.

For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਭਵਿੱਖ ਸ਼ਾਂਤੀ ਹੈ: ਇਕ ਸਾਂਝਾ ਸਫਰ ਪਵਿੱਤਰ ਧਰਤੀ ਦਾ

(The future is Peace: A Shared Journey Across the Holy Land)

**ਲੇਖਕ: ਅਜ਼ੀਜ਼ ਅਬੂ ਸਾਰ੍ਹਾ**
**ਅਤੇ ਮਾਓਜ਼ ਇਨਾਨ**
**ਅਨੁਵਾਦ: ਸੁਖਵੰਤ ਹੁੰਦਲ**

*(ਹਾਲ ਹੀ ਵਿੱਚ ਪ੍ਰਕਾਸ਼ਤ ਹੋਈ ਇਹ ਕਿਤਾਬ ਇਕ ਫਲਸਤੀਨੀ ਅਜ਼ੀਜ਼ ਅਬੂ ਸਾਰ੍ਹਾ ਅਤੇ ਇਕ ਇਜ਼ਰਾਇਲੀ ਮਾਓਜ਼ ਇਨਾਨ ਵਲੋਂ ਰਲ ਕੇ ਲਿਖੀ ਗਈ ਹੈ । ਦੋਵੇਂ ਫਲਸਤੀਨ ਅਤੇ ਇਜ਼ਰਾਈਲ ਵਿਚਕਾਰ ਸ਼ਾਂਤੀ ਲਈ ਕੰਮ ਕਰਨ ਵਾਲੇ ਕਾਰਕੁੰਨ ਹਨ । ਅਜ਼ੀਜ਼ ਅਬੂ ਸਾਰ੍ਹਾ ਦਾ ਭਰਾ ਇਜ਼ਰਾਇਲੀ ਡਿਫੈਂਸ ਫੋਰਸਜ਼ ਵਲੋਂ ਕੀਤੇ ਤਸ਼ੱਦਦ ਕਾਰਨ ਮਾਰਿਆ ਗਿਆ ਸੀ ਅਤੇ ਮਾਓਜ਼ ਇਨਾਨ ਦੇ ਮਾਪੇ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਦੌਰਾਨ ਮਾਰੇ ਗਏ ਸਨ । ਪਰ ਇਹਨਾਂ ਦੋਹਾਂ ਨੇ ਆਪਣੇ ਘਾਟਿਆਂ ਨੂੰ ਇਕ ਦੂਸਰੇ ਪ੍ਰਤੀ ਦੁਸ਼ਮਣੀ ਅਤੇ ਬਦਲੇ ਦੀ ਭਾਵਨਾ ਵਿੱਚ ਤਬਦੀਲ ਕਰਨ ਦੀ ਥਾਂ ਇਸ ਖੇਤਰ ਵਿੱਚ ਸ਼ਾਂਤੀ ਲਿਆਉਣ ਲਈ ਕੰਮ ਕਰਨ ਦੀ ਭਾਵਨਾ ਵਿੱਚ ਤਬਦੀਲ ਕੀਤਾ ਹੈ । ਉਹ ਕਹਿੰਦੇ ਹਨ, 'ਅਸੀਂ ਡਰ ਅਤੇ ਗੁੱਸੇ, ਅਤਿਵਾਦ ਅਤੇ ਕਬੀਲਾਪ੍ਰਸਤੀ ਦੁਆਰਾ ਇੰਨੇ ਵੰਡੇ ਗਏ ਹਾਂ ਕਿ ਹੁਣ ਅਸੀਂ ਇੱਕ ਦੂਜੇ ਦੀ ਇਨਸਾਨੀਅਤ ਨਹੀਂ ਦੇਖ ਸਕਦੇ ਜਾਂ ਇੱਕ ਦੂਜੇ ਦੇ ਦੁੱਖ ਪ੍ਰਤੀ ਹਮਦਰਦੀ ਮਹਿਸੂਸ ਨਹੀਂ ਕਰ ਸਕਦੇ । ਅਸੀਂ, ਸਾਨੂੰ ਵਿਰਾਸਤ ਵਿੱਚ ਮਿਲੇ ਇਤਿਹਾਸ ਵਿੱਚ ਜੀ ਰਹੇ ਹਾਂ, ਪਰ ਜੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਨੇ ਇੱਕ ਸਾਂਝਾ ਭਵਿੱਖ ਉਸਾਰਨਾ ਹੈ – ਅਤੇ ਸਾਡੇ ਲਈ ਆਪਣੇ ਦੋਵੇਂ ਲੋਕ-ਸਮੂਹਾਂ ਦੀ ਖ਼ਾਤਰ ਇਹ ਕਰਨਾ ਜ਼ਰੂਰੀ ਹੈ– ਤਾਂ ਅੱਗੇ ਵਧਣ ਦਾ ਇਕੋ ਇੱਕ ਰਸਤਾ ਹੈ ਸਾਨੂੰ ਵੰਡਣ ਵਾਲੀਆਂ ਅਗਿਆਨਤਾ ਅਤੇ ਨਫ਼ਰਤ ਦੀਆਂ ਕੰਧਾਂ ਨੂੰ ਢਾਹ ਦੇਣਾ ।' ਇਸ ਕਿਤਾਬ ਵਿੱਚ ਉਹਨਾਂ ਨੇ ਇਸ ਖਿੱਤੇ ਦੇ ਅਮੀਰ ਇਤਿਹਾਸ, ਇਸ ਖਿੱਤੇ ਨਾਲ ਆਪਣੇ ਆਪਣੇ ਲੋਕਾਂ ਦੇ ਸੰਬੰਧਾਂ ਦੀ ਕਹਾਣੀ, ਉਹਨਾਂ ਵਿਚਕਾਰ ਇਕ ਸਦੀ ਤੋਂ ਵੱਧ ਸਮੇਂ ਤੋਂ ਚੱਲੀ ਆ ਰਹੀ ਲੜਾਈ ਦੇ ਲੋਕਾਂ 'ਤੇ ਪੈ ਰਹੇ ਅਸਰਾਂ ਬਾਰੇ ਗੱਲ ਕੀਤੀ ਹੈ । ਫਲਸਤੀਨੀਆਂ ਅਤੇ ਇਜ਼ਰਾਈਲੀਆਂ ਵਿਚਕਾਰ ਵੰਡੀਆਂ ਪਾਉਣ ਵਾਲੀਆਂ ਸਥਿਤੀਆਂ ਬਾਰੇ ਗੱਲ ਕਰਨ ਦੇ ਨਾਲ ਨਾਲ ਉਹਨਾਂ ਨੇ ਲੜਾਈ ਤੋਂ ਪਹਿਲਾਂ ਆਪਣੇ ਲੋਕਾਂ ਵਿਚਕਾਰ ਸਹਿਯੋਗ ਦੇ ਲੰਮੇ ਇਤਿਹਾਸ ਦੀ ਵੀ ਗੱਲ ਕੀਤੀ ਹੈ । ਅਜ਼ੀਜ਼ ਅਤੇ ਮਾਓਜ਼ ਉਸ ਸਮੇਂ ਆਪਣੇ ਲੋਕਾਂ ਵਿਚਕਾਰ ਸ਼ਾਂਤੀ ਦੀ ਉਮੀਦ ਲੈ ਕੇ ਦੁਨੀਆ ਦੇ ਸਨਮੁੱਖ ਹੋਏ ਹਨ, ਜਦੋਂ ਬਹੁਤ ਘੱਟ ਲੋਕ ਇਸ ਸ਼ਾਂਤੀ ਦੀ ਉਮੀਦ ਕਰ ਰਹੇ ਹਨ । ਪਰ ਜਿਸ ਢੰਗ ਨਾਲ ਉਹਨਾਂ ਨੇ ਆਪਣੀ ਗੱਲ ਕਹੀ ਹੈ, ਉਹ ਬਹੁਤ ਹੀ ਸ਼ਕਤੀਸ਼ਾਲੀ ਢੰਗ ਨਾਲ ਇਸ ਉਮੀਦ ਦੇ ਸਾਕਾਰ ਹੋਣ ਦਾ ਯਕੀਨ ਦਿਵਾਉਂਦੀ ਹੈ ।*

*ਇਹ ਕਿਤਾਬ ਸਿਰਫ ਫਲਸਤੀਨੀ ਅਤੇ ਇਜ਼ਰਾਇਲੀ ਲੋਕਾਂ ਲਈ ਹੀ ਮਹੱਤਵਪੂਰਨ ਨਹੀਂ ਸਗੋਂ ਦੁਨੀਆ ਦੇ ਉਹਨਾਂ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ ਜਿਹਨਾਂ ਦੇ ਸਮਾਜਾਂ ਵਿੱਚ ਨਫਰਤ, ਦੁਸ਼ਮਣੀਆਂ ਅਤੇ ਹਿੰਸਾ ਦੇ ਬਿਰਤਾਂਤਾ ਦਾ ਬੋਲਬਾਲਾ ਹੈ । ਇਹ ਕਿਤਾਬ ਵੱਖ ਵੱਖ ਲੋਕਾਂ ਨੂੰ ਨਫਰਤ, ਦੁਸ਼ਮਣੀ ਅਤੇ ਹਿੰਸਾ ਤੋਂ ਪਾਰ ਜਾ ਕੇ ਇਕ ਦੂਸਰੇ ਨਾਲ ਇਨਸਾਨੀਅਤ ਦਾ ਰਿਸ਼ਤਾ ਕਾਇਮ ਕਰਨ ਦਾ ਰਾਹ ਦਸਦੀ ਹੈ । ਮੇਰੇ ਖਿਆਲ ਵਿੱਚ ਇਹ ਕਿਤਾਬ ਸਾਰਿਆਂ ਨੂੰ ਪੜ੍ਹਨੀ ਚਾਹੀਦੀ ਹੈ । ਇਸ ਕਿਤਾਬ ਬਾਰੇ ਹੋਰ ਜਾਣਕਾਰੀ ਦੇਣ ਲਈ ਇਸ ਕਿਤਾਬ ਦੀ ਇੰਟਰੋਡਕਸ਼ਨ (ਜਾਣ-ਪਛਾਣ) ਦਾ ਪੰਜਾਬੀ ਅਨੁਵਾਦ ਪੇਸ਼ ਹੈ – ਸੁਖਵੰਤ ਹੁੰਦਲ )*

ਇੱਕ ਵਾਰ ਦੀ ਗੱਲ ਹੈ, ਦੋ ਭਰਾ ਸਨ ਜੋ ਇੱਕ ਪਹਾੜੀ ਦੇ ਵੱਖ ਵੱਖ ਪਾਸਿਆਂ 'ਤੇ ਰਹਿੰਦੇ ਸਨ। ਉਹਨਾਂ ਨੂੰ ਆਪਣੇ ਪਿਤਾ ਦੀ ਅੱਧੀ-ਅੱਧੀ ਜ਼ਮੀਨ ਵਿਰਾਸਤ ਵਿੱਚ ਮਿਲੀ ਸੀ। ਇੱਕ ਵਿਆਹਿਆ ਹੋਇਆ ਸੀ ਤੇ ਉਸ ਦੇ ਬੱਚੇ ਸਨ, ਦੂਜੇ ਦਾ ਵਿਆਹ ਨਹੀਂ ਹੋਇਆ ਸੀ ਤੇ ਉਹ ਇਕੱਲਾ ਰਹਿੰਦਾ ਸੀ। ਉਹ ਆਪਣੇ-ਆਪਣੇ ਖੇਤਾਂ ਵਿੱਚ ਵਾਹੀ ਕਰਦੇ ਸਨ, ਤੇ ਜਦੋਂ ਵਾਢੀ ਦਾ ਸਮਾਂ ਆਇਆ ਤਾਂ ਦੋਵਾਂ ਨੂੰ ਭਰਪੂਰ ਫਸਲਾਂ ਦੀ ਬਰਕਤ ਮਿਲੀ। ਇੱਕ ਰਾਤ ਛੋਟੇ ਭਰਾ ਨੇ ਮਨ ਹੀ ਮਨ ਸੋਚਿਆ, 'ਮੇਰੇ ਕੋਲ ਲੋੜ ਤੋਂ ਵੱਧ ਹੈ। ਮੇਰੇ ਭਰਾ ਦਾ ਪਰਿਵਾਰ ਵੱਡਾ ਹੈ। ਯਕੀਨਨ ਉਸ ਦੀ ਲੋੜ ਮੇਰੇ ਨਾਲੋਂ ਵੱਡੀ ਹੈ।' ਪਹਾੜੀ ਦੇ ਦੂਜੇ ਪਾਸੇ, ਵੱਡਾ ਭਰਾ ਮੰਜੇ 'ਤੇ ਪਿਆ ਸੋਚ ਰਿਹਾ ਸੀ, 'ਮੇਰੇ ਬੱਚੇ ਹਨ ਜੋ ਬੁਢਾਪੇ ਵਿੱਚ ਮੇਰੀ ਦੇਖ-ਭਾਲ ਕਰਨਗੇ, ਪਰ ਮੇਰੇ ਭਰਾ ਦਾ ਕੋਈ ਨਹੀਂ। ਯਕੀਨਨ ਉਸ ਦੀ ਲੋੜ ਮੇਰੇ ਨਾਲੋਂ ਵੱਡੀ ਹੈ।'

ਉਸ ਰਾਤ, ਦੋਹਾਂ ਨੇ ਕਣਕ ਰੱਖਣ ਵਾਲੇ ਆਪਣੇ ਆਪਣੇ ਕੋਠੇ ਵਿੱਚੋਂ ਕਣਕ ਦਾ ਇੱਕ ਬੋਰਾ ਲਿਆ, ਪਹਾੜੀ ਉਤੋਂ ਦੀ ਦੂਜੇ ਪਾਸੇ ਜਾ ਕੇ ਬਿਨਾਂ ਦੱਸਿਆਂ ਦੂਜੇ ਭਰਾ ਦੇ ਕੋਠੇ ਵਿੱਚ ਰੱਖ ਦਿੱਤਾ। ਦੂਜੇ ਦਿਨ ਸਵੇਰੇ ਦੋਵੇਂ ਹੈਰਾਨ ਸਨ ਕਿ ਉਹਨਾਂ ਦਾ ਆਪਣਾ ਆਪਣਾ ਕੋਠਾ ਜਿਉਂ ਦਾ ਤਿਉਂ ਸੀ। ਕਈ ਰਾਤਾਂ ਇਹ ਲੈਣ-ਦੇਣ ਚਲਦਾ ਰਿਹਾ। ਆਖਰ ਇੱਕ ਰਾਤ, ਸਾਫ਼ ਤੇ ਤਾਰਿਆਂ ਭਰੇ ਅਸਮਾਨ ਹੇਠ, ਦੋਵੇਂ ਭਰਾ ਪਹਾੜੀ ਉੱਤੇ ਇੱਕ-ਦੂਜੇ ਨੂੰ ਮਿਲੇ, ਦੋਹਾਂ ਨੇ ਕਣਕ ਦੇ ਬੋਰੇ ਚੁੱਕੇ ਹੋਏ ਸਨ ਸਨ। ਉਸ ਪਲ ਉਹਨਾਂ ਨੂੰ ਸਮਝ ਆਈ ਕਿ ਉਹਨਾਂ ਦੇ ਕੋਠੇ ਕਦੇ ਘੱਟ ਕਿਉਂ ਨਹੀਂ ਸਨ ਹੋਏ। ਦੋਵੇਂ ਇੱਕ-ਦੂਜੇ ਨੂੰ ਜੱਫੀ ਪਾ ਕੇ ਰੋ ਪਏ।

ਇਸੇ ਪਹਾੜੀ ਉੱਤੇ, ਭਰਾਵਾਂ ਦੇ ਅਸਧਾਰਨ ਪਿਆਰ ਦੀ ਇਸ ਥਾਂ 'ਤੇ, ਪਵਿੱਤਰ ਸ਼ਹਿਰ ਯਰੂਸ਼ਲਮ ਉਸਾਰਿਆ ਗਿਆ ਹੈ।


ਅਸੀਂ ਦੋਵਾਂ-ਅਜ਼ੀਜ਼, ਇੱਕ ਫਲਸਤੀਨੀ ਅਤੇ ਮਾਓਜ਼, ਇੱਕ ਇਜ਼ਰਾਈਲੀ – ਨੇ ਉਸ ਸਮੇਂ ਭਰਾਤਰੀ ਸੰਬੰਧ ਕਾਇਮ ਕੀਤਾ ਜਦੋਂ ਦੁਨੀਆਂ ਸਾਡੇ ਤੋਂ ਇੱਕ ਦੂਜੇ ਨੂੰ ਨਫ਼ਰਤ ਕਰਨ ਦੀ ਉਮੀਦ ਕਰ ਰਹੀ ਸੀ।

ਅਸੀਂ ਸ਼ਾਂਤੀ ਦੇ ਨਿਰਮਾਤਾ ਅਤੇ ਕਿਸਾਨਾਂ ਦੇ ਪੁੱਤਰ ਹਾਂ ਅਤੇ ਅਸੀਂ ਅਜਿਹੀ ਦੁਨੀਆਂ ਵਿੱਚ ਜਨਮੇ ਹਾਂ ਜਿੱਥੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਵਿਚਕਾਰ ਭਰਾਵਾਂ ਵਾਲੇ ਪਿਆਰ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਅਜ਼ੀਜ਼ ਦਾ ਭਰਾ ਪਹਿਲੇ ਇੰਤਫਾਦਾ (ਗਾਜ਼ਾ ਅਤੇ ਵੈਸਟ ਬੈਂਕ ਵਿੱਚ ਫਲਸਤੀਨੀਆਂ ਵਲੋਂ ਇਜ਼ਰਾਇਲ ਦੇ ਫੌਜੀ ਕਬਜ਼ੇ ਵਿਰੁੱਧ 1987-1993 ਵਿਚਕਾਰ ਉੱਠਿਆ ਵੱਡਾ ਅੰਦੋਲਨ-ਅਨੁਵਾਦਕ) ਦੌਰਾਨ ਮਾਰਿਆ ਗਿਆ ਸੀ; ਮਾਓਜ਼ ਦੇ ਮਾਪੇ 7 ਅਕਤੂਬਰ ਨੂੰ। ਸਾਡੇ ਆਪਸੀ ਘਾਟੇ ਅਤੇ ਦੁੱਖ ਦੇ ਨਾਲ ਨਾਲ ਸ਼ਾਂਤੀ ਦੇ ਸਾਂਝੇ ਸੁਪਨੇ ਨੇ ਸਾਨੂੰ ਉਸ ਸਮੇਂ ਇਕੱਠੇ ਕੀਤਾ ਜਦੋਂ ਜੰਗ ਦੀ ਹਿੰਸਾ ਨੇ ਸਾਡੇ ਲੋਕਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਦੂਰ ਧੱਕ ਦਿੱਤਾ ਹੈ।

ਭਰਾਵਾਂ ਵਿਚਕਾਰ ਕਿਰਪਾ ਅਤੇ ਦਰਿਆਦਿਲੀ ਦੀ ਇਹ ਕਹਾਣੀ ਇੱਕ ਪ੍ਰਸਿੱਧ ਯਹੂਦੀ ਲੋਕ-ਕਥਾ ਹੈ, ਪਰ ਇਸ ਦੀ ਸ਼ੁਰੂਆਤ ਇੱਕ ਅਰਬ ਲੋਕ-ਕਥਾ ਵਜੋਂ ਹੋਈ ਸੀ, ਜੋ ਸਦੀਆਂ ਤੋਂ ਯਰੂਸ਼ਲਮ ਦੇ ਫਲਸਤੀਨੀ ਵਾਸੀਆਂ ਵਲੋਂ ਜ਼ੁਬਾਨੀ ਇਤਿਹਾਸ (ਓਰਲ ਹਿਸਟਰੀ) ਰਾਹੀਂ ਅੱਗੇ ਤੁਰਦੀ ਆਈ ਅਤੇ ਫਿਰ ਉਨ੍ਹੀਵੀਂ ਸਦੀ ਦੇ ਆਰੰਭ ਵਿੱਚ ਯਹੂਦੀਆਂ ਵਲੋਂ ਅਪਣਾ ਲਈ ਗਈ। ਸਾਡੇ ਲੋਕਾਂ ਵਿਚਕਾਰ ਲੜਾਈ ਤੋਂ ਪਹਿਲਾਂ, ਸੱਭਿਆਚਾਰਕ ਸਹਿਯੋਗ ਦਾ ਇੱਕ ਲੰਮਾ ਇਤਿਹਾਸ ਸੀ। ਪਰ ਅੱਜ ਅਸੀਂ ਹਿੰਸਾ ਅਤੇ ਬਦਲੇ ਦੇ ਤੂਫਾਨ ਵਿੱਚ ਫਸੇ ਹੋਏ ਹਾਂ, ਜਿਸ ਨੇ ਇੱਕ ਸਦੀ ਤੋਂ ਵੱਧ ਦਾ ਖੂਨ-ਖਰਾਬਾ ਕਰਵਾਇਆ ਹੈ। ਸਾਡੇ ਪੀੜ੍ਹੀਆਂ ਤੋਂ ਚੱਲੇ ਆਉਂਦੇ ਸਦਮੇ ਦੇ ਨਿਸ਼ਾਨ ਡੂੰਘੇ ਹਨ। ਅਸੀਂ ਡਰ ਅਤੇ ਗੁੱਸੇ, ਅਤਿਵਾਦ ਅਤੇ ਕਬੀਲਾਪ੍ਰਸਤੀ ਦੁਆਰਾ ਇੰਨੇ ਵੰਡੇ ਗਏ ਹਾਂ ਕਿ ਹੁਣ ਅਸੀਂ ਇੱਕ ਦੂਜੇ ਦੀ ਇਨਸਾਨੀਅਤ ਨਹੀਂ ਦੇਖ ਸਕਦੇ ਜਾਂ ਇੱਕ ਦੂਜੇ ਦੇ ਦੁੱਖ ਪ੍ਰਤੀ ਹਮਦਰਦੀ ਮਹਿਸੂਸ ਨਹੀਂ ਕਰ ਸਕਦੇ। ਅਸੀਂ, ਸਾਨੂੰ ਵਿਰਾਸਤ ਵਿੱਚ ਮਿਲੇ ਇਤਿਹਾਸ ਵਿੱਚ ਜੀ ਰਹੇ ਹਾਂ। ਪਰ ਜੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਨੇ ਇੱਕ ਸਾਂਝਾ ਭਵਿੱਖ ਉਸਾਰਨਾ ਹੈ – ਅਤੇ ਸਾਡੇ ਲਈ ਆਪਣੇ ਦੋਵੇਂ ਲੋਕ-ਸਮੂਹਾਂ ਦੀ ਖ਼ਾਤਰ ਇਹ ਕਰਨਾ ਜ਼ਰੂਰੀ ਹੈ– ਤਾਂ ਅੱਗੇ ਵਧਣ ਦਾ ਇਕੋ ਇੱਕ ਰਸਤਾ ਹੈ ਸਾਨੂੰ ਵੰਡਣ ਵਾਲੀਆਂ ਅਗਿਆਨਤਾ ਅਤੇ ਨਫ਼ਰਤ ਦੀਆਂ ਕੰਧਾਂ ਨੂੰ ਢਾਹ ਦੇਣਾ।

ਇਸ ਲੜਾਈ ਵਿੱਚ ਆਪਣੇ ਸਭ ਤੋਂ ਵੱਧ ਪਿਆਰਿਆਂ ਨੂੰ ਗੁਆ ਦੇਣ ਦੇ ਦਰਦ ਤੋਂ ਅਸੀਂ ਦੋਵੇਂ ਵਾਕਫ ਹਾਂ। ਅਸੀਂ ਸਮਝਦੇ ਹਾਂ ਕਿ ਇਸ ਸਮੇਂ ਜਦੋਂ ਇੰਨੇ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ ਤੇ ਪਰਿਵਾਰ ਬਰਬਾਦ ਹੋ ਚੁੱਕੇ ਹਨ, ਦੁੱਖ ਅਤੇ ਸੋਗ ਦੇ ਸਾਮ੍ਹਣੇ ਸ਼ਾਂਤੀ ਬਾਰੇ ਗੱਲ ਕਰਨੀ ਬਹੁਤ ਕਮਜ਼ੋਰੀ ਭਰੀ—ਜਾਂ ਖਤਰਨਾਕ ਵੀ—ਮਹਿਸੂਸ ਹੋ ਸਕਦੀ ਹੈ। ਜਦੋਂ ਹਰ ਧਿਰ ਇਹ ਮੰਨਦੀ ਹੈ ਕਿ ਦੂਜੀ ਧਿਰ ਉਸ ਦੀ ਹੋਂਦ ਲਈ ਖ਼ਤਰਾ ਹੈ, ਤਾਂ ਸ਼ਾਂਤੀ ਦੀ ਗੱਲ ਕਰਨਾ ਆਪਣੇ ਲੋਕਾਂ ਨਾਲ ਧਰੋਹ ਕਮਾਉਣ ਵਰਗਾ ਲੱਗ ਸਕਦਾ ਹੈ। ਦੁਨੀਆ ਵਿੱਚ ਅਸੀਂ ਜਿੱਧਰ ਵੀ ਵੇਖਦੇ ਹਾਂ ਸਾਨੂੰ ਇਹ ਵਧਦੀਆਂ ਵੰਡੀਆਂ ਨਜ਼ਰ ਆਉਂਦੀਆਂ ਹਨ। 'ਅਸੀਂ' ਤੇ 'ਉਹ' ਦੀ ਝੂਠੀ ਮਾਨਸਿਕਤਾ ਵਿੱਚ ਵੰਡੇ ਹੋਏ, ਅਸੀਂ ਡਰ ਦੀ ਰਾਜਨੀਤੀ ਦੁਆਰਾ ਦਿੱਤੇ ਗਏ 'ਜਿੱਤ-ਹਾਰ' ਵਾਲੇ ਤਰਕਾਂ ਨੂੰ ਹੀ ਦੁਹਰਾਉਂਦੇ ਰਹਿੰਦੇ ਹਾਂ। ਬਾਈਬਲ ਦੀ ਕਹਾਉਤਾਂ ਦੀ ਕਿਤਾਬ (ਬੁੱਕ ਆਫ ਪ੍ਰੋਵਰਬਜ਼) ਵਿੱਚ ਲਿਖਿਆ ਹੈ, "ਜਿੱਥੇ ਦੂਰ ਦ੍ਰਿਸ਼ਟੀ (ਵਿਜ਼ਨ) ਨਹੀਂ ਹੁੰਦੀ, ਉੱਥੇ ਲੋਕ ਖਤਮ ਹੋ ਜਾਂਦੇ ਹਨ।" ਅਤੇ ਅੱਜ, ਸਾਨੂੰ ਅਕਸਰ ਸਦਭਾਵਨਾ ਅਤੇ ਸਥਾਈ ਸ਼ਾਂਤੀ ਦੀ ਰਣਨੀਤੀ ਵੱਲ ਲਿਜਾਣ ਵਾਲੀ ਦੂਰ ਦ੍ਰਿਸ਼ਟੀ ਦੀ ਥਾਂ ਅਜਿਹੀ ਦ੍ਰਿਸ਼ਟੀ ਵੇਚੀ ਜਾਂਦੀ ਹੈ ਜੋ ਵਧੇਰੇ ਹਿੰਸਾ ਵੱਲ ਲੈ ਜਾਂਦੀ ਹੈ। ਪਰ ਇੱਕ ਰਾਹ ਹੋਰਵੀ ਹੈ।

ਬਹੁਤ ਲੰਮੇ ਸਮੇਂ ਤੋਂ ਸ਼ਾਂਤੀ ਨਿਰਮਾਤਾਵਾਂ ਨੂੰ ਘਰ ਅਤੇ ਬਾਹਰ, ਦੋਵਾਂ ਥਾਂਵਾਂ 'ਤੇ ਕਿਨਾਰੇ 'ਤੇ ਧੱਕ ਦਿੱਤਾ ਗਿਆ ਹੈ। ਸਾਨੂੰ ਗੱਲਬਾਤ ਦੀਆਂ ਮੇਜ਼ਾਂ 'ਤੇ ਨਹੀਂ ਬੁਲਾਇਆ




ਜਾਂਦਾ, ਨਾ ਹੀ ਸਾਨੂੰ ਸਾਡੇ ਲੋਕਾਂ ਦੇ ਨਾਂ 'ਤੇ ਫੈਸਲੇ ਲੈਣ ਵਾਲਿਆਂ ਦੇ ਅੰਤਰਰਾਸ਼ਟਰੀ ਸੰਮੇਲਨਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਅਸੀਂ ਸੁਪਨੇ ਦੇਖਣ ਵਾਲੇ ਕਹਿ ਕੇ ਨਕਾਰੇ ਜਾਣ ਅਤੇ ਭੋਲੇ ਭਾਲੇ ਸਮਝ ਕੇ ਮਖੌਲ ਦੇ ਪਾਤਰ ਬਣਾਏ ਜਾਣ ਦੇ ਆਦੀ ਹਾਂ। ਫਿਰ ਵੀ ਅਸੀਂ ਯਥਾਰਥਵਾਦੀ ਹਾਂ। ਅਸੀਂ ਜਾਣਦੇ ਹਾਂ ਕਿ ਬੰਬ ਸ਼ਾਂਤੀ ਨਹੀਂ ਲਿਆਉਣਗੇ, ਕੰਧਾਂ ਸਾਡੀ ਰੱਖਿਆ ਨਹੀਂ ਕਰਨਗੀਆਂ, ਤੇ ਜੰਗ ਕਿਸੇ ਵੀ ਧਿਰ ਲਈ ਸੁਰੱਖਿਆ ਨਹੀਂ ਲਿਆਵੇਗੀ। ਅਸਲ ਭੋਲਾਪਣ ਇਹ ਸੋਚਣਾ ਹੈ ਕਿ ਡਰ ਅਤੇ ਪੀੜ੍ਹੀਆਂ ਤੋਂ ਚੱਲਿਆ ਆ ਰਿਹਾ ਸਦਮਾ ਸੁਰੱਖਿਆ ਪ੍ਰਦਾਨ ਕਰੇਗਾ, ਜਾਂ ਇਹ ਕਿ ਇਸ ਲੜਾਈ ਦੀ ਭਿਆਨਕਤਾ ਨੂੰ ਖ਼ਤਮ ਕਰਨ ਦੀ ਕੋਈ ਵੀ ਰਣਨੀਤੀ ਸੁਪਨੇ ਦੇਖਣ ਵਾਲਿਆਂ ਅਤੇ ਦੂਰਅੰਦੇਸ਼ ਲੋਕਾਂ ਦੀ ਅਗਵਾਈ ਤੋਂ ਬਿਨਾਂ ਸਫਲ ਹੋ ਸਕਦੀ ਹੈ। ਅਸੀਂ ਸਿਆਸਤਦਾਨਾਂ ਅਤੇ ਵਿਸ਼ਵ ਆਗੂਆਂ ਨਾਲ ਮਿਲ ਕੇ ਅਜਿਹਾ ਰਾਹ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਅੰਤਹੀਣ ਜੰਗਾਂ ਦੇ ਦੁਖਾਂਤ ਤੋਂ ਪਰ੍ਹੇ ਹੋਵੇ, ਇੱਕ ਅਜਿਹਾ ਰਾਹ ਜੋ ਮਾਣ, ਸ਼ਮੂਲੀਅਤ ਅਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ 'ਤੇ ਅਧਾਰਤ ਭਵਿੱਖ ਵੱਲ ਲੈ ਕੇ ਜਾਂਦਾ ਹੋਵੇ। ਅਸੀਂ ਆਪਣੀਆਂ ਨਿੱਜੀ ਕਹਾਣੀਆਂ ਪੂਜਾ ਸਥਾਨਾਂ, ਵਰਚੁਅਲ ਟਾਊਨ ਹਾਲਾਂ ਅਤੇ ਸਥਾਨਕ ਭਾਈਚਾਰਕ ਕੇਂਦਰਾਂ ਵਿੱਚ; ਯੂਨੀਵਰਸਿਟੀਆਂ ਦੇ ਕੈਂਪਸਾਂ ਅਤੇ ਪਿੜਾਂ ਵਿੱਚ ਹਜ਼ਾਰਾਂ ਦਰਸ਼ਕਾਂ ਅੱਗੇ ਸਾਂਝੀਆਂ ਕੀਤੀਆਂ ਹਨ। ਅਣਗਿਣਤ ਪੱਤਰਕਾਰਾਂ ਅਤੇ ਮੀਡੀਆ ਸੰਸਥਾਂਵਾਂ ਨੇ 'ਦਰਿਆ ਤੋਂ ਸਮੁੰਦਰ ਤੱਕ' (ਜੌਰਡਨ ਦਰਿਆ ਅਤੇ ਮੈਡੀਟ੍ਰੇਨੀਅਮ ਸਮੁੰਦਰ ਵਿਚਕਾਰ ਦੀ ਧਰਤੀ ਜਿਸ ਵਿੱਚ ਇਜ਼ਰਾਈਲ, ਵੈਸਟ ਬੈਂਕ ਅਤੇ ਗਾਜ਼ਾ ਦੇ ਇਲਾਕੇ ਆਉਂਦੇ ਹਨ – ਅਨੁਵਾਦਕ) ਸ਼ਾਂਤੀ ਦੀ ਸਾਡੀ ਸਾਂਝੀ ਦੂਰ-ਦ੍ਰਿਸ਼ਟੀ ਬਾਰੇ ਸਾਡੇ ਨਾਲ ਇੰਟਰਵਿਊਆਂ ਕੀਤੀਆਂ ਹਨ।

ਮੂਲ ਰੂਪ ਵਿੱਚ ਅਸੀਂ ਯਾਤਰੀ ਅਤੇ ਗਾਈਡ ਹਾਂ। ਟੂਰਿਜ਼ਮ ਦੇ ਖੇਤਰ ਵਿੱਚੋਂ ਆਉਣ ਕਰਕੇ, ਸਾਨੂੰ ਲੋਕਾਂ ਨੂੰ ਤਬਦੀਲੀ ਲਿਆਉਣ ਵਾਲੇ ਸਫਰਾਂ 'ਤੇ ਲਿਜਾਣ ਦਾ ਸ਼ੌਂਕ ਹੈ ਅਤੇ ਅਸੀਂ ਯਾਤਰੀਆਂ ਨੂੰ ਲੜਾਈ ਵਾਲੇ ਖੇਤਰਾਂ ਵਿੱਚ ਗਾਈਡ ਕਰਨ ਵਿੱਚ ਮਾਹਰ ਹੋ ਗਏ ਹਾਂ। ਸਾਡਾ ਵਿਸ਼ਵਾਸ ਹੈ ਕਿ ਸਫਰ ਸਿਰਫ਼ ਸਫਰ ਕਰਨ ਵਾਲੀਆਂ ਥਾਂਵਾਂ ਦੀ ਬਣਾਈ ਸੂਚੀ 'ਤੇ ਦਰਜ ਥਾਵਾਂ 'ਤੇ ਨਿਸ਼ਾਨ ਲਾ ਕੇ ਲੰਘ ਜਾਣ ਦਾ ਨਾਂ ਨਹੀਂ ਹੈ ਸਗੋਂ ਇਹ ਕੂਟਨੀਤੀ ਅਤੇ ਸੰਵਾਦ ਅਤੇ ਸ਼ਾਂਤੀ ਉਸਾਰਨ ਦੀ ਸਨਅਤ ਹੈ। ਅਸੀਂ ਸਿੱਖਿਆ ਹੈ ਕਿ ਜਦੋਂ ਸੋਚ ਵਿੱਚ ਤਬਦੀਲੀ ਲਿਆਉਣ ਅਤੇ ਵਿਰੋਧੀ ਵਿਚਾਰਾਂ ਦਰਮਿਆਨ ਗੱਲਬਾਤ ਸਿਰਜਣ ਦੀ ਗੱਲ ਆਉਂਦੀ ਹੈ, ਤਾਂ ਆਪਣੀ ਅਰਾਮਦਾਇਕ ਅਵਸਥਾ (ਕੰਫਰਟ ਜ਼ੋਨ) ਤੋਂ ਬਾਹਰ ਨਿਕਲ ਕੇ 'ਦੂਜੇ' ਨੂੰ ਮਿਲਣ ਅਤੇ ਸੱਚੇ ਦਿਲ ਨਾਲ ਉਸ ਦੀ ਕਹਾਣੀ ਸੁਣਨ ਦੇ ਤਜਰਬੇ ਤੋਂ ਵੱਧ ਸ਼ਕਤੀਸ਼ਾਲੀ ਜਾਂ ਤਬਦੀਲੀ ਲਿਆਉਣ ਵਾਲੀ ਕੋਈ ਹੋਰ ਚੀਜ਼ ਨਹੀਂ ਹੈ। ਅਸੀਂ ਦੋਵਾਂ ਨੇ ਇਜ਼ਰਾਈਲ ਅਤੇ ਫਲਸਤੀਨ ਵਿੱਚ ਹਜ਼ਾਰਾਂ ਟੂਰਾ ਦਾ ਪ੍ਰਬੰਧ ਕੀਤਾ ਹੈ ਅਤੇ ਉਹਨਾਂ ਦੀ ਅਗਵਾਈ ਕੀਤੀ ਹੈ। ਅਸੀਂ ਲੋਕਾਂ ਨੂੰ ਉਹਨਾਂ ਲੋਕਾਂ ਦੇ ਸੰਪਰਕ ਵਿੱਚ ਆ ਕੇ, ਜਿਹਨਾਂ ਨੂੰ ਉਹ ਕਦੇ ਆਪਣੇ ਦੁਸ਼ਮਣ ਸਮਝਦੇ ਸਨ, ਡਰ ਅਤੇ ਨਫਰਤ 'ਤੇ ਪਾਰ ਜਾਂਦੇ ਦੇਖਿਆ ਹੈ। ਸ਼ਾਂਤੀ ਦੇ ਰਾਹ 'ਤੇ ਪੁੱਟਿਆ ਜਾਣ ਵਾਲਾ ਪਹਿਲਾ ਕਦਮ ਦੂਜੀ ਧਿਰ ਦੀ ਕਹਾਣੀ ਸੁਣਨਾ ਹੈ। ਇਹ ਸੌਖਾ ਲੱਗਦਾ ਹੈ, ਪਰ ਇਸ ਲੰਮੇ ਅਤੇ ਔਖੇ ਰਾਹ ਦੀ ਚੋਣ ਕਰਨ ਵਾਲਿਆਂ ਲਈ ਅਕਸਰ ਇਹ ਸਭ ਤੋਂ ਔਖਾ ਕਦਮ ਹੁੰਦਾ ਹੈ। ਇਸ ਲਈ, ਇਜ਼ਰਾਈਲੀਆਂ ਅਤੇ ਫਲਸਤੀਨੀਆਂ ਵਿਚਕਾਰ ਲਗਭਗ ਇੱਕ ਸਦੀ ਤੋਂ ਚੱਲੇ ਆ ਰਹੇ ਖ਼ੂਨ-ਖਰਾਬੇ ਦੇ ਸਭ ਤੋਂ ਮਾਰੂ ਸਾਲ ਦੇ ਦਸਵੇਂ ਮਹੀਨੇ ਅਗਸਤ 2024 ਨੂੰ ਅਸੀਂ ਸਫਰ ਦੀ ਤਬਦੀਲੀ ਲਿਆਉਣ ਵਾਲੀ ਸ਼ਕਤੀ ਵੱਲ ਰੁਖ ਕੀਤਾ।

ਅਸੀਂ ਆਪਣੇ ਲੋਕਾਂ ਦੀ ਕਹਾਣੀ ਉਸ ਧਰਤੀ ਦੇ ਜੀਵਤ ਇਤਿਹਾਸ ਰਾਹੀਂ ਦੱਸਣੀ ਚਾਹੁੰਦੇ ਸੀ ਜੋ ਸਾਡੀਆਂ ਯਾਦਾਂ ਨੂੰ ਸਾਂਭੀ ਬੈਠੀ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਅਵਾਜ਼ ਦੇਣੀ ਚਾਹੁੰਦੇ ਸੀ ਜਿਨ੍ਹਾਂ ਦੀਆਂ ਜ਼ਿੰਦਗੀਆਂ 'ਤੇ ਇਸ ਲੜਾਈ ਦੀ ਲਗਾਤਾਰ ਹਿੰਸਾ ਨੇ ਬਹੁਤ ਡੂੰਘਾ ਅਸਰ ਪਾਇਆ ਹੈ। ਪਰ ਗਾਜ਼ਾ 'ਤੇ ਮਹੀਨਿਆਂ ਤੋਂ ਹੋ ਰਹੀ ਬੰਬਾਰੀ ਅਤੇ ਖੇਤਰੀ ਜੰਗ ਦੇ ਮੰਡਰਾਉਂਦੇ ਖ਼ਤਰੇ ਨੇ ਸਾਰੇ ਖੇਤਰ ਵਿੱਚ ਟੂਰਿਜ਼ਮ ਦੀ ਸਨਅਤ ਨੂੰ ਲਗਭਗ ਤਬਾਹ ਕਰ ਦਿੱਤਾ ਸੀ। ਕਿਉਂਕਿ ਅਸੀਂ ਯਾਤਰੀਆਂ ਨੂੰ ਇਸ ਪਵਿੱਤਰ ਧਰਤੀ 'ਤੇ ਨਹੀਂ ਲਿਜਾ ਸਕਦੇ ਸੀ, ਇਸ ਲਈ ਅਸੀਂ ਆਪ ਉਸ ਪ੍ਰਾਚੀਨ ਧਰਤੀ 'ਤੇ ਅੱਠ-ਦਿਨਾਂ ਦੇ ਸਫਰ 'ਤੇ ਜਾਣ ਦਾ ਫੈਸਲਾ ਕੀਤਾ ਜਿਹੜੀ ਧਰਤੀ ਸਾਡੇ ਲੋਕਾਂ ਨੂੰ ਜੋੜਦੀ ਅਤੇ ਵੰਡਦੀ ਹੈ। ਇਸ ਯਾਤਰਾ ਦੌਰਾਨ ਅਸੀਂ ਇੱਕ-ਦੂਜੇ ਬਾਰੇ ਨਵੀਆਂ ਗੱਲਾਂ ਸਿੱਖੀਆਂ, ਪੂਰਵ ਧਾਰਨਾਵਾਂ (ਸਟੀਰੀਓ-ਟਾਈਪਸ) ਨੂੰ ਚੁਣੌਤੀ ਦਿੱਤੀ, ਇੱਕ-ਦੂਜੇ ਦੇ ਪਰਿਵਾਰਾਂ ਨੂੰ ਮਿਲੇ ਅਤੇ ਸਦੀਆਂ ਪੁਰਾਣੇ ਸਵਾਲਾਂ ਦੇ ਸਨਮੁੱਖ

ਹੋਏ। ਅਸੀਂ ਤੁਹਾਨੂੰ ਯਾਦਾਂ, ਸਿਮਰਤੀਆਂ ਅਤੇ ਇਤਿਹਾਸ ਦੇ ਇਸ ਸਫਰ 'ਤੇ ਸਾਡੇ ਨਾਲ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ।

ਬਹੁਤ ਸਾਲ ਪਹਿਲਾਂ, ਅਜ਼ੀਜ਼ ਨੇ 'ਦੋਤਰਫੀ ਕਹਾਣੀ' ਦੱਸਣ ਵਾਲੀ ਪਹੁੰਚ ਵਰਤਣੀ ਸ਼ੁਰੂ ਕੀਤੀ, ਜਿਸ ਵਿੱਚ ਇਜ਼ਰਾਈਲੀ ਅਤੇ ਫ਼ਲਸਤੀਨੀ ਗਾਈਡ ਮਿਲ ਕੇ ਟੂਰ ਕਰਵਾਉਂਦੇ ਹਨ, ਆਪਣੀਆਂ ਕਹਾਣੀਆਂ ਅਤੇ ਦ੍ਰਿਸ਼ਟੀਕੋਣ ਸਾਂਝੇ ਕਰਦੇ ਹਨ ਜੋ ਸੈਲਾਨੀਆਂ ਨੂੰ ਇਸ ਲੜਾਈ ਦੀ ਭਿਆਨਕਤਾ ਨੂੰ ਸਮਝਣ ਲਈ ਮਨੁੱਖੀ ਸੰਦਰਭ ਪ੍ਰਦਾਨ ਕਰਦੇ ਹਨ। ਅਗਲੇ ਸਫਰ ਦੌਰਾਨ ਇਸ ਖੇਤਰ ਦੀਆਂ ਪਵਿੱਤਰ ਅਤੇ ਵਿਵਾਦਗ੍ਰਸਤ ਥਾਂਵਾਂ ਨੂੰ ਦੇਖਣ ਜਾਣ ਸਮੇਂ ਅਸੀਂ ਤੁਹਾਨੂੰ ਵਾਰੀ ਵਾਰੀ ਗਾਈਡ ਕਰਾਂਗੇ ਅਤੇ ਉਸ ਸਿਆਸੀ ਇਤਿਹਾਸ ਨੂੰ ਸਾਂਝਾ ਕਰਾਂਗੇ ਜਿਸ ਨੇ ਸਾਡੇ ਲੋਕਾਂ ਨੂੰ ਵੱਖ ਕਰਨ ਵਾਲੀਆਂ ਭੌਤਿਕ (ਫਿਜ਼ੀਕਲ) ਅਤੇ ਮਨੋਵਿਗਿਆਨਕ ਹੱਦਾਂ ਨੂੰ ਰੂਪ ਦਿੱਤਾ ਹੈ।

ਅਸੀਂ ਤੁਹਾਨੂੰ ਨੇਗੇਵ ਵਿੱਚ ਮਾਓਜ਼ ਦੇ ਬਚਪਨ ਦੇ ਖੇਤਰ ਵਿੱਚ ਲੈ ਕੇ ਜਾਵਾਂਗੇ, ਜੋ ਹਜ਼ਾਰਾਂ ਸਾਲਾਂ ਤੋਂ ਵਪਾਰ, ਸੱਭਿਆਚਾਰ ਅਤੇ ਲੜਾਈ ਦਾ ਕੇਂਦਰ ਰਿਹਾ ਹੈ। ਜਦੋਂ ਅਸੀਂ ਇਜ਼ਰਾਈਲ ਅਤੇ ਗਾਜ਼ਾ ਪੱਟੀ ਵਿਚਕਾਰ ਸਰਹੱਦੀ ਵਾੜ ਦੇ ਸਾਏ ਵਿੱਚ ਖੜ੍ਹੇ ਹੋਵਾਂਗੇ, ਅਸੀਂ ਲੜਾਈ ਕਾਰਨ ਦੋਹਾਂ ਪਾਸਿਆਂ ਨੂੰ ਪੁੱਜੇ ਸਦਮੇ ਦੇ ਸਨੁਮੱਖ ਹੁੰਦਿਆਂ ਜੰਗ ਕਾਰਨ ਲੱਗੇ ਸੱਲਾਂ ਨੂੰ ਦੇਖਾਂਗੇ ਅਤੇ ਦੁੱਖ ਅਤੇ ਸ਼ਾਂਤੀ-ਨਿਰਮਾਣ ਦੇ ਸੰਗਮ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਪ੍ਰਾਚੀਨ ਬੰਦਰਗਾਹ ਜਾਫਾ ਅਤੇ ਇਜ਼ਰਾਈਲ ਦੇ ਆਧੁਨਿਕ ਸ਼ਹਿਰ ਤੇਲ ਅਵੀਵ ਵਿੱਚ (ਜਿਸ ਨੂੰ 'ਸਟਾਰਟਅੱਪ ਸਿਟੀ' ਅਤੇ 'ਉਹ ਸ਼ਹਿਰ ਜੋ ਕਦੇ ਨਹੀਂ ਰੁਕਦਾ' ਕਿਹਾ ਜਾਂਦਾ ਹੈ), ਜਿੱਥੇ ਮਿਥਿਹਾਸਕ ਅਤੇ ਅੰਜੀਲ ਵਿਚਲਾ ਪ੍ਰਤੀਕਵਾਦ ਨੇੜਲੇ ਅਤੀਤ ਨਾਲ ਟਕਰਾਉਂਦਾ ਹੈ, ਅਸੀਂ ਇਸ ਲੜਾਈ ਦੇ ਦੋ ਬੁਨਿਆਦੀ ਇਤਿਹਾਸਕ ਬਿਰਤਾਂਤਾਂ – ਹੋਲੋਕਾਸਟ ਤੋਂ ਬਾਅਦ ਯਹੂਦੀ ਰਾਜ ਦੀ ਸਥਾਪਨਾ ਕਰਨ ਵਾਲੀ ਇਜ਼ਰਾਈਲ ਦੀ ਅਜ਼ਾਦੀ ਦੀ ਜੰਗ ਅਤੇ ਇਸ ਦੇ ਨਤੀਜੇ ਵਜੋਂ ਸੱਤ ਲੱਖ ਤੋਂ ਵੱਧ ਫਲਸਤੀਨੀਆਂ ਦਾ ਆਪਣੇ ਪੁਰਖਿਆ ਦੇ ਪਿੰਡਾਂ ਅਤੇ ਘਰਾਂ ਤੋਂ ਹੋਣ ਵਾਲਾ ਉਜਾੜਾ, ਜਿਸ ਨੂੰ ਨਕਬੇ ਭਾਵ ਤਬਾਹੀ ਵਜੋਂ ਜਾਣਿਆ ਜਾਂਦਾ ਹੈ- ਬਾਰੇ ਗੱਲ ਸ਼ੁਰੂ ਕਰਾਂਗੇ।

ਤਣਾਅ ਵਿੱਚ ਘਿਰੇ ਇਸ ਖੇਤਰ ਵਿੱਚ, ਇਹ ਅਹਿਸਾਸ ਪਵਿੱਤਰ ਸ਼ਹਿਰ ਯਰੂਸ਼ਲਮ ਤੋਂ ਵੱਧ ਕਿਤੇ ਹੋਰ ਮਹਿਸੂਸ ਨਹੀਂ ਹੁੰਦਾ। ਤਿੰਨ ਅਬਰਾਹਮੀ ਧਰਮਾਂ (ਯਹੂਦੀ ਧਰਮ, ਈਸਾਈ ਧਰਮ ਅਤੇ ਇਸਲਾਮ- ਅਨੁਵਾਦਕ) ਲਈ ਪਵਿੱਤਰ ਇਹ 'ਸ਼ਾਂਤੀ ਦਾ ਸ਼ਹਿਰ', ਲੜਾਈ ਦੇ ਕੇਂਦਰ ਵਿੱਚ ਵਸਿਆ ਹੋਇਆ ਹੈ ਤੇ ਵੱਖ-ਵੱਖ ਵਿਸ਼ਵਾਸਾਂ ਅਤੇ ਸਭਿਆਚਾਰਾਂ ਦੀਆਂ ਸਮੂਹਿਕ ਧੜਕਣਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਇਸ ਪੁਰਾਣੇ ਸ਼ਹਿਰ ਦੀਆਂ ਵਿੰਗੀਆਂ ਅਤੇ ਵਲ-ਖਾਂਦੀਆਂ ਪੱਥਰੀਲੀਆਂ ਗਲੀਆਂ ਵਿੱਚ ਤੁਰਦਿਆਂ ਅਸੀਂ ਲੜਾਈ ਨੂੰ ਇਤਿਹਾਸ ਵਿੱਚ ਅਤੇ ਵਰਤਮਾਨ ਵਿੱਚ ਦੇਖਾਂਗੇ ਅਤੇ ਮਨੁੱਖਤਾ ਦੀ ਸਹਿਯੋਗ ਪ੍ਰਤੀ ਡੂੰਘੀ ਸਮਰੱਥਾ ਨੂੰ ਵੀ ਦੇਖਾਂਗੇ। ਯਰੂਸ਼ਲਮ ਦੇ ਬਾਹਰਵਾਰ, ਅਸੀਂ ਅਜ਼ੀਜ਼ ਦੇ ਪਿੰਡ ਜਾਵਾਂਗੇ ਅਤੇ ਜਾਣਾਂਗੇ ਕਿ ਵਖਰੇਵੇਂ ਅਤੇ ਕਬਜ਼ੇ ਦੀਆਂ ਨੀਤੀਆਂ ਕਿਸ ਤਰ੍ਹਾਂ ਉਸ ਦੇ ਪਰਿਵਾਰ ਨੂੰ ਆਪਣੇ ਹੀ ਘਰ ਵਿੱਚ ਰਹਿਣ ਤੋਂ ਰੋਕਦੀਆਂ ਹਨ।

ਅੱਗੇ, ਅਸੀਂ ਦੱਖਣ ਵੱਲ ਜਾਵਾਂਗੇ ਅਤੇ ਚੈਕਪੋਸਟ ਪਾਰ ਕਰਕੇ ਵੈਸਟ ਬੈਂਕ ਵਿੱਚ ਦਾਖ਼ਲ ਹੋਵਾਂਗੇ—ਇਹ ਇਲਾਕਾ ਲਗਭਗ ਡੇਲਾਵੇਅਰ ਸੂਬੇ (ਅਮਰੀਕਾ ਦਾ ਇਕ ਸੂਬਾ- ਅਨੁਵਾਦਕ) ਜਿੰਨਾ ਵੱਡਾ ਹੈ — ਜਿੱਥੇ ਲਗਭਗ 33 ਲੱਖ ਫਲਸਤੀਨੀ ਫੌਜੀ ਕਬਜ਼ੇ ਹੇਠ ਰਹਿੰਦੇ ਹਨ, ਅਤੇ ਜਿੱਥੇ ਪੰਜ ਲੱਖ ਤੋਂ ਵੱਧ ਇਜ਼ਰਾਈਲੀ ਅਬਾਦਕਾਰਾਂ (ਸੈੱਟਲਰਾਂ), ਨੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਦਿਆਂ, ਖੇਤੀ ਵਾਲੀ ਜ਼ਮੀਨ ਦੇ ਵੱਡੇ ਰਕਬੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਭਾਰੀ ਸੁਰੱਖਿਆ ਵਾਲੀਆਂ ਨੌਆਬਾਦੀਆਂ (ਸੈਟਲਮੈਂਟਸ) ਵਿੱਚ ਰਹਿੰਦੇ ਹਨ। ਅਸੀਂ ਫਲਸਤੀਨੀਆਂ ਦੇ ਸ਼ਹਿਰ ਬੈਤਲਿਹਮ ਨੂੰ ਜਾਵਾਂਗੇ, ਜਿੱਥੇ ਸਰਹੱਦ 'ਤੇ ਕੰਕਰੀਟ ਦੀ 25 ਫੁੱਟ ਤੋਂ ਵੀ ਉੱਚੀ- ਬਰਲਿਨ ਦੀ ਕੰਧ ਤੋਂ ਦੁੱਗਣੀ ਉੱਚੀ-ਕੰਧ ਖੜ੍ਹੀ ਹੈ ਜੋ ਗ੍ਰੈਫੀਟੀ (ਕੰਧ-ਲਿਖਤਾਂ), ਕੰਧ-ਚਿੱਤਰਾਂ ਅਤੇ ਜਨਤਕ ਕਲਾ (ਸਟਰੀਟ ਆਰਟ) ਨਾਲ ਢੱਕੀ ਹੋਈ ਹੈ। ਇਸ ਗ੍ਰੈਫੀਟੀ, ਕੰਧ-ਚਿੱਤਰਾਂ ਅਤੇ ਜਨਤਕ ਕਲਾ (ਸਟਰੀਟ ਆਰਟ) ਨੇ ਵੰਡੀਆਂ ਪਾਉਣ ਵਾਲੀ ਇਸ ਕੰਧ ਨੂੰ ਵਿਰੋਧ ਦੇ ਕੈਨਵਸ ਵਿੱਚ ਬਦਲ ਦਿੱਤਾ ਹੈ। ਵੈਸਟ ਬੈਂਕ ਵਿੱਚ, ਅਸੀਂ ਇਸ ਖੇਤਰ ਨਾਲ ਯਹੂਦੀ ਲੋਕਾਂ ਦੇ ਅੰਜੀਲੀ (ਬਿਬਲੀਕਲ) ਅਤੇ ਇਤਿਹਾਸਕ ਸੰਬੰਧ ਬਾਰੇ ਜਾਣਾਂਗੇ ਅਤੇ ਢਾਂਚਾਗਤ ਹਿੰਸਾ ਦੀ ਅਸਲੀਅਤ ਦੇ ਸਨਮੁੱਖ ਹੋਵਾਂਗੇ ਅਤੇ ਇਹ ਵੇਖਾਂਗੇ ਕਿ ਉਹ ਕਿਹੜੀ ਚੀਜ਼ ਹੈ ਜੋ ਫਲਸਤੀਨੀਆਂ ਨੂੰ ਇਕ ਲੋਕ ਸਮੂਹ ਵਜੋਂ ਜੋੜਦੀ ਹੈ।

ਫਿਰ ਅਸੀਂ ਉੱਤਰ ਵੱਲ ਇਜ਼ਰਾਈਲ ਦੇ ਸਭ ਤੋਂ ਮਹੱਤਵਪੂਰਨ ਅਰਬੀ ਸ਼ਹਿਰ ਵੱਲ ਜਾਵਾਂਗੇ, ਜਿਹੜਾ ਇਕੋ ਇੱਕ ਅਜਿਹਾ ਸ਼ਹਿਰ ਹੈ ਜਿਸ ਨੇ 1948 ਤੋਂ ਪਹਿਲਾਂ ਵਾਲੀ ਆਪਣੀ ਫ਼ਲਸਤੀਨੀ ਪਛਾਣ ਅਜੇ ਵੀ ਬਰਕਰਾਰ ਰੱਖੀ ਹੋਈ ਹੈ। ਐਲਾਨ (ਐਨਨਸੀਏਸ਼ਨ) ਦੀ ਥਾਂ (ਉਹ ਥਾਂ ਜਿੱਥੇ ਫਰਿਸ਼ਤੇ ਗੇਬਰੀਅਲ ਨੇ ਮੈਰੀ ਨੂੰ ਦੱਸਿਆ ਸੀ ਕਿ ਉਹ ਯਿਸੂ ਨੂੰ ਗਰਭ ਵਿੱਚ ਧਾਰਨ ਕਰੇਗੀ-ਅਨੁਵਾਦਕ) ਅਤੇ ਯਿਸੂ ਦੇ ਬਚਪਨ ਦਾ ਘਰ ਹੋਣ ਕਰਕੇ ਨਾਜ਼ਰਥ ਸ਼ਹਿਰ ਈਸਾਈਆਂ ਲਈ ਪਵਿੱਤਰ ਹੈ। ਇਹ ਈਸਾਈ ਧਰਮ ਦਾ ਜਨਮ ਸਥਾਨ 'ਇਜ਼ਰਾਈਲ ਵਿੱਚ ਅਰਬਾਂ ਦੀ ਰਾਜਧਾਨੀ' ਕਿਵੇਂ ਬਣਿਆ, ਅਸੀਂ ਤੁਹਾਨੂੰ ਉਸ ਇਤਿਹਾਸ ਬਾਰੇ ਦੱਸਾਂਗੇ ਅਤੇ ਨਾਜ਼ਰਥ ਦੇ ਇਕ ਪਰਿਵਾਰ ਨਾਲ ਮਾਓਜ਼ ਦੀ ਵੀਹ ਸਾਲਾਂ ਦੀ ਭਾਈਵਾਲੀ ਦੀ ਕਹਾਣੀ ਵੀ ਸਾਂਝੀ ਕਰਾਂਗੇ, ਜਿਸ ਨੇ ਸ਼ਹਿਰ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕੀਤਾ ਹੈ।

ਅਸੀਂ ਆਪਣਾ ਸਫਰ ਗੈਲੀਲੀ ਵਿਖੇ ਖਤਮ ਕਰਾਂਗੇ, ਜਿੱਥੇ ਅਸੀਂ ਉਸ ਰਸਤੇ ਦੇ ਇੱਕ ਹਿੱਸੇ 'ਤੇ ਜਾਵਾਂਗੇ ਜਿਸ ਰਾਹ ਉੱਤੇ ਯਿਸੂ ਨਾਜ਼ਰਥ ਤੋਂ ਕੇਪਰਨਾਮ ਤੱਕ ਤੁਰਿਆ ਸੀ। ਇਸ ਖੇਤਰ ਦਾ ਇਤਿਹਾਸ ਬਹੁਪਰਤੀ ਅਤੇ ਗੁੰਝਲਦਾਰ ਹੈ: ਅਸੀਂ ਰੋਮਨਾਂ ਵਲੋਂ ਜੇਤੂ ਫੌਜ ਲਈ ਬਣਾਈ ਸੜਕ ਦੇਖਾਂਗੇ, ਢਹਿ ਢੇਰੀ ਹੋਈਆਂ ਸਲਤਨਤਾਂ ਦੇ ਜੰਗੀ ਨਿਸ਼ਾਨ ਅਤੇ ਇੱਕ ਕਿਬੂਤ (ਸਮੂਹਿਕ ਬਸਤੀ) ਦੇਖਾਂਗੇ ਜੋ ਹੋਲੋਕਾਸਟ ਦੇ ਬੱਚਿਆਂ ਵੱਲੋਂ 1948 ਵਿੱਚ ਤਬਾਹ ਕਰ ਦਿੱਤੇ ਗਏ ਇੱਕ ਫ਼ਲਸਤੀਨੀ ਪਿੰਡ ਉੱਪਰ ਬਣਾਇਆ ਗਿਆ ਸੀ। ਦਰਦ ਦੀ ਪਰਤ ਉੱਪਰ ਪਰਤ, ਇੱਕ ਸਦਮਾ ਦੂਜੇ ਉੱਪਰ ਚੜ੍ਹਿਆ ਹੋਇਆ। ਪਰ ਲੜਾਈ ਮਨੁੱਖੀ ਕਹਾਣੀ ਦਾ ਅੰਗ ਹੈ। ਇਹ ਸੱਭਿਅਤਾ ਦੇ ਆਰੰਭ ਤੋਂ ਹੀ ਸਾਡੇ ਨਾਲ ਹੈ। ਪੋਪ ਫਰਾਂਸਿਸ ਨੇ ਇਸ ਹਕੀਕਤ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਬਾਰੇ ਚੇਤਾਵਨੀ ਦਿੰਦਿਆਂ ਸਾਨੂੰ ਕਿਹਾ ਸੀ, 'ਇਕ ਸਮਾਜ, ਪਰਿਵਾਰ ਜਾਂ ਦੋਸਤਾਂ ਦਾ ਗਰੁੱਪ ਤਣਾਅ ਤੋਂ ਬਿਨਾਂ ਕਿਸ ਤਰ੍ਹਾਂ ਦਾ ਹੋਵੇਗਾ? ਤੁਸੀਂ ਜਾਣਦੇ ਹੋ ਕਿ ਇਹ ਕਿਸ ਤਰ੍ਹਾਂ ਦਾ ਹੋਵੇਗਾ? ਇਹ ਇੱਕ ਕਬਰਸਤਾਨ ਹੋਵੇਗਾ। ਕਿਉਂਕਿ ਸਿਰਫ਼ ਮੁਰਦਾ ਚੀਜ਼ਾਂ ਵਿੱਚ ਹੀ ਕੋਈ ਤਣਾਅ ਅਤੇ ਲੜਾਈ ਨਹੀਂ ਹੁੰਦੀ। ਜਿੱਥੇ ਜ਼ਿੰਦਗੀ ਹੈ, ਉੱਥੇ ਤਣਾਅ ਹੈ ਅਤੇ ਲੜਾਈ ਹੈ।' ਅਸੀਂ ਆਪਣੇ ਅਤੀਤ ਜਾਂ ਵਰਤਮਾਨ ਦੇ ਇਸ ਸੱਚ ਤੋਂ ਬਚ ਨਹੀਂ ਸਕਦੇ, ਪਰ ਜੇਕਰ ਅਸੀਂ ਸਦੀਵੀ ਹਿੰਸਾ ਤੋਂ ਆਜ਼ਾਦ ਹੋਣਾ ਹੈ ਅਤੇ ਅਜਿਹਾ ਭਵਿੱਖ ਬਣਾਉਣਾ ਹੈ ਜਿਸ ਵਿੱਚ ਸਾਡੇ ਲੋਕ ਸ਼ਾਂਤੀ ਨਾਲ ਰਹਿ ਸਕਣ, ਤਾਂ ਸਾਨੂੰ ਲੜਾਈ ਤੋਂ ਉੱਪਰ ਉੱਠਣ ਅਤੇ ਉਸ ਤੋਂ ਅਗਾਂਹ ਜਾਣ ਦਾ ਰਾਹ ਲੱਭਣਾ ਪਵੇਗਾ। ਅੰਤ ਵਿੱਚ ਹਰ ਲੜਾਈ ਖਤਮ ਹੁੰਦੀ ਹੈ। ਇਹ ਫੈਸਲਾ ਅਸੀਂ ਕਰਨਾ ਹੈ ਕਿ ਉਸ ਤੋਂ ਪਹਿਲਾਂ ਕਿੰਨਾ ਖ਼ੂਨ ਵਹਾਉਣਾ ਹੈ।

ਜੇ ਸਾਡੀ ਕਹਾਣੀ ਅਤੇ ਇਸ ਸਫ਼ਰ ਵਿੱਚੋਂ ਤੁਸੀਂ ਹੋਰ ਕੁਝ ਨਹੀਂ ਵੀ ਲੈਣਾ, ਤਾਂ ਇਹ ਸ਼ਬਦ ਜ਼ਰੂਰ ਲੈ ਕੇ ਜਾਣਾ: ਭਵਿੱਖ ਸ਼ਾਂਤੀ ਹੈ। ਅਸੀਂ ਇਹ ਇਸ ਲਈ ਜਾਣਦੇ ਹਾਂ ਕਿਉਂਕਿ ਅਸੀਂ ਖੁਦ ਪੁਰਾਣੇ ਜੰਗੀ ਖੇਤਰਾਂ- ਵੀਅਤਨਾਮ ਅਤੇ ਉੱਤਰੀ ਆਇਰਲੈਂਡ ਤੋਂ ਲੈ ਕੇ ਰਵਾਂਡਾ ਅਤੇ ਦੱਖਣੀ ਅਫ਼ਰੀਕਾ ਤੱਕ-ਜਾ ਕੇ ਕੰਮ ਕੀਤਾ ਹੈ ਅਤੇ ਲੋਕਾਂ ਦੀ ਆਪਣੇ ਸਦਮੇ ਦੇ ਮਲਬੇ ਅਤੇ ਜੰਗ ਦੀ ਤਬਾਹੀ ਵਿੱਚੋਂ ਉੱਪਰ ਉੱਠਣ ਦੀ ਸਮਰੱਥਾ ਨੂੰ ਵੇਖਿਆ ਹੈ, ਅਤੇ ਸਾਬਕਾ ਦੁਸ਼ਮਣਾਂ ਨੂੰ ਮਿਲ ਕੇ ਜ਼ਖਮਾਂ ਨੂੰ ਭਰਨ ਵਾਲਾ ਅਤੇ ਸੁਲਹ ਦਾ ਰਾਹ ਬਣਾਉਂਦੇ ਵੇਖਿਆ ਹੈ। ਅਸੀਂ ਜਾਣਦੇ ਹਾਂ ਕਿ ਮਨੁੱਖਤਾ ਦਾ ਭਵਿੱਖ ਸ਼ਾਂਤੀ ਹੈ; ਸਿਰਫ ਇਕ ਹੀ ਗੱਲ ਨਹੀਂ ਜਾਣਦੇ ਕਿ ਉੱਥੇ ਪਹੁੰਚਣ ਤੋਂ ਪਹਿਲਾਂ ਹੋਰ ਕਿੰਨੇ ਨਿਰਦੋਸ਼ ਲੋਕਾਂ ਨੂੰ ਦੁੱਖ ਝੱਲਣੇ ਪੈਣਗੇ।

ਅਸੀਂ ਅਜਿਹੀਆਂ ਥਾਵਾਂ 'ਤੇ ਗਏ ਹਾਂ ਜੋ ਸ਼ਾਂਤੀ ਨੂੰ ਸੁਭਾਵਿਕ ਸਮਝਦੀਆਂ ਹਨ, ਭਾਵੇਂ ਕਿ ਖ਼ੂਨ-ਖਰਾਬਾ, ਗ਼ੁਲਾਮੀ, ਅਤੇ ਨਸਲਕੁਸ਼ੀ ਉਨ੍ਹਾਂ ਦੇ ਤਾਜ਼ਾ ਇਤਿਹਾਸ ਦਾ ਹਿੱਸਾ ਹਨ। ਅਸੀਂ ਦੇਖਿਆ ਹੈ ਕਿ ਅੰਤਰਰਾਸ਼ਟਰੀ ਸੰਸਥਾਵਾਂ ਕਮਜ਼ੋਰ ਅਤੇ ਅਪ੍ਰਮਾਣਿਕ ਹੁੰਦੀਆਂ ਜਾ ਰਹੀਆਂ ਹਨ ਜਿਵੇਂ ਕਿ ਜੰਗਾਂ ਨੂੰ ਰੋਕਣ ਅਤੇ ਪੁਲ ਉਸਾਰਨ ਲਈ ਬਣਾਈ ਗਈ ਸਯੁੰਕਤ ਰਾਸ਼ਟਰ ਸੰਘ (ਯੂਨਾਈਟਿਡ ਨੇਸ਼ਨਜ਼) ਤੇਜ਼ੀ ਨਾਲ ਆਪਣਾ ਮਿਸ਼ਨ ਪੂਰਾ ਕਰਨ ਦੇ ਅਯੋਗ ਬਣਦੀ ਜਾ ਰਹੀ ਹੈ ਕਿਉਂਕਿ ਇਸ ਦੀ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਰੋਕੀਆਂ ਜਾ ਸਕਣ ਵਾਲੀਆਂ ਜੰਗਾਂ ਵਿੱਚ ਸ਼ਾਮਲ ਹੁੰਦੇ ਹਨ ਜਾਂ ਉਹਨਾਂ ਦਾ ਸਮਰਥਨ ਕਰਦੇ ਹਨ। ਸਾਡਾ ਵਿਸ਼ਵਾਸ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇੱਕ ਸ਼ਾਂਤੀ ਭਰੇ ਸੰਸਾਰ ਲਈ ਆਪਣੀ ਉਸ ਦ੍ਰਿਸ਼ਟੀ ਨੂੰ ਮੁੜ ਸੁਰਜੀਤ ਕਰੀਏ, ਜਿਸ 'ਤੇ ਇਹ ਸੰਸਥਾਂਵਾਂ ਉਸਾਰੀਆਂ ਗਈਆਂ ਸਨ। ਇਜ਼ਰਾਈਲ ਅਤੇ ਫ਼ਲਸਤੀਨ ਵਿੱਚ ਸਥਾਈ ਸ਼ਾਂਤੀ ਦੁਨੀਆ ਭਰ ਵਿੱਚ ਲਹਿਰਾਂ ਨੂੰ ਜਨਮ ਦੇਵੇਗੀ ਅਤੇ ਦੁਨੀਆ ਨੂੰ ਇਹ ਯਾਦ ਦਿਵਾਉਣ ਵਿੱਚ ਮਦਦ ਕਰੇਗੀ ਕਿ ਭਵਿੱਖ ਸ਼ਾਂਤੀ ਦਾ ਹੋਵੇਗਾ!

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਫ਼ਲਸਤੀਨੀ ਅਤੇ ਇਜ਼ਰਾਈਲੀ ਆਪਣੀਆਂ ਇਤਿਹਾਸਕ ਕਹਾਣੀਆਂ ਨੂੰ ਸੁਣਾਉਣ ਅਤੇ ਆਪਣੀ ਮੌਜੂਦਾ ਹਕੀਕਤ ਅਤੇ ਦਰਦ ਨੂੰ ਪਰਿਭਾਸ਼ਿਤ ਕਰਨ ਲਈ ਜਿਹੜੀ ਭਾਸ਼ਾ ਅਤੇ ਸ਼ਬਦਾਵਲੀ ਵਰਤਦੇ ਹਨ ਉਹ ਅਕਸਰ ਉਨੀ ਹੀ ਡੂੰਘੀ ਤਰ੍ਹਾਂ ਵੰਡੀ ਹੋਈ ਹੈ ਜਿੰਨੀ ਇਹ ਲੜਾਈ। ਕੁੱਝ ਸ਼ਬਦ ਕਾਨੂੰਨੀ ਵਜ਼ਨ ਰੱਖਦੇ ਹਨ, ਜਦੋਂ ਕਿ ਕੁੱਝ ਹੋਰ ਸ਼ਬਦ ਮਾਨਸਿਕ ਪੱਧਰ 'ਤੇ ਵੱਡੀਆਂ ਭਾਵਨਾਵਾਂ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਭਾਵੇਂ ਕਿ ਬਹੁਤ ਸਾਰੇ ਲੋਕ ਇਤਿਹਾਸ ਦੇ ਇੱਕੋ ਇਕ ਬਿਰਤਾਂਤ ਨਾਲ ਕਦੇ ਸਹਿਮਤ ਨਹੀਂ ਹੋਣਗੇ, ਫਿਰ ਵੀ ਸਾਂਝੇ ਭਵਿੱਖ ਲਈ ਸਾਨੂੰ ਕੋਈ ਸਾਂਝਾ ਆਧਾਰ ਲੱਭਣਾ ਹੀ ਪਵੇਗਾ।

ਜਦੋਂ ਕਿ ਬਹੁਤੇ ਫਲਸਤੀਨੀ ਅਤੇ ਮਨੁੱਖੀ ਅਧਿਕਾਰ ਸੰਗਠਨ (ਜਿਨ੍ਹਾਂ ਵਿੱਚ ਗਾਜ਼ਾ ਅਤੇ ਵੈਸਟ ਬੈਂਕ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਨਿਗਰਾਨੀ ਕਰਨ ਵਾਲੀ ਇਜ਼ਰਾਈਲ ਦੀ ਐਨ. ਜੀ. ਓ ਬੈਟਸਲੇਮ ਵੀ ਸ਼ਾਮਲ ਹੈ) ਗਾਜ਼ਾ ਉੱਤੇ ਬੰਬਾਰੀ ਅਤੇ ਲੱਖਾਂ ਸਿਵਲੀਅਨ ਲੋਕਾਂ ਲਈ ਭੇਜੇ ਜਾਣ ਵਾਲੇ ਖਾਣੇ ਅਤੇ ਮਨੁੱਖੀ ਸਹਾਇਤਾ 'ਤੇ ਰੋਕਾਂ ਨੂੰ ਨਸਲਕੁਸ਼ੀ ਕਰਾਰ ਦਿੰਦੇ ਹਨ, ਬਹੁਤੇ ਇਜ਼ਰਾਈਲੀਆਂ ਲਈ ਇਹ ਇੱਕ ਜੰਗ ਹੈ ਜੋ 7 ਅਕਤੂਬਰ ਦੇ ਹਮਾਸ ਦੇ ਹਮਲੇ ਦੇ ਜਵਾਬ ਵਿੱਚ ਸ਼ੁਰੂ ਹੋਈ ਹੈ। ਇਸ ਹੀ ਤਰ੍ਹਾਂ, ਜਦੋਂ ਕਿ ਬਹੁਤੇ ਇਜ਼ਰਾਈਲੀ ਵੈਸਟ ਬੈਂਕ ਵਿੱਚ ਬਣੇ ਸਰਹੱਦੀ ਬੈਰੀਅਰ ਨੂੰ 'ਸੁਰੱਖਿਆ ਵਾੜ' ਕਹਿੰਦੇ ਹਨ, ਜੋ ਉਨ੍ਹਾਂ ਨੂੰ ਆਤਮਘਾਤੀ ਹਮਲਿਆਂ ਤੋਂ ਬਚਾਉਣ ਲਈ ਬਣਾਈ ਗਈ ਹੈ, ਉਦੋਂ ਫਲਸਤੀਨੀ ਆਪਣੇ ਅਲੱਗ ਰੱਖੇ ਜਾਣ ਅਤੇ ਕਬਜ਼ੇ ਦੇ ਤਜਰਬੇ ਨੂੰ ਦਰਸਾਉਣ ਲਈ ਇਸ ਨੂੰ 'ਅਪਾਰਥਾਈਡ ਦੀ ਕੰਧ' ਕਹਿੰਦੇ ਹਨ। ਅਸੀਂ ਕਿਸੇ ਵੀ ਤਰ੍ਹਾਂ ਦੀ ਸ਼ਬਦਾਵਲੀ ਨੂੰ ਸੈਂਸਰ ਨਹੀਂ ਕਰਾਂਗੇ।

ਹੋ ਸਕਦਾ ਹੈ ਕਿ ਅਸੀਂ ਹਮੇਸ਼ਾਂ ਸ਼ਬਦਾਵਲੀ, ਇਤਿਹਾਸਕ ਬਿਰਤਾਂਤ, ਜਾਂ ਸਿਆਸੀ ਵਿਸ਼ਲੇਸ਼ਣ ਨਾਲ ਸਹਿਮਤ ਨਾ ਹੋਈਏ, ਪਰ ਸਾਡੀ ਅਪੀਲ ਇਹ ਹੈ ਕਿ ਅਸੀਂ ਇਕੱਠੇ ਹੋ ਕੇ ਸਭ ਤੋਂ ਪਹਿਲਾਂ ਬੰਬਾਂ, ਘੇਰਾਬੰਦੀ ਅਤੇ ਹਿੰਸਾ ਦੀ ਰਣਨੀਤੀ ਨੂੰ ਰੱਦ ਕਰਦੇ ਹਾਂ। ਅਸੀਂ ਸਹਿਮਤ ਹਾਂ ਕਿ ਹਿੰਸਾ ਦੇ ਸਾਰੇ ਅਮਲਾਂ ਦਾ ਅੰਤ ਹੋਣਾ ਚਾਹੀਦਾ ਹੈ ਅਤੇ ਅਸੀਂ ਸਥਾਈ ਸ਼ਾਂਤੀ, ਇੱਕ ਬਿਹਤਰ ਭਵਿੱਖ, ਅਤੇ ਸੱਚੀ ਬਰਾਬਰੀ ਪ੍ਰਤੀ ਦ੍ਰਿੜਤਾ ਨਾਲ ਵਚਨਬੱਧ ਹਾਂ।

ਅਗਲੇ ਸਫਿਆਂ ਵਿੱਚ ਅਸੀਂ ਆਪਣੀਆਂ ਅਤੇ ਉਹਨਾਂ ਲੋਕਾਂ ਦੀਆਂ ਕਹਾਣੀਆਂ ਦੱਸਾਂਗੇ, ਜਿਹਨਾਂ ਦੀਆਂ ਜ਼ਿੰਦਗੀਆਂ 'ਤੇ ਸਦੀ ਤੋਂ ਚੱਲੀ ਆ ਰਹੀ ਜੰਗ ਦਾ ਪੀੜ੍ਹੀ ਦਰ ਪੀੜ੍ਹੀ ਚੱਲਿਆ ਆਉਂਦਾ ਸਦਮਾ ਪੱਕੀ ਤਰ੍ਹਾਂ ਉੱਕਰਿਆ ਹੋਇਆ ਹੈ। ਤੁਸੀਂ ਹਮੇਸ਼ਾ ਸਾਡੇ ਨਾਲ ਸਹਿਮਤ ਨਹੀਂ ਹੋਵੋਗੇ, ਪਰ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਡੀਆਂ ਕਹਾਣੀਆਂ ਪੜ੍ਹਦੇ ਸਮੇਂ ਆਪਣਾ ਦਿਲ ਖੁੱਲ੍ਹਾ ਰੱਖੋਗੇ। ਆਪਣੀਆਂ ਸਹਿਮਤੀਆਂ ਅਤੇ ਅਸਹਿਮਤੀਆਂ ਦੇ ਬਾਵਜੂਦ, ਅਸੀਂ ਦੋਵੇਂ ਮਨੁੱਖੀ ਜਾਨਾਂ ਦੀ ਰੱਖਿਆ ਕਰਨ, ਖ਼ੂਨ-ਖਰਾਬੇ ਦਾ ਅੰਤ ਕਰਨ, ਅਤੇ ਅਜਿਹੀ ਸਥਾਈ ਅਤੇ ਨਿਆਂਪੂਰਨ ਸ਼ਾਂਤੀ ਸਥਾਪਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਸਾਡੇ ਸਾਰਿਆਂ ਲਈ ਬਰਾਬਰੀ, ਨਿਆਂ, ਮਾਣ, ਮਾਨਤਾ ਅਤੇ ਸੁਰੱਖਿਆ 'ਤੇ ਅਧਾਰਤ ਹੋਵੇ।

ਭਾਵੇਂ ਕਿ ਸਾਡੀ ਦੋਸਤੀ ਅਸਾਧਾਰਨ ਹੈ, ਫਿਰ ਵੀ ਅਸੀਂ ਵਿਲੱਖਣ ਨਹੀਂ ਹਾਂ। ਅਸੀਂ ਦੋਵੇਂ ਸਥਾਨਕ ਅਤੇ ਵਿਸ਼ਵ ਪੱਧਰ 'ਤੇ ਇੱਕ ਸਾਂਝੇ ਭਵਿੱਖ ਲਈ ਪੁਲ ਉਸਾਰਨ ਲਈ ਕੰਮ ਕਰ ਰਹੇ ਇਜ਼ਰਾਈਲੀਆਂ ਅਤੇ ਫ਼ਲਸਤੀਨੀਆਂ ਦੇ ਵਧ ਰਹੇ ਗੱਠਜੋੜ ਦਾ ਹਿੱਸਾ ਹਾਂ। ਅਸੀਂ ਇਕੱਠੇ ਮਿਲ ਕੇ ਇੱਕ ਨਵੀਂ ਕਹਾਣੀ ਦੀ ਸਿਰਜਣਾ ਕਰ ਰਹੇ ਹਾਂ। ਅਸੀਂ ਆਪਣੇ ਆਪ ਨੂੰ ਫ਼ਲਸਤੀਨੀ ਅਤੇ ਇਜ਼ਰਾਈਲੀ, ਜਾਂ ਯਹੂਦੀ ਅਤੇ ਅਰਬ ਨਹੀਂ ਸਮਝਦੇ, ਸਗੋਂ ਅਜਿਹੇ ਇਨਸਾਨ ਸਮਝਦੇ ਹਾਂ ਜੋ ਸੰਵਾਦ, ਮਾਫ਼ ਕਰਨ ਅਤੇ ਸ਼ਾਂਤੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਅਸੀਂ ਉਹਨਾਂ ਨੂੰ ਜੋ ਸਿਰਫ਼ ਵੰਡ ਦੀਆਂ ਲਕੀਰਾਂ ਹੀ ਦੇਖਦੇ ਹਨ, ਕਹਿਣਾ ਚਾਹੁੰਦੇ ਹਾਂ: ਜੇ ਤੁਹਾਡੇ ਲਈ ਸਾਨੂੰ ਵੰਡਣਾ ਜ਼ਰੂਰੀ ਹੈ ਤਾਂ ਸਾਨੂੰ ਇਸ ਤਰ੍ਹਾਂ ਵੰਡੋ ਕਿ ਇਕ ਪਾਸੇ ਉਹ ਲੋਕ ਹਨ ਜੋ ਸ਼ਾਂਤੀ ਅਤੇ ਬਰਾਬਰੀ ਵਿੱਚ ਵਿਸ਼ਵਾਸ ਰੱਖਣ ਵਾਲੇ ਹਨ ਅਤੇ ਦੂਸਰੇ ਪਾਸੇ ਉਹ ਜਿਹੜੇ ਅਜੇ ਇਹ ਵਿਸ਼ਵਾਸ ਨਹੀਂ ਰੱਖਦੇ...

ਅਸੀਂ ਇਸ ਸਫਰ ਦੀ ਸ਼ੁਰੂਆਤ ਆਪਣੇ ਦੁੱਖ ਦਾ ਸਾਹਮਣਾ ਕਰਕੇ ਕਰਦੇ ਹਾਂ, ਜਿਸ ਤਰ੍ਹਾਂ ਸਾਰੇ ਸ਼ਾਂਤੀ ਕਾਰਜਾਂ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।

# ਨਾਸਾ ਪੁਲਾੜ ਯਾਤਰੀ ਰੋਨ ਗਾਰਨ

ਨਾਸਾ ਪੁਲਾੜ ਯਾਤਰੀ ਰੋਨ ਗਾਰਨ (Ron Garan) ਨੇ 178 ਦਿਨ ਪੁਲਾੜ ਵਿੱਚ ਬਿਤਾਉਣ ਤੋਂ ਬਾਅਦ ਇਹ ਸੁਨੇਹਾ ਦਿੱਤਾ ਕਿ ਮਨੁੱਖਤਾ ਇੱਕ ਵੱਡੇ ਭਰਮ ਵਿੱਚ ਜੀਅ ਰਹੀ ਹੈ। ਰੋਨ ਗਾਰਨ ਦੀ ਕਿਤਾਬ 'The Orbital Perspective' ਮੁਤਾਬਕ ਜੇਕਰ ਅਸੀਂ ਦੁਨੀਆ ਦੀਆਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੀ ਸੋਚ ਨੂੰ 'ਜ਼ਮੀਨੀ' ਪੱਧਰ ਤੋਂ ਉੱਪਰ ਚੁੱਕ ਕੇ 'ਪੁਲਾੜ' ਦੇ ਨਜ਼ਰੀਏ ਤੋਂ ਦੇਖਣਾ ਪਵੇਗਾ। ਇਸ ਕਿਤਾਬ ਦੇ ਮੁੱਖ ਵਿਚਾਰ ਇਹ ਹਨ:


- ਪੁਲਾੜ ਤੋਂ ਧਰਤੀ ਨੂੰ ਦੇਖਦਿਆਂ ਕੋਈ ਸਰਹੱਦ ਨਜ਼ਰ ਨਹੀਂ ਆਉਂਦੀ। ਗਾਰਨ ਕਹਿੰਦੇ ਹਨ ਕਿ ਸਾਨੂੰ ਦੇਸ਼ਾਂ, ਨਸਲਾਂ ਜਾਂ ਧਰਮਾਂ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਪੂਰੀ ਮਨੁੱਖਤਾ ਨੂੰ ਇੱਕ ਇਕਾਈ ਵਜੋਂ ਦੇਖਣਾ ਚਾਹੀਦਾ ਹੈ।
- ਉਨ੍ਹਾਂ ਨੇ ਰਾਤ ਦੇ ਸਮੇਂ ਪੁਲਾੜ ਤੋਂ ਭਾਰਤ, ਚੀਨ, ਪਾਕਿਸਤਾਨ ਅਤੇ ਹੋਰ ਕਈ ਦੇਸ਼ਾਂ ਦੀਆਂ ਸਰਹੱਦਾਂ ਦੀਆਂ ਤਸਵੀਰਾਂ ਲਈਆਂ, ਜਿੱਥੇ ਸੰਤਰੀ ਰੰਗ ਦੀਆਂ ਲਾਈਟਾਂ ਸਪਸ਼ਟ ਲਕੀਰਾਂ ਵਾਂਗ ਦਿਖਾਈ ਦਿੰਦੀਆਂ ਸਨ। ਉਨ੍ਹਾਂ ਕਿਹਾ ਕੇ ਮੇਰੇ ਲਈ ਇਹ ਇੱਕ ਦੁਖਦਾਈ ਨਜ਼ਾਰਾ ਸੀ ਕਿਉਂਕਿ ਕੁਦਰਤੀ ਤੌਰ 'ਤੇ ਧਰਤੀ 'ਤੇ ਕੋਈ ਵੰਡ ਨਹੀਂ ਹੈ, ਪਰ ਸਾਰੇ ਸੰਸਾਰ ਦੇ ਅਗਿਆਨੀ ਮਨੁੱਖਾਂ ਨੇ ਬਨਾਵਟੀ ਸਰਹੱਦਾਂ ਬਣਾਈਆਂ ਹੋਈਆਂ ਹਨ।
- ਉਨ੍ਹਾਂ ਨੇ ਅਦਭੁਤ ਔਰੋਰਾ (ਧਰੁਵੀ ਰੌਸ਼ਨੀਆਂ) ਅਤੇ ਬਿਜਲੀ ਦੇ ਲਿਸ਼ਕਾਰਿਆਂ ਦੀਆਂ ਵੀਡੀਓਜ਼ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਤੁਸੀਂ ਉਨ੍ਹਾਂ ਦੀ ਵੈੱਬਸਾਈਟ Ron Garan Gallery 'ਤੇ ਦੇਖ ਸਕਦੇ ਹੋ।
- ਉਨ੍ਹਾਂ ਕਿਹਾ ਕਿ ਅਸੀਂ ਸਾਰੇ ਇੱਕ ਦੂਜੇ ਨਾਲ ਅਤੇ ਇਸ ਗ੍ਰਹਿ ਨਾਲ ਜੁੜੇ ਹੋਏ ਹਾਂ। ਜੇਕਰ ਦੁਨੀਆ ਦੇ ਇੱਕ ਕੋਨੇ ਵਿੱਚ ਪ੍ਰਦੂਸ਼ਣ ਜਾਂ ਬਿਮਾਰੀ ਫੈਲਦੀ ਹੈ, ਤਾਂ ਉਹ ਸਾਰਿਆਂ ਨੂੰ ਪ੍ਰਭਾਵਿਤ ਕਰਦੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਅਸੀਂ ਇਕੱਲੇ ਨਹੀਂ ਬਚ ਸਕਦੇ।
- ਗਾਰਨ 'ਅੰਤਰਰਾਸ਼ਟਰੀ ਪੁਲਾੜ ਸਟੇਸ਼ਨ' (ISS) ਦੀ ਉਦਾਹਰਣ ਦਿੰਦੇ ਹਨ, ਜਿੱਥੇ ਵੱਖ-ਵੱਖ ਦੇਸ਼ (ਜੋ ਕਈ ਵਾਰ ਆਪਸ ਵਿੱਚ ਦੁਸ਼ਮਣ ਵੀ ਹੁੰਦੇ ਹਨ) ਪਰ ਪੁਲਾੜ ਵਿੱਚ ਇੱਕ ਸਾਂਝੇ ਮਕਸਦ ਲਈ ਮਿਲ ਕੇ ਕੰਮ ਕਰਦੇ ਹਨ। ਉਹ ਕਹਿੰਦੇ ਹਨ ਕਿ ਜੇ ਅਸੀਂ ਪੁਲਾੜ ਵਿੱਚ ਅਜਿਹਾ ਕਰ ਸਕਦੇ ਹਾਂ, ਤਾਂ ਧਰਤੀ 'ਤੇ ਕਿਉਂ ਨਹੀਂ?



- ਅਸੀਂ ਅਕਸਰ ਸਿਰਫ਼ ਅੱਜ ਦੇ ਫਾਇਦੇ ਬਾਰੇ ਸੋਚਦੇ ਹਾਂ। ਇਹ ਕਿਤਾਬ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਸੰਭਾਲਣ ਅਤੇ ਦੂਰਅੰਦੇਸ਼ੀ ਵਾਲੇ ਫੈਸਲੇ ਲੈਣ ਦੀ ਪ੍ਰੇਰਨਾ ਦਿੰਦੀ ਹੈ। ਸੰਖੇਪ ਵਿੱਚ, ਇਹ ਕਿਤਾਬ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਇਸ ਧਰਤੀ ਦੇ 'ਕਰੂ ਮੈਂਬਰ' (Crew Members) ਹਾਂ ਨਾ ਕੇ ਯਾਤਰੀ ਅਤੇ ਇਸ ਨੂੰ ਬਚਾਉਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।
- ਉਨ੍ਹਾਂ ਦੀ ਉਸ 'ਨੀਲੀ ਰੇਖਾ' (Blue Marble) ਵਾਲੀ ਵੀਡੀਓ ਨੇ ਦੁਨੀਆ ਭਰ ਵਿੱਚ ਚਰਚਾ ਛੇੜ ਦਿੱਤੀ। ਰੋਨ ਗਾਰਨ ਦੀ ਉਸ ਵੀਡੀਓ ਅਤੇ ਤਸਵੀਰ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ ਕਿਉਂਕਿ ਉਸ ਵਿੱਚ ਧਰਤੀ ਦਾ ਵਾਯੂਮੰਡਲ (Atmosphere) ਇੱਕ ਬਹੁਤ ਹੀ ਪਤਲੀ ਨੀਲੀ ਰੇਖਾ ਵਾਂਗ ਦਿਖਾਈ ਦਿੰਦਾ ਹੈ। ਇਸ ਵੀਡੀਓ ਰਾਹੀਂ ਉਨ੍ਹਾਂ ਨੇ ਕੁਝ ਬਹੁਤ ਹੀ ਮਹੱਤਵਪੂਰਨ ਗੱਲਾਂ ਦੱਸੀਆਂ:
- ਰੋਨ ਨੇ ਦੱਸਿਆ ਕਿ ਜਦੋਂ ਅਸੀਂ ਧਰਤੀ 'ਤੇ ਹੁੰਦੇ ਹਾਂ, ਤਾਂ ਸਾਨੂੰ ਅਸਮਾਨ ਬਹੁਤ ਵਿਸ਼ਾਲ ਅਤੇ ਅਨੰਤ ਲੱਗਦਾ ਹੈ। ਪਰ ਪੁਲਾੜ ਤੋਂ ਦੇਖਣ 'ਤੇ ਪਤਾ ਲੱਗਦਾ ਹੈ ਕਿ ਸਾਡਾ ਵਾਯੂਮੰਡਲ (ਜੋ ਸਾਨੂੰ ਜ਼ਿੰਦਾ ਰੱਖਦਾ ਹੈ) ਇੱਕ ਪਿਆਜ਼ ਦੇ ਛਿਲਕੇ ਜਾਂ ਕਾਗਜ਼ ਦੀ ਪਰਤ ਜਿੰਨਾ ਪਤਲਾ ਹੈ।
- ਉਨ੍ਹਾਂ ਨੇ ਵੀਡੀਓ ਵਿੱਚ ਦਿਖਾਇਆ ਕਿ ਇਸ ਪਤਲੀ ਜਿਹੀ ਲਕੀਰ ਤੋਂ ਬਾਹਰ ਸਿਰਫ਼ ਪੁਲਾੜ ਦਾ ਕਾਲਾ ਅਤੇ ਡਰਾਉਣਾ ਖਲਾਅ ਹੈ। ਇਹ ਨਜ਼ਾਰਾ ਦੇਖ ਕੇ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਮਨੁੱਖਤਾ ਕਿੰਨੀ ਨਾਜ਼ੁਕ ਸਥਿਤੀ ਵਿੱਚ ਹੈ ਅਤੇ ਅਸੀਂ ਇਸ ਛੋਟੇ ਜਿਹੇ ਸੁਰੱਖਿਆ ਕਵਚ ਨੂੰ ਪ੍ਰਦੂਸ਼ਣ ਨਾਲ ਕਿੰਨੀ ਤੇਜ਼ੀ ਨਾਲ ਨੁਕਸਾਨ ਪਹੁੰਚਾ ਰਹੇ ਹਾਂ।
- ਰੋਨ ਅਨੁਸਾਰ ਇਸ ਵੀਡੀਓ ਦਾ ਮਕਸਦ ਇਹ ਸੀ ਕਿ ਲੋਕ ਧਰਤੀ ਨੂੰ ਇੱਕ ਦੇਸ਼ ਜਾਂ ਮਹਾਂਦੀਪ ਵਜੋਂ ਨਹੀਂ, ਸਗੋਂ ਪੁਲਾੜ ਵਿੱਚ ਤੈਰ ਰਹੇ ਇੱਕ ਸਾਂਝੇ ਜਹਾਜ਼ ਵਜੋਂ ਦੇਖਣ। ਜੇਕਰ ਇਸ ਜਹਾਜ਼ ਦੀ 'ਨੀਲੀ ਰੇਖਾ' (ਵਾਯੂਮੰਡਲ) ਨੂੰ ਨੁਕਸਾਨ ਪਹੁੰਚਿਆ, ਤਾਂ ਇਸ 'ਤੇ ਸਵਾਰ ਕੋਈ ਵੀ ਮੁਸਾਫ਼ਰ ਨਹੀਂ ਬਚੇਗਾ।
- ਇਸ ਵੀਡੀਓ ਨੇ ਵਾਤਾਵਰਣ ਪ੍ਰੇਮੀਆਂ ਅਤੇ ਵਿਗਿਆਨੀਆਂ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਕਿ ਸਾਨੂੰ ਸਿਆਸੀ ਲੜਾਈਆਂ ਛੱਡ ਕੇ ਇਸ ਸਾਂਝੇ ਘਰ ਨੂੰ ਬਚਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ।

ਪੋਸਟ ਪੜ੍ਹਨ ਲਈ ਆਪ ਦਾ ਧੰਨਵਾਦ ਜੀ! ਇਹੋ ਜਿਹੇ ਮਨੁੱਖਤਾ ਦੇ ਦਰਦੀ ਬਹੁਤ ਘੱਟ ਹਨ, ਜਿਨ੍ਹਾਂ ਦੀਆਂ ਹਦਾਇਤਾਂ ਸੰਸਾਰ ਨੂੰ ਸਮਾਂ ਲੰਘ ਜਾਣ ਤੇ ਚੇਤੇ ਆਉਂਦੀਆਂ ਹਨ। ਅਫਸੋਸ ਹੈ ਕੇ ਲੋਕ ਬਿਪਤਾ ਤੋਂ ਪਹਿਲਾਂ ਨਹੀਂ ਸਮਝਦੇ।

-ਭਾਈ ਹਰਚਰਨ ਸਿੰਘ ਖ਼ਾਲਸਾ
ਹਜ਼ੂਰੀ ਕੀਰਤਨੀਆ


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ ( RDSP )

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

## ਇਹ ਹੈ ਕੀ ?

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?



ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

## ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142



# ਅੰਗਰੇਜ਼ ਹਕੂਮਤ ਨੇ ਇੱਕੋ ਰੁੱਖ 'ਤੇ ਫਾਹੇ ਲਾ ਦਿੱਤੇ ਸੀ 1000 ਆਦਿਵਾਸੀ

ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ

ਭਾਰਤ ਦਾ ਇਤਿਹਾਸ ਬੀਰਤਾ ਅਤੇ ਕੁਰਬਾਨੀਆਂ ਦੀਆਂ ਬੇਸ਼ੁਮਾਰ ਕਹਾਣੀਆਂ ਨਾਲ ਭਰਿਆ ਪਿਆ ਹੈ। ਪਰ ਕੁਝ ਅਜਿਹੀਆਂ ਘਟਨਾਵਾਂ ਵੀ ਹਨ, ਜਿਨ੍ਹਾਂ ਨੂੰ ਸਮੇਂ ਦੇ ਨਾਲ ਜਾਂ ਤਾਂ ਭੁਲਾ ਦਿੱਤਾ ਗਿਆ ਜਾਂ ਫਿਰ ਉਨ੍ਹਾਂ ਨੂੰ ਉਹ ਸਥਾਨ ਨਹੀਂ ਮਿਲਿਆ ਜਿਸ ਦੀਆਂ ਉਹ ਹੱਕਦਾਰ ਸਨ। ਅਜਿਹੀ ਹੀ ਇੱਕ ਘਟਨਾ ਹੈ 1000 ਆਦਿਵਾਸੀ ਯੋਧਿਆਂ ਨੂੰ ਇੱਕੋ ਦਿਨ 'ਚ ਇੱਕ ਹੀ ਰੁੱਖ 'ਤੇ ਫਾਹੇ ਲਾ ਦੇਣ ਦਾ ਸਾਕਾ।

ਇਹ ਕੋਈ ਕਾਲਪਨਿਕ ਕਹਾਣੀ ਨਹੀਂ ਹੈ, ਸਗੋਂ ਇੱਕ ਅਜਿਹਾ ਕੌੜਾ ਸੱਚ ਹੈ, ਜੋ ਸਾਡੇ ਇਤਿਹਾਸ ਦੇ ਪੰਨਿਆਂ ਵਿੱਚ ਦੱਬਿਆ ਹੋਇਆ ਹੈ।

**ਸੰਘਰਸ਼ ਅਤੇ ਦਲੇਰੀ ਦਾ ਪ੍ਰਤੀਕ ਰਾਮਜੀ ਗੋਂਡ** : 'ਪਹਿਲੀ ਜੰਗੇ-ਆਜ਼ਾਦੀ' ਦੇ ਸਮੇਂ ਤੇਲੰਗਾਨਾ ਦੇ ਆਦਿਲਾਬਾਦ ਜ਼ਿਲ੍ਹੇ ਵਿਚ ਆਦਿਵਾਸੀਆਂ ਦੀ ਅੰਗਰੇਜ਼ ਰਾਜ ਅਤੇ ਨਿਜ਼ਾਮ ਹੈਦਰਾਬਾਦ ਦੇ ਵਿਰੁੱਧ ਬਹੁਤ ਮਹੱਤਵਪੂਰਨ ਬਗ਼ਾਵਤ ਹੋਈ ਸੀ। ਇਸ ਬਗ਼ਾਵਤ ਦਾ ਆਗੂ ਸੀ ਨਿਧੜਕ ਆਦਿਵਾਸੀ ਨਾਇਕ ਮਰਸੂਕੋਲਾ ਰਾਮਜੀ ਗੋਂਡ। ਉਹ ਗੋਂਡ ਆਦਿਵਾਸੀ ਭਾਈਚਾਰੇ ਨਾਲ ਸੰਬੰਧਤ ਸੀ ਅਤੇ ਉਸ ਨੇ ਅੰਗਰੇਜ਼ ਰਾਜ ਅਤੇ ਨਿਜ਼ਾਮ ਹੈਦਰਾਬਾਦ ਦੇ ਜ਼ੁਲਮਾਂ ਦੇ ਖ਼ਿਲਾਫ਼ ਆਵਾਜ਼ ਉਠਾਈ। ਜਦੋਂ ਆਦਿਵਾਸੀਆਂ ਦੇ ਜਲ, ਜੰਗਲ ਅਤੇ ਜ਼ਮੀਨ 'ਤੇ ਕਬਜ਼ਾ ਕੀਤਾ ਜਾਣ ਲੱਗਾ, ਤਾਂ ਰਾਮਜੀ ਗੋਂਡ ਨੇ ਆਗੂ ਭੂਮਿਕਾ ਨਿਭਾ ਕੇ ਵਿਰੋਧ ਨੂੰ ਇੱਕ ਅੰਦੋਲਨ ਦਾ ਰੂਪ ਦੇ ਦਿੱਤਾ।

ਉਨ੍ਹਾਂ ਨੇ ਗੋਂਡ ਯੋਧਿਆਂ ਨੂੰ ਜਥੇਬੰਦ ਕਰਕੇ ਫ਼ੌਜ ਬਣਾਈ, ਜਿਸ ਵਿੱਚ ਰੁਹੇਲਾ ਮੁਸਲਿਮ ਆਦਿ ਹੋਰ ਭਾਈਚਾਰਿਆਂ ਦੇ ਲੋਕ ਵੀ ਸ਼ਾਮਲ ਹੋਏ। ਇਹ ਮਹਿਜ਼ ਇੱਕ ਬਗ਼ਾਵਤ ਨਹੀਂ ਸੀ, ਸਗੋਂ ਆਦਿਵਾਸੀ ਲੋਕਾਂ ਦੀ ਆਪਣੇ ਅਧਿਕਾਰਾਂ ਅਤੇ ਹੋਂਦ ਦੀ ਲੜਾਈ ਸੀ।

**ਬਾਗ਼ੀਆਂ ਨੇ ਤਿੰਨ ਸਾਲ ਤੱਕ ਅੰਗਰੇਜ਼ਾਂ ਨੂੰ ਰੋਕੀ ਰੱਖਿਆ** : 1857 ਤੋਂ ਲੈ ਕੇ 1860 ਤੱਕ ਚੱਲੀ ਇਸ ਟੱਕਰ ਵਿਚ ਰਾਮਜੀ ਗੋਂਡ ਨੇ ਛਾਪਾਮਾਰ ਯੁੱਧ ਦੀ ਯੁੱਧਨੀਤੀ ਅਪਣਾਈ। ਉਸਦੀ ਅਗਵਾਈ ਹੇਠ ਆਦਿਵਾਸੀ ਅਚਾਨਕ ਹਮਲਾ ਕਰਦੇ, ਅੰਗਰੇਜ਼ਾਂ ਨੂੰ ਨੁਕਸਾਨ ਪਹੁੰਚਾਉਂਦੇ ਅਤੇ ਫਿਰ ਜੰਗਲਾਂ ਵਿੱਚ ਗਾਇਬ ਹੋ ਜਾਂਦੇ। ਇਸ ਯੁੱਧਨੀਤੀ ਦੇ ਕਾਰਨ ਅੰਗਰੇਜ਼ਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ।

ਲਗਾਤਾਰ ਤਿੰਨ ਵਰ੍ਹਿਆਂ ਤੱਕ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਆਪਣੇ ਖੇਤਰ ਵਿੱਚ ਘੁਸਣ ਨਹੀਂ ਦਿੱਤਾ। ਬਗ਼ਾਵਤ ਅੰਗਰੇਜ਼ ਹਕੂਮਤ ਲਈ ਵੱਡੀ ਚੁਣੌਤੀ ਬਣ ਗਈ ਸੀ।

**ਕਪਟ ਅਤੇ ਵਿਸ਼ਵਾਸਘਾਤ** : ਜਦੋਂ ਅੰਗਰੇਜ਼ ਸਿੱਧੀ ਲੜਾਈ ਵਿੱਚ ਕਾਮਯਾਬ ਨਹੀਂ ਹੋ ਸਕੇ, ਤਾਂ ਉਨ੍ਹਾਂ ਨੇ ਕਪਟ ਅਤੇ ਸਾਜ਼ਿਸ਼ ਦਾ ਸਹਾਰਾ ਲਿਆ। ਅੰਤ ਵਿੱਚ ਰਾਮਜੀ ਗੋਂਡ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਧੋਖੇ ਨਾਲ ਫੜ ਲਿਆ ਗਿਆ।

**ਇੱਕ ਰੁੱਖ ਅਤੇ 1000 ਫਾਂਸੀਆਂ** : ਇਸ ਤੋਂ ਬਾਅਦ ਜੋ ਹੋਇਆ, ਉਹ ਇਤਿਹਾਸ ਵਿਚ ਦਰਜ ਸਭ ਤੋਂ ਕਰੂਰ ਅਤੇ ਅਮਾਨਵੀ ਕਾਰਿਆਂ ਵਿੱਚੋਂ ਇੱਕ ਹੈ।

ਦੰਦਕਥਾ ਅਨੁਸਾਰ ਰਾਮਜੀ ਗੋਂਡ ਸਮੇਤ ਲਗਭਗ 1000 ਆਦਿਵਾਸੀ ਯੋਧਿਆਂ ਨੂੰ ਅਜੋਕੇ ਉੱਤਰੀ ਤੇਲੰਗਾਨਾ ਦੇ ਨਿਰਮਲ ਸ਼ਹਿਰ (ਨਿਰਮਲ ਜ਼ਿਲ੍ਹਾ) ਦੇ ਬਾਹਰਵਾਰ ਬੋਹੜ ਦੇ ਵਿਸ਼ਾਲ ਰੁੱਖ ਕੋਲ ਲਿਜਾ ਕੇ 9 ਅਪ੍ਰੈਲ 1860 ਨੂੰ ਇੱਕੋ ਦਿਨ, ਇੱਕੋ ਸਮੇਂ ਫਾਹੇ ਲਾ ਦਿੱਤਾ ਗਿਆ। ਉਸ ਸਮੇਂ ਦੇ ਅੰਗਰੇਜ਼ ਹਕੂਮਤ ਦੇ ਰਿਕਾਰਡ ਦਾ ਅਧਿਐਨ ਕਰਨ ਵਾਲਿਆਂ ਦਾ ਇਕ ਵਿਚਾਰ ਇਹ ਵੀ ਹੈ ਕਿ ਰਾਮਜੀ ਗੋਂਡ ਨੂੰ 15 ਅਕਤੂਬਰ 1860 ਦੇ ਕਰੀਬ ਸ਼ਹੀਦ ਕੀਤਾ ਗਿਆ।

ਇਹ ਮਹਿਜ਼ ਸਜ਼ਾ ਨਹੀਂ ਸੀ, ਸਗੋਂ ਇੱਕ ਪੂਰੇ ਭਾਈਚਾਰੇ ਨੂੰ ਖ਼ੌਫ਼ਜ਼ਦਾ ਕਰਨ ਅਤੇ ਕੁਚਲਣ ਦੀ ਕੋਸ਼ਿਸ਼ ਸੀ।

ਕੀ ਇਹ ਜਲ੍ਹਿਆਂਵਾਲਾ ਬਾਗ਼ ਤੋਂ ਘੱਟ ਸੀ ?

ਜਦੋਂ ਅਸੀਂ ਜਲ੍ਹਿਆਂਵਾਲਾ ਬਾਗ਼ ਵਰਗੇ ਸਾਕੇ ਨੂੰ ਚੇਤੇ ਕਰਦੇ ਹਾਂ, ਤਾਂ ਇਹ ਸਵਾਲ ਉੱਠਦਾ ਹੈ ਕਿ ਕੀ ਇਹ ਸਾਕਾ ਉਸ ਤੋਂ ਘੱਟ ਸੀ ?

1000 ਲੋਕਾਂ ਨੂੰ ਇੱਕੋ ਸਮੇਂ ਫਾਹੇ ਲਾ ਦੇਣਾ ਅਤੇ ਇਸਦਾ ਕੋਈ ਖ਼ਾਸ ਜ਼ਿਕਰ ਨਾ ਹੋਣਾ-ਕੀ ਇਹ ਇਤਿਹਾਸ ਦੇ ਸਭ ਤੋਂ ਵੱਡੇ ਅਨਿਆਂ ਵਿੱਚੋਂ ਇੱਕ ਨਹੀਂ ਹੈ ? ਇਹ ਕੌੜੀ ਹਕੀਕਤ ਹੈ ਕਿ ਇਹ ਘਟਨਾ 'ਮੁੱਖ ਧਾਰਾ' ਦੇ ਇਤਿਹਾਸ ਵਿੱਚ ਲਗਭਗ ਗਾਇਬ ਹੈ।

ਅੱਜ ਅਸੀਂ ਬਹੁਤ ਸਾਰੇ ਅਜ਼ਾਦੀ ਘੁਲਾਟੀਆਂ ਬਾਰੇ ਪੜ੍ਹਦੇ ਹਾਂ ਅਤੇ ਜਾਣਦੇ ਹਾਂ, ਪਰ ਰਾਮਜੀ ਗੋਂਡ ਅਤੇ ਉਨ੍ਹਾਂ ਦੇ ਸਾਥੀਆਂ ਦੀ ਕੁਰਬਾਨੀ ਅੱਜ ਵੀ ਇਤਿਹਾਸ ਵਿਚ ਆਪਣੀ ਜਗ੍ਹਾ ਬਣਾਉਣ ਲਈ ਸੰਘਰਸ਼ ਕਰ ਰਹੀ ਹੈ।

ਇਹ ਸਿਰਫ਼ ਇਤਿਹਾਸ ਦੀ ਭੁੱਲ ਨਹੀਂ, ਸਗੋਂ ਸਾਡੀ ਵੀ ਜ਼ਿੰਮੇਵਾਰੀ ਹੈ ਕਿ ਅਸੀਂ



ਅਜਿਹੇ ਵੀਰਾਂ ਦੀਆਂ ਕਹਾਣੀਆਂ ਨੂੰ ਸਾਹਮਣੇ ਲਿਆਈਏ।

ਰਾਮਜੀ ਗੋਂਡ ਅਤੇ ਉਨ੍ਹਾਂ ਦੇ 1000 ਸਾਥੀਆਂ ਦੀ ਕੁਰਬਾਨੀ ਸਾਨੂੰ ਇਹ ਸਿਖਾਉਂਦੀ ਹੈ ਕਿ ਸੁਤੰਤਰਤਾ ਸਿਰਫ਼ ਕੁਝ ਨਾਵਾਂ ਦੀ ਦੇਣ ਨਹੀਂ, ਸਗੋਂ ਲੱਖਾਂ ਅਣਜਾਣੇ ਸੂਰਬੀਰਾਂ, ਯੋਧਿਆਂ ਦੇ ਲਹੂ ਨਾਲ ਮਿਲੀ ਹੈ।

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਭੁੱਲੇ-ਵਿੱਸਰੇ ਨਾਇਕਾਂ ਨੂੰ ਉਹ ਸਨਮਾਨ ਅਤੇ ਪਛਾਣ ਦੇਈਏ, ਜਿਸ ਦੇ ਉਹ ਹੱਕਦਾਰ ਹਨ।


BRING YOUR PARENTS & GRAND PARENTS FOR A
FREE HEARING TEST



1410-6004 Country Hills Blvd NE
Building 1401 Calgary, AB T3N 1T8
APEX SKY MEDICAL CENTRE

ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ
Hearing Instrument ਸਪੈਸ਼ਲਿਸਟ

403 723 3141
www.primehearing.clinic
info@primehearing.clinic

PRIME HEARING CLINIC



*Conditions Apply

Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test

WE SPEAK YOUR LANGUAGE
ਪੰਜਾਬੀ | हिंदी
URDU | ENGLISH

18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫਤ ਕੰਨਾਂ ਦਾ ਟੈਸਟ ਅਤੇ ਮੁਫਤ ਕੰਨਾਂ ਦੀਆਂ ਮਸ਼ੀਨਾਂ



Taralake Dental

Taralake Dental offers Full Range of General and Cosmetic Dental Services

TARALAKE DENTAL

We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE



MDRT
The Premier Association of Financial Professionals

Punjab Insurance Inc

LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA

HARPREET RANA 416-871-3571
NIAMAT RANA 416-206-1616



WWW.PUNJABINSURANCE.CA